ਮੰਗਲਵਾਰ, 23 ਸਤੰਬਰ, 2025
8 ਅੱਸੂ { ਨਾਨਕਸ਼ਾਹੀ 557, ਬਿਕਰਮੀ 2082 }
ਜਿਲਦ/VOL. : 74
ਅੰਕ/NO. : 113

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • TUESDAY, 23 SEPTEMBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪ੍ਰੂਫ-ਰਿਡਿੰਗ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamanaa@gmail.com www.nawanzamana.in ਸਫ਼ੇ : 12

# ਫਾਸ਼ੀ ਹਕੂਮਤ ਨੂੰ ਹਟਾਉਣ ਲਈ ਖੱਬੀ-ਜਮਹੂਰੀ ਏਕਤਾ 'ਤੇ ਜ਼ੋਰ

## ਸੰਘਰਸ਼ਾਂ ਦੀ ਇੱਕ ਸਦੀ ਪੂਰੀ, ਹਿੰਦੂ ਰਾਸ਼ਟਰ ਬਣਾਉਣ ਦੀਆਂ ਸਾਜ਼ਿਸ਼ਾਂ ਸਫਲ ਨਹੀਂ ਹੋਣ ਦੇਵਾਂਗੇ : ਡੀ ਰਾਜਾ













## ਸੀ ਪੀ ਆਈ ਦੀ 25ਵੀਂ ਕਾਂਗਰਸ ਦੇ ਡੈਲੀਗੇਟਾਂ ਤੇ ਭਰਾਤਰੀ ਪਾਰਟੀਆਂ ਦੇ ਆਗੂਆਂ ਦਾ ਡਾ. ਸਵਰਾਜਬੀਰ ਵੱਲੋਂ ਲੜਨ ਤੇ ਜਿੱਤਣ ਵਾਲਿਆਂ ਦੀ ਧਰਤੀ 'ਤੇ ਸਵਾਗਤ

**ਚੰਡੀਗੜ੍ਹ (ਗਿਆਨ ਸੈਦਪੁਰੀ)**

ਇਥੋਂ ਦੇ ਕਿਸਾਨ ਭਵਨ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੀ 25ਵੀਂ ਕਾਂਗਰਸ ਦੀਆਂ ਸੋਮਵਾਰ ਉਦਘਾਟਨੀ ਰਸਮਾਂ ਜਿੱਥੇ ਇਪਟਾ ਛੱਤੀਸਗੜ੍ਹ, ਇਪਟਾ ਆਂਧਰਾ ਪ੍ਰਦੇਸ਼ ਅਤੇ ਇਪਟਾ ਮਹਾਰਾਸ਼ਟਰ ਦੇ ਕਲਾਕਾਰਾਂ ਵੱਲੋਂ ਇਨਕਲਾਬੀ ਪੇਸ਼ਕਾਰੀਆਂ ਨਾਲ ਯਾਦਗਾਰੀ ਤੇ ਉਤਸ਼ਾਹੀ ਹੋ ਨਿਬੜੀਆਂ, ਉੱਥੇ ਭਰਾਤਰੀ ਕਮਿਊਨਿਸਟ ਪਾਰਟੀਆਂ ਦੇ ਜਨਰਲ ਸਕੱਤਰਾਂ ਵੱਲੋਂ ਸਾਂਝੀ ਸੁਰ ਵਿੱਚ ਖੱਬੀ ਏਕਤਾ ਨੂੰ ਸਮੇਂ ਦੀ ਲੋੜ ਦੱਸਦਿਆਂ ਸੱਚੇ-ਸੁੱਚੇ ਤੇ ਪਕੇਰੇ ਉਪਰਾਲੇ ਕਰਨ ਦਾ ਦ੍ਰਿੜ੍ਹ ਅਹਿਦ ਵੀ ਕੀਤਾ ਗਿਆ।

ਮਹਾਂ-ਸੰਮੇਲਨ ਦੀ ਸਵਾਗਤੀ ਕਮੇਟੀ ਦੇ ਚੇਅਰਮੈਨ ਅਤੇ ਉੱਘੇ ਲੇਖਕ ਡਾ. ਸਵਰਾਜਬੀਰ ਨੇ ਸ਼ਾਨਦਾਰ ਸਵਾਗਤੀ ਤਕਰੀਰ ਕੀਤੀ। ਉਹਨਾ ਕਿਹਾ ਕਿ ਪੂਰੇ ਦੇਸ਼ ਵਿੱਚੋਂ ਆਏ ਕਾਮਰੇਡ ਤੇ ਭਰਾਤਰੀ ਪਾਰਟੀਆਂ ਦੇ ਆਗੂਆਂ ਦਾ ਪੰਜ ਦਰਿਆਵਾਂ ਦੀ ਧਰਤੀ 'ਤੇ ਆਉਣ ਦਾ ਸਵਾਗਤ ਹੈ। ਗੁਰੂ ਨਾਨਕ ਜੀ, ਬੁੱਲ੍ਹੇ ਸ਼ਾਹ, ਬਾਬਾ ਸ਼ੇਖ ਫਰੀਦ, ਦਮੋਦਰ ਅਤੇ ਦੁੱਲਾ ਭੱਟੀ ਦੀ ਸਰ ਜ਼ਮੀਨ 'ਤੇ ਪਹੁੰਚਣ ਲਈ ਸਵਾਗਤ ਹੈ। ਡਾ. ਸਵਰਾਜਬੀਰ ਨੇ ਸਵਾਗਤੀ ਸ਼ਬਦਾਂ ਦੌਰਾਨ 1907 ਵਿੱਚ ਚੱਲੇ 'ਪਗੜੀ ਸੰਭਾਲ ਜੱਟਾ' ਤੋਂ ਲੈ ਕੇ 2021 ਵਿੱਚ ਲੜੇ ਤੇ ਜਿੱਤੇ ਕਿਸਾਨ ਅੰਦੋਲਨ ਦਾ ਵੀ ਜ਼ਿਕਰ ਕੀਤਾ। ਪੰਜਾਬ ਦੇ ਯੋਧਿਆਂ ਦੀ ਯਾਦ ਕਰਵਾਉਂਦਿਆਂ ਉਹਨਾ ਕਰਤਾਰ ਸਿੰਘ ਸਰਾਭਾ, ਗਦਰੀ ਗੁਲਾਬ ਬੀਬੀ ਗੁਲਾਬ ਕੌਰ, ਰਹਿਮਤ ਅਲੀ ਵਜੀਦਕੇ, ਸ਼ਹੀਦ ਭਗਤ ਸਿੰਘ, ਸੁਖਦੇਵ, ਰਾਜਗੁਰੂ ਅਤੇ ਊਧਮ ਸਿੰਘ ਦਾ ਜ਼ਿਕਰ ਕੀਤਾ।

ਉਹਨਾ ਕਿਹਾ ਕਿ 100 ਸਾਲ ਪਹਿਲਾਂ ਕਮਿਊਨਿਸਟ ਪਾਰਟੀ ਹੋਂਦ ਵਿੱਚ ਆਈ ਸੀ। ਕਾਨਪੁਰ ਦੇ 1924 ਵਾਲੇ ਕਾਂਸਪ੍ਰੇਸੀ ਵਾਲੇ ਕੇਸ ਤੋਂ ਲੈ ਕੇ ਕਾਮਰੇਡ ਬਰਤਾਨੀਆ ਦੇ ਭਾਰਤੀ ਕਾਨੂੰਨ ਵਿਰੁੱਧ ਲੜਦੇ ਆਏ। 1947 ਤੱਕ ਪੰਜਾਬੀਆਂ ਨੇ ਸਰਕਾਰ ਵਿਰੁੱਧ ਲੜਦਿਆਂ ਭਾਰੀ ਕੁਰਬਾਨੀਆਂ ਦਿੱਤੀਆਂ। ਉਹਨਾ ਕਿਹਾ, 'ਅੱਜ ਅਸੀਂ ਉਸ ਸਮੇਂ ਇਕੱਠੇ ਹੋਏ ਹਾਂ, ਜਦੋਂ ਫਾਸ਼ੀਵਾਦ ਅੱਗੇ ਵਧ ਰਿਹਾ ਹੈ। ਮਜ਼ਦੂਰਾਂ, ਕਿਸਾਨਾਂ, ਦਲਿਤਾਂ, ਘੱਟ ਗਿਣਤੀਆਂ ਅਤੇ ਔਰਤਾਂ ਦੇ ਹੱਕਾਂ 'ਤੇ ਹਕੂਮਤ ਵੱਲੋਂ ਡਾਕੇ ਮਾਰੇ ਜਾ ਰਹੇ ਹਨ। ਅਸੀਂ ਸੁਧਾਕਰ ਰੈਡੀ ਨਗਰ ਵਿੱਚ ਕੌਮੀ, ਸਥਾਨਕ ਤੇ ਅੰਤਰਰਾਸ਼ਟਰੀ ਸਮੱਸਿਆਵਾਂ 'ਤੇ ਵਿਚਾਰ-ਚਰਚਾ ਕਰਨ ਉਪਰੰਤ ਉਨ੍ਹਾਂ ਦੇ ਹੱਲ ਲੱਭਾਂਗੇ।'

ਭਾਰਤੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਡੀ. ਰਾਜਾ ਨੇ ਉਦਘਾਟਨੀ ਤਕਰੀਰ ਦੇ ਸ਼ੁਰੂ ਵਿੱਚ ਡੈਲੀਗੇਟਾਂ ਤੇ ਦੂਸਰੀਆਂ ਖੱਬੀਆਂ ਪਾਰਟੀਆਂ ਦੇ ਆਗੂਆਂ ਦਾ ਇਹ ਕਹਿੰਦਿਆਂ ਸਵਾਗਤ ਕੀਤਾ ਕਿ ਉਹ ਹਮੇਸ਼ਾ ਫਾਸ਼ੀਵਾਦ ਵਿਰੁੱਧ ਲੜਾਈ ਦੌਰਾਨ ਮੋਢੇ ਨਾਲ ਮੋਢਾ ਜੋੜ ਕੇ ਚਲਦੇ ਹਨ। ਉਹਨਾ ਕਿਹਾ ਕਿ ਪਾਰਟੀ ਕਾਂਗਰਸ ਪਾਰਟੀ ਦੇ ਇਤਿਹਾਸਕ ਤੇ ਸ਼ਾਨਾਮੱਤੇ ਇਤਿਹਾਸ 'ਤੇ ਮਾਣ ਕਰਨ ਦਾ ਹੀ ਨਹੀਂ, ਸਗੋਂ ਨਵੀਂ ਜ਼ਿੰਮੇਵਾਰੀ ਓਟਣ ਦਾ ਸੱਦਾ ਵੀ ਹੈ। ਡੀ ਰਾਜਾ ਨੇ ਉਨ੍ਹਾਂ ਆਗੂਆਂ ਨੂੰ ਸਤਿਕਾਰ ਨਾਲ ਯਾਦ ਕੀਤਾ, ਜੋ ਹੁਣ ਸਰੀਰਕ ਤੌਰ 'ਤੇ ਸਾਡੇ ਵਿਚਕਾਰ ਨਹੀਂ ਹਨ। ਉਹਨਾ ਕਿਹਾ, 'ਅਸੀਂ ਯਾਦ ਕਰਦੇ ਹਾਂ ਐੱਸ ਸੁਧਾਕਰ ਰੈਡੀ ਨੂੰ ਜਿਹੜੇ ਪਾਰਟੀ ਦੀ ਉਸਾਰੀ ਲਈ ਸਮਰਪਿਤ ਰਹੇ। ਯਾਦ ਆ ਰਹੇ ਹਨ ਧੜੱਲੇਦਾਰ ਕਿਸਾਨ ਆਗੂ ਅਤੁਲ ਕੁਮਾਰ ਅਨਜਾਨ, ਜਿਹੜੇ ਕਿਸਾਨਾਂ ਅਤੇ ਮਜ਼ਦੂਰਾਂ ਦੇ ਹੱਕਾਂ ਲਈ ਲੜੀ ਜਾ ਰਹੀ ਲੜਾਈ ਦੇ ਯੋਧੇ ਸਨ। ਇਸ ਮੌਕੇ ਕਨਮ ਰਾਜੇਂਦਰਨ ਯਾਦ ਆ ਰਹੇ ਹਨ, ਜੋ ਤਾਕਤ ਦਾ ਥੰਮ੍ਹ ਸਨ।'

ਉਹਨਾ ਕਿਹਾ ਕਿ ਇਹ ਪਾਰਟੀ ਕਾਂਗਰਸ ਪੰਜਾਬ ਦੀ ਇਤਿਹਾਸਕ ਧਰਤੀ 'ਤੇ ਕਰ ਰਹੇ ਹਾਂ। ਪੰਜਾਬ ਨੇ ਯੋਧਿਆਂ ਦੀ ਲੰਮੀ ਕਤਾਰ ਪੈਦਾ ਕੀਤੀ ਹੈ।

ਡੀ. ਰਾਜਾ ਨੇ ਆਰ ਐੱਸ ਐੱਸ ਅਤੇ ਭਾਜਪਾ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਵੀ ਵਿਸਥਾਰ ਨਾਲ ਵਰਣਨ ਕੀਤਾ। ਉਹਨਾ ਕਿਹਾ ਕਿ ਭਾਜਪਾ-ਆਰ ਐੱਸ ਐੱਸ ਹੋਰ ਕੁਝ ਨਹੀਂ, ਸਗੋਂ ਸਾਡੇ ਸੈਕੂਲਰ ਤੇ ਜਮਹੂਰੀ ਢਾਂਚੇ ਨੂੰ ਬਦਲ ਕੇ ਹਿੰਦੂ ਰਾਸ਼ਟਰ ਬਣਾਉਣਾ ਚਾਹੁੰਦੀਆਂ ਹਨ।

ਉਹਨਾ ਕਿਹਾ, 'ਅਸੀਂ ਇੱਕ ਸਦੀ ਸੰਘਰਸ਼ਾਂ ਦੀ ਪੂਰੀ ਕਰ ਲਈ ਹੈ। ਗਦਰ ਅੰਦੋਲਨ ਤੋਂ ਲੈ ਕੇ ਤਿਲੰਗਾਨਾ ਦੇ ਸ਼ਹੀਦਾਂ, ਮੁੰਬਈ ਦੇ ਮਜ਼ਦੂਰਾਂ ਤੋਂ ਲੈ ਕੇ ਕਲਕੱਤਾ, ਪੁਡੂਚੇਰੀ ਦਾ ਸੰਘਰਸ਼ ਵੀ ਅਸੀਂ ਜਿੱਤਿਆ। ਪਾਰਟੀ ਸਪੱਸ਼ਟ ਸੰਦੇਸ਼ ਦੇਵੇਗੀ ਕਿ ਅਸੀਂ ਫਾਸ਼ੀਵਾਦ ਖਤਮ ਕਰਨਾ ਹੈ, ਅਸੀਂ ਸੰਵਿਧਾਨ ਬਚਾਉਣਾ ਹੈ, ਅਸੀਂ ਬੇਰੁਜ਼ਗਾਰੀ ਵਿਰੁੱਧ ਲੜਾਂਗੇ। ਅਸੀਂ ਵਿਦਿਆ, ਸਿਹਤ, ਭੋਜਨ ਅਤੇ ਮਾਣ-ਸਤਿਕਾਰ ਲਈ ਲੜਾਂਗੇ।'

ਇਸ ਮੌਕੇ ਸੀ ਪੀ ਆਈ (ਐੱਮ) ਦੇ ਜਨਰਲ ਸਕੱਤਰ ਐੱਮ ਏ ਬੇਬੀ, ਸੀ ਪੀ ਆਈ (ਐਮ) ਲਿਬਰੇਸ਼ਨ ਦੇ ਜਨਰਲ ਸਕੱਤਰ ਦੀਪਾਂਕਰ ਭੱਟਾਚਾਰੀਆ, ਆਲ ਇੰਡੀਆ ਫਾਰਵਰਡ ਬਲਾਕ ਦੇ ਜੀ ਦੇਵ ਰਾਜਨ ਅਤੇ ਰੈਵੂਲਿਊਸ਼ਨਰੀ ਸੋਸ਼ਲਿਸਟ ਪਾਰਟੀ ਦੇ ਜਨਰਲ ਸਕੱਤਰ ਮਨੋਜ ਭੱਟਾਚਾਰੀਆ ਨੇ ਭਰਾਤਰੀ ਸੰਦੇਸ਼ ਦਿੰਦਿਆਂ ਭਾਰਤੀ ਕਮਿਊਨਿਸਟ ਪਾਰਟੀ ਨਾਲ ਇੱਕਜੁੱਟਤਾ ਦਾ ਪ੍ਰਗਟਾਵਾ ਕੀਤਾ।ਇਹਨਾਂ ਪਾਰਟੀਆਂ ਦੇ ਸਿਖਰਲੇ ਆਗੂਆਂ ਨੇ

• ਬਾਕੀ ਸਫਾ 2 'ਤੇ







ਸੀ ਪੀ ਆਈ ਪੰਜਾਬ ਦੇ ਸਕੱਤਰ ਬੰਤ ਬਰਾੜ, ਨੈਸ਼ਨਲ ਕੌਂਸਲ ਦੇ ਮੈਂਬਰ ਨਿਰਮਲ ਸਿੰਘ ਧਾਲੀਵਾਲ, ਸਾਬਕਾ ਵਿਧਾਇਕ ਹਰਦੇਵ ਅਰਸ਼ੀ, ਨੈਸ਼ਨਲ ਕੌਂਸਲ ਮੈਂਬਰ ਜਗਰੂਪ ਸੀ ਪੀ ਆਈ (ਐਮ ਐਲ) ਲਿਬਰੇਸ਼ਨ ਦੇ ਜਨਰਲ ਸਕੱਤਰ ਦੀਪਾਂਕਰ ਭੱਟਾਚਾਰੀਆ ਨੂੰ ਸਨਮਾਨਤ ਕਰਦੇ ਹੋਏ।



ਸੀ ਪੀ ਆਈ (ਐਮ) ਦੇ ਜਨਰਲ ਸਕੱਤਰ ਐਮ ਏ ਬੇਬੀ ਨੂੰ ਸਨਮਾਨਤ ਕਰਦੇ ਹੋਏ।



## ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਵੱਲੋਂ ਹੋਰ ਇੱਕ ਲੱਖ ਦਾ ਯੋਗਦਾਨ

**ਚੰਡੀਗੜ੍ਹ :** ਸੀ ਪੀ ਆਈ ਦੀ 25 ਵੀਂ ਕਾਂਗਰਸ, ਜੋ ਸਥਾਨਕ ਕਿਸਾਨ ਭਵਨ ਵਿਖੇ ਚੱਲ ਰਹੀ ਹੈ, ਦੀ ਕਾਮਯਾਬੀ ਲਈ ਅਤੇ ਪੂਰੇ ਭਾਰਤ ਦੇ ਵੱਖ-ਵੱਖ ਸੂਬਿਆਂ ਤੋਂ ਪਹੁੰਚੇ 900 ਦੇ ਕਰੀਬ ਡੈਲੀਗੇਟਾਂ ਦੀ ਪ੍ਰਾਹੁਣਚਾਰੀ ਲਈ ਆ ਰਹੇ ਬਹੁਤ ਵੱਡੇ ਖਰਚੇ ਲਈ ਭਰਵਾਂ ਯੋਗਦਾਨ ਪਾਉਣ ਲਈ ਕਾਂਗਰਸ ਦੇ ਦੂਸਰੇ ਦਿਨ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ (ਰਜਿ:41) ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਅਤੇ ਜਨਰਲ ਸਕੱਤਰ ਸਰਿੰਦਰਪਾਲ ਲਹੌਰੀਆ ਨੇ ਪੰਜਾਬ ਏਟਕ ਦੇ ਪ੍ਰਧਾਨ ਬੰਤ ਸਿੰਘ ਬਰਾੜ, ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੂੰ ਤੀਸਰੀ ਕਿਸ਼ਤ ਵਿੱਚ ਇਕ ਲੱਖ ਰੁਪਏ ਦਾ ਸਹਾਇਤਾ ਫੰਡ ਦਿੱਤਾ। ਇਸ ਮੌਕੇ ਮਹਾਰਾਸ਼ਟਰ ਤੋਂ ਕਾਂਗਰਸ ਵਿੱਚ ਹਿੱਸਾ ਲੈਣ ਪਹੁੰਚੇ ਕੁੱਲ ਹਿੰਦ ਬਿਜਲੀ ਫੈਡਰੇਸ਼ਨ ਦੇ ਜਨਰਲ ਸਕੱਤਰ ਮੋਹਨ ਸ਼ਰਮਾ ਅਤੇ ਰੋਜ਼ਾਨਾ 'ਨਵਾਂ ਜ਼ਮਾਨਾ' ਦੇ ਸੰਪਾਦਕ ਚੰਦ ਫਤਿਹਪੁਰੀ ਨੇ ਜਥੇਬੰਦੀ ਦੇ ਸ਼ਾਨਦਾਰ ਉਪਰਾਲੇ ਦੀ ਜ਼ੋਰਦਾਰ ਸ਼ਲਾਘਾ ਕੀਤੀ। ਇਸ ਮੌਕੇ ਅਧਿਆਪਕ ਆਗੂ ਅੰਮ੍ਰਿਤਪਾਲ ਸਿੰਘ ਬਾਕੀਪੁਰ, ਪਾਰਟੀ ਦੇ ਜ਼ਿਲ੍ਹਾ ਸਕੱਤਰ ਜਸਪਾਲ ਸਿੰਘ ਦੱਪਰ ਆਦਿ ਮੌਜੂਦ ਸਨ।







23-SEP-PAGE-10.qxd 9/22/2025 9:18 PM Page 1



## ਮਜ਼ਦੂਰ ਪਰਵਾਰਾਂ ਦੀ ਮਦਦ ਲਈ ਐੱਨ ਆਰ ਆਈ, ਸਮਾਜ ਸੇਵੀ ਸੰਸਥਾਵਾਂ ਅੱਗੇ ਆਉਣ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਰਾਸ਼ਟਰੀ ਬਾਲਮੀਕ ਸਭਾ ਪੰਜਾਬ ਦੇ ਸੂਬਾਈ ਪ੍ਰਧਾਨ ਰਿੰਕਾ ਕੁਤਬਾ ਬਾਹਮਣੀਆਂ ਨੇ ਕਿਹਾ ਕਿ ਜਿਵੇਂ ਪੰਜਾਬ ਅੰਦਰ ਹੜ੍ਹਾਂ ਕਾਰਨ ਹੋਏ ਭਾਰੀ ਨੁਕਸਾਨ ਲਈ ਕਿਸਾਨਾਂ ਦੀ ਐਨ.ਆਰ.ਆਈ ਭਰਾ ਖੁੱਲ੍ਹੇ ਦਿਲ ਨਾਲ ਮਦਦ ਕਰ ਰਹੇ ਹਨ, ਉਸ ਤਰ੍ਹਾਂ ਮਜ਼ਦੂਰ ਪਰਵਾਰਾਂ ਤੋਂ ਇਲਾਵਾ ਪਾਠੀ ਸਿੰਘਾਂ, ਕਥਾਵਾਚਕ ਰਾਗੀ, ਢਾਡੀ ਪਰਿਵਾਰਾਂ ਦੀ ਮਦਦ ਲਈ ਵੀ ਅੱਗੇ ਆਉਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਹੜ੍ਹ ਕਾਰਨ ਕਈ ਪਿੰਡਾਂ 'ਚ ਮਜ਼ਦੂਰਾਂ ਦੇ ਘਰ ਡਿੱਗ ਗਏ।ਕਈ ਡਿੱਗਣ ਕਿਨਾਰੇ ਪਹੁੰਚ ਗਏ।ਕੰਧਾਂ 'ਚ ਤਰੇੜਾਂ ਪੈ ਜਾਣ ਕਾਰਨ ਵੱਡਾ ਆਰਥਿਕ ਨੁਕਸਾਨ ਹੋਇਆ ਹੈ, ਜੋ ਕਾਫੀ ਸਮਾਂ ਪੂਰਾ ਨਹੀਂ ਹੋ ਸਕੇਗਾ।ਉਨ੍ਹਾਂ ਫਿਲਮੀ ਅਦਾਕਾਰਾ ਨੀਰੂ ਬਾਜਵਾ ਵਲੋਂ ਹੜ੍ਹ ਪ੍ਰਭਾਵਤ ਪਿੰਡਾਂ ਦੇ ਪਾਠੀ ਸਿੰਘਾਂ ਦੇ ਪੀੜਤ ਪਰਵਾਰਾਂ ਨੂੰ ਪੰਜ ਹਜ਼ਾਰ ਰੁਪਏ ਮਹੀਨਾ ਆਰਥਿਕ ਮਦਦ ਦੇਣ ਦੀ ਸ਼ੁਰੂਆਤ ਕਰਨ ਲਈ ਉਚੇਚਾ ਧੰਨਵਾਦ ਕੀਤਾ।

## ਬਾਰਸ਼ ਕਾਰਨ ਝੋਨੇ ਦੀ ਫ਼ਸਲ ਹਲਦੀ ਰੋਗ ਦੀ ਲਪੇਟ 'ਚ



**ਸਨੌਰ (ਰਾਜਿੰਦਰ ਸਿੰਘ ਥਿੰਦ)**-ਬੇਮੌਸਮੀ ਬਰਸਾਤ ਕਾਰਨ ਝੋਨੇ ਦੀ ਫ਼ਸਲ ਨੂੰ ਹਲਦੀ ਰੋਗ ਦੀ ਭਿਆਨਕ ਬਿਮਾਰੀ ਨੇ ਆਪਣੀ ਲਪੇਟ ਵਿੱਚ ਲੈ ਲਿਆ ਹੈ। ਇਸ ਭਿਆਨਕ ਬਿਮਾਰੀ ਦਾ ਇਲਾਜ ਵੀ ਹੁਣ ਤੱਕ ਨਹੀਂ ਮਿਲਿਆ ਹੈ।ਕਿਸਾਨ ਇਸ ਹਲਦੀ ਰੋਗ ਨੂੰ ਲੈ ਕੇ ਚਿੰਤਿਤ ਹਨ, ਵਿਧਾਨ ਸਭਾ ਹਲਕਾ ਸਨੌਰ ਦੇ ਅਧੀਨ ਦਰਜਨਾਂ ਪਿੰਡਾਂ ਦੇ ਕਿਸਾਨਾਂ ਦੀਆਂ ਫਸਲਾਂ ਇਸ ਹਲਦੀ ਰੋਗ ਤੋਂ ਪ੍ਰਭਾਵਿਤ ਹੋ ਚੁੱਕੀਆਂ ਹਨ, ਪੰਜਾਬ ਸਰਕਾਰ ਦੇ ਧਿਆਨ ਵਿੱਚ ਲਿਆਉਂਦੇ ਹੋਏ ਕਿਸਾਨ ਭਗਵਾਨ ਸਿੰਘ, ਅਮਰੀਕ ਸਿੰਘ ਖਾਕਟਾ, ਨਵਦੀਪ ਸਿੰਘ, ਕੇਵਲ ਸਿੰਘ ਫੈਸਲਾ ਨੇ ਦੱਸਿਆ ਕਿ ਇਸ ਵਾਰ ਪੰਜਾਬ ਦੇ ਕਿਸਾਨਾਂ ਉੱਤੇ ਕੁਦਰਤੀ ਆਫਤ ਨੇ ਵੱਡਾ ਕਹਿਰ ਮਚਾਇਆ ਹੈ।

ਹੜ੍ਹਾਂ ਤੋਂ ਬਾਅਦ ਜੋ ਝੋਨੇ ਦੀਆਂ ਫਸਲਾਂ ਪਾਣੀ ਦੀ ਮਾਰ ਤੋਂ ਬਚੀਆਂ ਸਨ, ਹੁਣ ਉਹ ਫਸਲਾ ਹਲਦੀ ਰੋਗ ਦੀ ਲਪੇਟ ਵਿੱਚ ਆ ਗਈਆਂ ਹਨ। ਕਿਸਾਨਾਂ ਨੇ ਦੱਸਿਆ ਕਿ ਇਹ ਰੋਗ ਬਹੁਤ ਸਮੇਂ ਪਹਿਲਾਂ ਵੀ ਆਇਆ ਸੀ, ਜਿਸ ਉੱਤੇ ਹਰ ਤਰ੍ਹਾਂ ਦੀਆਂ ਦਵਾਈਆਂ ਦਾ ਇਸਤੇਮਾਲ ਕੀਤਾ, ਪ੍ਰੰਤੂ ਹਲਦੀ ਰੋਗ 'ਤੇ ਇਨ੍ਹਾਂ ਦਵਾਈਆਂ ਦਾ ਕੋਈ ਅਸਰ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਇਹ ਰੋਗ ਜ਼ਿਆਦਾਤਰ ਬੇਮੌਸਮੀ ਬਰਸਾਤ ਕਾਰਨ ਪੈਦਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਹੁਣ ਫਸਲਾਂ ਦੀ ਕਟਾਈ ਸ਼ੁਰੂ ਹੈ, ਪ੍ਰੰਤੂ ਇਸ ਹਲਦੀ ਰੋਗ ਕਾਰਨ 75% ਝਾੜ ਹੀ ਕਿਸਾਨਾਂ ਦੇ ਪੱਲੇ ਪਏਗਾ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਝੋਨੇ ਦੀ ਫਸਲ ਉੱਤੇ ਕੀਤੇ ਖਰਚੇ ਵੀ ਪੂਰੇ ਨਹੀਂ ਹੋਣਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਕਿਸਾਨਾਂ ਨੂੰ ਜ਼ਿਆਦਾ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਏਗਾ, ਜਿਨ੍ਹਾਂ ਕਿਸਾਨਾਂ ਕੋਲ ਆਪਣੀ ਜ਼ਮੀਨ ਨਹੀਂ ਤੇ ਜ਼ਮੀਨ ਠੇਕੇ 'ਤੇ ਲੈ ਕੇ ਖੇਤੀ ਕਰਦੇ ਹਨ ਤੇ ਆਪਣਾ ਪਰਿਵਾਰ ਪਾਲਦੇ ਹਨ।ਉਨ੍ਹਾਂ ਨੂੰ ਛਿਮਾਹੀ ਠੇਕਾ ਦੇਣਾ ਮੁਸ਼ਕਲ ਹੋ ਜਾਵੇਗਾ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਲਦੀ ਰੋਗ ਦੀ ਲਪੇਟ ਵਿੱਚ ਆਈਆਂ ਝੋਨੇ ਦੀਆਂ ਖੜੀਆ ਫਸਲਾਂ ਦੀਆਂ ਗਿਰਦਾਵਰੀਆਂ ਕਰਵਾਏ ਤੇ ਉਸ ਮੁਤਾਬਕ ਕਿਸਾਨਾਂ ਨੂੰ 50 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਵੇ ਤਾਂ ਕਿ ਕਿਸਾਨ ਝੋਨੇ ਦੀ ਫਸਲ ਉੱਤੇ ਕੀਤੇ ਖਰਚੇ ਨੂੰ ਪੂਰਾ ਕਰ ਸਕਣ।

## ਲੁੱਟ-ਖੋਹ ਦੀ ਘਟਨਾ ਨੂੰ ਅੰਜਾਮ ਦੇਣ ਦੀ ਤਿਆਰੀ ਕਰਦੇ ਪੰਜ ਮੈਂਬਰ ਪੁਲਸ ਅੜਿੱਕੇ

**ਧੂਰੀ (ਮਨੋਹਰ ਸਿੰਘ ਸੱਗੂ)**-ਥਾਣਾ ਸਿਟੀ ਧੂਰੀ ਦੀ ਪੁਲਿਸ ਵੱਲੋਂ ਲੁੱਟ ਖੋਹ, ਡਕੈਤੀ ਤੇ ਚੋਰੀਆਂ ਕਰਨ ਵਾਲੇ ਗਰੋਹ ਨੂੰ ਕਾਬੂ ਕੀਤੇ ਜਾਣ ਦੀ ਖਬਰ ਹੈ।ਜਾਣਕਾਰੀ ਅਨੁਸਾਰ ਥਾਣਾ ਸਿਟੀ ਧੂਰੀ ਦੇ ਸਹਾਇਕ ਥਾਣੇਦਾਰ ਦਰਸ਼ਨ ਸਿੰਘ ਨੂੰ ਆਪਣੀ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਸ਼ਹਿਰ ਦੇ ਸ਼ੇਰਪੁਰ ਚੌਂਕ 'ਚ ਦੇਰ ਰਾਤ ਗੁਪਤ ਸੂਚਨਾ ਮਿਲੀ ਕਿ ਤੇਗਵੀਰ ਸਿੰਘ ਉਰਫ ਰਵੀ ਉਰਫ਼ ਮੋਦੀ, ਕੁਲਦੀਪ ਸਿੰਘ ਤੇ ਕੁਲਦੀਪ ਸਿੰਘ ਉਰਫ਼ ਤੋਤੀ ਵਾਸੀਅਨ ਧਰਮਪੁਰਾ ਮੁਹੱਲਾ ਧੂਰੀ, ਸਲਮਾਨ ਖਾਨ ਵਾਸੀ ਜੰਤਾ ਨਗਰ ਤੇ ਬਾਦਲ ਵਾਸੀ ਨੇੜੇ ਪੰਚਵਟੀ ਮੰਦਰ ਧੂਰੀ, ਜਿਨ੍ਹਾਂ ਕੋਲ ਰਾਡਾਂ ਤੇ ਤਲਵਾਰਾਂ ਨੇ ਸ਼ਹਿਰੋਂ ਬਾਹਰ ਭਾਨਾ ਰਾਮ ਦੇ ਬੰਦ ਪਏ ਭੱਠੇ ਨੇੜੇ ਬੈਠੇ ਸ਼ਹਿਰ 'ਚ ਬੈਂਕਾਂ, ਏ ਟੀ ਐੱਮ ਮਸ਼ੀਨਾਂ, ਪੈਟਰੋਲ ਪੰਪ, ਬਾਜ਼ਾਰ ਦੀਆਂ ਦੁਕਾਨਾਂ 'ਤੇ ਲੁੱਟ-ਖੋਹ ਕਰਨ ਦੀ ਸਕੀਮ ਬਣਾ ਰਹੇ ਹਨ ਅਤੇ ਕਿਸੇ ਸਮੇਂ ਵੀ ਵਾਰਦਾਤ ਨੂੰ ਅੰਜਾਮ ਦੇ ਸਕਦੇ ਹਨ ਅਤੇ ਸੂਚਨਾ ਦੇ ਆਧਾਰ 'ਤੇ ਪੁਲਸ ਪਾਰਟੀ ਵੱਲੋਂ ਕਾਰਵਾਈ ਕਰਦਿਆਂ ਕੀਤੀ ਗਈ ਛਾਪੇਮਾਰੀ ਦੌਰਾਨ ਉਕਤ ਮੁਲਜ਼ਮਾਂ ਨੂੰ ਘਟਨਾ ਨੂੰ ਅੰਜਾਮ ਦੇਣ ਦੀ ਤਿਆਰੀ ਕਰਦਿਆਂ ਰੰਗੇ ਹੱਥੀਂ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ਼ ਵੱਖ ਵੱਖ ਧਾਰਾਵਾਂ ਹੇਠ ਮੁਕੱਦਮਾ ਦਰਜ ਕਰ ਲਿਆ ਗਿਆ।ਸੰਪਰਕ ਕਰਨ 'ਤੇ ਸਿਟੀ ਪੁਲਸ ਦੇ ਐੱਸ ਐੱਚ ਓ ਜਸਵੀਰ ਸਿੰਘ ਤੂਰ ਨੇ ਘਟਨਾ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

## ਟਾਂਡਾ ਕਾਲੀਆ ਦੇ ਨੌਜਵਾਨ ਦੀ ਪੁਰਤਗਾਲ 'ਚ ਮੌਤ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਬਲਾਕ ਮਾਛੀਵਾੜਾ ਅਧੀਨ ਪੈਂਦੇ ਪਿੰਡ ਟਾਂਡਾ ਕਾਲੀਆ ਦੇ ਨੌਜਵਾਨ ਲਵਪ੍ਰੀਤ ਸਿੰਘ (25) ਦੀ ਮੌਤ ਹੋ ਗਈ। ਜਾਣਕਾਰੀ ਅਨੁਸਾਰ ਰੋਜ਼ਗਾਰ ਲਈ ਪੁਰਤਗਾਲ ਵਿਖੇ ਗਏ ਲਵਪ੍ਰੀਤ ਸਿੰਘ ਨੂੰ ਪੇਟ ਵਿੱਚ ਇੰਨਫੈਕਸ਼ਨ ਦੀ ਸ਼ਿਕਾਇਤ ਹੋਈ ਤਾਂ ਉਸ ਨੂੰ ਹਸਪਤਾਲ ਭਰਤੀ ਕਰਵਾਇਆ ਗਿਆ। ਹਸਪਤਾਲ ਵਿੱਚ ਇੱਕ ਹਫ਼ਤਾ ਉਹ ਜ਼ੇਰੇ ਇਲਾਜ ਰਿਹਾ ਤੇ 10 ਸਤੰਬਰ ਨੂੰ ਉਸ ਦੀ ਮੌਤ ਹੋ ਗਈ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਲਵਪ੍ਰੀਤ ਸਿੰਘ 2020 ਵਿੱਚ ਸੁਨਹਿਰੇ ਭਵਿੱਖ ਲਈ ਪੁਰਤਗਾਲ ਵਿਖੇ ਗਿਆ ਸੀ, ਜੋ ਕਿ ਉੱਥੇ ਫੈਕਟਰੀ ਵਿੱਚ ਕੰਮ ਕਰਦਾ ਸੀ ਅਤੇ ਅਜੇ ਕੁਆਰਾ ਸੀ। ਉਨ੍ਹਾਂ ਦੱਸਿਆ ਕਿ ਲਵਪ੍ਰੀਤ ਸਿੰਘ ਦੋ ਭੈਣਾਂ ਦਾ ਇਕਲੌਤਾ ਭਰਾ ਸੀ ਅਤੇ 1 ਸਾਲ ਪਹਿਲਾਂ ਉਸ ਦੀ ਮਾਤਾ ਦੀ ਵੀ ਮੌਤ ਹੋ ਚੁੱਕੀ ਹੈ। ਮ੍ਰਿਤਕ ਲਵਪ੍ਰੀਤ ਸਿੰਘ ਦੀ ਲਾਸ਼ ਪਿੰਡ ਟਾਂਡਾ ਕਾਲੀਆ ਵਿਖੇ ਪੁੱਜਣ 'ਤੇ ਅੱਜ 22 ਸਤੰਬਰ ਨੂੰ ਪਿੰਡ ਦੇ ਸਮਸ਼ਾਨ ਘਾਟ ਵਿਖੇ ਸਸਕਾਰ ਕੀਤਾ ਗਿਆ। ਨੌਜਵਾਨ ਲਵਪ੍ਰੀਤ ਸਿੰਘ ਦੀ ਮੌਤ ਕਾਰਨ ਪਿੰਡ ਵਿੱਚ ਸੋਗ ਦੀ ਲਹਿਰ ਦੌੜ ਗਈ।

## ਬੱਸ ਕੰਡਕਟਰ ਨੇ ਮੋਬਾਇਲ ਵਾਪਸ ਕਰਕੇ ਦਿਖਾਈ ਇਮਾਨਦਾਰੀ



**ਬਰੇਟਾ (ਗੀਤਵਾਲ)**-ਅਜੋਕੇ ਮਾਇਆਵਾਦੀ ਯੁੱਗ ਅੰਦਰ ਲੁੱਟ-ਖੋਹ, ਚੋਰੀ, ਡਾਕੇ ਆਮ ਹੋ ਰਹੇ ਹਨ।ਇਸ ਦੇ ਉਲਟ ਕੁੱਝ ਲੋਕ ਅਜੇ ਵੀ ਹੱਥ ਲੱਗੀ ਮਹਿੰਗੀ ਵਸਤੂ ਨੂੰ ਵਾਪਸ ਕਰਨ ਲਈ ਤਤਪਰ ਰਹਿੰਦੇ ਹਨ।ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਮੰਡੇਰ ਦੇ ਬੱਸ ਕੰਡਕਟਰ ਗੁਰਪ੍ਰੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਨੂੰ ਰਸਤੇ ਵਿੱਚੋਂ ਇੱਕ ਮਹਿੰਗੇ ਭਾਅ ਦਾ ਮੋਬਾਇਲ ਫੋਨ ਲੱਭਿਆ ਤਾਂ ਉਸ ਨੇ ਉਸ ਦਾ ਅਸਲੀ ਮਾਲਕ ਲੱਭ ਕੇ ਸੰਦੀਪ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਬਰੇਟਾ ਨੂੰ ਵਾਪਸ ਕਰਕੇ ਆਪਣੀ ਇਮਾਨਦਾਰੀ ਦਾ ਸਬੂਤ ਦਿੱਤਾ।ਆਪਣਾ ਮੋਬਾਇਲ ਫੋਨ ਮਿਲਣ 'ਤੇ ਸੰਦੀਪ ਸਿੰਘ ਨੇ ਗੁਰਪ੍ਰੀਤ ਸਿੰਘ ਦਾ ਤਹਿਦਿਲੋਂ ਧੰਨਵਾਦ ਕੀਤਾ।

## ਪਰਾਲੀ ਨਾ ਸਾੜਨ ਲਈ ਕਿਸਾਨਾਂ ਨੂੰ ਜਾਗਰੂਕ ਕੀਤਾ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਡਿਪਟੀ ਕਮਿਸ਼ਨਰ ਫਿਰੋਜ਼ਪੁਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਤੇ ਮੁੱਖ ਖੇਤੀਬਾੜੀ ਅਫਸਰ ਦੀ ਅਗਵਾਈ ਹੇਠ ਖੇਤੀਬਾੜੀ ਵਿਭਾਗ ਬਲਾਕ ਫਿਰੋਜ਼ਪੁਰ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਪਰਾਲੀ ਨਾ ਸਾੜਨ ਅਤੇ ਖੇਤੀਬਾੜੀ ਮਸ਼ੀਨਰੀ ਦੇ ਲਾਭ ਬਾਰੇ ਜਾਗਰੂਕਤਾ ਮੁਹਿੰਮ ਚਲਾਈ ਗਈ। ਖੇਤੀਬਾੜੀ ਵਿਕਾਸ ਅਫਸਰ ਚਰਨਜੀਤ ਸਿੰਘ ਨੇ ਕਿਸਾਨਾਂ ਨੂੰ ਪਰਾਲੀ ਸਾੜਨ ਨਾਲ ਪੈਦਾ ਹੋਣ ਵਾਲੇ ਨੁਕਸਾਨਾਂ ਬਾਰੇ ਜਾਣੂ ਕਰਾਇਆ। ਉਨ੍ਹਾਂ ਦੱਸਿਆ ਕਿ ਪਰਾਲੀ ਸਾੜਨ ਨਾਲ ਨਾ ਸਿਰਫ ਹਵਾ ਪ੍ਰਦੂਸ਼ਤ ਹੁੰਦੀ ਹੈ, ਸਗੋਂ ਜਮੀਨ ਦੀ ਉਪਜਾਊ ਸ਼ਕਤੀ ਵੀ ਘਟਦੀ ਹੈ। ਕਿਸਾਨਾਂ ਨੂੰ ਪੰਜਾਬ ਸਰਕਾਰ ਵਲੋਂ ਦਿੱਤੇ ਜਾ ਰਹੇ ਸਹਾਇਕ ਸੰਦਾਂ ਜਿਵੇਂ ਕਿ ਸੁਪਰ ਐਸਐਮਐਸ, ਸੁਪਰ ਸੀਡਰ, ਹੈਪੀ ਸੀਡਰ ਤੇ ਮਲਚਰ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਦੌਰਾਨ ਕਿਸਾਨ ਨਸੀਬ ਸਿੰਘ ਨੰਬਰਦਾਰ, ਗੁਰਬਿੰਦਰ ਸਿੰਘ ਤੇ ਹੀਰਾ ਸਿੰਘ ਸਮੇਤ ਕਈ ਕਿਸਾਨ ਹਾਜ਼ਰ ਸਨ। ਅਧਿਕਾਰੀਆਂ ਨੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ ਕਿ ਸਰਕਾਰ ਵਲੋਂ ਮਸ਼ੀਨਰੀ 'ਤੇ ਸਬਸਿਡੀ ਵੀ ਉਪਲਬਧ ਕਰਾਈ ਜਾ ਰਹੀ ਹੈ, ਜਿਸਦਾ ਫਾਇਦਾ ਲੈ ਕੇ ਕਿਸਾਨ ਖੇਤੀ ਦੀ ਲਾਗਤ ਘਟਾ ਸਕਦੇ ਹਨ ਅਤੇ ਜ਼ਮੀਨ ਦੀ ਸਿਹਤ ਸੰਭਾਲ ਸਕਦੇ ਹਨ। ਇਸ ਮੁਹਿੰਮ ਵਿੱਚ ਖੇਤੀਬਾੜੀ ਉਪ ਨਿਰੀਖਕ ਮਨੋਜ ਕੁਮਾਰ, ਨਰੇਸ਼ ਸੈਣੀ ਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

## ਕਿਸਾਨ ਸਿਖਲਾਈ ਤੇ ਪਰਾਲ਼ੀ ਦੇ ਸੁਚੱਜੇ ਪ੍ਰਬੰਧਾਂ ਸੰਬੰਧੀ ਜਾਗਰੂਕਤਾ ਕੈਂਪ

**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਬਲਾਕ ਖੇਤੀਬਾੜੀ ਅਫ਼ਸਰ ਡਾਕਟਰ ਤਰਨਜੀਤ ਸਿੰਘ ਦੀ ਅਗਵਾਈ ਵਿੱਚ ਮੰਗੂ ਸਿੰਘ ਖੇਤੀਬਾੜੀ ਉੱਪ-ਨਰੀਖਕ ਵੱਲੋਂ ਪਿੰਡ ਪੱਤੋਂ ਹੀਰਾ ਸਿੰਘ ਵਿਖੇ ਕਿਸਾਨ ਸਿਖਲਾਈ ਤੇ ਪਰਾਲ਼ੀ ਦੇ ਸੁਚੱਜੇ ਪ੍ਰਬੰਧਾਂ ਸੰਬੰਧੀ ਜਾਗਰੂਕਤਾ ਕੈਂਪ ਲਾਇਆ ਗਿਆ। ਇਸ ਕੈਂਪ ਵਿੱਚ ਕਿਸਾਨਾਂ ਨੂੰ ਝੋਨੇ ਦੀ ਫਸਲ ਤੇ ਕੀੜੇ ਤੇ ਬਿਮਾਰੀਆਂ ਜਿਵੇਂ ਕਿ ਪੱਤਾ ਲਪੇਟ ਸੁੰਡੀ, ਬੂਟਿਆਂ ਦੇ ਟੀਂਡੇ ਤੇ ਸੀਤ ਬਾਲਟੀ ਬਲਾਸਟ ਰੋਗੀ ਸੀਥਰੂਟ ਅਤੇ ਵੱਧ ਬਾਰਿਸ਼ ਹੋਣ ਕਾਰਨ ਉਸ ਤੋਂ ਬਾਅਦ ਧੁੱਪ ਪੈਣ ਕਾਰਨ ਝੋਨੇ ਦੀ ਫ਼ਸਲ ਵਿੱਚ ਵਧ ਰਹੀਆਂ ਬਿਮਾਰੀਆਂ ਜਿਵੇਂ ਕਿ ਝੋਨੇ ਦੀਆਂ ਉੱਲੀਆਂ ਤੇ ਦਾਣੇ ਕਾਲ਼ੇ ਹੋਣ ਦੀ ਸਮੱਸਿਆ ਵੱਧ ਸਕਦੀ ਹੈ।ਇਸ ਲਈ ਕਿਸਾਨ ਵੀਰਾਂ ਨੂੰ ਸਮੇਂ ਸਿਰ ਫ਼ਸਲਾਂ ਦਾ ਨਰੀਖਣ ਕਰਵਾ ਕੇ ਇੱਕ ਵੰਗੀ ਸਾਈਡ ਸਪ੍ਰੇਅ ਕਰਨ ਬਾਰੇ ਦੱਸਿਆ ਸਾਰੇ, ਕਿਸਾਨਾਂ ਨੂੰ ਝੋਨੇ ਦੀ ਪਰਾਲੀ ਦੀ ਸਾਂਭ ਸੰਭਾਲ ਲਈ ਹੈਪੀ ਸੀਡਰ ਸੁਪਰ, ਸੀਡਰ ਸਮਾਰਟ, ਸੀਡਰ ਐੱਮ ਬੀ ਪਲਾਉ ਤੇ ਸਰਫੇਸੀਡਰ ਆਦਿ ਮਸ਼ੀਨਾਂ ਦੀ ਵਰਤੋਂ ਕਰਕੇ ਪਰਾਲ਼ੀ ਬਿਨਾਂ ਅੱਗ ਲਗਾਏ ਕਣਕ ਦੀ ਬਿਜਾਈ ਕਰਨ ਬਾਰੇ ਜਾਣਕਾਰੀ ਦਿੱਤੀ ਗਈ।ਕਿਸਾਨਾਂ ਨੂੰ ਝੋਨੇ ਦੀ ਫ਼ਸਲ ਦੀ ਕਟਾਈ ਤੋਂ ਬਾਅਦ ਕਣਕ ਦਾ ਬੀਜ ਸਬਸਿਡੀ 'ਤੇ ਲੈਣ ਬਾਰੇ ਦੱਸਿਆ ਅਤੇ ਸਹੀ ਸਮੇਂ 'ਤੇ ਕਣਕ ਦੀ ਬਿਜਾਈ ਕਰਨ ਤੇ ਸਹੀ ਕਿਸਮ ਦੀ ਚੋਣ ਕਰਕੇ ਬੀਜਣ ਬਾਰੇ ਦੱਸਿਆ। ਜੇਕਰ ਕੋਈ ਵੀ ਕਿਸਾਨ ਕਣਕ ਦੀ ਲੇਟ ਬਿਜਾਈ ਕਰਦਾ ਹੈ ਤਾਂ ਕਿਸਮ ਦੇ ਹਿਸਾਬ ਨਾਲ ਝਾੜ 'ਤੇ ਪੈਣ ਵਾਲੇ ਫ਼ਰਕ ਬਾਰੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ ਗਈ।ਇਸ ਮੌਕੇ ਨਿਰਮਲ ਸਿੰਘ ਸੈਕਟਰੀ, ਕਰਮ ਸਿੰਘ ਨੰਬਰਦਾਰ, ਪਲਵਿੰਦਰ ਸਿੰਘ, ਜਗਵਿੰਦਰ ਸਿੰਘ, ਰਾਮ ਸਿੰਘ, ਮੇਜਰ ਸਿੰਘ, ਅਮਰਜੀਤ ਸਿੰਘ, ਗੁਰਵਿੰਦਰ ਸਿੰਘ, ਅਜਾਇਬ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਭਰਾ ਹਾਜ਼ਰ ਸਨ।

## ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਮਾਨਸਾ ਦੇ ਅਹੁਦੇਦਾਰਾਂ ਦੀ ਲਿਸਟ ਜਾਰੀ

### ਪਾਰਟੀ ਦੀ ਮਜ਼ਬੂਤੀ ਲਈ ਬੂਥ ਪੱਧਰ 'ਤੇ ਇਕਾਈਆਂ ਬਣਾਵਾਂਗੇ : ਸੋਢੀ



**ਸਰਦੂਲਗੜ੍ਹ (ਅਵਤਾਰ ਜਟਾਣਾ)**

ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਜ਼ਿਲ੍ਹਾ ਪ੍ਰਧਾਨ ਸ੍. ਜਤਿੰਦਰ ਸਿੰਘ ਸੋਢੀ ਨੇ ਜ਼ਿਲ੍ਹਾ ਪਧਰੀ ਅਹੁਦੇਦਾਰਾਂ ਦੀ ਲਿਸਟ ਜਾਰੀ ਕਰਦਿਆਂ ਕਿਹਾ ਕਿ ਅੱਜ ਭਾਗਾਂ ਵਾਲਾ ਦਿਨ ਹੈ, ਕਿਉਂਕਿ ਸੁਨਹਿਰੇ ਗੌਰਵਮਈ ਕੁਰਬਾਨੀਆਂ ਤੇ ਸੰਘਰਸ਼ਾਂ ਵਿੱਚੋਂ ਪੈਦਾ ਹੋਈ ਪੰਜਾਬੀਆਂ ਦੀ ਆਪਣੀ ਖੇਤਰੀ ਪਾਰਟੀ ਦੇ ਇਨ੍ਹਾਂ ਅਹੁਦੇਦਾਰਾਂ ਦੀ ਸੂਚੀ ਦਿਲਰਾਜ ਸਿੰਘ ਭੂੰਦੜ ਸਾਬਕਾ ਵਿਧਾਇਕ, ਪ੍ਰੇਮ ਕੁਮਾਰ ਅਰੋੜਾ ਹਲਕਾ ਇੰਚਾਰਜ ਮਾਨਸਾ, ਡਾਕਟਰ ਨਿਸ਼ਾਨ ਸਿੰਘ ਹਲਕਾ ਇੰਚਾਰਜ ਬੁਢਲਾਡਾ ਤੇ ਜ਼ਿਲ੍ਹੇ ਦੇ ਸੀਨੀਅਰ ਆਗੂਆਂ ਨਾਲ ਵਿਚਾਰ ਕਰਨ ਉਪਰੰਤ ਸ਼ਹਿਰੀ ਪ੍ਰਧਾਨ ਤੇ ਜ਼ਿਲ੍ਹੇ ਦੇ ਜਥੇਬੰਦਕ ਢਾਂਚੇ ਦੇ ਵਿਸਥਾਰ ਦੀ ਪ੍ਰਵਾਨਗੀ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਬੀਬਾ ਹਰਸਿਮਰਤ ਕੌਰ ਬਾਦਲ ਮੈਂਬਰ ਪਾਰਲੀਮੈਂਟ ਤੇ ਬਲਵਿੰਦਰ ਸਿੰਘ ਭੂੰਦੜ ਸਕੱਤਰ ਜਨਰਲ ਸ਼੍ਰੋਮਣੀ ਅਕਾਲੀ ਦਲ ਤੋਂ ਲਈ ਗਈ ਹੈ, ਜਿਸ ਵਿੱਚ ਤਰਸੇਮ ਚੰਦ ਭੋਲੀ ਸਰਦੂਲਗੜ੍ਹ, ਕਰਮਜੀਤ ਸਿੰਘ ਮਾਘੀ ਬੁਢਲਾਡਾ, ਸਤਵੰਤ ਸਿੰਘ ਸੱਤਾ ਬੋਹਾ, ਸਤੀਸ਼ ਕੁਮਾਰ ਬੋਹਾ, ਰਾਜੇਸ਼ ਕੁਮਾਰ ਸਿੰਗਲਾ ਬਰੇਟਾ, ਤਾਰਾ ਸਿੰਘ ਵਿਰਦੀ ਬੁਢਲਾਡਾ, ਸਿਕੰਦਰ ਸਿੰਘ ਜ਼ੈਲਦਾਰ ਬਰੇਟਾ, ਹਰਦੇਵ ਸਿੰਘ ਭੀਖੀ, ਉਮਕਾਰ ਮਿੱਤਲ ਐਡਵੋਕੇਟ ਭੀਖੀ, ਹਰਬੰਸ ਸਿੰਘ ਪੰਮੀ ਮਾਨਸਾ, ਆਤਮਾ ਸਿੰਘ ਭੋਲਾ ਮਾਨਸਾ, ਜਗਰਾਜ ਸਿੰਘ ਰਾਜੂ ਮਾਨਸਾ, ਗੋਲਡੀ ਗਾਂਧੀ ਮਾਨਸਾ, ਗੁਰਜੀਤ ਸਿੰਘ ਖਾਲਸਾ ਜੋਗਾ ਸਾਰਿਆਂ ਨੂੰ ਸਰਕਲ ਪ੍ਰਧਾਨ ਤੇ ਜ਼ਿਲ੍ਹਾ ਜਥੇਬੰਦੀ ਵਿੱਚ ਵਿਸਥਾਰ ਕਰਦੇ ਹੋਏ ਜਥੇਦਾਰ ਰਣਜੀਤ ਸਿੰਘ ਟਾਂਡੀਆਂ ਨੂੰ ਸਰਪ੍ਰਸਤ, ਪ੍ਰਿਤਪਾਲ ਸ਼ਰਮਾ ਭੀਖੀ ਸਕੱਤਰ ਜਨਰਲ, ਚਰਨਜੀਤ ਸਿੰਘ ਝਲਬੂਟੀ, ਨੋਹਰ ਚੰਦ ਤਾਇਲ, ਜਤਿੰਦਰ ਜੈਨ ਬੌਬੀ, ਅਜੈ ਕੁਮਾਰ ਨੀਟਾ, ਜਗਤਾਰ ਸਿੰਘ ਸਾਬਕਾ ਸਰਪੰਚ ਜੋਗਾ, ਜਸਵੰਤ ਸਿੰਘ ਸਾਰੇ ਮੀਤ ਪ੍ਰਧਾਨ, ਵਰਕਿੰਗ ਹਰਦਿਆਲ ਸਿੰਘ ਭੋਲਾ, ਰਾਜਾ ਐੱਮ ਸੀ ਨੂੰ ਸਕੱਤਰ ਜਗਰਾਜ ਸਿੰਘ, ਭੋਲਾ ਸਿੰਘ, ਲਖਵਿੰਦਰ ਸਿੰਘ ਬੋਹਾ ਨੂੰ ਮੈਂਬਰ ਵਰਕਿੰਗ ਕਮੇਟੀ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਨਵ-ਨਿਯੁਕਤ ਅਹੁਦੇਦਾਰਾਂ ਨੂੰ ਮੁਬਾਰਕਬਾਦ ਦਿੰਦਿਆਂ ਸ੍ਰੀ ਸੋਢੀ ਨੇ ਕਿਹਾ ਕਿ ਜਥੇਬੰਦੀ ਦੀ ਮਜ਼ਬੂਤੀ ਲਈ ਅਸੀਂ ਸਾਰੇ ਰਲ ਕੇ ਪਾਰਟੀ ਦੀਆਂ ਨੀਤੀਆਂ ਘਰ-ਘਰ ਪਹੁੰਚਾਉਣ ਦਾ ਯਤਨ ਕਰਾਂਗੇ ਤੇ ਇਸ ਦੇ ਨਾਲ ਨਾਲ ਹੋਰ ਯੋਗ ਤੇ ਮਿਹਨਤੀ ਵਰਕਰਾਂ ਨੂੰ ਜਲਦ ਜ਼ਿਲ੍ਹਾ ਜਥੇਬੰਦੀ ਵਿੱਚ ਸ਼ਾਮਲ ਕਰਕੇ ਸਨਮਾਨ ਦਿੱਤਾ ਜਾਵੇਗਾ।

## ਮਜ਼ਦੂਰ ਯੂਨੀਅਨ ਨੇ ਮਨਾਇਆ ਸੇਵਾ ਪਖਵਾੜਾ



**ਕਾਲਾਂਵਾਲੀ (ਸੁਰਿੰਦਰ ਪਾਲ ਸਿੰਘ)**-ਕਾਲਾਂਵਾਲੀ ਰੇਲਵੇ ਸਟੇਸ਼ਨ ਦੇ ਨਾਲ ਲੱਗਦੀ ਮਜ਼ਦੂਰ ਯੂਨੀਅਨ ਵੱਲੋਂ ਆਲੇ-ਦਵਾਲੇ ਦੀ ਸਾਫ-ਸਫਾਈ ਕਰਦੇ ਹੋਏ ਸੇਵਾ ਪਖਵਾੜਾ ਮਨਾਇਆ ਗਿਆ। ਮਜ਼ਦੂਰ ਆਗੂ ਪ੍ਰਧਾਨ ਗਗਨਦੀਪ ਸਿੰਘ ਤੇ ਉਪ ਪ੍ਰਧਾਨ ਗੁਰਸੇਵਕ ਸਿੰਘ ਉਰਫ਼ ਗੋਰਾ ਦਾ ਕਹਿਣਾ ਸੀ ਕਿ ਭਾਜਪਾ ਸਰਕਾਰ ਮਜ਼ਦੂਰਾਂ ਦੇ ਹਿੱਤਾਂ ਨੂੰ ਅੱਖੋਂ ਪਰੋਖੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮਜ਼ਦੂਰਾਂ ਨੂੰ ਉਨ੍ਹਾਂ ਦੀ ਕਿਰਤ ਦਾ ਸਹੀ ਮੁੱਲ ਨਹੀਂ ਮਿਲ ਰਿਹਾ। ਉਨ੍ਹਾਂ ਕਿਹਾ ਕਿ ਦੇਸ਼ ਦੇ ਵਿਕਾਸ ਵਿੱਚ ਮਜ਼ਦੂਰਾਂ ਦਾ ਅਹਿਮ ਯੋਗਦਾਨ ਹੈ ਅਤੇ ਮਜ਼ਦੂਰ ਦੇਸ਼ ਦੀ ਨੀਂਹ ਹਨ। ਇਸ ਸੇਵਾ ਪਖਵਾੜੇ ਦੌਰਾਨ ਮਜ਼ਦੂਰ ਗੁਰਮੀਤ ਸਿੰਘ ਗੁਦਰਾਣਾ, ਨਾਜ਼ਰ ਸਿੰਘ, ਪੰਡਿਤ, ਭਜਨ ਸਿੰਘ, ਗੋਰਾ ਸਿੰਘ, ਅੰਮ੍ਰਿਤਪਾਲ ਸਿੰਘ ਸਮੇਤ ਮਜ਼ਦੂਰ ਯੂਨੀਅਨ ਦੇ ਮੈਂਬਰ ਹਾਜ਼ਰ ਹੋਏ।

## ਮਨੁੱਖਤਾ ਦੇ ਭਲੇ ਲਈ 25 ਵਲੰਟੀਅਰਾਂ ਵੱਲੋਂ ਖ਼ੂਨ ਦਾਨ



**ਪਟਿਆਲਾ (ਰਾਜਿੰਦਰ ਥਿੰਦ)**-ਪਟਿਆਲਾ ਨੇੜਲੇ ਕਸਬਾ ਡਕਾਲਾ ਵਿਖੇ ਸਥਿਤ ਟਿੱਲਾ ਬਾਬਾ ਸ੍ਰੀ ਚੰਦ ਜੀ ਦੇ ਅਸਥਾਨ ਡਕਾਲਾ ਵਿਖੇ ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਵੱਲੋਂ ਕੈਂਪ ਕਮਾਂਡਰ ਮਨਵਿੰਦਰ ਸਿੰਘ ਮਨੀ ਟੋਹੜਾ ਰਾਮਗੜ੍ਹ ਦੀ ਅਗਵਾਈ ਹੇਠ ਖ਼ੂਨਦਾਨ ਕੈਂਪ ਲਗਾਇਆ ਗਿਆ, ਜਿਸ ਵਿੱਚ ਅਰਜੋਤ ਸਫੇੜਾ, ਬ੍ਰਿਜ ਮੋਹਨ ਮੁੰਜਾਲ ਕਲਾਂ, ਜਗਤਾਰ ਸਿੰਘ ਜਾਫਰਪੁਰ, ਗੁਰਸੇਵਕ ਡਕਾਲਾ, ਜਸਪਾਲ ਸਿੰਘ, ਗੁਰਮੁੱਖ ਸਿੰਘ, ਮਨਪ੍ਰੀਤ ਸਿੰਘ ਤੇ ਦਵਿੰਦਰ ਸਿੰਘ ਸਮੇਤ 25 ਵਲੰਟੀਅਰਾਂ ਨੇ ਖ਼ੂਨ ਦਾਨ ਕੀਤਾ।ਖ਼ੂਨਦਾਨੀਆਂ ਨੂੰ ਹਰਦੀਪ ਸਿੰਘ ਸਨੌਰ, ਰਣਵੀਰ ਸਿੰਘ ਸ਼ੈਲੀ, ਭਾਈ ਜਰਨੈਲ ਸਿੰਘ ਝੰਡੀ ਨੇ ਸਰਟੀਫਿਕੇਟ ਤੇ ਗਮਛਾ ਦੇ ਕੇ ਸਨਮਾਨਤ ਕੀਤਾ।ਇਸ ਮੌਕੇ ਹਰਦੀਪ ਸਿੰਘ ਸਨੌਰ ਨੇ ਕਿਹਾ ਕਿ ਖ਼ੂਨ ਦਾਨ ਕਰਕੇ ਕਿਸੇ ਦੀ ਜਾਨ ਬਚਾਉਣਾ ਦੁਨੀਆ ਦਾ ਸਭ ਤੋਂ ਵੱਡਾ ਪੁੰਨ ਹੈ, ਕਿਉਂਕਿ ਖ਼ੂਨ ਕਿਸੇ ਫੈਕਟਰੀ ਜਾਂ ਕਾਰਖਾਨੇ ਵਿੱਚ ਨਹੀਂ ਬਣਦਾ ਹੈ ਅਤੇ ਨਾ ਹੀ ਇਹ ਕਿਸੇ ਤਰੀਕੇ ਡੁਪਲੀਕੇਟ ਬਣਾਇਆ ਜਾ ਸਕਦਾ ਹੈ।ਇਹ ਸਿਰਫ ਕੁਦਰਤੀ ਤਕਨੀਕ ਨਾਲ ਇਨਸਾਨੀ ਸਰੀਰ ਅੰਦਰ ਹੀ ਬਣਦਾ ਹੈ।ਇਸ ਮੌਕੇ ਪ੍ਰਧਾਨ ਭੁਪਿੰਦਰ ਸਿੰਘ, ਅਮਰਜੀਤ ਸਿੰਘ, ਜਗਮੇਲ ਸਿੰਘ, ਅਮਰੀਕ ਸਿੰਘ, ਕਿਰਪਾਲ ਸਿੰਘ ਪੰਜੌਲਾ, ਰਣਜੀਤ ਸਿੰਘ ਝੰਡੀ ਤੇ ਮਾਨ ਬਾਈ ਨੇ ਵਧ ਚੜ੍ਹ ਕੇ ਸਹਿਯੋਗ ਦਿੱਤਾ।

## ਆਊਟਸੋਰਸ ਕਾਮਿਆਂ ਨੇ ਚੇਅਰਮੈਨ ਬਰਾੜ ਨੂੰ ਮੰਗ ਪੱਤਰ ਸੌਂਪਿਆ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਮਾਰਕੀਟ ਕਮੇਟੀ ਪਾਤੜਾਂ ਵਿਖੇ ਲੰਮੇ ਸਮੇਂ ਤੋਂ ਸੇਵਾਵਾਂ ਨਿਭਾਅ ਰਹੇ ਆਊਟਸੋਰਸ ਮੁਲਾਜ਼ਮਾਂ ਵੱਲੋਂ ਤਨਖਾਹਾਂ ਵਿੱਚ ਵਾਧਾ ਕਰਾਉਣ ਅਤੇ ਨੌਕਰੀ 'ਤੇ ਰੈਗੂਲਰ ਕਰਨ ਦੀ ਮੰਗ ਨੂੰ ਲੈ ਕੇ ਮਾਰਕੀਟ ਕਮੇਟੀ ਪਾਤੜਾਂ ਦੇ ਚੇਅਰਮੈਨ ਮਹਿੰਗਾ ਸਿੰਘ ਬਰਾੜ ਨੂੰ ਪੰਜਾਬ ਸਰਕਾਰ ਦੇ ਨਾਮ ਮੰਗ ਪੱਤਰ ਸੌਂਪਿਆ ਗਿਆ।ਚੇਅਰਮੈਨ ਮਾਰਕੀਟ ਕਮੇਟੀ ਮਹਿੰਗਾ ਸਿੰਘ ਬਰਾੜ ਨੇ ਆਊਟਸੋਰਸ ਕਾਮਿਆਂ ਦੀਆਂ ਮੰਗਾਂ ਨੂੰ ਹੱਲ ਕਰਵਾਉਣ ਲਈ ਹਰ ਸੰਭਵ ਕੋਸ਼ਿਸ਼ ਕਰਨ ਦਾ ਭਰੋਸਾ ਦਿੱਤਾ।ਇਸ ਦੌਰਾਨ ਕਲਰਕ ਸਾਹਬ ਸਿੰਘ, ਕ੍ਰਿਸ਼ਨ ਕੁਮਾਰ, ਨਿਰਲੇਪ ਕੌਰ, ਪੂਨਮ ਰਾਣੀ, ਸਿਮਰਨ ਕੌਰ, ਗੁਰਤੇਜ ਸਿੰਘ ਆਦਿ ਨੇ ਦੱਸਿਆ ਕਿ ਉਹ ਲੰਮੇ ਸਮੇਂ ਤੋਂ ਮਾਰਕੀਟ ਕਮੇਟੀ ਪਾਤੜਾਂ 'ਚ ਸੇਵਾਵਾਂ ਨਿਭਾਅ ਰਹੇ ਹਨ।ਉਨ੍ਹਾਂ ਕਿਹਾ ਕਿ ਵਾਰ ਵਾਰ ਵਾਅਦੇ ਕਰਨ ਦੇ ਬਾਵਜੂਦ ਨਾ ਹੀ ਤਨਖਾਹ ਵਿੱਚ ਕੋਈ ਵਾਧਾ ਕੀਤਾ ਗਿਆ ਅਤੇ ਨਾ ਹੀ ਨੌਕਰੀ 'ਤੇ ਰੈਗੂਲਰ ਕੀਤਾ ਗਿਆ।ਉਨ੍ਹਾਂ ਮੰਗ ਕੀਤੀ ਕਿ ਸਰਕਾਰ ਮੰਗਾਂ ਦਾ ਤੁਰੰਤ ਹੱਲ ਕਰੇ।

## ਵਿਵੇਕ ਚੈਰੀਟੇਬਲ ਹਸਪਤਾਲ ਲੋਕਾਂ ਲਈ ਚਾਨਣ ਮੁਨਾਰਾ : ਸੀਚੇਵਾਲ

### ਅੱਖਾਂ ਦੇ ਮੁਫਤ ਅਪ੍ਰੇਸ਼ਨ ਤੇ ਚੈੱਕਅੱਪ ਕੈਂਪ 'ਚ 1030 ਮਰੀਜ਼ਾਂ ਦੀ ਜਾਂਚ



**ਬਠਿੰਡਾ (ਰਾਜੀਵ ਗੋਇਲ)**

ਸਥਾਨਕ ਸ਼ਹਿਰ ਦੇ ਨੇੜਲੇ ਪਿੰਡ ਜਲਾਲ ਵਿਖੇ ਬ੍ਰਹਮਲੀਨ ਸੰਤ ਬਾਬਾ ਕਰਨੈਲ ਦਾਸ ਜੀ ਦੇ ਅਸ਼ੀਰਵਾਦ ਨਾਲ ਮੌਜੂਦਾ ਗੱਦੀ ਨਸ਼ੀਨ ਸ੍ਰੀ ਮਾਨ ਸੁਆਮੀ ਬ੍ਰਹਮਮੁਨੀ ਜੀ ਦੀ ਅਗਵਾਈ ਹੇਠ ਅਤੇ ਸੰਸਥਾ ਦੇ ਮੁੱਖ ਪ੍ਰਬੰਧਕ ਸ੍ਰੀ ਮਾਨ ਬਾਬਾ ਗੰਗਾ ਰਾਮ ਜੀ ਦੇ ਯਤਨਾਂ ਸਦਕਾ ਬਾਬਾ ਖੇਮ ਦਾਸ ਜੀ ਦੀ ਯਾਦ ਨੂੰ ਸਮਰਪਤ 258ਵਾਂ ਅੱਖਾਂ ਦਾ ਮੁਫਤ ਲੈਂਜ ਕੈਂਪ ਵਿਵੇਕ ਚੈਰੀਟੇਬਲ ਅੱਖਾਂ ਦਾ ਹਸਪਤਾਲ ਜਲਾਲ (ਬਠਿੰਡਾ), ਜੋ ਕਿ ਗੁਰੂਸਰ ਬਸ ਸਟੈਂਡ ਉੱਪਰ ਸਥਿਤ ਹੈ, ਵਿਖੇ ਲਗਾਇਆ ਗਿਆ, ਜਿਸ ਦਾ ਉਦਘਾਟਨ ਸੰਤ ਬਲਬੀਰ ਸਿੰਘ ਸੀਚੇਵਾਲ ਮੈਂਬਰ ਰਾਜ ਸਭਾ ਵੱਲੋਂ ਕੀਤਾ ਗਿਆ। ਉਨ੍ਹਾ ਹਸਪਤਾਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵਿਵੇਕ ਚੈਰੀਟੇਬਲ ਅੱਖਾਂ ਦਾ ਹਸਪਤਾਲ ਲੋਕਾਂ ਲਈ ਇੱਕ ਚਾਨਣ ਮੁਨਾਰਾ ਸਿੱਧ ਹੋ ਰਿਹਾ ਹੈ। ਇਸ ਮੌਕੇ ਰਿਸ਼ੀ ਰਾਮ ਜੀ ਵਿਵੇਕ ਆਸ਼ਰਮ ਜੈਤੋ ਨੇ ਸੰਤ ਸੀਚੇਵਾਲ ਤੇ ਸਮੁੱਚੀਆਂ ਸੰਗਤਾਂ ਨੂੰ ਜੀ ਆਇਆਂ ਕਿਹਾ। ਇਸ ਕੈਂਪ ਵਿੱਚ ਲਗਭਗ 1030 ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ ਤੇ ਤਕਰੀਬਨ 470 ਯੋਗ ਮਰੀਜ਼ਾਂ ਦੀ ਮੁਫਤ ਲੈਂਜ ਪਾਉਣ ਲਈ ਚੋਣ ਕੀਤੀ ਗਈ। ਇਸ ਇਸ ਮੌਕੇ ਬਾਬਾ ਗੰਗਾ ਰਾਮ ਜੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉੱਚ ਕੋਟੀ ਦੇ ਡਾਕਟਰ ਰਵੀਕਾਂਤ ਬਮੋਤਰਾ ਐੱਮ ਐੱਸ ਆਈ ਸਰਜਨ, ਡਾ. ਮਿਨਾਕਸ਼ੀ ਸਿੱਧੂ ਐੱਮ ਐੱਸ ਆਈ ਸਰਜਨ, ਡਾ. ਸੁਪ੍ਰੀਤ ਕੌਰ ਵੱਲੋਂ ਮਰੀਜ਼ਾਂ ਦਾ ਚੈੱਕਅਪ ਕਰਕੇ ਮੁਫਤ ਦਵਾਈਆਂ ਦਿੱਤੀਆਂ ਗਈਆਂ ਅਤੇ ਸੰਸਥਾ ਦੇ ਮੁੱਖ ਪ੍ਰਬੰਧਕ ਬਾਬਾ ਗੰਗਾ ਰਾਮ ਜੀ ਵੱਲੋਂ ਸੰਤ ਸੀਚੇਵਾਲ ਜੀ ਤੇ ਸਮੁੱਚੀਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ। ਇਸ ਮੌਕੇ ਸਤੀਸ਼ ਕੁਮਾਰ ਸ਼ਰਮਾ, ਗੁਰਵਿੰਦਰ ਸਿੰਘ, ਬਲਰਾਮ ਸ਼ਰਮਾ, ਸੁਖਦੀਪ ਸਿੰਘ, ਕੁਲਦੀਪ ਸਿੰਘ, ਨਿਰਮਲ ਸਿੰਘ ਤੇ ਸਮੁੱਚਾ ਸਟਾਫ ਹਾਜ਼ਰ ਸੀ।

## ਹੈਰੋਇਨ ਸਮੇਤ ਨਾਬਾਲਿਗ ਕਾਬੂ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਉਦਯੋਗਿਕ ਨਗਰੀ ਮੰਡੀ ਗੋਬਿੰਦਗੜ੍ਹ ਦੀ ਪੁਲਸ ਵੱਲੋਂ ਇੱਕ ਨਾਬਾਲਿਗ ਲੜਕੇ ਨੂੰ ਚਾਰ ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ।ਸੂਤਰਾਂ ਤੋਂ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਮੰਡੀ ਗੋਬਿੰਦਗੜ੍ਹ ਦੇ ਬੱਸ ਅੱਡੇ ਨਜ਼ਦੀਕ ਗਸ਼ਤ ਕਰ ਰਹੇ ਸਬ ਇੰਸਪੈਕਟਰ ਧਰਮਪਾਲ ਦੀ ਅਗਵਾਈ ਵਾਲੀ ਪੁਲਸ ਪਾਰਟੀ ਵੱਲੋਂ ਇੱਕ ਲੜਕੇ ਨੂੰ ਸ਼ੱਕ ਦੇ ਆਧਾਰ 'ਤੇ ਚੈਕਿੰਗ ਲਈ ਰੋਕਿਆ ਗਿਆ।ਤਲਾਸ਼ੀ ਦੌਰਾਨ ਉਕਤ ਨਾਬਾਲਿਗ ਲੜਕੇ ਕੋਲੋਂ 4 ਗ੍ਰਾਮ ਹੈਰੋਇਨ ਬਰਾਮਦ ਹੋਈ।ਇਸ ਸਬੰਧੀ ਅ/ਧ 21 ਐਨਡੀਪੀਐਸ ਐਕਟ ਤਹਿਤ ਦਰਜ ਕਰਵਾਏ ਗਏ ਮੁਕੱਦਮੇ ਵਿੱਚ ਉਕਤ ਨਾਬਾਲਿਗ ਨੂੰ ਨਾਮਜ਼ਦ ਕਰਕੇ ਮੰਡੀ ਗੋਬਿੰਦਗੜ੍ਹ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

## ਸ਼ਹਿਰ ਦੀਆਂ ਸਾਰੀਆਂ ਸਮੱਸਿਆਵਾਂ ਜਲਦ ਹੋਵੇਗਾ ਹੱਲ : ਰਵਨੀਤ ਬਿੱਟੂ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਕੇਂਦਰੀ ਰੇਲਵੇ ਮੰਤਰੀ ਰਵਨੀਤ ਸਿੰਘ ਬਿੱਟੂ ਐਤਵਾਰ ਨੂੰ ਇੱਥੇ ਅਗਰਵਾਲ ਸਭਾ ਵੱਲੋਂ ਮਹਾਰਾਜਾ ਅਗਰਸੈਨ ਜਯੰਤੀ ਸਬੰਧੀ ਕਰਵਾਏ ਗਏ ਸਾਮਗਮ 'ਚ ਪੁੱਜੇ।ਉਨ੍ਹਾਂ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ੍ਰੀ ਮੁਕਤਸਰ ਸਾਹਿਬ ਖੇਤਰ ਦੀਆਂ ਰੇਲਵੇ ਸਬੰਧੀ ਸਮੱਸਿਆਵਾਂ ਦੇ ਹੱਲ ਲਈ ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਦੇ ਦਿੱਤੀ ਹੈ ਅਤੇ ਬਹੁਤ ਸਾਰੀਆਂ ਸਮੱਸਿਆਵਾਂ ਜਿਵੇਂ ਅੰਡਰ ਬ੍ਰਿਜ ਆਦਿ ਦਾ ਜਲਦ ਹੱਲ ਹੋ ਜਾਵੇਗਾ।ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਇਕ ਇੰਟਰਵਿਊ ਦੌਰਾਨ ਭਾਜਪਾ ਨੂੰ ਸ਼੍ਰੋਮਣੀ ਅਕਾਲੀ ਦਲ ਨਾਲ ਸਮਝੌਤਾ ਨਾ ਕਰਨ ਦੀ ਦਿੱਤੀ ਸਲਾਹ ਤੇ ਬਿੱਟੂ ਨੇ ਕਿਹਾ ਕਿ ਮੁੱਖ ਮੰਤਰੀ ਸਾਹਿਬ ਹੁਣ ਭਾਜਪਾ ਨੂੰ ਸਲਾਹਾਂ ਦੇਣ ਲੱਗੇ ਹਨ, ਕਿਤੇ ਇਨ੍ਹਾਂ ਦੇ ਬੋਲਾਂ ਅਨੁਸਾਰ ਇਨ੍ਹਾਂ ਨੂੰ ਈ ਡੀ ਦਾ ਡਰ ਤਾਂ ਨਹੀਂ ਸਤਾਉਣ ਲੱਗਾ।ਉਨ੍ਹਾਂ ਕਿਹਾ ਕਿ ਪੰਜਾਬ ਦਾ ਪੈਸਾ ਲੁੱਟਿਆ ਜਾ ਰਿਹਾ, ਇਹ ਹੜ੍ਹ ਵੀ ਸੂਬਾ ਸਰਕਾਰ ਦੀ ਨਲਾਇਕੀ ਕਾਰਨ ਆਏ ਹੇ, ਇਹ ਆਉਣ ਵਾਲੇ ਸਮੇਂ 'ਚ ਸਾਹਮਣੇ ਆ ਜਾਵੇਗਾ।ਉਨ੍ਹਾਂ ਕਿਹਾ ਕਿ ਹੁਣ ਸਿੱਧਾ ਰਾਹਤ ਫੰਡ 'ਚ ਪੈਸਾ ਲੈਣ ਦੀ ਬਜਾਏ ਚੜ੍ਹਦੀ ਕਲਾ ਮਿਸ਼ਨ ਦੇ ਨਾਮ ਹੇਠ ਇਕੱਤਰ ਕੀਤਾ ਜਾ ਰਿਹਾ।ਇਸ ਦੌਰਾਨ ਸ੍ਰੀ ਮੁਕਤਸਰ ਸਾਹਿਬ ਦੀਆਂ ਰੇਲਵੇ ਨਾਲ ਸਬੰਧਤ ਮੰਗਾਂ ਨੂੰ ਲੈ ਵੱਖ ਵੱਖ ਵਫਦ ਵੀ ਉਨ੍ਹਾਂ ਨੂੰ ਮਿਲੇ।

## ਗਿਆਨੀ ਅਮਰਜੀਤ ਸਿੰਘ ਦੀ ਅੰਤਿਮ ਅਰਦਾਸ ਮੌਕੇ ਵੱਖ-ਵੱਖ ਸ਼ਖਸੀਅਤਾਂ ਵੱਲੋਂ ਸ਼ਰਧਾਂਜਲੀਆਂ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸ਼ੁਤਰਾਣਾ ਨਿਵਾਸੀ ਉੱਘੇ ਸਮਾਜ ਸੇਵਕ ਤੇ ਸੰਗਤਾਂ ਨੂੰ ਗੁਰੂ ਨਾਲ ਜੋੜਨ ਵਾਲੇ ਗਿਆਨੀ ਅਮਰਜੀਤ ਸਿੰਘ ਵੜੈਚ ਦੀ ਗੁਰਦੁਆਰਾ ਬਹਿਰ ਸਾਹਿਬ ਵਿਖੇ ਸੇਵਾ ਕਰਦਿਆਂ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ।ਉਨ੍ਹਾਂ ਨਮਿਤ ਪਿੰਡ ਦੇ ਗੁਰਦੁਆਰਾ ਨਾਮ ਜਪ ਸਾਹਿਬ ਵਿੱਚ ਅੰਤਿਮ ਅਰਦਾਸ ਸਮਾਗਮ ਦੌਰਾਨ ਵੱਖ-ਵੱਖ ਰਾਜਨੀਤਕ ਪਾਰਟੀਆਂ, ਸਮਾਜ ਸੇਵੀ ਸੰਸਥਾਵਾਂ ਤੇ ਕਾਰ ਸੇਵਾ ਵਾਲੇ ਬਾਬਿਆਂ ਵੱਲੋਂ ਸ਼ਿਰਕਤ ਕੀਤੀ ਗਈ।ਇਸ ਮੌਕੇ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਮਰਜੀਤ ਸਿੰਘ ਦੇ ਪੁੱਤਰ ਜਗਮੀਤ ਸਿੰਘ ਨੂੰ ਸਿਰੋਪਾਓ ਨਾਲ ਸਨਮਾਨਤ ਵੀ ਕੀਤਾ ਗਿਆ।ਇਸ ਮੌਕੇ ਵੱਖ ਵੱਖ ਬੁਲਾਰਿਆਂ ਵੱਲੋਂ ਅਮਰਜੀਤ ਸਿੰਘ ਦੀ ਪੂਰਨ ਸਿੱਖ ਵਜੋਂ ਬਤਾਈ ਜ਼ਿੰਦਗੀ 'ਤੇ ਚਾਨਣਾ ਪਾਉਂਦਿਆਂ ਤੇ ਪਰਵਾਰ ਨੂੰ ਭਾਣਾ ਮੰਨਣ ਲਈ ਕਹਿਣ ਵਾਲਿਆਂ ਵਿੱਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਆਗੂ ਮਹਿੰਦਰ ਪਾਲ ਸਿੰਘ, ਸ਼੍ਰੋਮਣੀ ਅਕਾਲੀ ਦਲ ਪੁਨਰ ਸਰਜੀਤੀ ਦੇ ਹਰਿੰਦਰ ਪਾਲ ਸਿੰਘ ਚੰਦੂਮਾਜਰਾ, ਪਰਮਿੰਦਰ ਸਿੰਘ ਢੀਂਡਸਾ, ਸਾਬਕਾ ਆਰਟੀਏ ਕਰਨ ਸਿੰਘ ਤੇ ਰਿਸ਼ਤੇਦਾਰ ਰਵਿੰਦਰ ਸਿੰਘ ਕਾਲੀਆ ਵੱਲੋਂ ਸ਼ਰਧਾਂਜਲੀਆਂ ਦਿੱਤੀਆਂ ਗਈਆਂ। ਅੰਤਿਮ ਅਰਦਾਸ ਮੌਕੇ ਕਾਰ ਸੇਵਾ ਵਾਲੇ ਬਾਬਾ ਅਮਰੀਕ ਸਿੰਘ, ਬਾਬਾ ਬੂਟਾ ਸਿੰਘ ਮਤੌਲੀ ਪੁੱਲ ਵਾਲੇ, ਗਿਆਨੀ ਮਾਨ ਸਿੰਘ ਸਾਬਕਾ ਕਥਾ ਵਾਚਕ ਦਰਬਾਰ ਸਾਹਿਬ, ਗੁਰਿੰਦਰ ਸਿੰਘ ਭੰਗੂ, ਗੋਬਿੰਦ ਸਿੰਘ ਵਿਰਦੀ, ਰਣਧੀਰ ਸਿੰਘ ਰੱਖੜਾ, ਸਾਬਕਾ ਸਰਪੰਚ ਭਗਵੰਤ ਸਿੰਘ, ਹਰਦੀਪ ਸਿੰਘ ਸਾਗਰਾ, ਗੁਰਬਚਨ ਸਿੰਘ ਮੌਲਵੀਵਾਲਾ, ਰਾਜ ਸਿੰਘ ਝੱਬਰ, ਸੁਖਵਿੰਦਰ ਸਿੰਘ ਝੱਬਰ, ਸਰਪੰਚ ਸੁਰੇਸ ਕੁਮਾਰ ਸ਼ੁਤਰਾਣਾ, ਸਤਨਾਮ ਸਿੰਘ ਵੜੈਚ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਜ਼ਿਲ੍ਹਾ ਪ੍ਰਧਾਨ ਹਰਭਜਨ ਸਿੰਘ ਆਦਿ ਹਾਜ਼ਰ ਸਨ।

## ਦੋ-ਪਹੀਆ ਵਾਹਨ ਵਿਕਰੇਤਾ ਹਰ ਵਾਹਨ ਨਾਲ ਮੁਫ਼ਤ ਹੈਲਮਟ ਦੇਣ : ਅਮਨ ਅਰੋੜਾ

### ਸੁਨਾਮ ਤੋਂ 'ਪਹਿਲਾਂ ਹੈਲਮਟ, ਫਿਰ ਸਫ਼ਰ' ਮੁਹਿੰਮ ਦਾ ਆਗਾਜ਼



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸੜਕ ਸੁਰੱਖਿਆ ਨੂੰ ਮੱਦੇਨਜ਼ਰ ਰੱਖਦਿਆਂ ਪੰਜਾਬ ਸਰਕਾਰ ਦੀ ਸੁਨਾਮ ਤੋਂ ਇੱਕ ਨਵੀਂ ਪਹਿਲ 'ਪਹਿਲਾਂ ਹੈਲਮਟ, ਫਿਰ ਸਫ਼ਰ' ਮੁਹਿੰਮ ਦੀ ਸ਼ੁਰੂਆਤ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕੀਤੀ।ਰੋਟਰੀ ਕਲੱਬ ਸੁਨਾਮ ਗ੍ਰੀਨ ਤੇ ਹਰਿਹਰ ਹੌਂਡਾ ਦੇ ਸਾਂਝੇ ਪ੍ਰੋਜੈਕਟ ਤਹਿਤ 50 ਦੋ-ਪਹੀਆ ਚਾਲਕਾਂ ਨੂੰ ਮੁਫ਼ਤ ਹੈਲਮਟ ਦੇ ਕੇ ਮੁਹਿੰਮ ਦਾ ਆਗਾਜ਼ ਕੀਤਾ ਗਿਆ।ਆਪਣੇ ਸੰਬੋਧਨ ਵਿੱਚ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਤੁਹਾਡੀ ਜ਼ਿੰਦਗੀ ਹੈਲਮਟ ਲਈ ਲੱਗਣ ਵਾਲੇ ਕੁਝ ਪੈਸਿਆਂ ਨਾਲੋਂ ਕਿਤੇ ਵੱਧ ਕੀਮਤੀ ਹੈ।ਉਨ੍ਹਾਂ ਦੋ-ਪਹੀਆ ਵਾਹਨ ਵਿਕਰੇਤਾਵਾਂ ਨੂੰ ਅਪੀਲ ਕੀਤੀ ਕਿ ਹਰ ਵਾਹਨ ਦੀ ਵਿੱਕਰੀ ਨਾਲ ਹੈਲਮਟ ਮੁਫ਼ਤ ਦੇਣ, ਤਾਂ ਜੋ ਵੱਧ ਤੋਂ ਵੱਧ ਲੋਕ ਸੜਕ ਸੁਰੱਖਿਆ ਪ੍ਰਤੀ ਜਾਗਰੂਕ ਹੋਣ।ਪੰਜਾਬ ਰੋਡ ਸੇਫ਼ਟੀ ਐਡਵਾਈਜ਼ਰ ਪੰਕਜ ਅਰੋੜਾ ਨੇ ਜਾਣਕਾਰੀ ਦਿੱਤੀ ਕਿ ਪੰਜਾਬ ਟ੍ਰੈਫ਼ਿਕ ਪੁਲਸ ਦੇ ਸੀਨੀਅਰ ਅਧਿਕਾਰੀਆਂ ਦੇ ਹੁਕਮਾਂ ਅਧੀਨ ਸਰਕਾਰੀ ਕਰਮਚਾਰੀਆਂ ਲਈ ਹੈਲਮਟ ਲਾਜ਼ਮੀ ਕੀਤਾ ਗਿਆ ਹੈ।ਦੋ-ਪਹੀਆ ਵਾਹਨ ਚਲਾ ਕੇ ਦਫ਼ਤਰ ਆਉਣ ਵਾਲੇ ਕਰਮਚਾਰੀਆਂ ਨੂੰ ਬਿਨਾਂ ਹੈਲਮਟ ਦਫ਼ਤਰ ਵਿੱਚ ਦਾਖਲਾ ਨਹੀਂ ਮਿਲੇਗਾ।ਇਸ ਮੌਕੇ ਡੀਐੱਸਪੀ ਸੁਨਾਮ ਹਰਿੰਦਰ ਸਿੰਘ ਖੈਰਾ, ਜ਼ਿਲ੍ਹਾ ਟ੍ਰੈਫ਼ਿਕ ਇੰਚਾਰਜ ਪਵਨ ਸ਼ਰਮਾ ਤੇ ਸੁਨਾਮ ਟ੍ਰੈਫ਼ਿਕ ਇੰਚਾਰਜ ਨਿਰਭੈ ਸਿੰਘ ਨੇ ਲੋਕਾਂ ਨੂੰ ਟ੍ਰੈਫ਼ਿਕ ਨਿਯਮਾਂ ਬਾਰੇ ਜਾਣਕਾਰੀ ਦਿੱਤੀ।ਰੋਟਰੀ ਗਵਰਨਰ 2023-24 ਘਨਸ਼ਿਆਮ ਕਾਂਸਲ, ਰੋਟਰੀ ਕਲੱਬ ਸੁਨਾਮ ਗ੍ਰੀਨ ਦੇ ਪ੍ਰਧਾਨ ਗੌਰਵ ਕਾਂਸਲ ਤੇ ਹਰਿਹਰ ਹੌਂਡਾ ਦੇ ਐੱਮ. ਡੀ. ਮਦਨ ਕਾਂਸਲ ਨੇ ਕਲੱਬ ਮੈਂਬਰਾਂ ਤੇ ਆਮ ਨਾਗਰਿਕਾਂ ਦਾ ਧੰਨਵਾਦ ਕੀਤਾ।ਮੰਚ ਸੰਚਾਲਨ ਗੋਪਾਲ ਸ਼ਰਮਾ ਨੇ ਕੀਤਾ।


## ਸਵੱਛਤਾ ਸੇਵਾ ਅਭਿਆਨ ਤਹਿਤ ਕੈਂਪ ਲਗਾਇਆ




**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਰਕਾਰੀ ਕਿਰਤੀ ਕਾਲਜ ਨਿਆਲ ਪਾਤੜਾਂ ਵਿਖੇ ਪ੍ਰਿੰਸੀਪਲ ਮੈਡਮ ਗੁਰਵੀਨ ਕੌਰ ਦੀ ਰਹਿਨੁਮਾਈ ਹੇਠ ਕਾਲਜ ਦੇ ਐੱਨਐੱਸਐੱਸ ਵਿਭਾਗ ਵੱਲੋਂ ਸਵੱਛਤਾ ਹੀ ਸੇਵਾ ਅਭਿਆਨ ਤਹਿਤ ਇਕ ਰੋਜ਼ਾ ਕੈਂਪ ਲਗਾਇਆ ਗਿਆ।

ਕੈਂਪ ਦੌਰਾਨ ਵੱਖ-ਵੱਖ ਗਤੀਵਿਧੀਆਂ ਕੀਤੀਆਂ ਗਈਆਂ ਵਲੰਟੀਅਰ ਦੁਆਰਾ ਵਰਚੁਅਲ ਰੂਮ ਤੇ ਵਰਾਂਡਿਆਂ ਦੀ ਸਫਾਈ ਕੀਤੀ ਗਈ।ਪ੍ਰੋਗਰਾਮ ਅਫਸਰ ਹਰਮੀਤ ਸਿੰਘ ਨੇ ਵਲੰਟੀਅਰ ਨਾਲ 24 ਸਤੰਬਰ ਤੋਂ ਸ਼ੁਰੂ ਹੋਣ ਵਾਲੇ ਸੱਤ ਰੋਜ਼ਾ ਕੈਂਪ ਦੀ ਰੂਪ ਰੇਖਾ ਸਾਂਝੀ ਕੀਤੀ ਅਤੇ ਵਲੰਟੀਅਰ ਨੂੰ ਵੱਧ ਚੜ੍ਹ ਕੇ ਇਸ ਕੈਂਪ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਕੈਂਪ ਦੇ ਅੰਤ ਵਿੱਚ ਪ੍ਰੋਗਰਾਮ ਅਫਸਰ ਜਗਦੀਸ਼ ਸਿੰਘ ਨੇ ਪ੍ਰਿੰਸੀਪਲ ਮੈਡਮ ਤੇ ਐੱਨ ਐੱਸ ਐੱਸ ਵਲੰਟੀਅਰਜ਼ ਦਾ ਧੰਨਵਾਦ ਕੀਤਾ।

## ਰਾਮਲੀਲ੍ਹਾ ਮੰਚਨ ਦਾ ਰਾਜੀਵ ਕੌਸ਼ਲ ਤੇ ਸ਼ਸ਼ੀ ਭਾਟੀਆ ਵੱਲੋਂ ਉਦਘਾਟਨ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਦੁਸਹਿਰਾ ਮੈਦਾਨ ਵਿਖੇ ਸਰਵਹਿਤਕਾਰੀ ਸ੍ਰੀ ਰਾਮਲੀਲ੍ਹਾ ਕਮੇਟੀ ਵੱਲੋਂ ਰਾਮਲੀਲ੍ਹਾ ਦਾ ਮੰਚਨ ਸ਼ੁਰੂ ਕੀਤਾ ਗਿਆ, ਜਿਸ ਦਾ ਉਦਘਾਟਨ ਆੜ੍ਹਤੀ ਰਾਜੀਵ ਕੌਸ਼ਲ, ਸ਼ਸ਼ੀ ਭਾਟੀਆ ਤੇ ਜੈਦੀਪ ਕਾਹਲੋਂ ਨੇ ਜੋਤੀ ਪ੍ਰਚੰਡ ਕਰਕੇ ਕੀਤਾ। ਸਭ ਤੋਂ ਪਹਿਲਾਂ ਪ੍ਰਬੰਧਕ ਕਮੇਟੀ ਵੱਲੋਂ ਸਟੇਜ 'ਤੇ ਹਵਨ ਕਰਵਾਇਆ ਗਿਆ ਤੇ ਫਿਰ ਆਰਤੀ ਕਰ ਮੰਚਨ ਦਾ ਆਗਾਜ਼ ਕੀਤਾ ਗਿਆ। ਇਸ ਮੌਕੇ ਰਾਜੀਵ ਕੌਸ਼ਲ ਤੇ ਸ਼ਸ਼ੀ ਭਾਟੀਆ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪਵਿੱਤਰ ਗ੍ਰੰਥ ਰਮਾਇਣ ਸਾਨੂੰ ਰਿਸ਼ਤਿਆਂ ਦੀਆਂ ਕਦਰਾਂ-ਕੀਮਤਾਂ ਤੋਂ ਜਾਣੂ ਕਰਵਾਉਂਦਾ ਹੈ, ਉੱਥੇ ਸਾਨੂੰ ਸੇਧ ਦਿੰਦਾ ਹੈ ਕਿ ਹਮੇਸ਼ਾ ਸੱਚਾਈ ਦੀ ਜਿੱਤ ਹੁੰਦੀ ਹੈ। ਰਾਤ ਦਿਖਾਏ ਗਏ ਦ੍ਰਿਸ਼ਾਂ ਵਿੱਚ ਨਟ-ਨਟੀ, ਰਾਵਣ ਵੱਲੋਂ ਭਗਵਾਨ ਸ਼ਿਵ ਦਾ ਕੈਲਾਸ਼ ਪਰਬਤ ਚੁੱਕਣ ਦੇ ਦ੍ਰਿਸ਼ ਦਿਖਾਏ ਗਏ। ਪ੍ਰਬੰਧਕ ਕਮੇਟੀ ਪ੍ਰਧਾਨ ਅਸ਼ੋਕ ਸੂਦ ਤੇ ਚੇਅਰਮੈਨ ਮੋਹਿਤ ਕੁੰਦਰਾ ਨੇ ਆਏ ਮੁੱਖ ਮਹਿਮਾਨਾਂ ਨੂੰ ਸਨਮਾਨਤ ਕੀਤਾ। ਇਸ ਮੌਕੇ ਸੰਜੀਵ ਲੀਹਲ, ਕੌਂਸਲਰ ਨੀਰਜ ਕਮਾਰ ਹਾਜ਼ਰ ਸਨ।

## ਕਾਂਗਰਸੀ ਵਰਕਰਾਂ ਵੱਲੋਂ ਤਖਤੂਪੁਰਾ ਦੇ ਹੱਕ 'ਚ ਫਤਵਾ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਆਲ ਇੰਡੀਆ ਕਾਂਗਰਸ ਕਮੇਟੀ ਵੱਲੋਂ ਸੰਗਠਨ ਸਿਰਜਨ ਮੁਹਿੰਮ ਤਹਿਤ ਅਬਜ਼ਰਵਰ ਸ੍ਰੀ ਬੀ ਪੀ ਸਿੰਘ ਨੇ ਹਲਕਾ ਨਿਹਾਲ ਸਿੰਘ ਵਾਲਾ ਵਿਖੇ ਮੀਟਿੰਗ ਕੀਤੀ, ਜਿਸ ਦੌਰਾਨ ਸ੍. ਪਰਮਪਾਲ ਸਿੰਘ ਤਖਤੂਪੁਰਾ ਦੇ ਹੱਕ ਵਿੱਚ ਕਾਂਗਰਸ ਪਾਰਟੀ ਦੇ ਵਰਕਰਾਂ ਨੇ ਦੋਵੇਂ ਹੱਥ ਖੜੇ ਕਰਕੇ ਫੱਤਵਾ ਦਿੱਤਾ ਅਤੇ ਉਨ੍ਹਾ ਆਪਣੀ ਜ਼ਿਲ੍ਹਾ ਮੋਗਾ ਦੀ ਜ਼ਿਲ੍ਹਾ ਪ੍ਰਧਾਨਗੀ ਦੇ ਉਮੀਦਵਾਰ ਚੁਣੇ ਜਾਣ 'ਤੇ ਬੀਬੀ ਜਗਦਰਸ਼ਨ ਕੌਰ, ਸਾਬਕਾ ਜ਼ਿਲ੍ਹਾ ਪ੍ਰਧਾਨ ਮੋਗਾ ਜਗਰੂਪ ਸਿੰਘ ਤਖਤੂਪੁਰਾ, ਗੁਰਦੇਵ ਕੌਰ ਜ਼ਿਲ੍ਹਾ ਪ੍ਰਧਾਨ ਮਹਿਲਾ ਕਾਂਗਰਸ ਮੋਗਾ, ਮਨਜੀਤ ਕੌਰ ਮਾਣੂਕੇ ਮਹਿਲਾ ਮੀਤ ਪ੍ਰਧਾਨ ਕਾਂਗਰਸ ਮੋਗਾ, ਪਰਮਿੰਦਰ ਸਿੰਘ ਡਿੰਪਲ ਹਲਕਾ ਨਿਹਾਲ ਸਿੰਘ ਵਾਲਾ ਦਾ ਮੁੱਖ ਸੇਵਾਦਾਰ, ਮਹਿਲਾ ਬਲਾਕ ਪ੍ਰਧਾਨ ਨਿਹਾਲ ਸਿੰਘ ਵਾਲਾ ਸੰਦੀਪ ਕੌਰ, ਜਰਨੈਲ ਸਿੰਘ ਰਾਮਾ ਬਲਾਕ ਨਿਹਾਲ ਸਿੰਘ ਵਾਲਾ ਦਾ ਪ੍ਰਧਾਨ ਤੇ ਸਰਪੰਚ-ਪੰਚ ਸਾਹਿਬਾਨ, ਬਲਾਕ ਸੰਮਤੀ ਮੈਂਬਰ ਸਾਹਿਬਾਨਾਂ ਦਾ ਕੀਤਾ ਧੰਨਵਾਦ।

## ਮੱਸਿਆ ਦਾ ਦਿਹਾੜਾ ਸ਼ਰਧਾ ਨਾਲ ਮਨਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਧਰਤੀ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਮੱਸਿਆ ਦਾ ਦਿਹਾੜਾ ਸੰਗਤਾਂ ਵੱਲੋਂ ਸ਼ਰਧਾ ਨਾਲ ਮਨਾਇਆ। ਗੁਰੂ ਘਰ ਦੇ ਮੈਨੇਜਰ ਜਸਵੀਰ ਸਿੰਘ ਮੰਗਲੀ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਵਿਖੇ ਭਾਈ ਪਰਮਜੀਤ ਸਿੰਘ ਉਟਾਲਾਂ ਦੇ ਰਾਗੀ ਜੱਥੇ ਵੱਲੋਂ ਰਸਭਿੰਨਾ ਕੀਰਤਨ ਕੀਤਾ ਗਿਆ। ਉਪਰੰਤ ਬੀਬੀ ਗੁਰਵਿੰਦਰ ਕੌਰ ਜਲੰਧਰ ਤੇ ਭਾਈ ਗੁਰਦਿਆਲ ਸਿੰਘ ਹੀਰਾ ਸ਼ਤਾਬਗੜ੍ਹ ਵਾਲਿਆਂ ਦੇ ਜੱਥਿਆਂ ਵੱਲੋਂ ਇਤਿਹਾਸਕ ਪ੍ਰਸੰਗ ਸੁਣਾਏ ਗਏ। ਸੰਗਤਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਤਮਸਤਕ ਹੋਣ ਉਪਰੰਤ ਇਤਿਹਾਸਕ ਖੂਹ ਸਾਹਿਬ ਤੇ ਜੰਡ ਸਾਹਿਬ ਦੇ ਦਰਸ਼ਨ ਵੀ ਕੀਤੇ। ਇਸ ਮੌਕੇ ਬਾਬਾ ਮੋਹਣ ਸਿੰਘ, ਹੈੱਡ ਗ੍ਰੰਥੀ ਭਾਈ ਹਰਪਾਲ ਸਿੰਘ ਗੁਰਮੁੱਖ, ਕਥਾਵਾਚਕ ਭਾਈ ਇਕਨਾਮ ਸਿੰਘ, ਗ੍ਰੰਥੀ ਭਾਈ ਗੁਰਪ੍ਰੀਤ ਸਿੰਘ, ਅਕਾਊਂਟੈਂਟ ਭਾਈ ਸੁਖਵੰਤ ਸਿੰਘ, ਰਿਕਾਰਡ ਕੀਪਰ ਭਾਈ ਅਮਰਿੰਦਰ ਸਿੰਘ, ਖਜ਼ਾਨਚੀ ਜਸਪਿੰਦਰ ਸਿੰਘ, ਸੇਵਾਦਾਰ ਭਾਈ ਸਰਬਜੀਤ ਸਿੰਘ ਮੌਜੂਦ ਸਨ।

## ...ਸਫ਼ਾ 1 ਦੇ ਬਾਕੀ

### ਫਾਸ਼ੀ ਹਕੂਮਤ ਨੂੰ ਹਟਾਉਣ...

ਸੱਚੀ-ਮੁੱਚੀ ਦੀ ਏਕਤਾ ਕਰਨ ਲਈ ਸੀ ਪੀ ਆਈ ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ।

ਉਹਨਾਂ ਲੋਕਾਂ ਦੇ ਮਸਲਿਆਂ ਉਤੇ ਸੰਘਰਸ਼ਾਂ ਦੇ ਨਾਲ-ਨਾਲ ਖੱਬੀ ਏਕਤਾ ਵਧਾ ਕੇ, ਮਜ਼ਬੂਤ ਕਰਕੇ ਜਮਹੂਰੀ ਤਾਕਤਾਂ ਨਾਲ ਜੋੜ ਕੇ ਫਾਸ਼ੀਵਾਦੀ ਹਕੂਮਤ ਨੂੰ ਸੱਤਾ ਤੋਂ ਲਾਹੁਣ ਦਾ ਹੋਕਾ ਦਿੱਤਾ। ਸੀ ਪੀ ਆਈ (ਐੱਮ) ਦੇ ਜਨਰਲ ਸਕੱਤਰ ਨੇ ਮੁਲਕ ਦੇ ਤਕਾਜ਼ੇ ਅਤੇ ਸਵਰਾਜਬੀਰ ਤੇ ਡੀ. ਰਾਜਾ ਦੇ ਵਿਚਾਰਾਂ ਨੂੰ ਹੁੰਗਾਰਾ ਭਰਦਿਆਂ ਖੱਬੀ ਏਕਤਾ ਉਤੇ ਓਦਾਂ ਹੀ ਜ਼ੋਰ ਦਿੱਤਾ, ਜਿਸ ਬਿਨਾਂ ਫਿਰਕਾਪ੍ਰਸਤੀ ਅਤੇ ਫਾਸ਼ੀਵਾਦ ਦਾ ਟਾਕਰਾ ਨਹੀਂ ਕੀਤਾ ਜਾ ਸਕਦਾ। ਸੀ ਪੀ ਆਈ (ਐੱਮ ਐੱਲ) ਦੇ ਜਨਰਲ ਸਕੱਤਰ ਦੀਪਾਂਕਰ ਭੱਟਾਚਾਰੀਆ, ਜਿਹਨਾ ਆਪਣਾ ਭਾਸ਼ਣ ਹਿੰਦੀ ਵਿਚ ਕੀਤਾ, ਨੇ ਕਮਿਊਨਿਸਟ ਪਾਰਟੀ ਦੇ ਬਣਨ ਤੇ ਉਸ ਵੱਲੋਂ ਸੰਘਰਸ਼ਾਂ ਦਾ ਜ਼ਿਕਰ ਕੀਤਾ ਅਤੇ ਪਾਰਟੀਆਂ ਅੱਡ-ਅੱਡ ਬਣਨ ਦਾ ਵੇਰਵਾ ਵੀ ਦਿੱਤਾ। ਉਹਨਾ ਕਿਹਾ ਕਿ ਇਥੇ ਵੀ 'ਅਨੇਕਤਾ ਵਿਚ ਏਕਤਾ' ਸੰਘਰਸ਼ ਕਰ ਸਕਦੀ ਹੈ, ਜਦੋਂ ਤੱਕ ਜਿੱਤ ਪ੍ਰਾਪਤ ਕਰਦਿਆਂ ਪੂਰੀ ਏਕਤਾ ਨਹੀਂ ਹੋ ਜਾਂਦੀ। ਆਰ ਐੱਸ ਪੀ ਦੇ ਜਨਰਲ ਸਕੱਤਰ ਵੀ. ਰਾਜਨ ਨੇ ਸੀ ਪੀ ਆਈ ਨੂੰ 25ਵੀਂ ਕਾਂਗਰਸ ਕਰਨ ਅਤੇ ਜਨਮ ਸ਼ਤਾਬਦੀ ਦੀ ਵਧਾਈ ਦਿੱਤੀ ਅਤੇ ਸਾਂਝੇ ਸੰਘਰਸ਼ਾਂ ਉਤੇ ਜ਼ੋਰ ਦਿੱਤਾ। ਫਾਰਵਰਡ ਬਲਾਕ ਦੇ ਜਨਰਲ ਸਕੱਤਰ ਮਨੋਜ ਭੱਟਾਚਾਰੀਆ ਨੇ ਕਮਜ਼ੋਰੀਆਂ ਦੂਰ ਕਰਕੇ ਏਕਤਾ ਰਾਹੀਂ ਸੰਘਰਸ਼ ਵਧਾਉਣ ਦਾ ਮਸਲਾ ਚੁੱਕਿਆ, ਉਹਨਾ ਸੀ ਪੀ ਆਈ ਨੂੰ ਵਧਾਈ ਦਿੱਤੀ।

ਸਾਰੇ ਬੁਲਾਰਿਆਂ ਦੀਆਂ ਤਕਰੀਰਾਂ ਵਿਚ ਕਿਹਾ ਕਿ ਫਿਰਕਾਪ੍ਰਸਤੀ, ਫਾਸ਼ੀਵਾਦ ਦੇ ਖਤਰਿਆਂ ਅਤੇ ਲੋਕਾਂ ਦੇ ਮਸਲਿਆਂ ਲਈ ਲੜਨ ਦੇ ਨਾਲ-ਨਾਲ ਵਿਸ਼ਾਲ ਸਾਂਝੀ ਏਕਤਾ ਕਰਕੇ ਆਰ ਐੱਸ ਐੱਸ-ਭਾਜਪਾ, ਜੋ ਜ਼ਹਿਰ ਫੈਲਾ ਰਹੀ ਹੈ, ਵੱਖ-ਵੱਖ ਵਰਗਾਂ 'ਤੇ ਹਮਲੇ ਕਰ ਰਹੀ ਹੈ ਅਤੇ ਸੰਵਿਧਾਨਕ ਅਦਾਰਿਆਂ ਵਿਚ ਘੁਸਪੈਠ ਕਰ ਰਹੀ ਹੈ, ਜੋ ਸਾਡੇ ਦੇਸ ਅਤੇ ਜਮਹੂਰੀਅਤ ਤੇ ਸੰਵਿਧਾਨ ਲਈ ਗੰਭੀਰ ਖਤਰਾ ਹੈ, ਉਸ ਖਿਲਾਫ ਦ੍ਰਿੜ੍ਹ ਸਾਂਝੇ ਸੰਘਰਸ਼ ਦੀ ਜ਼ਰੂਰਤ ਹੈ, ਫਿਰ ਹੀ ਦੇਸ਼ ਨੂੰ ਬਚਾਇਆ ਜਾ ਸਕੇਗਾ। ਉਹਨਾ ਦੇਸ਼ ਬਚਾਉਣ ਲਈ ਸਾਂਝੀ ਜੱਦੋ-ਜਹਿਦ ਰਾਹੀਂ ਭਾਜਪਾ ਨੂੰ ਗੱਦੀ ਤੋਂ ਲਾਹੁਣ 'ਤੇ ਜ਼ੋਰ ਦਿੱਤਾ। ਤਕਰੀਰਾਂ ਦੌਰਾਨ ਖੱਬੀ ਏਕਤਾ ਜ਼ਿੰਦਾਬਾਦ, 25ਵਾਂ ਮਹਾਂ-ਸੰਮੇਲਨ ਜ਼ਿੰਦਾਬਾਦ, ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਲਗਦੇ ਰਹੇ। ਭਰਾਤਰੀ ਪਾਰਟੀਆਂ ਦੇ ਆਗੂਆਂ ਨੂੰ ਸੂਬਾ ਸਕੱਤਰ ਬੰਤ ਸਿੰਘ ਬਰਾੜ, ਕੌਮੀ ਕੌਂਸਲ ਦੇ ਮੈਂਬਰ ਅਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ, ਕੌਮੀ ਕੌਂਸਲ ਦੇ ਮੈਂਬਰ ਅਤੇ ਏਟਕ ਆਗੂ ਨਿਰਮਲ ਸਿੰਘ ਧਾਲੀਵਾਲ, ਸਾਬਕਾ ਸੂਬਾ ਸਕੱਤਰ ਕਾਮਰੇਡ ਜਗਰੂਪ ਆਦਿ ਨੇ ਸਨਮਾਨਤ ਕੀਤਾ। ਪ੍ਰਧਾਨਗੀ ਮੰਡਲ ਵਿੱਚ ਅਮਰਜੀਤ ਕੌਰ, ਨਗੇਂਦਰ ਨਾਥ ਓਝਾ, ਪੀ ਐੱਮ ਮੂਰਥੀ (ਤਾਮਿਲਨਾਡੂ), ਆਰ ਵੈਂਕਈਆ, ਪੀ ਪੀ ਸੁਨੀਰ, ਹਰਦੇਵ ਸਿੰਘ ਅਰਸ਼ੀ (ਪੰਜਾਬ), ਮੁਹੰਮਦ ਸਲੀਮ (ਪੁਡੂਚੇਰੀ), ਪਰਾਂਤੀ ਅਧਿਕਾਰੀ (ਪੱਛਮੀ ਬੰਗਾਲ), ਦਿਨੇਸ਼ (ਸਟੂਡੈਂਟਸ ਫਰੰਟ) ਅਤੇ ਦੇਵੀ ਕੁਮਾਰੀ ਸਰਹਾਲੀ ਕਲਾਂ (ਬੀ ਕੇ ਐੱਮ ਯੂ ਪੰਜਾਬ) ਸ਼ਾਮਲ ਸਨ। ਇਸ ਤੋਂ ਪਹਿਲਾਂ ਵੱਖ-ਵੱਖ ਰਾਜਾਂ ਤੋਂ ਆਈਆਂ ਇਪਟਾ ਦੀਆਂ ਕਲਾਕਾਰ ਟੀਮਾਂ ਵੱਲੋਂ ਆਪਣੇ ਗੀਤ-ਸੰਗੀਤ ਰਾਹੀਂ ਇਨਕਲਾਬੀ ਮਾਹੌਲ ਸਿਰਜਿਆ ਗਿਆ।ਸਵੇਰੇ ਝੰਡਾ ਲਹਿਰਾਉਣ ਦੀਆਂ ਰਸਮਾਂ ਵੇਲੇ ਵੀ ਮਾਹੌਲ ਉਤਸ਼ਾਹੀ ਅਤੇ ਰੌਣਕੀਲਾ ਨਜ਼ਰ ਆਇਆ। ਭਾਰਤੀ ਕਮਿਊਨਿਸਟ ਪਾਰਟੀ ਦਾ ਝੰਡਾ ਭੁਪਿੰਦਰ ਸਾਂਬਰ ਤੇ ਕੌਮੀ ਝੰਡਾ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਭਾਣਜੇ ਪ੍ਰੋਫੈਸਰ ਜਗਮੋਹਣ ਸਿੰਘ ਨੇ ਲਹਿਰਾਇਆ।

## ਖ਼ੁਸ਼ੀ ਲਈ ਜ਼ਿਆਦਾ ਇਕੱਠਾ ਕਰਨ ਦੀ ਨਹੀਂ, ਬਲਕਿ ਜ਼ਿਆਦਾ ਛੱਡਣ ਦੀ ਲੋੜ-ਅਸ਼ਵਨੀ ਗਰਗ



**ਜੈਤੋ (ਸਤੀਸ਼ ਕੁਮਾਰ ਭੀਰੀ)**-ਅਲਾਇੰਸ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਵੱਲੋਂ ਰਾਜ ਪੱਧਰੀ ਖੇਡਾਂ ਵਿੱਚ ਸ਼ਾਨਦਾਰ ਉਪਲਬਧੀ ਹਾਸਲ ਕਰਨ 'ਤੇ ਸ਼ਿਵਾਲਿਕ ਪਬਲਿਕ ਸਕੂਲ ਅਲਾਇੰਸ ਇੰਟਰਨੈਸ਼ਨਲ ਸਕੂਲ ਤੇ ਸਵਾਮੀ ਵਿਵੇਕਾਨੰਦ ਗਰੁੱਪ ਆਫ ਇੰਸਟੀਚਿਊਸ਼ਨਜ਼ ਦੇ ਚੇਅਰਮੈਨ ਅਸ਼ਵਨੀ ਕੁਮਾਰ ਗਰਗ ਨੇ ਬੱਚਿਆਂ ਨੂੰ ਸੰਬੋਧਤ ਕਰਦੇ ਹੋਏ ਕਿਹਾ ਕਿ ਤੁਹਾਡਾ ਚੰਗਿਆਈ ਵੱਲ ਚੁੱਕਿਆ ਗਿਆ ਇੱਕ ਕਦਮ ਵੀ ਤੁਹਾਡੇ ਤੇ ਤੁਹਾਡੇ ਸੰਪਰਕ ਵਿੱਚ ਆਉਣ ਵਾਲੇ ਪ੍ਰਾਣੀਆਂ ਦੇ ਸੁੱਖ ਦਾ ਕਾਰਨ ਬਣਦਾ ਹੈ, ਇਸ ਲਈ ਕੋਈ ਕੁਝ ਵੀ ਕਹੇ ਤੁਸੀਂ ਅੱਗੇ ਵਧਦੇ ਰਹੋ।ਅਸ਼ਵਨੀ ਗਰਗ ਨੇ ਕਿਹਾ ਕਿ ਰਿਸ਼ਤਾ ਬਹੁਤ ਗੂੜ੍ਹਾ ਹੋਏ ਜਾ ਨਾ ਹੋਵੇ, ਪ੍ਰੰਤੂ ਵਿਸ਼ਵਾਸ ਗੂੜ੍ਹਾ ਹੋਣਾ ਚਾਹੀਦਾ ਹੈ। ਗੁਰੂ ਉਹ ਹੀ ਸ੍ਰੇਸ਼ਠ ਹੁੰਦਾ ਹੈ, ਜਿਸ ਦੀ ਪ੍ਰੇਰਣਾ ਤੇ ਸੰਗਤ ਨਾਲ ਰੰਗਤ ਬਦਲ ਜਾਵੇ।ਉਨ੍ਹਾਂ ਕਿਹਾ ਕਿ ਸਾਨੂੰ ਇਸ ਜੀਵਨ ਵਿੱਚ ਕੀ ਚਾਹੀਦਾ ਹੈ ਚੰਗਾ ਜਾਂ ਬੁਰਾ, ਇਹ ਤੈਅ ਹੁੰਦੇ ਹੀ ਅਸੀਂ ਲੋਕਾਂ ਤੇ ਦੁਨੀਆ ਵਿੱਚ ਚੰਗਿਆਈ ਤੇ ਬੁਰਾਈ ਦੇਖਣਾ ਸ਼ੁਰੂ ਕਰ ਦਿੰਦੇ ਹਾਂ ਤੇ ਸਾਨੂੰ ਉਹੀ ਕੁਝ ਦਿਖਣ ਲੱਗਦਾ ਹੈ।ਅੰਤ ਵਿੱਚ ਉਨ੍ਹਾਂ ਕਿਹਾ ਕਿ ਖ਼ੁਸ਼ੀ ਲਈ ਬਹੁਤ ਕੁੱਝ ਇਕੱਠਾ ਕਰਨਾ ਪੈਂਦਾ ਹੈ ਇਹ ਅਸੀਂ ਸੋਚਦੇ ਹਾਂ, ਪ੍ਰੰਤੂ ਅਸਲ ਵਿੱਚ ਖ਼ੁਸ਼ੀ ਲਈ ਬਹੁਤ ਕੁੱਝ ਛੱਡਣਾ ਪੈਂਦਾ ਹੈ, ਇਹ ਅਨੁਭਵ ਕਹਿੰਦਾ ਹੈ।ਇਸ ਮੌਕੇ ਮੈਨੇਜਮੈਂਟ ਕਮੇਟੀ ਦੇ ਮੈਂਬਰ ਗੌਰਵ ਗਰਗ, ਦੀਪੀ ਗਰਗ, ਪ੍ਰਿੰਸੀਪਲ ਮੈਡਮ ਗੁਰਸੇਵਕ ਮਾਨ ਆਦਿ ਹਾਜ਼ਰ ਸਨ।

23-SEP-PAGE-1.qxd 9/22/2025 9:12 PM Page 1

ਮੰਗਲਵਾਰ, 23 ਸਤੰਬਰ, 2025
8 ਅੱਸੂ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 113

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • TUESDAY, 23 SEPTEMBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in

## 'ਮੁੱਖ ਮੰਤਰੀ ਸਿਹਤ ਯੋਜਨਾ' ਤਹਿਤ 10 ਲੱਖ ਰੁਪਏ ਤੱਕ ਦੇ ਕੈਸ਼ਲੈੱਸ ਇਲਾਜ ਦੀ ਰਜਿਸਟ੍ਰੇਸ਼ਨ ਅੱਜ ਤੋਂ : ਮਾਨ

### ਸ਼ੁਰੂਆਤ ਤਰਨ ਤਾਰਨ ਤੇ ਬਰਨਾਲਾ ਜ਼ਿਲ੍ਹਿਆਂ ਤੋਂ, ਛੇਤੀ ਹੀ ਪੂਰਾ ਪੰਜਾਬ ਕਵਰ ਹੋਵੇਗਾ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੋਮਵਾਰ 'ਮੁੱਖ ਮੰਤਰੀ ਸਿਹਤ ਯੋਜਨਾ' ਤਹਿਤ ਰਜਿਸਟ੍ਰੇਸ਼ਨ ਸ਼ੁਰੂ ਕਰਨ ਦਾ ਐਲਾਨ ਕੀਤਾ, ਜਿਸ ਦਾ ਮਨੋਰਥ ਲੋਕਾਂ ਨੂੰ 10 ਲੱਖ ਰੁਪਏ ਤੱਕ ਦਾ ਨਗਦੀ ਰਹਿਤ ਇਲਾਜ ਮੁਹੱਈਆ ਕਰਵਾਉਣਾ ਹੈ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਲੋਕ ਪੱਖੀ ਸਕੀਮ ਲਈ ਰਜਿਸਟ੍ਰੇਸ਼ਨ ਮੰਗਲਵਾਰ (23 ਸਤੰਬਰ) ਤੋਂ ਬਰਨਾਲਾ ਅਤੇ ਤਰਨ ਤਾਰਨ ਜ਼ਿਲ੍ਹਿਆਂ ਤੋਂ ਹੋਵੇਗੀ, ਜਿਸ ਨਾਲ ਲੋਕਾਂ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਮਿਲੇਗਾ। ਉਨ੍ਹਾ ਕਿਹਾ ਕਿ ਪਾਇਲਟ ਪ੍ਰਾਜੈਕਟ ਵਜੋਂ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਦੀ ਸ਼ੁਰੂਆਤ ਹੋਵੇਗੀ ਅਤੇ ਇਸ ਨੂੰ 10-12 ਦਿਨਾਂ ਦੇ ਅੰਦਰ ਮੁਕੰਮਲ ਕਰ ਲਿਆ ਜਾਵੇਗਾ। ਇਸ ਤਹਿਤ ਤਰਨ ਤਾਰਨ ਜ਼ਿਲ੍ਹੇ ਵਿੱਚ 128 ਥਾਵਾਂ ਅਤੇ ਬਰਨਾਲਾ ਜ਼ਿਲ੍ਹੇ ਵਿੱਚ ਵੀ 128 ਥਾਵਾਂ 'ਤੇ ਕੈਂਪ ਲਾਏ ਜਾਣਗੇ। ਮਾਨ ਨੇ ਕਿਹਾ ਕਿ ਆਪਣੀ ਕਿਸਮ ਦੀ ਪਹਿਲੀ ਇਸ ਇਤਿਹਾਸਕ ਸਕੀਮ ਦੀ ਸ਼ੁਰੂਆਤ ਲੋਕਾਂ ਦੀ ਭਲਾਈ ਲਈ ਸ਼ੁਰੂ ਕੀਤੀ ਗਈ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਦੋਵਾਂ ਜ਼ਿਲ੍ਹਿਆਂ ਦੇ ਸਾਰੇ ਨਾਗਰਿਕ ਮੁੱਖ ਮੰਤਰੀ ਸਿਹਤ ਕਾਰਡ ਲਈ ਅਪਲਾਈ ਕਰ ਸਕਦੇ ਹਨ ਅਤੇ ਇਨ੍ਹਾਂ ਕੈਂਪਾਂ ਦੌਰਾਨ ਰਜਿਸਟ੍ਰੇਸ਼ਨ ਲਈ ਕਿਸੇ ਨੂੰ ਬਹੁਤਾ ਦੂਰ ਨਹੀਂ ਜਾਣਾ ਪਵੇਗਾ। ਉਨ੍ਹਾ ਕਿਹਾ ਕਿ ਕੈਂਪ ਲਾਉਣ ਤੋਂ ਪਹਿਲਾਂ ਸਾਰੇ ਇਲਾਕੇ ਵਿੱਚ ਮੁਨਿਆਦੀ ਕਰਵਾ ਕੇ ਜਾਂ ਹੋਰ ਸਾਧਨਾਂ ਰਾਹੀਂ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ, ਤਾਂ ਕਿ ਹਰੇਕ ਵਿਅਕਤੀ ਨੂੰ ਕੈਂਪ ਬਾਰੇ ਪਤਾ ਲੱਗ ਸਕੇ। ਸਿਹਤ ਕਾਰਡ ਲਈ ਅਪਲਾਈ ਕਰਨ ਵਾਲੇ ਵਿਅਕਤੀ ਨੂੰ ਆਪਣਾ ਆਧਾਰ ਕਾਰਡ, ਵੋਟਰ ਕਾਰਡ ਅਤੇ ਪਾਸਪੋਰਟ ਸਾਈਜ਼ ਦੀ ਫੋਟੋ ਕੈਂਪ ਵਿੱਚ ਲਿਆਉਣੀ ਹੋਵੇਗੀ ਅਤੇ ਹੋਰ ਕਿਸੇ ਵੀ ਦਸਤਾਵੇਜ਼ ਦੀ ਜ਼ਰੂਰਤ ਨਹੀਂ ਹੈ।

ਮੁੱਖ ਮੰਤਰੀ ਨੇ ਕਿਹਾ ਕਿ 10 ਤੋਂ 12 ਦਿਨਾਂ ਦੇ ਅੰਦਰ ਇਨ੍ਹਾਂ ਜ਼ਿਲ੍ਹਿਆਂ ਵਿੱਚ ਹਰੇਕ ਲਈ ਮੁੱਖ ਮੰਤਰੀ ਸਿਹਤ ਯੋਜਨਾ ਲਈ ਰਜਿਸਟ੍ਰੇਸ਼ਨ ਪੂਰੀ ਕਰ ਲਈ ਜਾਵੇਗੀ। ਉਨ੍ਹਾਂ ਕਿਹਾ ਕਿ ਫੀਡਬੈਕ ਦੇ ਆਧਾਰ 'ਤੇ ਜੇਕਰ ਇਸ ਪ੍ਰਕਿਰਿਆ ਵਿੱਚ ਕੋਈ ਸੁਧਾਰ ਦੀ ਲੋੜ ਹੈ, ਤਾਂ ਉਨ੍ਹਾਂ ਨੂੰ ਵਿਧੀਵਤ ਤੌਰ 'ਤੇ ਸ਼ਾਮਲ ਕੀਤਾ ਜਾਵੇਗਾ। ਮਾਨ ਨੇ ਕਿਹਾ ਕਿ ਇਸ ਤੋਂ ਬਾਅਦ ਯੋਜਨਾ ਲਈ ਰਜਿਸਟ੍ਰੇਸ਼ਨ ਪੂਰੇ ਪੰਜਾਬ ਵਿੱਚ ਸ਼ੁਰੂ ਹੋਵੇਗੀ ਅਤੇ ਇੱਕ ਵਾਰ ਇਹ ਪ੍ਰਕਿਰਿਆ ਪੂਰੇ ਸੂਬੇ ਵਿੱਚ ਪੂਰੀ ਹੋ ਜਾਣ 'ਤੇ ਇਸ ਨੂੰ ਅਧਿਕਾਰਤ ਤੌਰ 'ਤੇ ਸ਼ੁਰੂ ਕੀਤਾ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਹਰ ਪੰਜਾਬੀ 'ਮੁੱਖ ਮੰਤਰੀ ਸਿਹਤ ਕਾਰਡ' ਦੀ ਵਰਤੋਂ ਕਰਕੇ 10 ਲੱਖ ਰੁਪਏ ਦੇ ਸਿਹਤ ਬੀਮੇ ਦਾ ਲਾਭ ਉਠਾ ਸਕੇਗਾ, ਜਿਸ ਨਾਲ ਮੁਫ਼ਤ ਅਤੇ ਨਗਦੀ ਰਹਿਤ ਇਲਾਜ ਪ੍ਰਾਪਤ ਕੀਤਾ ਜਾ ਸਕੇਗਾ। ਸਰਕਾਰੀ ਕਰਮਚਾਰੀ, ਆਸ਼ਾ ਵਰਕਰਾਂ ਅਤੇ ਆਂਗਣਵਾੜੀ ਵਰਕਰਾਂ ਨੂੰ ਵੀ ਇਸ ਯੋਜਨਾ ਵਿੱਚ ਸ਼ਾਮਲ ਕੀਤਾ ਜਾਵੇਗਾ। ਉਹਨਾ ਕਿਹਾ ਕਿ ਹਰ ਪਰਵਾਰ ਨੂੰ 10 ਲੱਖ ਰੁਪਏ ਦਾ ਸਿਹਤ ਬੀਮਾ ਮਿਲੇਗਾ, ਪਰਵਾਰ ਦੇ ਮੈਂਬਰਾਂ ਦੀ ਗਿਣਤੀ 'ਤੇ ਕੋਈ ਸੀਮਾ ਨਹੀਂ ਹੋਵੇਗੀ, ਹਰ ਨਾਗਰਿਕ ਨੂੰ ਮੁੱਖ ਮੰਤਰੀ ਸਿਹਤ ਕਾਰਡ ਮਿਲੇਗਾ, ਨਗਦੀ ਰਹਿਤ ਇਲਾਜ ਨੂੰ ਯਕੀਨੀ ਬਣਾਉਣ ਲਈ ਇਲਾਜ ਸਾਰੇ ਸਰਕਾਰੀ ਅਤੇ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਉਪਲੱਬਧ ਹੋਵੇਗਾ।ਮੁੱਖ ਮੰਤਰੀ ਨੇ ਕਿਹਾ ਕਿ ਇਸ ਯੋਜਨਾ ਹੇਠ 2,000 ਤੋਂ ਵੱਧ ਸਿਹਤ ਪ੍ਰਕਿਰਿਆਵਾਂ ਅਤੇ ਸਰਜਰੀਆਂ ਸ਼ਾਮਲ ਕੀਤੀਆਂ ਜਾਣਗੀਆਂ ਅਤੇ ਪੰਜਾਬ, ਦੇਸ਼ ਦਾ ਪਹਿਲਾ ਸੂਬਾ ਹੈ, ਜੋ 10 ਲੱਖ ਰੁਪਏ ਤੱਕ ਦੀਆਂ ਸਿਹਤ ਸੇਵਾਵਾਂ ਪ੍ਰਦਾਨ ਕਰੇਗਾ।

ਇੱਕ ਹੋਰ ਮੁੱਦੇ 'ਤੇ ਚਰਚਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਪਿਛਲੇ ਤਿੰਨ ਸਾਲਾਂ ਵਿੱਚ 881 ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ ਅਤੇ ਇਨ੍ਹਾਂ ਕਲੀਨਿਕਾਂ ਦੀ ਗਿਣਤੀ ਛੇਤੀ ਹੀ 1,000 ਨੂੰ ਪਾਰ ਕਰ ਜਾਵੇਗੀ।

ਜੀ ਐੱਸ ਟੀ ਬਾਰੇ ਮਾਨ ਨੇ ਕਿਹਾ ਕਿ ਜੀ ਐੱਸ ਟੀ ਨੂੰ ਬੜੇ ਜ਼ੋਰ-ਸ਼ੋਰ ਨਾਲ ਲਿਆਂਦਾ ਗਿਆ ਸੀ, ਪਰ ਹੁਣ ਉਸੇ ਰਫ਼ਤਾਰ ਨਾਲ ਵਾਪਸ ਕਿਉਂ ਲਿਆ ਗਿਆ ਹੈ। ਉਨ੍ਹਾ ਕਿਹਾ ਕਿ ਜੇਕਰ ਉਸ ਸਮੇਂ ਜੀ ਐੱਸ ਟੀ ਏਨਾ ਚੰਗਾ ਸੀ ਤਾਂ ਹੁਣ ਇਸ ਨੂੰ ਵਾਪਸ ਕਿਉਂ ਲਿਆ ਗਿਆ ਹੈ। ਮਾਨ ਨੇ ਕਿਹਾ ਕਿ ਜੀ ਐੱਸ ਟੀ 'ਤੇ ਕੋਈ ਵੀ ਕਾਰਵਾਈ ਕਰਨ ਤੋਂ ਪਹਿਲਾਂ ਕੇਂਦਰ ਨੂੰ ਸੂਬਿਆਂ ਦਾ ਜਾਇਜ਼ ਹਿੱਸਾ, ਜੋ ਉਨ੍ਹਾਂ ਕੋਲ ਲੰਬਿਤ ਸੀ, ਵਾਪਸ ਦੇਣਾ ਚਾਹੀਦਾ ਹੈ।

ਭਾਜਪਾ ਆਗੂਆਂ ਨੂੰ ਹੜ੍ਹਾਂ ਦੇ ਮੁੱਦੇ 'ਤੇ ਸਿਆਸਤ ਕਰਨ ਤੋਂ ਗੁਰੇਜ਼ ਕਰਨ ਦੀ ਅਪੀਲ ਕਰਦਿਆਂ ਮੁੱਖ ਮੰਤਰੀ ਨੇ ਸੂਬੇ ਦੇ ਭਾਜਪਾ ਮੁਖੀ ਸੁਨੀਲ ਜਾਖੜ ਨੂੰ ਕੋਈ ਵੀ ਬਿਆਨ ਜਾਰੀ ਕਰਨ ਤੋਂ ਪਹਿਲਾਂ ਆਪਣਾ ਹੋਮਵਰਕ ਕਰਨ ਦੀ ਚੁਣੌਤੀ ਦਿੱਤੀ। ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਵੱਲੋਂ ਨਕਾਰੇ ਹੋਏ ਆਗੂ ਆਪਣੇ ਸਿਆਸੀ ਆਕਾਵਾਂ ਨੂੰ ਖੁਸ਼ ਕਰਨ ਲਈ ਉਨ੍ਹਾਂ ਵਿਰੁੱਧ ਜ਼ਹਿਰ ਉਗਲਦੇ ਹਨ। ਉਨ੍ਹਾ ਕਿਹਾ ਕਿ ਇਨ੍ਹਾਂ ਆਗੂਆਂ ਵੱਲੋਂ ਹਾਈਕਮਾਨ ਦੇ ਇਸ਼ਾਰਿਆਂ 'ਤੇ ਇਹ ਬਿਆਨ ਜਾਰੀ ਕੀਤੇ ਗਏ ਹਨ। ਹਾਲਾਂਕਿ, ਮਾਨ ਨੇ ਕਿਹਾ ਕਿ ਇਨ੍ਹਾਂ ਆਗੂਆਂ ਨੂੰ ਸੰਵੇਦਨਸ਼ੀਲ ਮੁੱਦਿਆਂ 'ਤੇ ਕੋਈ ਵੀ ਬਿਆਨ ਜਾਰੀ ਕਰਨ ਤੋਂ ਪਹਿਲਾਂ ਆਪਣੇ ਤੱਥਾਂ ਦੀ ਜਾਂਚ ਕਰਨੀ ਚਾਹੀਦੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਸੰਗਰੂਰ ਵਿਖੇ ਇਕ ਮੈਡੀਕਲ ਕਾਲਜ ਬਣਾਇਆ ਜਾਵੇਗਾ, ਜਿਸ ਲਈ ਸੂਬਾ ਸਰਕਾਰ ਕੁਝ ਹੋਰ ਜ਼ਮੀਨ ਦੀ ਸ਼ਨਾਖਤ ਕਰੇਗੀ। ਕਾਲਜ ਦੀ ਉਸਾਰੀ ਲਈ ਜ਼ਮੀਨ ਦੇਣ ਤੋਂ ਇਨਕਾਰ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਆਲੋਚਨਾ ਕਰਦਿਆਂ ਉਨ੍ਹਾ ਕਿਹਾ ਕਿ ਸ਼੍ਰੋਮਣੀ ਕਮੇਟੀ ਸਿਰਫ਼ ਬਾਦਲ ਪਰਵਾਰ ਦੇ ਹੱਥਾਂ ਦੀ ਕਠਪੁਤਲੀ ਹੈ ਅਤੇ ਇਸ ਦੇ ਸਾਰੇ ਕੰਮ ਉਨ੍ਹਾਂ ਦੁਆਰਾ ਤੈਅ ਕੀਤੇ ਹਨ। ਮਾਨ ਨੇ ਕਿਹਾ ਕਿ ਜੇਕਰ ਬਾਦਲ ਪਰਵਾਰ ਕਾਲਜ ਬਣਾਉਣਾ ਚਾਹੁੰਦਾ ਹੁੰਦਾ ਤਾਂ ਸ਼੍ਰੋਮਣੀ ਕਮੇਟੀ ਜ਼ਰੂਰ ਜ਼ਮੀਨ ਦਿੰਦੀ।ਮੁੱਖ ਮੰਤਰੀ ਨੇ ਦੁਹਰਾਇਆ ਕਿ ਸੂਬੇ ਵਿੱਚ ਕੋਈ ਵੀ ਰਾਸ਼ਨ ਕਾਰਡ ਨਹੀਂ ਕੱਟਿਆ ਜਾਵੇਗਾ। ਉਨ੍ਹਾ ਹਾਲ ਹੀ ਵਿੱਚ ਆਏ ਹੜ੍ਹਾਂ ਦੇ ਮੱਦੇਨਜ਼ਰ ਇਨ੍ਹਾਂ ਕਾਰਡਾਂ ਦੀ ਤਸਦੀਕ ਕਰਨ ਲਈ ਕੇਂਦਰ ਸਰਕਾਰ ਤੋਂ ਛੇ ਮਹੀਨਿਆਂ ਦਾ ਸਮਾਂ ਮੰਗਿਆ ਹੈ। ਉਨ੍ਹਾ ਰਾਸ਼ਨ ਕਾਰਡ ਕੱਟਣ ਲਈ ਵਰਤੇ ਜਾ ਰਹੇ ਤਰਕ ਦੀ ਆਲੋਚਨਾ ਕੀਤੀ, ਜਿਸ ਵਿੱਚ ਚਾਰ ਪਹੀਆ ਵਾਹਨਾਂ ਦੀ ਮਾਲਕੀ, ਸਰਕਾਰੀ ਨੌਕਰੀਆਂ, ਛੋਟੀਆਂ ਜ਼ਮੀਨਾਂ ਅਤੇ ਆਮਦਨ ਸ਼ਾਮਲ ਹੈ। ਮਾਨ ਨੇ ਦੱਸਿਆ ਕਿ ਜਦੋਂ ਇਨ੍ਹਾਂ ਮਾਪਦੰਡਾਂ ਨੂੰ ਸਿਰਫ ਇਕ ਮੈਂਬਰ ਹੀ ਪੂਰਾ ਕਰ ਸਕਦਾ ਹੈ ਤਾਂ ਪੂਰੇ ਪਰਵਾਰਾਂ ਨੂੰ ਸਜ਼ਾ ਦੇਣ ਦੀ ਗੱਲ ਬੇਤੁਕੀ ਹੈ।

### ਭਲਕੇ ਕੈਬਨਿਟ ਮੀਟਿੰਗ

**ਚੰਡੀਗੜ੍ਹ** : ਪੰਜਾਬ ਮੰਤਰੀ ਮੰਡਲ ਦੀ ਅਹਿਮ ਮੀਟਿੰਗ 24 ਸਤੰਬਰ ਨੂੰ ਬੁਲਾਈ ਗਈ ਹੈ। ਇਹ ਮੀਟਿੰਗ ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ 'ਤੇ ਦੁਪਹਿਰ 12 ਵਜੇ ਸ਼ੁਰੂ ਹੋਵੇਗੀ।

## ਪਾਕਿ ਫੌਜ ਦੀ ਬੰਬਾਰੀ ਨਾਲ 30 ਨਾਗਰਿਕ ਮਰੇ



**ਇਸਲਾਮਾਬਾਦ** : ਪਾਕਿਸਤਾਨੀ ਹਵਾਈ ਸੈਨਾ ਵੱਲੋਂ ਸੋਮਵਾਰ ਵੱਡੇ ਤੜਕੇ ਖੈਬਰ ਪਖਤੂਨਖਵਾ ਦੀ ਤਿਰਾਹ ਘਾਟੀ ਦੇ ਮਤਰੇ ਦਾਰਾ ਪਿੰਡ 'ਤੇ ਕੀਤੇ ਗਏ ਹਵਾਈ ਹਮਲੇ ਵਿੱਚ ਘੱਟੋ-ਘੱਟ 30 ਨਾਗਰਿਕ ਮਾਰੇ ਗਏ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਔਰਤਾਂ ਅਤੇ ਬੱਚੇ ਹਨ। ਇਹ ਦਾਅਵਾ ਉੱਚ ਮਿਆਰੀ ਸੂਤਰਾਂ ਨੇ ਕੀਤਾ ਹੈ।

ਹਮਲੇ ਸਵੇਰੇ 2 ਵਜੇ ਦੇ ਕਰੀਬ ਸ਼ੁਰੂ ਹੋਏ, ਜਦੋਂ ਜੇ ਐੱਫ-17 ਲੜਾਕੂ ਜਹਾਜ਼ਾਂ ਨੇ ਦੂਰ-ਦੁਰਾਡੇ ਦੀ ਬਸਤੀ 'ਤੇ ਘੱਟੋ-ਘੱਟ ਅੱਠ ਚੀਨੀ ਸਾਖਤ ਦੇ ਐੱਲ ਐੱਸ-6 ਬੰਬ ਸੁੱਟੇ। ਚਸ਼ਮਦੀਦਾਂ ਨੇ ਵੱਡੀ ਤਬਾਹੀ ਦਾ ਦਾਅਵਾ ਕੀਤਾ ਹੈ। ਮਲਬੇ ਨਾਲ ਭਰੀਆਂ ਗਲੀਆਂ ਵਿੱਚ ਲਾਸ਼ਾਂ ਪਈਆਂ ਸਨ ਅਤੇ ਬਚੇ ਹੋਏ ਲੋਕ ਨੰਗੇ ਹੱਥਾਂ ਨਾਲ ਢਹਿ-ਢੇਰੀ ਹੋਏ ਘਰਾਂ ਵਿੱਚੋਂ ਖੁਦਾਈ ਕਰ ਰਹੇ ਸਨ।

ਇਕ ਸੂਤਰ ਨੇ ਕਤਲੇਆਮ ਦਾ ਬਿਓਰਾ ਦਿੰਦਿਆਂ ਕਿਹਾ, "ਪੂਰੇ ਪਰਵਾਰ ਸਫਾਇਆ ਹੋ ਗਏ ਹਨ। ਜ਼ਿਆਦਾਤਰ ਪੀੜਤ ਔਰਤਾਂ ਅਤੇ ਬੱਚੇ ਹਨ, ਜਿਨ੍ਹਾਂ ਕੋਲ ਬਚਣ ਦਾ ਕੋਈ ਮੌਕਾ ਨਹੀਂ ਸੀ।"

ਅਫਗਾਨ ਸਰਹੱਦ ਨੇੜੇ ਤਿਰਾਹ ਘਾਟੀ ਲੰਮੇ ਸਮੇਂ ਤੋਂ ਟਕਰਾਅ ਵਾਲਾ ਖੇਤਰ ਰਿਹਾ ਹੈ, ਜਿੱਥੇ ਪਾਕਿਸਤਾਨੀ ਫੌਜਾਂ ਨੇ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ਟੀ ਟੀ ਪੀ) ਅਤੇ ਹੋਰ ਹਥਿਆਰਬੰਦ ਸਮੂਹਾਂ ਵਿਰੁੱਧ ਵਾਰ-ਵਾਰ ਹਮਲੇ ਕੀਤੇ ਹਨ। ਅਜਿਹੇ ਹਮਲਿਆਂ ਵਿੱਚ ਆਮ ਨਾਗਰਿਕਾਂ ਦੀ ਮੌਤ ਦੀ ਪਿਛਲੇ ਸਮੇਂ ਵਿੱਚ ਮਨੁੱਖੀ ਅਧਿਕਾਰ ਸੰਗਠਨਾਂ ਵੱਲੋਂ ਤਿੱਖੀ ਆਲੋਚਨਾ ਕੀਤੀ ਗਈ ਹੈ। ਪਾਕਿਸਤਾਨੀ ਫੌਜ ਨੇ ਅਜੇ ਤੱਕ ਹਮਲਿਆਂ ਬਾਰੇ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ।

## ਉਮਰ ਖਾਲਿਦ ਤੇ ਹੋਰਨਾਂ ਦੀ ਪਟੀਸ਼ਨ 'ਤੇ ਦਿੱਲੀ ਪੁਲਸ ਨੂੰ ਨੋਟਿਸ



**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸੋਮਵਾਰ ਫਰਵਰੀ 2020 ਦੇ ਦਿੱਲੀ ਦੰਗਿਆਂ ਪਿੱਛੇ ਸਾਜ਼ਿਸ਼ ਦੇ ਦੋਸ਼ਾਂ ਨਾਲ ਸੰਬੰਧਤ ਯੂ ਏ ਪੀ ਏ ਕੇਸ ਵਿੱਚ ਕਾਰਕੁੰਨਾਂ ਉਮਰ ਖਾਲਿਦ, ਸ਼ਰਜੀਲ ਇਮਾਮ, ਗੁਲਫਿਸ਼ਾ ਫਾਤਿਮਾ ਅਤੇ ਮੀਰਾਨ ਹੈਦਰ ਦੀਆਂ ਜ਼ਮਾਨਤ ਪਟੀਸ਼ਨਾਂ 'ਤੇ ਦਿੱਲੀ ਪੁਲਸ ਤੋਂ ਜਵਾਬ ਮੰਗਿਆ। ਜਸਟਿਸ ਅਰਵਿੰਦ ਕੁਮਾਰ ਅਤੇ ਐਨ ਵੀ ਅੰਜਾਰੀਆ ਦੀ ਬੈਂਚ ਨੇ ਇਹ ਨੋਟਿਸ ਜਾਰੀ ਕਰਕੇ ਮਾਮਲੇ ਨੂੰ 7 ਅਕਤੂਬਰ ਲਈ ਸੂਚੀਬੱਧ ਕੀਤਾ। ਕਾਰਕੁੰਨਾਂ ਨੇ ਦਿੱਲੀ ਹਾਈ ਕੋਰਟ ਦੇ 2 ਸਤੰਬਰ ਦੇ ਉਸ ਹੁਕਮ ਨੂੰ ਚੁਣੌਤੀ ਦਿੱਤੀ ਹੈ, ਜਿਸ ਵਿੱਚ ਖਾਲਿਦ ਅਤੇ ਇਮਾਮ ਸਮੇਤ ਨੌਂ ਲੋਕਾਂ ਦੀ ਜ਼ਮਾਨਤ ਰੱਦ ਕਰ ਦਿੱਤੀ ਗਈ ਸੀ। ਕੋਰਟ ਨੇ ਕਿਹਾ ਸੀ ਕਿ ਨਾਗਰਿਕਾਂ ਨੂੰ ਪ੍ਰਦਰਸ਼ਨਾਂ ਜਾਂ ਵਿਰੋਧ ਪ੍ਰਦਰਸ਼ਨਾਂ ਦੀ ਆੜ ਵਿੱਚ ਸਾਜ਼ਿਸ਼ੀ ਹਿੰਸਾ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਖਾਲਿਦ ਅਤੇ ਇਮਾਮ ਤੋਂ ਇਲਾਵਾ ਫਾਤਿਮਾ, ਹੈਦਰ, ਮੁਹੰਮਦ ਸਲੀਮ ਖਾਨ, ਸ਼ਿਫਾ ਉਰ ਰਹਿਮਾਨ, ਅਤਹਰ ਖਾਨ, ਅਬਦੁਲ ਖਾਲਿਦ ਸੈਫੀ ਅਤੇ ਸ਼ਾਦਾਬ ਅਹਿਮਦ ਦੀ ਵੀ ਜ਼ਮਾਨਤ ਰੱਦ ਕੀਤੀ ਗਈ ਸੀ। ਇੱਕ ਹੋਰ ਮੁਲਜ਼ਮ ਤਸਲੀਮ ਅਹਿਮਦ ਦੀ ਜ਼ਮਾਨਤ ਪਟੀਸ਼ਨ ਵੀ 2 ਸਤੰਬਰ ਨੂੰ ਹਾਈ ਕੋਰਟ ਦੀ ਵੱਖਰੀ ਬੈਂਚ ਵੱਲੋਂ ਖਾਰਜ ਕਰ ਦਿੱਤੀ ਗਈ ਸੀ। ਹਾਈ ਕੋਰਟ ਨੇ ਕਿਹਾ ਕਿ ਸੰਵਿਧਾਨ ਨਾਗਰਿਕਾਂ ਨੂੰ ਪ੍ਰਦਰਸ਼ਨ ਅਤੇ ਰੋਸ ਪ੍ਰਦਰਸ਼ਨ ਕਰਨ ਦਾ ਅਧਿਕਾਰ ਦਿੰਦਾ ਹੈ, ਬਸ਼ਰਤੇ ਉਹ ਵਿਵਸਥਤ, ਸ਼ਾਂਤਮਈ ਅਤੇ ਬਿਨਾਂ ਹਥਿਆਰਾਂ ਦੇ ਹੋਣ ਅਤੇ ਅਜਿਹੀਆਂ ਕਾਰਵਾਈਆਂ ਕਾਨੂੰਨ ਦੇ ਦਾਇਰੇ ਵਿੱਚ ਹੋਣੀਆਂ ਚਾਹੀਦੀਆਂ ਹਨ।

### ਜੈਕਲੀਨ ਫਰਨਾਂਡੀਜ਼ ਨੂੰ ਝਟਕਾ



**ਨਵੀਂ ਦਿੱਲੀ** : ਫਿਲਮ ਅਦਾਕਾਰਾ ਜੈਕਲੀਨ ਫਰਨਾਂਡੇਜ਼ ਨੂੰ ਸੁਕੇਸ਼ ਚੰਦਰਸ਼ੇਖਰ ਨਾਲ ਜੁੜੇ 200 ਕਰੋੜ ਰੁਪਏ ਦੇ ਧੋਖਾਧੜੀ ਮਾਮਲੇ ਵਿੱਚ ਸੁਪਰੀਮ ਕੋਰਟ ਤੋਂ ਝਟਕਾ ਲੱਗਾ ਹੈ। ਸੁਪਰੀਮ ਕੋਰਟ ਨੇ ਜੈਕਲੀਨ ਦੀ ਪਟੀਸ਼ਨ ਖਾਰਜ ਕਰ ਦਿੱਤੀ। ਜੈਕਲੀਨ ਫਰਨਾਂਡੀਜ਼ ਨੇ ਦਿੱਲੀ ਹਾਈ ਕੋਰਟ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਸੀ। ਵਕੀਲ ਸੁਮੀਰ ਸੋਢੀ ਰਾਹੀਂ ਦਾਇਰ ਪਟੀਸ਼ਨ ਵਿੱਚ ਜੈਕਲੀਨ ਫਰਨਾਡੀਜ਼ ਨੇ ਦਿੱਲੀ ਹਾਈ ਕੋਰਟ ਦੇ 3 ਜੁਲਾਈ ਦੇ ਹੁਕਮਾਂ ਨੂੰ ਚੁਣੌਤੀ ਦਿੱਤੀ ਹੈ, ਜਿਸ 'ਚ ਮਨੀ ਲਾਂਡਰਿੰਗ ਮਾਮਲੇ ਵਿੱਚ ਐਨਫੋਰਸਮੈਂਟ ਕੇਸ ਇਨਫਰਮੇਸ਼ਨ ਰਿਪੋਰਟ ਨੂੰ ਰੱਦ ਕਰਨ ਦੀ ਉਸ ਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਗਿਆ ਸੀ। ਫਰਨਾਂਡੀਜ਼ ਚੰਦਰਸ਼ੇਖਰ ਵਿਰੁੱਧ ਦਾਇਰ ਮਨੀ ਲਾਂਡਰਿੰਗ ਮਾਮਲੇ ਵਿੱਚ ਮੁਲਜ਼ਮ ਹੈ ਅਤੇ ਜਾਂਚ ਦੇ ਸੰਬੰਧ ਵਿੱਚ ਪੁੱਛਗਿੱਛ ਲਈ ਐਨਫੋਰਸਮੈਂਟ ਡਾਇਰੈਕਟੋਰੇਟ ਦੇ ਸਾਹਮਣੇ ਪੇਸ਼ ਹੋਈ ਸੀ। ਦਿੱਲੀ ਪੁਲਸ ਨੇ ਚੰਦਰਸ਼ੇਖਰ ਵਿਰੁੱਧ ਰੈਨਬੈਕਸੀ ਦੇ ਸਾਬਕਾ ਪ੍ਰਮੋਟਰਾਂ ਸ਼ਿਵਿੰਦਰ ਸਿੰਘ ਅਤੇ ਮਾਲਵਿੰਦਰ ਸਿੰਘ ਦੇ ਜੀਵਨ ਸਾਥੀਆਂ ਨਾਲ 200 ਕਰੋੜ ਰੁਪਏ ਦੀ ਧੋਖਾਧੜੀ ਕਰਨ ਦਾ ਮਾਮਲਾ ਦਰਜ ਕੀਤਾ ਹੈ। ਜੈਕਲੀਨ ਫਰਨਾਂਡੀਜ਼ ਨੇ ਦਿੱਲੀ ਹਾਈ ਕੋਰਟ ਵਿੱਚ ਕਿਹਾ ਸੀ ਕਿ ਉਸ ਵਿਰੁੱਧ ਸਾਰੇ ਦੋਸ਼ ਝੂਠੇ ਹਨ ਅਤੇ ਉਸ ਨੂੰ ਸੁਕੇਸ਼ ਚੰਦਰਸ਼ੇਖਰ ਦੇ ਅਪਰਾਧਕ ਇਤਿਹਾਸ ਦਾ ਕੋਈ ਗਿਆਨ ਨਹੀਂ ਹੈ।

### ਰੰਗਦਾਰ ਵਿਸ਼ੇਸ਼ ਸਪਲੀਮੈਂਟ



**ਸ਼ਹੀਦ-ਏ-ਆਜ਼ਮ ਸ੍ਰ. ਭਗਤ ਸਿੰਘ** ਦੇ ਜਨਮ ਦਿਨ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ 28 ਸਤੰਬਰ ਨੂੰ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਜਲੰਧਰ ਤੋਂ ਪੱਤਰਕਾਰ ਰਾਜੇਸ਼ ਥਾਪਾ ਨਾਲ ਮੋਬਾਇਲ 98153-26720 'ਤੇ ਸੰਪਰਕ ਕੀਤਾ ਜਾ ਸਕਦਾ ਹੈ।

**-ਜਨਰਲ ਮੈਨੇਜਰ**

## ਅਹਿਮਦਾਬਾਦ ਜਹਾਜ਼ ਹਾਦਸੇ ਬਾਰੇ ਮੁਢਲੀ ਜਾਂਚ ਰਿਪੋਰਟ ਦੇ ਕੁਝ ਪਹਿਲੂ ਗੈਰ-ਜ਼ਿੰਮੇਵਾਰਾਨਾ : ਸੁਪਰੀਮ ਕੋਰਟ



**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸੋਮਵਾਰ ਕਿਹਾ ਕਿ 12 ਜੂਨ ਨੂੰ ਅਹਿਮਦਾਬਾਦ ਵਿੱਚ ਏਅਰ ਇੰਡੀਆ ਜਹਾਜ਼ ਹਾਦਸੇ ਬਾਰੇ ਏ ਏ ਆਈ ਬੀ (ਏਅਰਕ੍ਰਾਫਟ ਐਕਸੀਡੈਂਟ ਇਨਵੈਸਟੀਗੇਸ਼ਨ ਬਿਊਰੋ) ਦੀ ਮੁੱਢਲੀ ਰਿਪੋਰਟ ਦੇ ਕੁਝ ਪਹਿਲੂ, ਜਿਨ੍ਹਾਂ ਵਿਚ ਪਾਇਲਟਾਂ ਵੱਲੋਂ ਅਣਗਹਿਲੀ ਵਰਤਣ ਵੱਲ ਇਸ਼ਾਰਾ ਕੀਤਾ ਗਿਆ ਸੀ, 'ਗੈਰਜ਼ਿੰਮੇਵਾਰਾਨਾ' ਸਨ। ਕੋਰਟ ਨੇ ਸੁਤੰਤਰ, ਨਿਰਪੱਖ ਤੇ ਛੇਤੀ ਜਾਂਚ ਦੀ ਮੰਗ ਵਾਲੀ ਪਟੀਸ਼ਨ 'ਤੇ ਕੇਂਦਰ ਤੇ ਸ਼ਹਿਰੀ ਹਵਾਬਾਜ਼ੀ ਡਾਇਰੈਕਟਰ ਜਨਰਲ ਨੂੰ ਨੋਟਿਸ ਜਾਰੀ ਕੀਤਾ ਹੈ।

ਜਸਟਿਸ ਸੂਰੀਆ ਕਾਂਤ ਤੇ ਜਸਟਿਸ ਐੱਨ ਕੋਟੀਸ਼ਵਰ ਸਿੰਘ ਦੀ ਬੈਂਚ ਨੇ ਏ ਏ ਆਈ ਬੀ ਵੱਲੋਂ 12 ਜੁਲਾਈ ਨੂੰ ਜਾਰੀ ਮੁੱਢਲੀ ਰਿਪੋਰਟ ਦੇ ਕੁਝ ਪਹਿਲੂਆਂ ਦਾ ਨੋਟਿਸ ਲਿਆ। ਐੱਨ ਜੀ ਓ 'ਸੇਫਟੀ ਮੈਟਰਜ਼ ਫਾਊਂਡੇਸ਼ਨ' ਵੱਲੋਂ ਪੇਸ਼ ਐਡਵੋਕੇਟ ਪ੍ਰਸ਼ਾਂਤ ਭੂਸ਼ਣ ਨੇ ਦਾਅਵਾ ਕੀਤਾ ਕਿ ਹਾਦਸੇ ਮਗਰੋਂ ਬਣਾਈ ਜਾਂਚ ਕਮੇਟੀ ਵਿਚ ਹਵਾਬਾਜ਼ੀ ਰੈਗੂਲੇਟਰ ਦੇ ਤਿੰਨ ਮੈਂਬਰ ਸ਼ਾਮਲ ਸਨ ਤੇ ਇਸ ਵਿਚ ਹਿੱਤਾਂ ਦੇ ਟਕਰਾਅ ਦਾ ਮਸਲਾ ਸ਼ਾਮਲ ਹੋ ਸਕਦਾ ਹੈ। ਭੂਸ਼ਣ ਨੇ ਮੰਗ ਕੀਤੀ ਕਿ ਹਾਦਸੇ ਦੇ ਅਸਲ ਕਾਰਨਾਂ ਤੋਂ ਪਰਦਾ ਹਟਾਉਣ ਲਈ ਜਹਾਜ਼ ਦੇ ਫਲਾਈਟ ਡੇਟਾ ਰਿਕਾਰਡਰ ਵਿਚਲੀ ਜਾਣਕਾਰੀ ਰਿਲੀਜ਼ ਕੀਤੀ ਜਾਵੇ।

ਹਾਦਸੇ ਬਾਰੇ ਅੰਤਮ ਰਿਪੋਰਟ ਦੀ ਵਕਾਲਤ ਕਰਨ ਵਾਲੀ ਬੈਂਚ ਨੇ ਕਿਹਾ ਕਿ ਇਸ ਮਾਮਲੇ ਵਿਚ ਨਿੱਜਤਾ ਤੇ ਗੌਰਵ ਦੇ ਪਹਿਲੂਆਂ ਦਾ ਮੁੱਦਾ ਸ਼ਾਮਲ ਹੈ। ਇਸ ਤਰ੍ਹਾਂ ਦੀ ਵਿਸ਼ੇਸ਼ ਜਾਣਕਾਰੀ ਜਾਰੀ ਕਰਨ ਦਾ ਰਵਾਇਤੀ ਵਿਰੋਧੀ ਏਅਰਲਾਈਨਾਂ ਲਾਹਾ ਲੈ ਸਕਦੀਆਂ ਹਨ। ਬੈਂਚ ਨੇ ਕਿਹਾ ਕਿ ਉਹ ਹਾਦਸੇ ਦੀ ਸੁਤੰਤਰ, ਨਿਰਪੱਖ ਤੇ ਛੇਤੀ ਜਾਂਚ ਦੇ ਸੀਮਤ ਪਹਿਲੂਆਂ ਬਾਰੇ ਹੀ ਨੋਟਿਸ ਜਾਰੀ ਕਰ ਰਹੀ ਹੈ।

ਕੈਪਟਨ ਅਮਿਤ ਸਿੰਘ ਦੀ ਅਗਵਾਈ ਵਾਲੀ ਹਵਾਬਾਜ਼ੀ ਸੁਰੱਖਿਆ ਬਾਰੇ ਐੱਨ ਜੀ ਓ ਵੱਲੋਂ ਦਾਇਰ ਪਟੀਸ਼ਨ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਅਧਿਕਾਰਤ ਜਾਂਚ ਜਿਊਣ, ਬਰਾਬਰੀ ਤੇ ਸਹੀ ਜਾਣਕਾਰੀ ਤੱਕ ਰਸਾਈ ਦੇ ਬੁਨਿਆਦੀ ਹੱਕਾਂ ਦਾ ਉਲੰਘਣ ਹੈ।

ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਏ ਏ ਆਈ ਬੀ ਨੇ 12 ਜੁਲਾਈ ਨੂੰ ਆਪਣੀ ਮੁੱਢਲੀ ਰਿਪੋਰਟ ਜਾਰੀ ਕੀਤੀ, ਜਿਸ ਵਿੱਚ ਹਾਦਸੇ ਦਾ ਕਾਰਨ 'ਫਿਊਲ ਕੱਟਆਫ ਸਵਿੱਚਾਂ' ਨੂੰ 'ਰਨ' ਤੋਂ 'ਕਟਆਫ' ਵਿੱਚ ਤਬਦੀਲ ਕਰਨ ਨੂੰ ਦੱਸਿਆ ਗਿਆ, ਜੋ ਕਿ ਪਾਇਲਟ ਦੀ ਗਲਤੀ ਦਾ ਸੰਕੇਤ ਹੈ।

ਚੇਤੇ ਰਹੇ ਕਿ 12 ਜੂਨ ਨੂੰ ਏਅਰ ਇੰਡੀਆ ਦਾ ਬੋਇੰਗ ਜਹਾਜ਼, ਜੋ ਲੰਡਨ ਦੇ ਗੈਟਵਿਕ ਹਵਾਈ ਅੱਡੇ ਵੱਲ ਜਾ ਰਿਹਾ ਸੀ, ਅਹਿਮਦਾਬਾਦ ਤੋਂ ਉਡਾਣ ਭਰਨ ਤੋਂ ਥੋੜ੍ਹੀ ਦੇਰ ਬਾਅਦ ਹੀ ਇੱਕ ਮੈਡੀਕਲ ਹੋਸਟਲ ਕੰਪਲੈਕਸ ਉੱਤੇ ਹਾਦਸਾਗ੍ਰਸਤ ਹੋ ਗਿਆ ਸੀ।

ਹਾਦਸੇ ਵਿਚ 265 ਲੋਕ ਮਾਰੇ ਗਏ, ਜਿਨ੍ਹਾਂ ਵਿੱਚ 241 ਯਾਤਰੀ ਅਤੇ ਚਾਲਕ ਦਲ ਸ਼ਾਮਲ ਸਨ। 241 ਮ੍ਰਿਤਕਾਂ ਵਿੱਚ 169 ਭਾਰਤੀ, 52 ਬ੍ਰਿਟਿਸ਼, ਸੱਤ ਪੁਰਤਗਾਲੀ ਨਾਗਰਿਕ, ਇੱਕ ਕੈਨੇਡੀਅਨ ਅਤੇ 12 ਚਾਲਕ ਦਲ ਦੇ ਮੈਂਬਰ ਸ਼ਾਮਲ ਸਨ।

ਹਾਦਸੇ ਵਿਚ ਇੱਕੋ-ਇੱਕ ਬਚਿਆ ਵਿਅਕਤੀ ਵਿਸ਼ਵਾਸ਼ ਕੁਮਾਰ ਰਮੇਸ਼ ਸੀ, ਜੋ ਕਿ ਇੱਕ ਬ੍ਰਿਟਿਸ਼ ਨਾਗਰਿਕ ਸੀ।

## 2303 ਹੜ੍ਹ ਪ੍ਰਭਾਵਤ ਪਿੰਡਾਂ 'ਚ 2.47 ਲੱਖ ਮਰੀਜ਼ਾਂ ਦਾ ਇਲਾਜ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਪੰਜਾਬ ਸਰਕਾਰ ਵੱਲੋਂ ਹੜ੍ਹਾਂ ਦੀ ਮਾਰ ਹੇਠ ਆਏ ਖੇਤਰਾਂ ਵਿੱਚ ਚਲਾਈ ਜਾ ਰਹੀ 'ਵਿਸ਼ੇਸ਼ ਸਿਹਤ ਮੁਹਿੰਮ' ਦਾ ਪਹਿਲਾ ਹਫ਼ਤਾ ਪੂਰਾ ਹੋਣ 'ਤੇ ਸ਼ਾਨਦਾਰ ਨਤੀਜੇ ਸਾਹਮਣੇ ਆਏ ਹਨ, ਜਿਸ ਤਹਿਤ ਮੈਡੀਕਲ ਟੀਮਾਂ ਵੱਲੋਂ ਹੜ੍ਹ ਪ੍ਰਭਾਵਤ 2303 ਪਿੰਡਾਂ ਵਿੱਚ ਸਿਹਤ ਕੈਂਪ ਲਗਾਏ ਗਏ ਅਤੇ 2,47,958 ਤੋਂ ਵੱਧ ਓ ਪੀ ਡੀ ਕੰਸਲਟੇਸ਼ਨਜ਼ ਕੀਤੀਆਂ ਗਈਆਂ। ਇਹ ਜਾਣਾਰੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਸੋਮਵਾਰ ਇੱਥੇ ਦਿੱਤੀ।

ਇਸ ਵੱਡੇ ਯਤਨ ਸਦਕਾ 31,717 ਬੁਖਾਰ ਦੇ ਕੇਸ, 7,832 ਦਸਤ ਦੇ ਕੇਸ, 36,119 ਚਮੜੀ ਦੀ ਲਾਗ ਅਤੇ 16,884 ਅੱਖਾਂ ਦੀ ਲਾਗ ਸੰਬੰਧੀ ਬਿਮਾਰੀਆਂ ਦਾ ਤੁਰੰਤ ਇਲਾਜ ਸੰਭਵ ਹੋਇਆ ਹੈ, ਤਾਂ ਜੋ ਕਿਸੇ ਵੱਡੇ ਪ੍ਰਕੋਪ ਨੂੰ ਰੋਕਿਆ ਜਾ ਸਕੇ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ 14 ਸਤੰਬਰ ਨੂੰ 2303 ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ 'ਵਿਸ਼ੇਸ਼ ਸਿਹਤ ਮੁਹਿੰਮ' ਦੀ ਅਗਵਾਈ ਕਰਨ ਲਈ ਸਾਰੇ ਉਪਲਬਧ ਸਰੋਤਾਂ- ਸਰਕਾਰੀ ਡਾਕਟਰਾਂ, ਨਵੇਂ ਭਰਤੀ ਕੀਤੇ ਮੈਡੀਕਲ ਅਫਸਰਾਂ, ਪ੍ਰਾਈਵੇਟ ਵਲੰਟੀਅਰਾਂ, ਆਯੁਰਵੇਦ ਮੈਡੀਕਲ ਅਫਸਰਾਂ ਅਤੇ ਐੱਮ ਬੀ ਬੀ ਐੱਸ ਇੰਟਰਨਜ਼ ਨੂੰ ਤਾਇਨਾਤ ਕਰਨ ਦੇ ਨਿਰਦੇਸ਼ ਦਿੱਤੇ ਸਨ।14 ਸਤੰਬਰ ਤੋਂ ਹੁਣ ਤੱਕ ਦੇ ਸੰਚਤ ਡੇਟਾ ਜਾਰੀ ਕਰਦੇ ਹੋਏ ਸਿਹਤ ਮੰਤਰੀ ਨੇ ਕਿਹਾ ਕਿ ਪਹਿਲਾਂ ਤੋਂ ਹੀ ਰੋਕਥਾਮ ਕਾਰਵਾਈ 'ਤੇ ਰਣਨੀਤਕ ਧਿਆਨ ਦਿੱਤਾ ਗਿਆ ਸੀ, ਜਿਸ ਕਰਕੇ ਅਹਿਮ ਨਤੀਜੇ ਸਾਹਮਣੇ ਆਏ ਹਨ, 20,000 ਤੋਂ ਵੱਧ ਆਸ਼ਾ ਵਰਕਰਾਂ ਦੁਆਰਾ 7 ਲੱਖ ਤੋਂ ਵੱਧ ਘਰਾਂ ਵਿੱਚ ਜਾ ਕੇ ਜਾਂਚ ਕੀਤੀ ਤੇ ਇਸ ਦੌਰਾਨ ਸਿਰਫ ਪੰਜ ਮਲੇਰੀਆ ਦੇ ਕੇਸ ਹੀ ਸਾਹਮਣੇ ਆਏ ਹਨ। ਉਨ੍ਹਾ ਕਿਹਾ ਕਿ ਸਿਹਤ ਟੀਮਾਂ ਵੱਲੋਂ ਇਸ ਦੌਰਾਨ 2.27 ਲੱਖ ਜ਼ਰੂਰੀ ਸਿਹਤ ਕਿੱਟਾਂ ਵੀ ਵੰਡੀਆਂ ਗਈਆਂ ਹਨ।

## ਸਾਬਕਾ ਬੈਂਕਰ ਨੂੰ 'ਡਿਜੀਟਲ ਗ੍ਰਿਫਤਾਰ' ਕਰਕੇ 23 ਕਰੋੜ ਦੀ ਠੱਗੀ

**ਨਵੀਂ ਦਿੱਲੀ** : ਈ ਡੀ ਤੇ ਸੀ ਬੀ ਆਈ ਅਧਿਕਾਰੀਆਂ ਵਜੋਂ ਪੇਸ਼ ਹੁੰਦਿਆਂ ਸਾਈਬਰ ਠੱਗਾਂ ਨੇ ਦੱਖਣੀ ਦਿੱਲੀ ਦੇ ਗੁਲਮੋਹਰ ਪਾਰਕ ਇਲਾਕੇ ਵਿੱਚ ਇੱਕ ਸੇਵਾਮੁਕਤ ਬੈਂਕਰ ਨੂੰ ਲਗਭਗ ਇੱਕ ਮਹੀਨੇ ਲਈ 'ਡਿਜੀਟਲ ਗ੍ਰਿਫਤਾਰ' ਕਰਕੇ 23 ਕਰੋੜ ਦੀ ਠੱਗੀ ਮਾਰ ਲਈ। ਇੱਕ ਅਧਿਕਾਰੀ ਨੇ ਦੱਸਿਆ ਕਿ ਦੋਸ਼ੀਆਂ ਨੇ ਕਥਿਤ ਤੌਰ 'ਤੇ ਪੀੜਤ ਨੂੰ ਕਿਹਾ ਕਿ ਉਸ ਦਾ ਆਧਾਰ ਕਾਰਡ ਨਸ਼ੀਲੇ ਪਦਾਰਥਾਂ ਦੀ ਤਸਕਰੀ, ਅੱਤਵਾਦ ਨੂੰ ਫੰਡ ਦੇਣ ਅਤੇ ਪੁਲਵਾਮਾ ਅੱਤਵਾਦੀ ਹਮਲੇ ਵਿੱਚ ਸ਼ਾਮਲ ਸੀ। ਠੱਗਾਂ ਨੇ ਜਾਂਚ ਦੇ ਬਹਾਨੇ ਵਿਅਕਤੀ ਨੂੰ ਉਸ ਦੇ ਫਲੈਟ ਤੱਕ ਸੀਮਤ ਕਰ ਦਿੱਤਾ।

ਅਧਿਕਾਰੀ ਨੇ ਕਿਹਾ, 'ਠੱਗਾਂ ਨੇ ਉਸ ਨੂੰ ਘਰੋਂ ਬਾਹਰ ਨਾ ਨਿਕਲਣ ਦੀ ਹਦਾਇਤ ਦਿੱਤੀ ਅਤੇ ਇੱਕ ਮਹੀਨੇ ਦੇ ਅੰਦਰ-ਅੰਦਰ ਉਸ ਦੀ ਬੱਚਤ ਨੂੰ ਵੱਖ-ਵੱਖ ਬੈਂਕ ਖਾਤਿਆਂ ਵਿੱਚ ਟਰਾਂਸਫਰ ਕਰਨ ਲਈ ਮਜਬੂਰ ਕੀਤਾ।'

ਪੁਲਸ ਅਨੁਸਾਰ 78 ਸਾਲਾ ਪੀੜਤ ਨੇ ਆਪਣੀ ਸ਼ਿਕਾਇਤ ਵਿੱਚ ਦੱਸਿਆ ਕਿ ਇਹ ਸਿਲਸਿਲਾ 4 ਅਗਸਤ ਨੂੰ ਸ਼ੁਰੂ ਹੋਇਆ, ਜਦੋਂ ਉਸ ਨੂੰ ਇੱਕ ਵਿਅਕਤੀ ਦਾ ਫੋਨ ਆਇਆ, ਜੋ ਖੁਦ ਨੂੰ ਮੁੰਬਈ ਪੁਲਸ ਦਾ ਅਧਿਕਾਰੀ ਦੱਸ ਰਿਹਾ ਸੀ। ਫੋਨ ਕਰਨ ਵਾਲੇ ਨੇ ਉਸ 'ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਰੈਕੇਟ ਨਾਲ ਜੁੜੇ ਹੋਣ ਦਾ ਦੋਸ਼ ਲਗਾਇਆ। ਬਾਅਦ ਵਿੱਚ ਈ ਡੀ ਅਤੇ ਸੀ ਬੀ ਆਈ ਅਧਿਕਾਰੀਆਂ ਦਾ ਰੂਪ ਧਾਰ ਕੇ ਠੱਗਾਂ ਨੇ ਵੀ ਉਸ ਨਾਲ ਸੰਪਰਕ ਕੀਤਾ। ਅਧਿਕਾਰੀ ਨੇ ਅੱਗੇ ਕਿਹਾ, 'ਡਰ ਕਾਰਨ ਪੀੜਤ ਨੇ ਉਨ੍ਹਾਂ ਦੀਆਂ ਹਦਾਇਤਾਂ ਦੀ ਪਾਲਣਾ ਕੀਤੀ ਅਤੇ ਆਪਣੇ ਬੈਂਕ ਖਾਤਿਆਂ ਤੋਂ ਠੱਗਾਂ ਦੁਆਰਾ ਦੱਸੇ ਗਏ ਖਾਤਿਆਂ ਵਿੱਚ ਪੈਸੇ ਟਰਾਂਸਫਰ ਕਰਦਾ ਰਿਹਾ। ਦੋਸ਼ੀਆਂ ਨੇ ਪੀੜਤ ਨੂੰ ਇਹ ਮਾਮਲਾ ਕਿਸੇ ਨੂੰ ਦੱਸਣ 'ਤੇ ਗੰਭੀਰ ਨਤੀਜੇ ਭੁਗਤਣ ਦੀ ਧਮਕੀ ਵੀ ਦਿੱਤੀ।'

ਇਹ ਸਭ 4 ਸਤੰਬਰ ਤੱਕ ਜਾਰੀ ਰਿਹਾ, ਜਿਸ ਤੋਂ ਬਾਅਦ ਠੱਗਾਂ ਨੇ ਉਸ ਨਾਲ ਸੰਪਰਕ ਕਰਨਾ ਬੰਦ ਕਰ ਦਿੱਤਾ। ਉਸ ਨੇ ਮਹਿਸੂਸ ਕੀਤਾ ਕਿ ਉਸ ਨਾਲ ਠੱਗੀ ਹੋਈ ਹੈ, ਇਸ ਲਈ 19 ਸਤੰਬਰ ਨੂੰ ਉਸ ਨੇ ਐੱਨ ਸੀ ਆਰ ਪੀ ਪੋਰਟਲ 'ਤੇ ਸ਼ਿਕਾਇਤ ਦਰਜ ਕਰਵਾਈ, ਜਿਸ ਤੋਂ ਬਾਅਦ ਮਾਮਲੇ ਨੂੰ ਇੰਟੈਲੀਜੈਂਸ ਫਿਊਜ਼ਨ ਐਂਡ ਸਟ੍ਰੈਟਜਿਕ ਅਪਰੇਸ਼ਨਜ਼ ਯੂਨਿਟ ਨੂੰ ਤਬਦੀਲ ਕਰ ਦਿੱਤਾ ਗਿਆ।

ਪੁਲਸ ਨੇ ਦੱਸਿਆ ਕਿ ਇੱਕ ਐੱਫ ਆਈ ਆਰ ਦਰਜ ਕੀਤੀ ਗਈ ਹੈ ਅਤੇ ਠੱਗੀ ਗਈ ਰਕਮ ਵਿੱਚੋਂ 12.11 ਕਰੋੜ ਵੱਖ-ਵੱਖ ਬੈਂਕ ਖਾਤਿਆਂ ਵਿੱਚ ਫਰੀਜ਼ ਕਰ ਦਿੱਤੇ ਗਏ ਹਨ। ਪੁਲਸ ਅਧਿਕਾਰੀਆਂ ਨੇ ਕਿਹਾ, 'ਪੂਰੇ ਮਾਮਲੇ ਦੀ ਜਾਂਚ ਚੱਲ ਰਹੀ ਹੈ।

ਇਸ 'ਤੇ ਕਈ ਟੀਮਾਂ ਪਹਿਲਾਂ ਹੀ ਕੰਮ ਕਰ ਰਹੀਆਂ ਹਨ ਅਤੇ ਜਲਦੀ ਹੀ ਕੇਸ ਸੁਲਝਾ ਲਿਆ ਜਾਵੇਗਾ।'

## ਅੱਜ-ਨਾਮਾ

ਹੇਜਲਾ ਪੀੜਤਾਂ ਦਾ ਹਰ ਕੋਈ ਬਣੀ ਜਾਂਦਾ,
ਕੀਤੇ ਯਤਨ ਉਹ ਕਹਿੰਦਾ ਈ ਲੱਖ ਮੀਆਂ।
ਟਟੀਹਰੀ ਵਾਂਗ ਅਸਮਾਨ ਉਹ ਫਿਰੇ ਚੁੱਕੀ,
ਸਮਝਦਾ ਦੂਜਿਆਂ ਨੂੰ ਉਹ ਨਾ ਕੱਖ ਮੀਆਂ।
ਏਦਾਂ ਦਿੱਸੇ ਕਿ 'ਕੱਲਾ ਪਿਆ ਕੰਮ ਕਰਦਾ,
ਫਿਰਦੇ ਈ ਮਾਰਦੇ ਬਾਕੀ ਸਭ ਝੱਖ ਮੀਆਂ।
ਗੱਡੀ ਚੱਲਦੀ ਆ ਰਾਹਤ ਦੀ ਠਹਿਰ ਜਾਣੀ,
ਇੰਜਣ ਵਾਂਗ ਜੇ ਹੋਇਆ ਉਹ ਵੱਖ ਮੀਆਂ।
ਕਿਸੇ ਨੇ ਵੱਧ ਕੀਤਾ, ਕਿਸੇ ਕੁਝ ਘੱਟ ਹੋਊ,
ਬਾਹਲੇ ਈ ਹੇਜਲੇ ਵਿਹਲੜ ਨੇ ਫੌਜ ਮੀਆਂ।
ਕੋਈ ਕੰਮ ਕਰਦਾ ਤਾਂ ਕੋਈ ਸਿਰਫ ਚਰਚਾ,
ਇਨ੍ਹਾਂ ਦੀ ਆਪਣੀ ਆ ਸਭ ਦੀ ਮੌਜ ਮੀਆਂ।

**-ਤੀਸ ਮਾਰ ਖਾਂ**

## 10 ਪਿਸਤੌਲ ਤੇ 2.5 ਲੱਖ ਹਵਾਲਾ ਰਾਸ਼ੀ ਸਮੇਤ ਤਿੰਨ ਗ੍ਰਿਫ਼ਤਾਰ

**ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)**

ਅੰਮ੍ਰਿਤਸਰ ਕਮਿਸ਼ਨਰੇਟ ਪੁਲਸ ਨੇ ਸਰਹੱਦ ਪਾਰੋਂ ਗੈਰ-ਕਾਨੂੰਨੀ ਹਥਿਆਰ ਸਪਲਾਈ ਵਿੱਚ ਸ਼ਾਮਲ, ਸੰਗਠਿਤ ਹਥਿਆਰ ਅਤੇ ਹਵਾਲਾ ਨੈੱਟਵਰਕ ਦੇ ਤਿੰਨ ਕਾਰਕੁਨਾਂ ਨੂੰ 10 ਆਧੁਨਿਕ ਹਥਿਆਰਾਂ ਅਤੇ 2.5 ਲੱਖ ਰੁਪਏ ਹਵਾਲਾ ਮਨੀ ਸਮੇਤ ਗ੍ਰਿਫ਼ਤਾਰ ਕਰਕੇ ਗਰੋਹ ਦਾ ਪਰਦਾ ਫ਼ਾਸ਼ ਕੀਤਾ ਹੈ । ਇਹ ਜਾਣਕਾਰੀ ਡੀ ਜੀ ਪੀ ਪੰਜਾਬ ਗੌਰਵ ਯਾਦਵ ਨੇ ਸੋਮਵਾਰ ਇੱਥੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਅਮਰਜੀਤ ਸਿੰਘ ਉਰਫ਼ ਬਾਊ (22) ਵਾਸੀ ਮਾਝੀ ਮੇਓ (ਅੰਮ੍ਰਿਤਸਰ), ਮਨਬੀਰ ਸਿੰਘ (26) ਵਾਸੀ ਵਾਂ ਤਾਰਾ ਸਿੰਘ (ਤਰਨ ਤਾਰਨ) ਅਤੇ ਮੁਹੰਮਦ ਤੌਫੀਕ ਖਾਨ ਉਰਫ਼ ਬੱਬਲੂ (42) ਵਾਸੀ ਗੌਤਮ ਨਗਰ, ਮੁੰਬਈ ਵਜੋਂ ਹੋਈ ਹੈ। ਬਰਾਮਦ ਕੀਤੇ ਗਏ ਹਥਿਆਰਾਂ ਵਿੱਚ ਤਿੰਨ .30 ਬੋਰ ਪੀ ਐੱਕਸ 5 ਪਿਸਤੌਲ, ਤਿੰਨ 9 ਐੱਮ ਐੱਮ ਗਲਾਕ, ਇੱਕ 9 ਐੱਮ ਐੱਮ ਬ੍ਰੇਟਾ ਅਤੇ ਤਿੰਨ .30 ਬੋਰ ਪਿਸਤੌਲ ਸ਼ਾਮਲ ਹਨ।ਡੀ ਜੀ ਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਪਾਕਿਸਤਾਨ ਸਥਿਤ ਹੈਂਡਲਰਾਂ ਦੇ ਸੰਪਰਕ ਵਿੱਚ ਸਨ ਅਤੇ ਸੂਬੇ ਵਿੱਚ ਸ਼ਾਂਤੀ ਨੂੰ ਭੰਗ ਕਰਨ ਦੇ ਇਰਾਦੇ ਨਾਲ ਗੈਰ-ਕਾਨੂੰਨੀ ਹਥਿਆਰ ਪ੍ਰਾਪਤ ਕਰਨ ਅਤੇ ਅੱਗੇ ਸਪਲਾਈ ਕਰਨ ਲਈ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ ਸਨ ।




ਉਹਨਾ ਕਿਹਾ ਕਿ ਇਸ ਮਾਮਲੇ ਵਿੱਚ ਅਗਲੇਰੇ-ਪਿਛਲੇਰੇ ਸੰਬੰਧ ਸਥਾਪਤ ਕਰਨ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ, ਤਾਂ ਜੋ ਪੂਰੇ ਨੈੱਟਵਰਕ ਦਾ ਪਤਾ ਲਗਾਇਆ ਜਾ ਸਕੇ ਅਤੇ ਸਰਹੱਦ ਪਾਰ ਸੰਬੰਧਾਂ ਦੀ ਪਛਾਣ ਕੀਤੀ ਜਾ ਸਕੇ।ਪੁਲਸ ਕਮਿਸ਼ਨਰ (ਸੀ ਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਾਰਵਾਈ ਦੇ ਵੇਰਵੇ ਸਾਂਝੇ ਕਰਦਿਆਂ ਕਿਹਾ ਕਿ ਖੁਫੀਆ ਇਤਲਾਹ ਤਹਿਤ ਕਾਰਵਾਈ ਕਰਦਿਆਂ ਪੁਲਸ ਟੀਮਾਂ ਨੇ ਅਮਰਜੀਤ ਉਰਫ਼ ਬਾਊ ਨੂੰ ਗ੍ਰਿਫ਼ਤਾਰ ਕੀਤਾ ਸੀ ਅਤੇ ਉਸ ਦੇ ਕਬਜ਼ੇ ਵਿੱਚੋਂ ਇੱਕ ਗਲੌਕ ਪਿਸਤੌਲ ਬਰਾਮਦ ਕੀਤਾ ਸੀ। ਬਾਅਦ ਵਿੱਚ ਅਮਰਜੀਤ ਦੇ ਖੁਲਾਸੇ 'ਤੇ ਮਨਬੀਰ ਨੂੰ ਨਾਮਜ਼ਦ ਕੀਤਾ ਗਿਆ ਅਤੇ ਨੌਂ ਪਿਸਤੌਲਾਂ ਸਮੇਤ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਉਨ੍ਹਾ ਕਿਹਾ ਕਿ ਅਮਰਜੀਤ ਅਤੇ ਮਨਬੀਰ ਦੋਵਾਂ ਦਾ ਇੱਕ ਸਾਂਝਾ ਪਾਕਿਸਤਾਨੀ ਹੈਂਡਲਰ ਸੀ, ਜੋ ਡਰੋਨ ਰਾਹੀਂ ਹਥਿਆਰਾਂ ਦੀ ਖੇਪ ਭਾਰਤੀ ਖੇਤਰ ਵਿੱਚ ਘੱਲਦਾ ਸੀ।ਸੀ ਪੀ ਨੇ ਕਿਹਾ ਕਿ ਹੋਰ ਜਾਂਚ ਤੋਂ ਪਤਾ ਲੱਗਾ ਹੈ ਕਿ ਇੱਕ ਮੁੰਬਈ-ਅਧਾਰਤ ਵਿਅਕਤੀ ਮੁਹੰਮਦ ਤੌਫੀਕ ਖਾਨ ਤਸਕਰੀ ਤੋਂ ਬਣਾਏ ਇਸ ਪੈਸੇ ਨੂੰ ਹਵਾਲਾ ਰਾਹੀਂ ਪਾਕਿਸਤਾਨ ਭੇਜਦਾ ਸੀ, ਜੋ ਨੈੱਟਵਰਕ ਚਲਾਉਣ ਲਈ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਕਿਰਾਏ ਦੇ ਮਕਾਨਾਂ ਵਿੱਚ ਰਹਿੰਦਾ ਸੀ। ਉਨ੍ਹਾ ਕਿਹਾ ਕਿ ਤੌਫੀਕ ਨੂੰ 2.5 ਲੱਖ ਰੁਪਏ ਦੀ ਹਵਾਲਾ ਮਨੀ ਸਮੇਤ ਗ੍ਰਿਫ਼ਤਾਰ ਕੀਤਾ ਗਿਆ। ਇਸ ਸੰਬੰਧ ਵਿੱਚ ਅੰਮ੍ਰਿਤਸਰ ਦੇ ਪੁਲਸ ਸਟੇਸ਼ਨ ਗੇਟ ਹਕੀਮਾਂ ਵਿਖੇ ਆਰਮਜ਼ ਐਕਟ ਦੀ ਧਾਰਾ 25 (6), 25 (7) ਅਤੇ 25 (8) ਦੇ ਤਹਿਤ ਐੱਫ ਆਈ ਆਰ ਨੰਬਰ 257 ਮਿਤੀ 17.09.2025 ਕੇਸ ਦਰਜ ਕੀਤਾ ਗਿਆ ਹੈ।

## ਵਿਕਰਮਾਦਿੱਤਿਆ ਦਾ ਵਿਆਹ



**ਚੰਡੀਗੜ੍ਹ** : ਹਿਮਾਚਲ ਪ੍ਰਦੇਸ਼ ਦੇ ਲੋਕ ਨਿਰਮਾਣ ਤੇ ਸ਼ਹਿਰੀ ਵਿਕਾਸ ਮੰਤਰੀ ਵਿਕਰਮਾਦਿੱਤਿਆ ਸਿੰਘ ਨੇ ਸੋਮਵਾਰ ਚੰਡੀਗੜ੍ਹ ਦੇ ਸੈਕਟਰ 11 ਦੇ ਗੁਰਦੁਆਰੇ ਵਿੱਚ ਅਮਰੀਨ ਸੇਖੋਂ ਨਾਲ ਫੇਰੇ ਲਏ। ਅਮਰੀਨ ਅੰਗਰੇਜ਼ੀ ਅਤੇ ਮਨੋਵਿਗਿਆਨ ਵਿੱਚ ਮਾਸਟਰ ਡਿਗਰੀਆਂ ਪ੍ਰਾਪਤ ਕੀਤੀਆਂ ਹਨ। ਉਸ ਨੇ ਮਨੋਵਿਗਿਆਨ ਵਿੱਚ ਪੀਐੱਚ ਡੀ ਕੀਤੀ ਹੈ ਅਤੇ ਹਾਰਵਰਡ ਯੂਨੀਵਰਸਿਟੀ ਤੋਂ ਪੜ੍ਹਾਈ ਵੀ ਕੀਤੀ ਹੈ। ਮੌਜੂਦਾ ਸਮੇਂ ਉਹ ਪੰਜਾਬ ਯੂਨੀਵਰਸਿਟੀ ਵਿੱਚ ਸਹਾਇਕ ਪ੍ਰੋਫੈਸਰ ਵਜੋਂ ਸੇਵਾ ਨਿਭਾਅ ਰਹੀ ਹੈ। ਉਹ ਸਰਦਾਰ ਜੋਤਿੰਦਰ ਸਿੰਘ ਸੇਖੋਂ ਅਤੇ ਓਪਿੰਦਰ ਕੌਰ ਦੀ ਧੀ ਹੈ।

ਵਿਕਰਮਾਦਿੱਤਿਆ ਸਿੰਘ ਦਾ ਦੂਜਾ ਵਿਆਹ ਹੈ। ਰਾਜਸਥਾਨ ਦੇ ਅਮੇਤ ਦੀ ਰਾਜਕੁਮਾਰੀ ਸੁਦਰਸ਼ਨਾ ਚੁੰਡਾਵਤ ਨਾਲ ਉਸ ਦਾ ਪਹਿਲਾ ਵਿਆਹ 2019 ਵਿੱਚ ਹੋਇਆ ਸੀ ਅਤੇ ਨਵੰਬਰ 2024 ਵਿੱਚ ਦੋਵਾਂ ਦਾ ਤਲਾਕ ਹੋ ਗਿਆ। ਵਿਕਰਮਾਦਿੱਤਿਆ ਸਿੰਘ, ਜਿਨ੍ਹਾ ਦਾ ਜਨਮ 17 ਅਕਤੂਬਰ, 1989 ਨੂੰ ਹੋਇਆ, ਛੇ ਵਾਰ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਰਹੇ ਮਰਹੂਮ ਵੀਰਭੱਦਰ ਸਿੰਘ ਦੇ ਪੁੱਤਰ ਹਨ। ਉਹ ਕਾਂਗਰਸ ਦੇ ਇੱਕ ਪ੍ਰਮੁੱਖ ਨੇਤਾ ਵਜੋਂ ਪਰਵਾਰ ਦੀ ਸਿਆਸੀ ਵਿਰਾਸਤ ਨੂੰ ਅੱਗੇ ਵਧਾ ਰਹੇ ਹਨ। 2024 ਦੀਆਂ ਲੋਕ ਸਭਾ ਚੋਣਾਂ ਵਿੱਚ ਸਿੰਘ ਨੇ ਮੰਡੀ ਹਲਕੇ ਤੋਂ ਚੋਣ ਲੜੀ ਸੀ, ਪਰ ਉਹ ਕੰਗਨਾ ਰਣੌਤ ਤੋਂ ਹਾਰ ਗਏ ਸਨ।

CMYK

ਨਵਾਂ ਜ਼ਮਾਨਾ
ਮੰਗਲਵਾਰ 23 ਸਤੰਬਰ 2025

# ਪੱਛਮ ਨੇ ਮੋੜਾ ਕੱਟਿਆ

ਬਰਤਾਨੀਆ, ਕੈਨੇਡਾ ਤੇ ਆਸਟ੍ਰੇਲੀਆ ਐਤਵਾਰ ਫਲਸਤੀਨ ਨੂੰ ਖੁਦਮੁਖਤਾਰ ਰਾਸ਼ਟਰ ਦੇ ਰੂਪ ਵਿੱਚ ਮਾਨਤਾ ਦੇ ਕੇ ਉਨ੍ਹਾਂ 140 ਤੋਂ ਵੱਧ ਦੇਸ਼ਾਂ ਨਾਲ ਜੁੜ ਗਏ, ਜਿਹੜੇ ਫਲਸਤੀਨ ਨੂੰ ਇੱਕ ਦੇਸ਼ ਵਜੋਂ ਮਾਨਤਾ ਦਿੰਦੇ ਹਨ। ਫਰਾਂਸ ਤੇ ਪੁਰਤਗਾਲ ਵੀ ਮਾਨਤਾ ਦੇਣ ਵਾਲੇ ਹਨ। ਅੱਜ ਤੋਂ 108 ਸਾਲ ਪਹਿਲਾਂ ਬ੍ਰਿਟਿਸ਼ ਸਰਕਾਰ ਹੀ ਸੀ, ਜਿਸ ਨੇ ਬੈਲਫੋਰ ਐਲਾਨਨਾਮੇ ਰਾਹੀਂ ਫਲਸਤੀਨ ਦੀ ਧਰਤੀ ਉੱਤੇ 'ਯਹੂਦੀ ਲੋਕਾਂ ਦੇ ਕੌਮੀ ਘਰ' ਦੀ ਹਮਾਇਤ ਕੀਤੀ ਸੀ। ਉਦੋਂ ਤੋਂ ਹੀ ਫਲਸਤੀਨੀਆਂ ਨੂੰ ਮਾਰਿਆ ਤੇ ਉਜਾੜਿਆ ਜਾ ਰਿਹਾ ਹੈ। ਫਲਸਤੀਨੀ ਵਿਦੇਸ਼ ਮੰਤਰੀ ਵਾਰਸੇਨ ਅਘਾਬੇਕਿਅਨ ਸ਼ਾਹੀਨ ਨੇ ਕਿਹਾ ਹੈ ਕਿ ਫਲਸਤੀਨੀ ਰਾਜ ਨੂੰ ਮਾਨਤਾ ਦੀ ਇਹ ਨਵੀਂ ਲਹਿਰ ਫਲਸਤੀਨ ਤੇ ਇਜ਼ਰਾਈਲ ਦੀ ਦੋ ਰਾਜਾਂ ਵਜੋਂ ਹੋਂਦ ਅਤੇ ਫਲਸਤੀਨੀ ਆਜ਼ਾਦੀ ਨੂੰ ਅੱਗੇ ਵਧਾਉਣ ਦੀ ਦਿਸ਼ਾ ਵਿੱਚ ਇੱਕ ਅਹਿਮ ਕਦਮ ਹੈ। ਉਨ੍ਹਾ ਕਿਹਾ—ਇਹ ਇਤਿਹਾਸਕ ਛਿਣ ਹੈ। ਇਹ ਸਾਨੂੰ ਖੁਦਮੁਖਤਾਰੀ ਤੇ ਆਜ਼ਾਦੀ ਦੇ ਕਰੀਬ ਲਿਆਉਣ ਵਾਲਾ ਕਦਮ ਹੈ। ਇਹ ਜੰਗ ਨੂੰ ਕੱਲ੍ਹ ਹੀ ਖਤਮ ਨਹੀਂ ਕਰ ਦੇਵੇਗਾ, ਪਰ ਇਹ ਇੱਕ ਕਦਮ ਹੈ, ਜਿਸ ਨੂੰ ਹੋਰ ਮਜ਼ਬੂਤ ਕਰਨਾ ਹੋਵੇਗਾ।

ਵੱਡੇ ਪੱਛਮੀ ਦੇਸ਼ਾਂ ਵੱਲੋਂ ਫਲਸਤੀਨੀ ਰਾਜ ਨੂੰ ਮਾਨਤਾ ਬਹੁਤ ਹੀ ਅਹਿਮ ਪਲ ਹੈ, ਜਿਹੜਾ ਇਸ ਇਤਿਹਾਸਕ ਟਕਰਾਅ ਵਾਲੇ ਖਿੱਤੇ 'ਚ ਨਵਾਂ ਦੌਰ ਸ਼ੁਰੂ ਕਰੇਗਾ। ਇਹ ਇਸ ਕਰਕੇ ਅਹਿਮ ਹੈ ਕਿ ਇਜ਼ਰਾਈਲ ਦੇ ਤਕੜੇ ਹਮਾਇਤੀ ਪੱਛਮੀ ਦੇਸ਼ਾਂ ਨੇ ਮੋੜਾ ਕੱਟਿਆ ਹੈ। ਉਹ ਹੁਣ ਮੱਧ-ਪੂਰਬ ਵਿੱਚ ਅਮਨ ਲਈ ਆਪਣੇ 'ਚ ਇਖਲਾਕੀ ਤੇ ਸਿਆਸੀ ਤਬਦੀਲੀ ਲਿਆ ਰਹੇ ਹਨ, ਜਿਸ ਦੇ ਨਤੀਜੇ ਭਵਿੱਖ ਵਿੱਚ ਦੇਖਣ ਨੂੰ ਮਿਲਣਗੇ। ਮਾਨਤਾ ਦੇਣ ਵਾਲੇ ਪੱਛਮੀ ਦੇਸ਼ਾਂ ਲਈ ਜ਼ਰੂਰੀ ਹੈ ਕਿ ਉਹ ਇਜ਼ਰਾਈਲ ਦੀ ਗਾਜ਼ਾ ਵਿੱਚ ਨਸਲਘਾਤ ਦੀ ਕਾਰਵਾਈ ਨੂੰ ਰੁਕਵਾਉਣ ਲਈ ਫੌਰੀ ਤੌਰ 'ਤੇ ਉਸ ਉੱਤੇ ਸਖਤ ਪਾਬੰਦੀਆਂ ਵੀ ਲਾਉਣ। ਕੌਮਾਂਤਰੀ ਭਾਈਚਾਰੇ ਵਿੱਚ ਇਹ ਸੁਨੇਹਾ ਜਾਣਾ ਚਾਹੀਦਾ ਹੈ ਕਿ ਫਲਸਤੀਨੀ ਆਪਣੀ ਧਰਤੀ 'ਤੇ ਹੀ ਰਹਿਣਗੇ, ਉਨ੍ਹਾਂ ਦੇ ਹੱਕਾਂ ਦਾ ਸਤਿਕਾਰ ਹੋਵੇਗਾ ਅਤੇ ਫਲਸਤੀਨ ਤੇ ਇਜ਼ਰਾਈਲ ਦੋ ਰਾਸ਼ਟਰ ਹੋਣਗੇ।

ਦਰਅਸਲ ਇਜ਼ਰਾਈਲ ਫਲਸਤੀਨੀਆਂ 'ਤੇ ਜਿੰਨੇ ਜ਼ੁਲਮ ਢਾਹ ਰਿਹਾ ਹੈ, ਉਸ ਨੇ ਉਸ ਦੇ ਹਮਾਇਤੀ ਪੱਛਮੀ ਦੇਸ਼ਾਂ ਦੇ ਲੋਕਾਂ ਨੂੰ ਵੀ ਪ੍ਰੇਸ਼ਾਨ ਕਰ ਦਿੱਤਾ ਹੈ। ਉਨ੍ਹਾਂ ਇਜ਼ਰਾਈਲ ਖਿਲਾਫ ਤੇ ਉਸ ਦੀ ਹਮਾਇਤ ਕਰ ਰਹੀਆਂ ਆਪਣੀਆਂ ਸਰਕਾਰਾਂ ਖਿਲਾਫ ਵੱਡੇ-ਵੱਡੇ ਮੁਜ਼ਾਹਰੇ ਵੀ ਕੀਤੇ ਹਨ। ਅੰਦਰੋਂ ਪਏ ਦਬਾਅ ਦਾ ਹੀ ਨਤੀਜਾ ਹੈ ਕਿ ਪੱਛਮੀ ਸਰਕਾਰਾਂ ਦੋ-ਰਾਸ਼ਟਰ ਦੇ ਸਿਧਾਂਤ ਦੀ ਹਮਾਇਤ ਕਰਨ ਲਈ ਮਜਬੂਰ ਹੋਈਆਂ ਹਨ।

## ਐੱਚ-1ਬੀ ਵੀਜ਼ਾ ਦੀ ਫੀਸ ਵਾਧੇ ਕਾਰਨ ਟਰੰਪ ਫਿਰ ਚਰਚਾਵਾਂ 'ਚ

ਐੱਚ-1ਬੀ ਵੀਜ਼ਾ ਅਮਰੀਕਾ ਦਾ ਇੱਕ ਗੈਰ-ਇਮੀਗ੍ਰੇਸ਼ਨ ਵਰਕ ਵੀਜ਼ਾ ਹੈ, ਜਿਸ ਰਾਹੀਂ ਅਮਰੀਕੀ ਕੰਪਨੀਆਂ ਵਿਦੇਸ਼ੀ ਮਾਹਿਰਾਂ ਨੂੰ ਖਾਸ ਪੇਸ਼ਾਵਰ ਖੇਤਰਾਂ ਵਿੱਚ ਆਰਜ਼ੀ ਤੌਰ 'ਤੇ ਨੌਕਰੀ 'ਤੇ ਰੱਖਦੀਆਂ ਹਨ । ਜੇਕਰ ਇਸ ਐੱਚ-1ਬੀ ਵੀਜ਼ੇ ਦੀਆਂ ਮੁੱਖ ਵਿਸ਼ੇਸ਼ਤਾਵਾਂ ਨੂੰ ਦੇਖੀਏ ਤਾਂ ਇਸ ਦਾ ਉਦੇਸ਼ ਵਿਦੇਸ਼ੀ ਮਾਹਿਰਾਂ ਨੂੰ ਅਮਰੀਕਾ ਲਿਆਉਣਾ ਅਤੇ ਖਾਸ ਖੇਤਰਾਂ ਵਿੱਚ ਨੌਕਰੀ ਦੇਣਾ ਹੁੰਦਾ ਹੈ।

ਇਸ ਸੰਦਰਭ ਵਿੱਚ ਜੇ ਖਾਸ ਪੇਸ਼ਿਆਂ ਦੀ ਗੱਲ ਕਰੀਏ ਤਾਂ ਉਹ ਪੇਸ਼ੇ ਜਿਨ੍ਹਾਂ ਵਿੱਚ ਥਿਊਰੀ ਤੇ ਅਮਲੀ ਹੁਨਰ ਲੋੜੀਂਦੇ ਹੋਣ (ਜਿਵੇਂ ਆਈ ਟੀ, ਇੰਜੀਨੀਅਰਿੰਗ, ਵਿੱਤ, ਸਿਹਤ, ਆਰਕੀਟੈਕਚਰ ਆਦਿ) ਘੱਟੋ-ਘੱਟ ਯੋਗਤਾ: ਆਮ ਤੌਰ 'ਤੇ ਸੰਬੰਧਤ ਖੇਤਰ ਵਿੱਚ ਬੈਚਲਰ ਡਿਗਰੀ ਜਾਂ ਉਸ ਦੇ ਬਰਾਬਰ ਦੀ ਸਿੱਖਿਆ ਹੋਵੇ। ਇਸ ਦੀ ਸਮਾਂ ਸੀਮਾ ਸ਼ੁਰੂਆਤੀ ਤੌਰ 'ਤੇ 3 ਸਾਲ, ਜੋ ਵਧਾ ਕੇ 6 ਸਾਲ ਤੱਕ ਹੋ ਸਕਦੀ ਹੈ। ਇਸ ਨੂੰ ਸਪਾਂਸਰਸ਼ਿਪ ਦੇ ਰਾਹੀਂ ਅਮਰੀਕੀ ਕੰਪਨੀ ਆਪਣੇ ਕਰਮਚਾਰੀ ਵੱਲੋਂ ਵੀਜ਼ਾ ਅਰਜ਼ੀ ਦਿੰਦੀਆਂ ਹਨ ।ਜੇ ਇਸ ਵੀਜ਼ਾ ਦੇ ਕੋਟੇ ਦੀ ਗੱਲ ਕਰੀਏ ਤਾਂ ਹਰ ਸਾਲ 85,000 ਵੀਜ਼ੇ ਜਾਰੀ ਹੁੰਦੇ ਹਨ (65,000 ਆਮ ਜਮਾਤ ਲਈ, 20,000 ਅਮਰੀਕੀ ਮਾਸਟਰ ਡਿਗਰੀ ਰੱਖਣ ਵਾਲਿਆਂ ਲਈ) ਇਸ ਦੌਰਾਨ ਜੇ ਅਰਜ਼ੀਆਂ ਦੀ ਵਾਧੂ ਗਿਣਤੀ ਹੋ ਜਾਵੇ ਤਾਂ ਇਸ ਦੀ ਚੋਣ ਲਾਟਰੀ ਰਾਹੀਂ ਹੁੰਦੀ ਹੈ। ਦੂਜਾ ਉਦੇਸ਼ ਐੱਚ-1ਬੀ ਰੱਖਣ ਵਾਲੇ ਗ੍ਰੀਨ ਕਾਰਡ ਲਈ ਵੀ ਅਰਜ਼ੀ ਦੇ ਸਕਦੇ ਹਨ ।ਇਸ ਵੀਜ਼ਾ ਦੀ ਵਰਤ ਗੂਗਲ, ਮਾਈਕਰੋਸਾਫਟ, ਐਮਾਜ਼ਾਨ, ਫੇਸਬੁੱਕ, ਆਈ ਬੀ ਐਮ ਵਰਗੀਆਂ ਵੱਡੀਆਂ ਟੈਕ ਕੰਪਨੀਆਂ ਸਿਹਤ ਸੰਸਥਾਵਾਂ (ਡਾਕਟਰ, ਰਿਸਰਚਰ, ਥੈਰਾਪਿਸਟ ਆਦਿ) ਵਿੱਤੀ ਅਤੇ ਕਨਸਲਟਿੰਗ ਕੰਪਨੀਆਂ ਆਦਿ ।ਐੱਚ-1ਬੀ ਦੀ ਅਹਿਮੀਅਤ ਦੀ ਗੱਲ ਕਰੀਏ ਤਾਂ ਅਮਰੀਕੀ ਕੰਪਨੀਆਂ ਦੁਨੀਆ ਭਰ ਦੇ ਟੈਲੰਟ ਦੀ ਘਾਟ ਨੂੰ ਪੂਰਾ ਕਰਦੀਆਂ ਹਨ। ਭਾਰਤ, ਚੀਨ ਵਰਗੇ ਦੇਸ਼ਾਂ ਦੇ ਪੇਸ਼ੇਵਰਾਂ ਲਈ ਇਹ ਅਮਰੀਕਾ ਵਿੱਚ ਰਿਹਾਇਸ਼ ਦਾ ਰਾਹ ਖੋਲ੍ਹਦਾ ਹੈ।ਇਹ ਅਮਰੀਕੀ ਅਰਥਵਿਵਸਥਾ ਅਤੇ ਟੈਕਨੋਲੋਜੀ ਖੇਤਰ ਦਾ ਇੱਕ ਮਹੱਤਵਪੂਰਨ ਹਿੱਸਾ ਹੈ।ਇਸ ਉਕਤ ਵੀਜ਼ਾ ਦੇ ਸੰਦਰਭ ਵਿੱਚ ਟਰੰਪ ਸਰਕਾਰ ਦਾ ਮੌਜੂਦਾ ਨਵੇਂ ਫੈਸਲੇ ਰਾਹੀਂ ਅਮਰੀਕੀ ਸਰਕਾਰ ਦੀ ਆਮਦਨ ਦਾ ਇੱਕ ਵੱਡਾ ਸਰੋਤ ਬਣਾਉਣ ਦੀ ਕੋਸ਼ਿਸ਼ ਕੀਤੀ ਹੈ।

ਹੁਣ ਐੱਚ-1ਬੀ ਵੀਜ਼ਾ ਦੀ ਨਵੀਂ ਫੀਸ 1 ਲੱਖ ਡਾਲਰ (ਲੱਗਭੱਗ 88 ਲੱਖ ਰੁਪਏ) ਹੋਵੇਗੀ।ਟਰੰਪ ਨੇ ਸ਼ਨੀਵਾਰ ਨੂੰ ਵ੍ਹਾਈਟ ਹਾਊਸ ਵਿੱਚ ਇਸ ਹੁਕਮ 'ਤੇ ਦਸਤਖਤ ਕੀਤੇ।ਇਹ ਨਵੀਂ ਫੀਸ 21 ਸਤੰਬਰ 2025 ਤੋਂ ਲਾਗੂ ਹੋਵੇਗੀ।ਪਹਿਲਾਂ, ਐੱਚ-1ਬੀ ਵੀਜ਼ੇ ਦੀ ਔਸਤ ਲਾਗਤ ਲੱਗਭਗ 5 ਲੱਖ ਸੀ।ਹੁਣ ਛੇ ਸਾਲਾਂ ਵਿੱਚ ਇਹ ਲਾਗਤ 5.28 ਕਰੋੜ ਹੋ ਜਾਵੇਗੀ — ਜੋ ਕਿ 50 ਗੁਣਾ ਵਾਧਾ ਹੈ।ਇਸ ਸੰਦਰਭ ਵਿੱਚ ਭਾਰਤ ਦਾ ਪ੍ਰਤੀਕਿਰਿਆ ਜੋ ਸਾਹ ਆਈ ਹੈ, ਉਸ 'ਚ ਭਾਰਤੀ ਵਿਦੇਸ਼ ਮੰਤਰਾਲੇ ਦੇ ਪ੍ਰਵਕਤਾ ਰੰਧੀਰ ਜੈਸਵਾਲ ਨੇ ਕਿਹਾ ਕਿ ਇਸ ਫੈਸਲੇ ਦੇ ਮਨੁੱਖੀ ਅਸਰ ਹੋਣਗੇ, ਕਿਉਂਕਿ ਬਹੁਤ ਸਾਰੇ ਪਰਵਾਰ ਪ੍ਰਭਾਵਿਤ ਹੋਣਗੇ । ਸਰਕਾਰ ਨੂੰ ਉਮੀਦ ਹੈ ਕਿ ਅਮਰੀਕਾ ਇਸ ਦੇ ਹੱਲ ਲੱਭੇਗਾ । ਜੇਕਰ ਗੱਲ ਪ੍ਰਭਾਵ ਦੀ ਕਰੀਏ ਤਾਂ 8-12 ਵਿੱਚ ਵਾਧੂ ਲਾਗਤ ਦਾ ਭਾਰਤੀਆਂ 'ਤੇ ਅਸਰ ਹੋਵੇਗਾ। ਇਹ ਤਬਦੀਲੀਆਂ 200,000 ਤੋਂ ਵੱਧ ਭਾਰਤੀਆਂ ਨੂੰ ਪ੍ਰਭਾਵਿਤ ਕਰਨਗੀਆਂ। 2023 ਵਿੱਚ 191,000 ਭਾਰਤੀ 8-12 ਰੱਖਦੇ ਸਨ। 2024 ਵਿੱਚ ਇਹ ਗਿਣਤੀ ਵਧ ਕੇ 207,000 ਹੋ ਗਈ ਸੀ, ਜਦੋਂ ਕਿ ਚੀਨ ਦੇ ਕਰੀਬ 55000 ਹਜ਼ਾਰ ਲੋਕ ਪ੍ਰਭਾਵਿਤ ਹੋਣਗੇ।

ਇਸ ਸੰਦਰਭ ਵਿੱਚ ਅਮਰੀਕੀ ਮੀਡੀਆ ਦੀਆਂ ਵੱਖ-ਵੱਖ ਰਿਪੋਰਟਿੰਗਾਂ ਵੀ ਸਾਹਮਣੇ ਆਈਆਂ ਹਨ ।ਵਾਸ਼ਿੰਗਟਨ ਪੋਸਟ ਅਨੁਸਾਰ ਨਵੀਂ ਫੀਸ ਕਾਰਨ ਕੰਪਨੀਆਂ ਉਲਝਣ ਵਿੱਚ ਆ ਗਈਆਂ ਹਨ ਅਤੇ ਕਰਮਚਾਰੀ ਘਬਰਾਏ ਹੋਏ ਹਨ ।ਕਈ ਕਾਨੂੰਨੀ ਮਾਹਿਰ ਅਤੇ ਕਾਰਪੋਰੇਟ ਮੁਲਾਜ਼ਮ ਇਸ ਦੇ 'ਅਸਪੱਸ਼ਟ ਭਾਸ਼ਾ' ਕਾਰਨ ਚਿੰਤਤ ਹਨ।ਕੰਪਨੀਆਂ ਨੇ ਐੱਚ-1ਬੀ ਰੱਖਣ ਵਾਲਿਆਂ ਨੂੰ ਤੁਰੰਤ ਯਾਤਰਾ ਦੀ ਯੋਜਨਾ ਰੋਕਣ ਲਈ ਚੇਤਾਵਨੀ ਦਿੱਤੀ । ਜੇ ਇਹ ਨਿਯਮ ਲਾਗੂ ਰਹੇ ਤਾਂ ਕਾਨੂੰਨੀ ਇਮੀਗ੍ਰੇਸ਼ਨ ਦਾ ਇੱਕ ਮੁੱਖ ਰਸਤਾ ਬੰਦ ਹੋ ਜਾਵੇਗਾ। ਜਦੋਂ ਕਿ ਨਿਊਯਾਰਕ ਟਾਈਮਜ਼ ਅਨੁਸਾਰ ਇਹ ਨੀਤੀ ਕੰਪਨੀਆਂ ਨੂੰ ਦੇਸ਼ੀ ਕਰਮਚਾਰੀਆਂ ਨੂੰ ਤਰਜੀਹ ਦੇਣ ਲਈ ਮਜਬੂਰ ਕਰੇਗੀ। ਕਈ ਉਦਯੋਗ ਸਮੂਹ ਚਿੰਤਤ ਹਨ । ਉਧਰ ਚੈਂਬਰ ਆਫ ਕਾਮਰਸ ਦੇ ਅਨੁਸਾਰ ਇਸ ਫੈਸਲੇ ਨਾਲ ਕਰਮਚਾਰੀਆਂ, ਉਨ੍ਹਾਂ ਦੇ ਪਰਵਾਰਾਂ ਅਤੇ ਨੌਕਰੀਦਾਤਾਵਾਂ 'ਤੇ ਅਸਰ ਪਵੇਗਾ । 19 ਖੇਤਰ ਵਿੱਚ ਵਿਦੇਸ਼ੀ ਪ੍ਰਤਿਭਾ ਦੀ ਘਾਟ ਹੋ ਜਾਵੇਗੀ । ਜਦੋਂ ਕਿ ਅਮਰੀਕਨ ਇਮੀਗ੍ਰੇਸ਼ਨ ਲਾਇਅਰਜ਼ ਐਸੋਸੀਏਸ਼ਨ ਇਸ ਕਾਨੂੰਨ 'ਤੇ ਅਸਥਾਈ ਰੋਕ ਲਗਾਉਣ ਲਈ ਅਸੀਂ ਅਦਾਲਤ ਵਿੱਚ ਜਾਣ ਦੀ ਤਿਆਰੀ ਕਰ ਰਹੇ ਹਾਂ। ਕੰਪਨੀਆਂ ਅਤੇ ਕਰਮਚਾਰੀ ਦੋਵੇਂ ਘਬਰਾਏ ਹੋਏ ਹਨ। ਵਾਲ ਸਟਰੀਟ ਜਰਨਲ : ਐਮਾਜ਼ੋਨ, ਗੂਗਲ, ਮਾਈਕਰੋਸਾਫਟ ਨੇ ਐੱਚ-1ਬੀ ਕਰਮਚਾਰੀਆਂ ਨੂੰ ਚੇਤਾਵਨੀ ਦਿੱਤੀ ਕਿ ਅਮਰੀਕਾ ਛੱਡਣ ਤੋਂ ਗੁਰੇਜ਼ ਕਰੋ।

**ਮੁਹੰਮਦ ਅਬਾਸ ਧਾਲੀਵਾਲ**
# ਸੰਪਰਕ : 98552-59650

# ਇਜ਼ਰਾਈਲ ਨੇ ਗਾਜ਼ਾ ਸ਼ਹਿਰ ਤਬਾਹ ਕੀਤਾ

**ਪਿਰਥੀਪਾਲ ਸਿੰਘ ਮਾੜੀਮੇਘਾ**



ਫਲਸਤੀਨ ਇੱਕ ਮੁਸਲਿਮ ਦੇਸ਼ ਹੈ ਅਤੇ ਅਮਰੀਕਾ ਪ੍ਰਸਤ ਇਜ਼ਰਾਈਲ ਫ਼ਲਸਤੀਨੀਆਂ ਦੀ ਨਸਲਕੁਸ਼ੀ ਕਰ ਰਿਹਾ। ਇਜ਼ਰਾਈਲ ਨੇ ਪਿਛਲੇ ਦਿਨਾਂ ਵਿੱਚ 130000 ਇੱਕ ਲੱਖ ਤੀਹ ਹਜ਼ਾਰ ਫੌਜ ਫਲਸਤੀਨ ਦੀ ਰਾਜਧਾਨੀ ਗਾਜ਼ਾ ਵਿੱਚ ਤਾਇਨਾਤ ਕਰਕੇ ਮੁਸਲਿਮ ਜਥੇਬੰਦੀ ਹਮਾਸ ਨੂੰ ਖ਼ਤਮ ਕਰਨ ਦੇ ਬਹਾਨੇ ਆਮ ਲੋਕਾਂ ਦਾ ਕਤਲੇਆਮ ਸ਼ੁਰੂ ਕੀਤਾ ਅਤੇ ਜਾਰੀ ਹੈ। ਲੋਕ ਗਾਜ਼ਾ ਛੱਡ ਕੇ ਆਂਢ-ਗੁਆਂਢ ਦੇ ਦੇਸ਼ਾਂ ਵਿੱਚ ਹਿਜਰਤ ਕਰ ਰਹੇ ਹਨ। ਇਜ਼ਰਾਈਲ ਨੇ ਹੁਣ ਤੱਕ ਗਾਜ਼ਾ ਦੇ 75 ਫ਼ੀਸਦੀ ਇਲਾਕੇ 'ਤੇ ਕਬਜ਼ਾ ਕਰ ਲਿਆ।

ਜੰਗਾਂ ਦੇ ਇਤਿਹਾਸ ਅਨੁਸਾਰ ਇਜ਼ਰਾਈਲ ਅਤੇ ਫਲਸਤੀਨ ਦੀ ਸਭ ਤੋਂ ਲੰਬੀ ਜੰਗ ਗਿਣੀ ਜਾਂਦੀ ਹੈ। ਬਰਤਾਨੀਆ ਨੇ ਫਲਸਤੀਨ 'ਤੇ ਕਬਜ਼ਾ ਕਰਕੇ ਯਹੂਦੀਆਂ ਨੂੰ ਇੱਥੇ ਵਸਾਇਆ ਸੀ। ਉਸ ਵਕਤ ਫ਼ਲਸਤੀਨੀ ਵਸੋਂ ਬਹੁਗਿਣਤੀ ਵਿੱਚ ਅਤੇ ਯਹੂਦੀ ਵਸੋਂ ਘੱਟ ਗਿਣਤੀ ਵਿੱਚ ਸੀ। ਜਦੋਂ ਹਿਟਲਰ ਨੇ ਯਹੂਦੀਆਂ 'ਤੇ ਤਸ਼ੱਦਦ ਕੀਤਾ ਤੇ ਉਹ ਹਿਜਰਤ ਕਰਕੇ ਇੰਗਲੈਂਡ ਵੱਲੋਂ ਵਸਾਏ ਇਸ ਸਥਾਨ ਵਿੱਚ ਵੱਸਦੇ ਗਏ। ਯਹੂਦੀਆਂ ਦੀ ਪੋਲੈਂਡ ਵਿੱਚ ਨਸਲਕੁਸ਼ੀ ਨੇ ਉਨ੍ਹਾਂ ਨੂੰ ਇਜ਼ਰਾਈਲ ਵਾਲੀ ਜਗ੍ਹਾ 'ਤੇ ਆ ਵੱਸਣ ਲਈ ਹੋਰ ਮਜਬੂਰ ਕੀਤਾ। ਸੰਨ 1948 ਦੇ ਆਸ-ਪਾਸ ਬਰਤਾਨੀਆ ਨੇ ਇਜ਼ਰਾਈਲ ਦੇਸ਼ ਦਾ ਐਲਾਨ ਕਰ ਦਿੱਤਾ। ਇਸ ਤੋਂ ਬਾਅਦ ਸੰਯੁਕਤ ਰਾਜ ਨੇ ਵੀ ਇਜ਼ਰਾਈਲ ਨੂੰ ਮਾਨਤਾ ਦੇ ਦਿੱਤੀ।

ਮੌਜੂਦਾ ਹਾਲਾਤ ਇਹ ਹਨ ਕਿ ਪੱਛਮੀ ਕੰਢੇ ਅਤੇ ਜਾਰਡਨ ਨਦੀ ਦੇ ਵਿਚਕਾਰਲੀ ਜ਼ਮੀਨ ਵਿੱਚ ਕਰੀਬ 30 ਲੱਖ ਤੋਂ ਵਧੇਰੇ ਫ਼ਲਸਤੀਨੀਆਂ ਦੀ ਵਸੋਂ ਹੈ। ਫ਼ਲਸਤੀਨੀਆਂ ਦੇ ਕਬਜ਼ੇ ਵਾਲਾ ਇਲਾਕਾ ਪੂਰਬੀ ਯਰੂਸ਼ਲਮ ਤੇ ਗਾਜ਼ਾ ਦੇ ਨਾਲ ਲੱਗਦਾ ਹੈ। ਫ਼ਲਸਤੀਨੀ ਲੋਕ ਲਗਾਤਾਰ ਇਸ ਜਗ੍ਹਾ ਤੇ ਇਜ਼ਰਾਈਲ ਦੀ ਮੌਜੂਦਗੀ ਦਾ ਵਿਰੋਧ ਕਰ ਰਹੇ ਹਨ। ਮੁਸ਼ਕਲ ਇਹ ਹੈ ਕਿ ਪੂਰਬੀ ਯਰੂਸ਼ਲਮ ਵਿੱਚ ਵੀ 7 ਲੱਖ ਦੇ ਕਰੀਬ ਯਹੂਦੀ ਰਹਿੰਦੇ ਹਨ ਅਤੇ ਫ਼ਲਸਤੀਨੀ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਇੱਥੋਂ ਕੱਢ ਦਿੱਤਾ ਜਾਵੇ। ਯਹੂਦੀਆਂ ਨੂੰ ਕੱਢਣ ਬਾਰੇ ਸੰਯੁਕਤ ਰਾਸ਼ਟਰ ਦੀ ਸਭ ਤੋਂ ਉਪਰਲੀ ਅਦਾਲਤ ਦਾ ਵੀ ਜੁਲਾਈ 2024 ਦਾ ਫੈਸਲਾ ਹੈ ਕਿ ਫ਼ਲਸਤੀਨੀ ਇਲਾਕੇ ਵਿੱਚ ਯਹੂਦੀਆਂ ਦੀ ਵਸੋਂ ਗੈਰ-ਕਾਨੂੰਨੀ ਹੈ।

ਦੁਨੀਆ ਵਿੱਚ ਗਾਜ਼ਾ ਪੱਟੀ ਨਾਂਅ ਦੀ ਜਗ੍ਹਾ ਮਸ਼ਹੂਰ ਹੈ। ਮਸ਼ਹੂਰ ਇਸ ਕਰਕੇ ਹੈ ਕਿ ਲੰਬੇ ਸਮੇਂ ਤੋਂ ਇੱਥੇ ਜੰਗ ਚਲਦੀ ਆ ਰਹੀ ਹੈ। ਮਿਸਰ, ਭੂਮੱਧ ਸਾਗਰ ਅਤੇ ਇਜ਼ਰਾਈਲ ਵਿੱਚ ਘਿਰੇ ਹੋਏ ਜ਼ਮੀਨ ਦੇ ਟੁਕੜੇ ਨੂੰ ਗਾਜ਼ਾ ਪੱਟੀ ਕਿਹਾ ਜਾਂਦਾ ਹੈ । ਇਹ ਜਗ੍ਹਾ 41 ਕਿਲੋਮੀਟਰ ਲੰਬੀ ਅਤੇ 10 ਕਿਲੋਮੀਟਰ ਚੌੜੀ ਹੈ । ਦੁਨੀਆ ਦੀ ਸਭ ਤੋਂ ਸੰਘਣੀ ਆਬਾਦੀ ਇੱਥੇ ਹੈ । ਗਾਜ਼ਾ ਪੱਟੀ 'ਚ 25 ਲੱਖ ਲੋਕਾਂ ਦੇ ਘਰ ਹਨ। ਜਾਣਕਾਰੀ ਲਈ ਦੁਨੀਆ ਵਿੱਚ ਸਭ ਤੋਂ ਵੱਧ ਇਥੇ ਬੇਰੁਜ਼ਗਾਰੀ ਹੈ।

ਹੁਣ ਵਾਲੀ ਇਜ਼ਰਾਈਲ ਤੇ ਫਲਸਤੀਨ ਦੀ ਜੰਗ ਦੀ ਸ਼ੁਰੂਆਤ ਅਕਤੂਬਰ 2023 ਵਿੱਚ ਹੋਈ। ਹੋਇਆ ਇਹ ਕਿ ਫਲਸਤੀਨ ਵੱਲੋਂ ਦੀ ਹਮਾਸ ਜਥੇਬੰਦੀ ਨੇ ਹਥਿਆਰਾਂ ਨਾਲ ਇਜ਼ਰਾਈਲੀ ਨੌਜਵਾਨਾਂ 'ਤੇ ਹਮਲਾ ਕਰ ਦਿੱਤਾ। ਉਸ ਵੇਲੇ ਇਜ਼ਰਾਈਲੀ ਲੋਕ 4-5 ਹਜ਼ਾਰ ਦੀ ਗਿਣਤੀ ਵਿੱਚ ਇੱਕ ਧਾਰਮਿਕ ਸਮਾਗਮ ਵਿੱਚ ਰੁੱਝੇ ਹੋਏ ਸਨ। ਹਮਾਸ ਦੇ ਹਮਲੇ ਨਾਲ 1200 ਇਜ਼ਰਾਈਲੀ ਮਾਰੇ ਗਏ ਸਨ ਅਤੇ ਹਮਾਸ ਨੇ 250 ਤੋਂ ਵਧੇਰੇ ਨੂੰ ਆਪਣੇ ਕਬਜ਼ੇ ਵਿੱਚ ਕੈਦ ਕਰ ਲਿਆ। ਉਨ੍ਹਾਂ 'ਚੋਂ ਹਾਲੇ ਵੀ 50 ਦੇ ਕਰੀਬ ਹਮਾਸ ਦੀ ਕੈਦ ਵਿੱਚ ਹਨ।

ਫਲਸਤੀਨ ਵਿੱਚ ਫ਼ਲਸਤੀਨੀਆਂ ਦੀ ਰਾਜਨੀਤੀ ਵਿੱਚ ਯਾਸਰ ਅਰਾਫਾਤ ਆਇਆ । ਇਹ ਫਲਸਤੀਨ ਦੇ ਬਹੁਤ ਹੀ ਮਹਾਨ ਰਾਜਨੀਤਕ ਨੇਤਾ ਸਨ ।ਇਨ੍ਹਾਂ ਨੇ ਜ਼ਿੰਦਗੀ ਦਾ ਲੰਬਾ ਸਮਾਂ ਫ਼ਲਸਤੀਨੀਆਂ ਦੇ ਹੱਕ-ਹਕੂਕ ਬਹਾਲ ਕਰਨ ਵਾਸਤੇ ਮੌਜੂਦਾ ਹਕੂਮਤ ਦੀ ਜੇਲ੍ਹ ਵਿੱਚ ਗੁਜ਼ਾਰਿਆ ਸੀ । ਉਨ੍ਹਾਂ ਨੇ ਫਲਸਤੀਨ ਮੁਕਤੀ ਸੰਘਰਸ਼ ਦੇ ਚੇਅਰਮੈਨ 1969 ਤੋਂ 2004, ਫਲਸਤੀਨ ਰਾਜ ਦੇ ਪ੍ਰਧਾਨ 1989 ਤੋਂ 2004 ਅਤੇ ਫ਼ਲਸਤੀਨੀ ਅਥਾਰਟੀ ਦੇ ਪ੍ਰਧਾਨ 1994 ਤੋਂ 2004 ਤੱਕ ਪ੍ਰਧਾਨ ਦੀ ਸੇਵਾ ਪ੍ਰਦਾਨ ਕੀਤੀ।

ਮੌਜੂਦਾ ਜੰਗ ਵਿੱਚ ਸਭ ਤੋਂ ਵੱਧ ਮੁਨਾਫਾ ਅਮਰੀਕਾ ਦੀਆਂ ਕੰਪਨੀਆਂ ਕਮਾ ਰਹੀਆਂ ਹਨ । ਅਮਰੀਕਾ ਦੀਆਂ ਦਿਓਕੱਦ ਕੰਪਨੀਆਂ ਮੁੱਖ ਤੌਰ 'ਤੇ ਲਾਕਹੀਡ ਮਾਰਟਿਨ ਅਤੇ ਲਿਯੋਨਾਡੋ ਹਨ। ਇਨ੍ਹਾਂ ਤੋਂ ਇਲਾਵਾ ਅਮਰੀਕਾ ਦੀ ਹੀ ਕੰਪਨੀ ਰੇਥਿਯਾਨ ਤੇ ਬੋਇੰਗ, ਫਰਾਂਸ ਦੀ ਜਨਰਲ ਡਾਇਨਾਮਿਕਸ, ਨਾਥਰਾਪਾਗੁਰਮਨ, ਕੈਟਰਪਿਲਰ, ਇਜ਼ਰਾਈਲ ਦੀ ਗ੍ਰਿਫਨ ਸਿਸਟਮ, ਐਰੋਸਪੇਸ ਇੰਡਸਟਰੀ, ਪਲਾਂਟਿਰ ਟੈਕਨਾਲੋਜੀ, ਮਾਈਕਰੋਸਾਫਟ, ਇਮੇਜਾਨ, ਅਲਫਾਬੇਟ, ਆਈਬੀਐਮ, ਵੋਲਵੋ, ਲਿਓਨਾਰਡੋ, ਹੁੰਡਈ,ਐਮ ਟੀ ਯੂ, ਡੇ ਅਤੇ ਜਿਮਰਮੈਨ, ਮੇਸਨ ਅਤੇ ਹੈਂਗਰ, ਐਲ-3 ਹੈਰਿਸ, ਹਨੀਵੇਲ ਅਤੇ ਵਿਤੀਯ ਗਰਮ ਹਨ । ਇੰਨ੍ਹਾਂ ਕੰਪਨੀਆਂ ਦੇ ਹਥਿਆਰਾਂ ਨਾਲ ਫਲਸਤੀਨ ਵੱਸੋਂ ਦਾ ਨਸਲਘਤ ਕੀਤਾ ਜਾ ਰਿਹਾ ਹੈ।

ਇਸ ਨਸਲਘਾਤ ਬਾਬਤ ਸੰਯੁਕਤ ਰਾਜ ਅਮਰੀਕਾ, ਫਲਸਤੀਨ, ਇਜ਼ਰਾਈਲ ਅਤੇ ਇਰਾਨ ਦੀਆਂ ਕਮਿਊਨਿਸਟ ਪਾਰਟੀਆਂ ਨੇ ਕਿਹਾ ਕਿ ਇਜ਼ਰਾਈਲ ਦਾ ਇਹ ਯੁੱਧ ਕੌਮਾਂਤਰੀ ਅਸੂਲਾਂ ਦੀਆਂ ਧੱਜੀਆਂ ਉਡਾਉਂਦਾ ਹੈ । ਇਨ੍ਹਾਂ ਕਮਿਊਨਿਸਟ ਪਾਰਟੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਇਹ ਯੁੱਧ ਵੱਡੇ ਪੱਧਰ 'ਤੇ ਛਿੜਨ ਦਾ ਖਤਰਾ ਹੈ। ਪਾਰਟੀਆਂ ਨੇ ਟਰੰਪ ਹਕੂਮਤ ਵੱਲੋਂ ਯੁੱਧਨੀਤਕ ਅਤੇ ਰਾਜਨੀਤਕ ਢੰਗ ਨਾਲ ਇਜ਼ਰਾਈਲੀ ਹਮਲੇ ਦਾ ਸਮਰਥਨ ਕਰਨ ਦੀ ਘੋਰ ਨਿੰਦਾ ਕੀਤੀ ਹੈ। ਪਾਰਟੀਆਂ ਦੀ ਸਮਝ ਹੈ ਕਿ ਇਸ ਜੰਗ ਵਿੱਚ ਮੱਧ ਪੂਰਬ ਲਿਪੇਟਿਆ ਜਾ ਸਕਦਾ ਹੈ।

ਪਿਛਲੇ ਦਿਨੀਂ ਇਜ਼ਰਾਈਲ ਨੇ ਗਾਜ਼ਾ 'ਤੇ ਵੱਡੇ ਪੱਧਰ 'ਤੇ ਫੌਜੀ ਅਪ੍ਰੇਸ਼ਨ ਕਰਕੇ ਫ਼ਲਸਤੀਨੀਆਂ ਨੂੰ ਗਾਜ਼ਾ 'ਚੋਂ ਕੱਢਿਆ ਹੈ ਅਤੇ ਇਹ ਅਪ੍ਰੇਸ਼ਨ ਜਾਰੀ ਹੈ। ਇਜ਼ਰਾਈਲੀ ਫੌਜਾਂ ਨੇ ਫ਼ਲਸਤੀਨੀ ਲੋਕਾਂ ਨੂੰ ਦੱਖਣ ਵੱਲ ਜਾਣ ਦੀ ਚਿਤਾਵਨੀ ਦਿੱਤੀ ਹੈ। ਇਜ਼ਰਾਈਲ ਦਾ ਆਖਣਾ ਹੈ ਕਿ ਇਹ ਅਪ੍ਰੇਸ਼ਨ ਫਲਸਤੀਨ ਦੀ ਜਥੇਬੰਦੀ ਹਮਾਸ ਨੂੰ ਖ਼ਤਮ ਕਰਨ ਵਾਸਤੇ ਹੈ। ਨਾਲ ਹੀ ਚਿਤਾਵਨੀ ਦਿੱਤੀ ਹੈ ਕਿ ਇਸ ਅਪਰੇਸ਼ਨ ਦਾ ਘੇਰਾ ਵਧਾਇਆ ਜਾ ਰਿਹਾ ਹੈ।

ਫ਼ਲਸਤੀਨੀ ਲੋਕਾਂ ਦੀ ਦੱਖਣੀ ਗਾਜ਼ਾ ਵਿੱਚ ਜਾਣ ਦੀ ਭੀੜ ਲੱਗੀ ਹੋਈ ਹੈ। ਆਵਾਜਾਈ ਦੇ ਸਾਧਨ ਵੀ ਮਾਲਕਾਂ ਨੇ ਬਹੁਤ ਮਹਿੰਗੇ ਕਰ ਦਿੱਤੇ ਹਨ। ਇਸ ਪ੍ਰਸਥਿਤੀ ਵਿੱਚ ਵੱਡੀ ਗਿਣਤੀ ਵਿੱਚ ਫ਼ਲਸਤੀਨੀ ਲੋਕ ਗਾਜ਼ਾ ਛੱਡਣ ਤੋਂ ਅਸਮਰੱਥ ਹਨ । ਇਜ਼ਰਾਈਲ ਦੀ ਫੌਜ ਦੇ ਇੱਕ ਅਫਸਰ ਅਨੁਸਾਰ ਤਿੰਨ ਲੱਖ ਤੋਂ ਵਧੇਰੇ ਲੋਕ ਇਜ਼ਰਾਈਲ ਛੱਡ ਕੇ ਜਾ ਚੁੱਕੇ ਹਨ।ਇਜ਼ਰਾਈਲ ਦਾ ਫੈਸਲਾ ਹੈ ਕਿ ਫਲਸਤੀਨ 'ਤੇ ਪੂਰਨ ਰੂਪ ਵਿੱਚ ਕਬਜ਼ਾ ਵੀ ਕੀਤਾ ਜਾਵੇ ਅਤੇ ਹਮਾਸ ਦੇ ਕਬਜ਼ੇ ਵਿੱਚ ਜਿਹੜੇ ਇਜ਼ਰਾਈਲੀ ਨਾਗਰਿਕ ਹਨ, ਉਹ ਵੀ ਛੁਡਾਏ ਜਾਣ।

ਇਜ਼ਰਾਈਲ ਤੇ ਫਲਸਤੀਨ ਦੇ ਯੁੱਧ ਬਾਰੇ ਅਮਰੀਕਾ ਦਾ ਰਾਸ਼ਟਰਪਤੀ ਟਰੰਪ ਭਾਵੇਂ ਇਹ ਕਹਿ ਰਿਹਾ ਹੈ ਕਿ ਇਜ਼ਰਾਈਲ ਨੂੰ ਇਹ ਜੰਗ ਬੰਦ ਕਰਨੀ ਚਾਹੀਦੀ ਹੈ, ਪਰ ਪੜਦੇ ਪਿੱਛੇ ਇਜ਼ਰਾਈਲ ਦੀ ਮਦਦ ਕਰ ਰਿਹਾ ਹੈ। ਇਜ਼ਰਾਈਲ ਸੰਯੁਕਤ ਰਾਸ਼ਟਰ ਦੇ ਫੈਸਲਿਆਂ ਨੂੰ ਵੀ ਟਿੱਚ ਸਮਝਦਾ ਹੈ। ਇਹ ਕੰਮ ਇਜ਼ਰਾਈਲ ਅਮਰੀਕਾ ਤੋਂ ਬਗੈਰ ਕਰ ਹੀ ਨਹੀਂ ਸਕਦਾ।ਇਜ਼ਰਾਈਲ ਵੱਲੋਂ ਫਲਸਤੀਨ ਨਸਲ ਦੀ ਕੀਤੀ ਜਾ ਰਹੀ ਨਸਲਕੁਸ਼ੀ ਕੌਮਾਂਤਰੀ ਭਾਈਚਾਰੇ ਨੂੰ ਫੌਰੀ ਤੇ ਬੰਦ ਕਰਾਉਣੀ ਚਾਹੀਦੀ ਹੈ । ਕਿਤੇ ਇਹ ਨਾ ਹੋਵੇ ਕਿ ਇਹ ਜੰਗ ਅਰਬ ਵਿੱਚ ਫੈਲ ਜਾਵੇ ।

*# ਸੰਪਰਕ : 98760-78731*

# 'ਸਿੱਖਿਆ ਕ੍ਰਾਂਤੀ' ਲਈ ਸਾਂਝੇ ਯਤਨਾਂ ਦੀ ਲੋੜ

**ਮੇਜਰ ਸਿੰਘ ਨਾਭਾ**

ਸਿੱਖਿਆ ਸੁਧਾਰਾਂ ਦੀ ਗੱਲ ਪਿਛਲੇ ਕਈ ਦਹਾਕਿਆਂ ਤੋਂ ਚੱਲ ਰਹੀ ਹੈ । ਪੰਜਾਬ ਅੰਦਰ ਇਸ ਸਰਕਾਰ ਨੇ ਸਿਹਤ ਅਤੇ ਸਿੱਖਿਆ ਸੁਧਾਰ ਦੇ ਮੁੱਦੇ ਨੂੰ ਪਹਿਲ ਦੇਣ ਲਈ ਅਹਿਦ ਕੀਤਾ ਸੀ। ਸਰਕਾਰ ਨੇ 'ਸਿੱਖਿਆ ਕ੍ਰਾਂਤੀ' ਦਾ ਆਗਾਜ਼ ਕੀਤਾ ਹੈ। ਅਗਲੇ ਦੋ ਸਾਲਾਂ ਵਿੱਚ ਅਧਿਆਪਕਾਂ ਦੀ ਸੇਵਾ-ਮੁਕਤੀ ਵੱਡੀ ਗਿਣਤੀ ਵਿੱਚ ਹੋਣ ਜਾ ਰਹੀ ਹੈ , ਉਸ ਨਾਲ ਹੋਰ ਪੋਸਟਾਂ ਖਾਲੀ ਹੋ ਜਾਣੀਆਂ ਹਨ । ਤਾਜ਼ਾ ਸਥਿਤੀ ਮੁਤਾਬਕ 'ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ' ਨੇ ਅੰਕੜੇ ਜਾਰੀ ਕਰ ਦੱਸਿਆ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੇ ਕੁਲ 1927 ਪ੍ਰਿੰਸੀਪਲਾਂ ਵਿੱਚੋਂ 943 ਹੀ ਪ੍ਰਿੰਸੀਪਲ ਕੰਮ ਕਰ ਰਹੇ ਹਨ । ਇਸ ਤਰ੍ਹਾਂ ਤਕਰੀਬਨ 51 ਪ੍ਰਤੀਸ਼ਤ ਸਕੂਲ ਪ੍ਰਿੰਸੀਪਲਾਂ ਤੋਂ ਸੱਖਣੇ ਹੋਣ ਕਰਕੇ ਸੀਨੀਅਰ ਅਧਿਆਪਕ ਹੀ ਸਕੂਲ ਮੁਖੀ ਦੀ ਜ਼ਿੰਮੇਵਾਰੀ ਨਿਭਾ ਰਹੇ ਹਨ ਅਤੇ ਰੈਗੂਲਰ ਪ੍ਰਿੰਸੀਪਲਾਂ ਨੂੰ ਕਈ ਕਈ ਸਕੂਲਾਂ ਦੀਆਂ ਡੀ ਡੀ ਓ ਪਾਵਰਜ਼ ਦਿੱਤੀਆਂ ਹੋਈਆਂ ਹਨ । ਇਹੋ ਜਿਹੇ ਸਕੂਲ਼ ਇੰਚਾਰਜਾਂ ਦੇ ਆਪਣੇ ਵਿਸ਼ੇ ਦੇ ਬੱਚਿਆਂ ਦੀ ਪੜ੍ਹਾਈ ਸਕੂਲ ਦੇ ਪ੍ਰਬੰਧ ਕਰਨ ਸਦਕਾ ਪ੍ਰਭਾਵਤ ਹੁੰਦੀ ਹੈ । ਮਾਨਸਾ ਜ਼ਿਲ੍ਹੇ ਵਿੱਚ ਅੰਕੜੇ ਜੋ ਦੱਸੇ ਹਨ, ਉਸ ਅਨੁਸਾਰ ਕਰੀਬ 82 ਪ੍ਰਤੀਸ਼ਤ ਪ੍ਰਿੰਸੀਪਲਾਂ ਦੀਆਂ ਆਸਾਮੀਆਂ ਖਾਲੀ ਹਨ, ਜੋ ਸਿੱਖਿਆ ਸੁਧਾਰਾਂ ਲਈ ਚਿੰਤਾ ਦਾ ਵਿਸ਼ਾ ਹੈ । ਮੁੱਖ ਅਧਿਆਪਕ ਵੀ ਹਾਈ ਸਕੂਲਾਂ ਵਿੱਚ ਪੂਰੇ ਨਹੀਂ । ਬਾਕੀ ਵਿਸ਼ਿਆਂ ਦੇ ਅਧਿਆਪਕਾਂ ਦੀ ਘਾਟ ਤਾਂ ਹੈ ਹੀ , ਇਸ ਨੂੰ ਪੂਰੀ ਕਰਨ ਲਈ ਕੋਈ ਠੋਸ ਕਦਮ ਅਜੇ ਤੱਕ ਸਰਕਾਰ ਵੱਲੋਂ ਨਹੀਂ ਚੁੱਕੇ ਗਏ, ਜਿਸ ਕਾਰਨ ਬੱਚਿਆਂ ਦੀ ਪੜ੍ਹਾਈ ਉੱਪਰ ਮਾੜਾ ਅਸਰ ਪੈਣਾ ਹੀ ਹੈ । ਬਾਕੀ ਸੁਧਾਰਾਂ ਦੀ ਗੱਲ ਤਾਂ ਅਜੇ ਦੂਰ ਹੈ। ਸਿੱਖਿਆ ਵਿਭਾਗ ਵਿੱਚ ਸੁਧਾਰਾਂ ਨੂੰ ਲੈ ਕੇ ਪਿਛਲੇ ਸਮੇਂ ਤੋਂ ਨਵੇਂ-ਨਵੇਂ ਤਜਰਬੇ ਕੀਤੇ ਜਾ ਰਹੇ ਹਨ, ਪਰ ਕੋਈ ਵਧੀਆ ਨਤੀਜੇ ਸਾਹਮਣੇ ਨਹੀਂ ਆਏ । ਜਦੋਂ ਕਿਸੇ ਵਿਭਾਗ ਦਾ ਮੁਖੀ ਇਮਾਨਦਾਰ ਕੁਸ਼ਲ ਪ੍ਰਬੰਧਕ ਆ ਜਾਵੇ ਤਾਂ ਬਹੁਤ ਸਾਰੇ ਮਸਲੇ ਆਪਣੇ ਆਪ ਹੱਲ ਹੋ ਜਾਂਦੇ ਹਨ। ਸਕੂਲ ਪੱਧਰ ਦੀ ਗੱਲ ਕਰੀਏ ਤਾਂ ਸਕੂਲ ਮੁਖੀ ਦੀਆਂ ਜ਼ਿੰਮੇਵਾਰੀਆਂ ਵੀ ਘੱਟ ਨਹੀਂ । ਸਕੂਲ ਦੇ ਸਾਰੇ ਸਟਾਫ ਨੂੰ ਜਿਹੜਾ ਸਕੂਲ ਮੁਖੀ ਆਪਣੇ ਨਾਲ ਲੈ ਕੇ ਚਲਦਾ ਹੈ, ਉਹ ਸਕੂਲ ਦੇ ਸਟਾਫ ਨੂੰ ਪੜ੍ਹਾਈ ਦਾ ਵਧੀਆ ਮਾਹੌਲ ਦੇ ਸਕਦਾ ਹੈ।

ਬਹੁਤ ਸਾਰੇ ਸਕੂਲ ਮੁਖੀ ਬਹੁਤ ਸਿਆਣਪ ਨਾਲ ਸਾਰੇ ਸਟਾਫ ਨੂੰ ਨਾਲ ਲੈ ਕੇ ਸਕੂਲ ਦੀ ਬਿਹਤਰੀ ਲਈ ਸਾਰੇ ਕੰਮ ਸਮੇਂ ਸਿਰ ਕਰਦੇ ਹਨ । ਅਧਿਆਪਕਾਂ ਦੇ ਏ ਸੀ ਪੀ ਕੇਸ, ਪਰਖ ਸਮਾਂ, ਕਨਫਰਮੇਸ਼ਨ ਕੇਸ ਆਦਿ ਸਕੂਲ ਪੱਧਰ 'ਤੇ ਨਿਪਟਾਰਾ ਕਰਨ ਲਈ ਸਕੂਲ ਮੁਖੀਆਂ ਨੂੰ ਸ਼ਕਤੀਆਂ ਦੇ ਦਿੱਤੀਆਂ ਗਈਆਂ ਹਨ , ਇਹ ਸਾਰਾ ਕੁਝ ਸਕੂਲ ਮੁਖੀ ਦੇ ਹੋਣ ਸਦਕਾ ਹੀ ਆਸਾਨੀ ਨਾਲ ਹੋ ਸਕੇਗਾ । ਇੱਕ ਕੁਸ਼ਲ ਸਕੂਲ ਮੁਖੀ ਸਮੇਂ ਸਿਰ ਪਹਿਲ ਦੇ ਆਧਾਰ 'ਤੇ ਆਪਣੀ ਜ਼ਿੰਮੇਵਾਰੀ ਸਮਝ ਕੇ ਸਾਰੇ ਕੰਮ ਕਰਦਾ ਹੈ, ਕਿਉਂ ਕਿ ਇਹ ਕੰਮ ਕਰਨੇ ਤਾਂ ਪੈਣੇ ਹੀ ਹਨ ਤਾਂ ਫੇਰ ਲੇਟ ਕਿਉਂ ਕੀਤਾ ਜਾਵੇ।

ਬਹੁਤ ਸਾਰੇ ਸਕੂਲਾਂ ਵਿੱਚ ਲੇਡੀ ਸਕੂਲ ਮੁਖੀ ਜੈਂਟਸ ਸਕੂਲ਼ ਮੁਖੀਆਂ ਤੋਂ ਵੀ ਵਧੀਆ ਕੰਮ ਕਰ ਰਹੇ ਹਨ। ਸ.ਸ.ਸ.ਸ. ਦੰਦਰਾਲਾ ਢੀਂਡਸਾ (ਪਟਿਆਲਾ) ਵਿਖੇ ਸਕੂਲ਼ ਕਈ ਵਾਰ ਜਾਣ ਦਾ ਮੌਕਾ ਮਿਲਿਆ, ਇਥੇ ਪ੍ਰਿੰਸੀਪਲ ਦੀ ਪੋਸਟ ਖਾਲੀ ਹੈ , ਸਕੂਲ ਦੀ ਸੀਨੀਅਰ ਲੈਕਚਰਾਰ ਦਲਜੀਤ ਕੌਰ ਸਕੂਲ ਨੂੰ ਵਧੀਆ ਤਰੀਕੇ ਨਾਲ ਚਲਾ ਰਹੇ ਹਨ । ਉਨ੍ਹਾ ਸਕੂਲ ਦੇ ਬੱਚਿਆਂ ਲਈ 'ਮੇਰਾ ਸਕੂਲ ਵੈੱਲਫੇਅਰ ਸੋਸਾਇਟੀ' ਦੰਦਰਾਲਾ ਢੀਂਡਸਾ ਦੇ ਸਹਿਯੋਗ ਨਾਲ ਸਾਰੇ ਬੱਚਿਆਂ ਨੂੰ ਸਰਦੀ ਤੋਂ ਬਚਣ ਲਈ ਜੈਕਟਾਂ ਦੇਣ, ਗਰੀਬ ਬੱਚਿਆਂ ਦੀ ਫੀਸ਼ ਮੁਆਫ ਕਰਨਾ , ਸਕੂਲ 'ਚ ਸਵੇਰ ਦੀ ਸਭਾ ਲਈ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਤੋਂ ਗ੍ਰਾਂਟ ਜਾਰੀ ਕਰਵਾ ਸ਼ੈੱਡ ਬਣਵਾਉਣਾ , ਸਕੂਲ ਦੇ ਗੇਟ ਦਾ ਨਵੀਨੀਕਰਨ , ਸਾਲਾਨਾ ਫੰਕਸ਼ਨ 'ਚ ਟਾਪਰ ਬੱਚਿਆਂ ਨੂੰ ਇਨਾਮ ਦੇਣਾ, ਅਧਿਆਪਕ ਦਿਵਸ 'ਤੇ ਸਾਰੇ ਅਤੇ ਸੇਵਾ ਮੁਕਤ ਅਧਿਆਪਕਾਂ ਦਾ ਵਿਸ਼ੇਸ਼ ਸਨਮਾਨ ਕਰਨਾ , ਸਕੂਲ ਮੈਗਜ਼ੀਨ ਪ੍ਰਕਾਸ਼ਤ ਕਰਨ ਵਰਗੇ ਕੰਮ ਕਰ ਕੇ ਆਪਣੀ ਕਾਬਲੀਅਤ ਦਾ ਸਬੂਤ ਦਿੱਤਾ ਹੈ , ਫਿਰ ਕਿਉਂ ਨਹੀਂ ਇਹੋ ਜਿਹੇ ਸੀਨੀਅਰ ਅਧਿਆਪਕਾਂ ਨੂੰ ਤਰੱਕੀ ਦੇ ਕੇ ਸਕੂਲ ਮੁਖੀ ਬਣਾਇਆ ਜਾਂਦਾ ? ਚੰਗਾ ਸਕੂਲ ਮੁਖੀ ਹਮੇਸ਼ਾ ਸਟਾਫ ਅਤੇ ਪਿੰਡ ਵਾਸੀਆਂ ਨਾਲ ਸਾਜ਼ਗਾਰ ਸਬੰਧ ਬਣਾ ਕੇ ਸਕੂਲ ਅਤੇ ਬੱਚਿਆਂ ਦੀ ਭਲਾਈ ਦੇ ਕੰਮ ਕਰ ਸਕਦਾ ਹੈ। ਮੇਰੇ ਕੁਲੀਗ ਰਹੇ ਨਵ-ਨਿਯੁਕਤ ਮੁੱਖ ਅਧਿਆਪਕ ਕੁਲਵੀਰ ਸਿੰਘ ਸ.ਹ.ਸ. ਰਾਜਪੁਰਾ (ਸੰਗਰੂਰ) ਨੇ ਵੀ ਖੇਡਾਂ ਅਤੇ ਪੜ੍ਹਾਈ ਪੱਖੋਂ ਥੋੜ੍ਹੇ ਜਿਹੇ ਸਮੇਂ ਵਿੱਚ ਸਕੂਲ ਦੀ ਦਿੱਖ ਬਦਲ ਦਿੱਤੀ। ਉਹ ਉਂਝ ਵੀ ਹਰ ਪੱਖੋਂ ਜਾਗਰੂਕ ਹਨ, ਜਿਹੜੀਆਂ ਐਕਟੀਵਿਟੀਜ਼ ਆਮ ਸਕੂਲ ਨਹੀਂ ਕਰਾਉਂਦੇ ,ਉਹ ਕਰਵਾ ਕੇ ਬੱਚਿਆਂ ਅੰਦਰ ਨਵਾਂ ਜਜ਼ਬਾ ਭਰ ਦਿੰਦੇ ਹਨ। ਇਸੇ ਤਰ੍ਹਾਂ ਹੀ ਮੇਰੇ ਦੋਸਤ ਮਾ: ਭਗਵਾਨ ਹਾਂਸ ਦੀ ਬੇਟੀ ਸਿੱਧੀ ਭਰਤੀ ਰਾਹੀਂ ਛੋਟੀ ਉਮਰੇ ਪ੍ਰਿੰਸੀਪਲ ਬਣ ਕੇ ਬੜੀ ਕਾਬਲੀਅਤ ਨਾਲ ਸ.ਸ.ਸ.ਸ. ਘਾਬਦਾਂ (ਸੰਗਰੂਰ) ਵਿਖੇ ਆਪਣੀਆਂ ਸਕੂਲ ਪ੍ਰਤੀ ਸੇਵਾਵਾਂ ਤੋਂ ਇਲਾਵਾ ਬਲਾਕ ਨੋਡਲ ਅਫਸਰ ਦੀ ਸੇਵਾ ਵੀ ਸੁਚੱਜੇ ਢੰਗ ਨਾਲ ਨਿਭਾ ਰਹੀ ਹੈ। ਹੋਰ ਨਵੇਂ ਸਕੂਲ ਮੁਖੀ ਵੀ ਤਕਰੀਬਨ ਵਧੀਆ ਸੇਵਾਵਾਂ ਨਿਭਾ ਰਹੇ ਹਨ । ਇਸ ਲਈ ਨਵੇਂ ਸਕੂਲ ਮੁਖੀਆਂ ਦੀ ਤਰੱਕੀ ਜਾਂ ਸਿੱਧੀ ਭਰਤੀ ਨਾਲ ਭਰਤੀ ਕਰਕੇ ਪੰਜਾਬ ਦੇ ਸਾਰੇ ਸਕੂਲਾਂ ਨੂੰ ਸਕੂਲ ਮੁਖੀ ਦੇ ਕੇ ਸਿੱਖਿਆ ਦੇ ਮਿਆਰ ਨੂੰ ਸੱਚਮੁੱਚ ਉੱਚਾ ਚੁੱਕਿਆ ਜਾਵੇ । ਸਿੱਖਿਆ ਕ੍ਰਾਂਤੀ ਤਾਂ ਹੀ ਸੰਭਵ ਹੋਵੇਗੀ, ਜੇ ਸਕੂਲਾਂ ਅੰਦਰ ਸਭ ਤੋਂ ਪਹਿਲਾਂ ਸਾਰਾ ਸਟਾਫ ਭਰਤੀ ਕਰਕੇ ਪੂਰਾ ਕੀਤਾ ਜਾਵੇਗਾ, ਨਾਅਰੇ ਦੇਣ ਨਾਲ ਕੁਝ ਨਹੀਂ ਸੰਵਰਨਾ।

**# ਸੰਪਰਕ : 94635-53962**

# ਪਰਵਾਸ ਦੀ ਦਹਿਲੀਜ਼ ਤੇ ਖਾਲੀ ਹੋਇਆ ਆਲ੍ਹਣਾ



ਪ੍ਰੋ: ਪੁਸ਼ਪਿੰਦਰ ਸਿੰਘ ਗਿੱਲ
ਬਲਜੀਤ ਬੱਲ

ਘਰ ਦੀ ਦਹਿਲੀਜ਼ ਹੀ ਦੱਸ ਦਿੰਦੀ ਹੈ.. ਵਿਹੜੇ ਦੇ ਭਾਗ...ਹੁਣ ਘਰ ਦੀ ਟੈਂਕੀ ਦੱਸਦੀ ਹੈ ਘਰ ਦੀ ਉਦਾਸ ਦਾਸਤਾਨ.. ਰੁੱਗ ਭਰਦਾ ਇਹ ਗੱਲ ਕਰਨ ਲੱਗਿਆ.. ਸੋਚਦੇ ਹਾਂ ਅਸੀਂ ਕੀ ਤਰੱਕੀ ਕੀਤੀ ?

ਇਹ ਕਿਹੜੀ ਤਰੱਕੀ ਹੈ.. ?

ਹੰਝੂਆਂ ਦੇ ਮੁੱਲ ਤੇ.. ਵਿਛੋੜਿਆ ਦੀ ਸੱਲ ਤੇ ਲਈ.... ?

ਨਹੀਂ, ਸਾਡਾ ਸੱਚ ਸਾਥੋਂ ਪੁੱਛੋ...'ਘਰ ਕੰਧਾਂ ਦੇ ਨਹੀਂ ਭਾਵਨਾਵਾਂ ਦੇ ਹੁੰਦੇ ਨੇ' ਘਰ ਇੱਕ ਉਡੀਕ ਹੁੰਦੀ..

ਹੁਣ ਬਾਰ ਚੀਕ ਸੁਣ ਹੱਸਦਾ ਨਹੀਂ, ਹੌਂਕੇ ਭਰਦਾ...ਦਰ-ਦਰਵਾਜ਼ੇ ਉਡੀਕਦੇ ਜੰਗਾਲ ਨੇ ਖਾ ਲਏ, ਪੰਜਾਬ ਦੇ ਹੱਸਦੇ-ਵੱਸਦੇ ਕੱਚੀਆਂ ਕੰਧਾਂ ਵਾਲੇ ਪਿੰਡਾਂ ਤੋਂ ਤੁਰ ਸ਼ਹਿਰ ਦੇ ਆਲੀਸ਼ਾਨ ਵਿਲੇ ਇੱਕੋ ਜਿਹੀ ਚੁੱਪ ਨਾਲ ਉਦਾਸ ਨੇ..। ਬੱਚਿਆਂ ਦੀਆਂ ਕਿਲਕਾਰੀਆਂ ਤੋਂ ਸੱਖਣੇ, ਬਜ਼ੁਰਗਾਂ ਦੀਆਂ ਸੱਥ ਵਿਚਲੀਆਂ ਮਸ਼ਕਰੀਆਂ ਤੋਂ ਵਾਂਝੇ.. ਜੋ ਸਾਰੇ ਪਿੰਡ ਦੀ ਸ਼ਾਨ ਹੋਇਆ ਕਰਦੇ ਸਨ.. ਸੁੰਨਸਾਨ ਹੀ ਨਹੀਂ ਸਿਵਿਆਂ ਵਰਗੀ ਚੁੱਪ ਦੀ ਪੁਕਾਰ ਨੇ.. ਰਸੋਈਆਂ ਦੀਆਂ ਮਹਿਕਾਂ,.. ਮਹਿਕਾਂ ਦੀ ਆਂਢ.. ਗੁਆਂਢ ਨਾਲ ਸਾਂਝ ਸਭ ਖੁੱਸ ਗਏ ? ਇਸ ਤ੍ਰਾਸਦੀ ਦਾ ਅਮੀਰੀ-ਗਰੀਬੀ ਨਾਲ ਕੋਈ ਵਾਸਤਾ ਨਹੀ । ਇਹ ਤਾਂ ਤਰਲਾ ਹੈ ਘਰ ਦੇ ਕੋਨੇ ਵਿਚ ਬੈਠੇ ਬਜ਼ੁਰਗ ਮਾਪਿਆਂ ਦਾ, ਚੁੱਲ੍ਹੇ ਦੀ ਨੁੱਕਰ ਵਿੱਚ ਬੈਠੀ ਵਿਧਵਾ ਦੀ ਇਕੱਲਤਾ ਦਾ ਸਰਾਪ....ਖਾਲੀਪਣ ਇੱਕ ਖਲਾਅ ਨਾ ਤੇਰਾ, ਨਾ ਮੇਰਾ ...ਹਰ ਘਰ ਦੇ ਬੱਚੇ ਚੜ੍ਹਦੀ ਉਮਰੇ ਭਰੇ-ਭਰਾਏ ਘਰ ਛੱਡ ਤੁਰ ਗਏ ਪਰਦੇਸ.. ਕੋਈ ਵ ਆਵਾਜ਼ ਨਹੀਓ ਮਾਰਦਾ... ਪੁੱਤ ਵੇਖ..ਕੀਹਨੂੰ ਕਹੇ, .. ਕੌਣ ਸੁਣੇ.. ਖਲਾਅ ਵਿੱਚ ਮਾਰੀ ਆਵਾਜ਼ ਇੱਕ ਚੀਸ ਬਣਦੀ ਹੈ। ਮਰਹੂਮ ਕਵੀ ਪਾਤਰ ਹੁਰਾਂ ਦਾ ਸ਼ੇਅਰ:

'ਜੋ ਵਿਦੇਸ਼ਾਂ ਵਿਚ ਰੁਲਦੇ ਨੇ ਰੋਟੀ ਲਈ, ਉਹ ਜਦੋ ਦੇਸ਼ ਪਰਤਣਗੇ ਆਪਣੇ ਕਦੀ..ਕੁਝ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ' ਸੱਚ ਸਾਬਤ ਹੋ ਰਹੀ ਹੈ ।

ਪ੍ਰਦੇਸ਼ ਦਾ ਸਰਾਪ ਪੰਜਾਬ ਲੰਮੇ ਸਮੇਂ ਤੋਂ ਹੰਢਾ ਰਿਹਾ ਹੈ । 19ਵੀਂ ਸਦੀ ਵਿੱਚ ਜਲਾਵਤਨ ਭਾਈ ਮਹਾਰਾਜਾ ਸਿੰਘ ਤੋਂ ਲੈ ਕੇ ਕੈਨੇਡਾ ਵਿੱਚ ਰੇਲ ਮਾਰਗ ਬਣਾਉਣ ਲਈ ਸਮੁੰਦਰ ਪਾਰ ਕਰਨ ਵਾਲੇ ਮਜ਼ਦੂਰਾਂ ਅਤੇ ਆਸਟਰੇਲੀਆ ਜਾਣ ਵਾਲੇ ਵਿਦਿਆਰਥੀਆਂ ਤੱਕ ਪ੍ਰਵਾਸ ਇੱਕ ਰਸਮ ਬਣ ਗਿਆ ਹੈ । 2016 ਤੋਂ 2021 ਤੱਕ ਲਗਭਗ ਇੱਕ ਮਿਲੀਅਨ ਪੰਜਾਬੀ ਚਲੇ ਗਏ, ਹਰ ਘਰ ਵਿੱਚੋਂ ਇੱਕ ਵਿਅਕਤੀ ਵਿਦੇਸ਼ ਵਿੱਚ ਭਵਿੱਖ ਦੀ ਭਾਲ ਕਰ ਰਿਹਾ ਹੈ।

ਦੁਆਬਾ, ਮਾਲਵਾ, ਇਸ ਤ੍ਰਾਸਦੀ ਦਾ ਸ਼ਿਕਾਰ ਹੈ, ਮਾਝੇ ਨੂੰ ਵੀ ਅਸੀਂ ਅੱਖੋਂ-ਪਰੋਖੇ ਨਹੀਂ ਕਰ ਸਕਦੇ, ਉਹ ਧਰਤੀ ਜਿਹਨੇ ਸਾਰੇ ਜ਼ਖਮਾਂ ਦੀ ਮਾਰ ਖਾਧੀ । ਬੇਸ਼ੱਕ ਸਾਡੀਆਂ ਸ਼ਾਖਵਾ ਮਹਾਂਦੀਪਾਂ ਵਿੱਚ ਫੈਲੀਆਂ ਹੋਈਆਂ ਹਨ, ਸੁਪਨੇ ਆਪਣੀ ਜੰਮਣ ਭੋਇੰ ਦੇ ਨੇ।

ਬਹੁਤ ਪਰਵਾਰਾਂ ਲਈ ਇਹ ਕੂਚ ਮਾਣ ਵੀ ਲਿਆਉਂਦਾ ਹੈ, ਬੱਚੇ ਡਿਗਰੀਆਂ ਪ੍ਰਾਪਤ ਕਰ, ਕੈਰੀਅਰ ਬਣਾ ਮਾਣਮੱਤੀਆਂ ਨੌਕਰੀਆਂ ਕਰਦੇ ਹਨ, ਬਿਜ਼ਨਸ ਕਰਦੇ ਹਨ, ਡਾਲਰਾਂ ਨੂੰ ਰੁਪਈਏ ਬਣਾ ਪੰਜਾਬੀ ਦੇ ਆਧੁਨਿਕ ਸਾਧਨ, ਮਖਮਲੀ ਟਾਈਲਾਂ, ਉੱਚੇ ਗੇਟ ਆਲੀਸ਼ਾਨ ਕਲੱਬਾਂ ਦੀ ਦਿੱਖ ਬਾਹਰੀ ਖੁਸ਼ੀ ਤਾਂ ਦਿੰਦੀ ਹੈ, ਪਰ ਅੰਦਰ ਪਲ ਦੇ ਖਲਾਅ ਨੂੰ ਡੂੰਘਾ ਕਰਦੇ ਹਨ। ਮਾਪੇ ਚੌਕੀਦਾਰ ਬਣ ਜਾਂਦੇ, ਅੱਖਾਂ ਚ ਉੱਤਰ ਆਉਂਦਾ ਹੈ ਉਡੀਕ ਦਾ ਮੋਤੀਆ। ਜ਼ਰਾ ਝਾਤੀ ਮਾਰੋ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਗਿੱਲਚੀਆਂ ਦੀ, 10 ਵਿੱਚੋਂ ਸੱਤ ਘਰਾਂ ਨੂੰ ਲਟਕਦਾ ਤਾਲਾ ਉਡੀਕਦਾ ਹੈ । ਰਮੀਦੀ ਵਿੱਚ ਬਹੁਤ ਕਰੋੜੀ ਹਵੇਲੀਆਂ 'ਤੇ ਬਣੇ ਹਵਾਈ ਜਹਾਜ਼ ਦੀਆਂ ਪ੍ਰਤੀਕਿਰਤੀਆਂ ਉਡਾਨ ਦੀ ਵਾਟ ਲੱਭਦੀਆਂ ਨੇ, ਬਜ਼ੁਰਗਾਂ ਨੂੰ ਤਾਂ ਘਰ ਭੂਤ ਬੰਗਲੇ ਲੱਗਦੇ ਨੇ। ਸੌਖੇ ਸੀ ਉਹ ਵੇਲੇ, ਜਦੋਂ ਇੱਕ ਵਿਹੜੇ 'ਚ ਬਹਿ ਬਾਪੂ ਦੀਆਂ ਝਿੜਕਾਂ, ਮਾਂ ਦੀ ਰਸੋਈ ਦੀਆਂ ਪੱਕੀਆਂ ਮੋਹ ਦੀਆਂ ਰੋਟੀਆਂ, ਨਾਲ ਹਾਰੇ ਦੀ ਰਿੱਧੀ ਦਾਲ ਖਾਂਦੇ ਸੀ, ਇਹ ਹੱਥੀਂ ਸਹੇੜਿਆ ਉਜਾੜਾ ਨਹੀਂ ਤਾਂ ਹੋਰ ਕੀ ਹੈ।

ਚੱਲ ਇੱਕ ਝਾਤ ਮਾਰਦੇ ਹਾਂ ਆਪਣੇ ਸਾਂਝੇ ਦਿਵਾਲੀ, ਦੁਸਹਿਰੇ ਤੇ ਵਿਸਾਖੀਆਂ ਦੀ, ਗੱਭਰੂਆਂ ਦੀਆਂ ਟੀਮਾਂ ਪਿੰਡਾਂ ਦੀਆਂ ਛਿੰਝਾਂ ਦੀ, ਵਿਆਹ ਦੀਆਂ ਘੋੜੀਆਂ, ਸੁਹਾਗਾਂ ਦੀ, ਜੋ ਸਾਡੀ ਇੱਕਜੁੱਟਤਾ ਦੀ ਮਿਸਾਲ ਸੀ, ਹੁਣ ਨਵੇਂ ਉਭਰੇ ਸ਼ਬਦ ਡਿਪਰੈਸ਼ਨ ਦੀ ਗੋਦ 'ਚ ਨੇ... ਇਸ ਵਰਤਾਰੇ ਨੂੰ 'ਭਾਰਤ ਵਿੱਚ ਮਾਪੇ ਵਿਦੇਸ਼ਾਂ ਵਿੱਚ ਬੱਚੇ' ਜਾਂ ਪੀ ਆਈ ਸੀ ਏ ਇੱਕ ਮਹਿਜ਼ ਨਾਂਅ ਹੈ.. ਮਾਪੇ ਫੋਨ ਕਾਲ ਦੀ ਉਡੀਕ 'ਚ ਰਾਤ ਭਰ ਜਾਗਦੇ ਨੇ, ਖਬਰ ਸੁੱਖ-ਸਾਂਦ..ਸ਼ਾਇਦ ਇਸੇ ਤ੍ਰਾਸਦੀ 'ਚੋਂ ਆਵਾਜ਼ ਆਈ ਹੈ

*'ਤੇਰੇ ਬਿਨਾਂ ਮਾਏ ਕੋਈ ਸਿਰ ਨਹੀਂ ਪਲੋਸਦਾ' ਜਾਂ*
*'ਰੋਟੀ ਖਾਧੀ ਹੈ ਕਿ ਨਹੀਂ 'ਕੱਲੀ ਮਾਂ ਪੁੱਛਦੀ'*

ਧੀ ਹੋਵੇ ਜਾਂ ਪੁੱਤ ਹੂਕ ਤਾਂ ਸੀਨੇ 'ਚ ਉਗਮਦੀ ਹੈ । ਢਿੱਡੋਂ ਜੰਮੇ ਸੀਨੇ ਨਾਲ ਲਾ ਪਾਲੇ ਦੂਰ ਤੋਰ ਦਿੱਤੇ ਬੇਗਾਨੀ ਧਰਤੀ 'ਤੇ ਸੱਚਾਈ ਸੰਭਾਲਣੀ ਔਖੀ ਹੈ।

ਸੰਕਟ ਦੇ ਪਲ ਜਦੋਂ ਥੋੜ੍ਹੀ ਜਿਹੀ ਵੀ ਢਿੱਲ-ਮੱਠ ਹੋਵੇ, ਹਸਪਤਾਲ 'ਚ ਦਾਖਲ ਬਾਪ, ਬਿਨਾਂ ਪਰਵਾਰ ਤੋਂ ਤਿਉਹਾਰ, ਬਿਨਾਂ ਰਿਸ਼ਤਿਆਂ ਤੋਂ ਦੂਰ ਤੁਰ ਜਾਣ ਦਾ ਅਹਿਸਾਸ, ਇੱਕ ਚੀਕ ਹੈ, ਜੋ ਅੰਬਰਾਂ 'ਚ ਗੂੰਜਦੀ ਹੈ। ਇਹ ਸੱਚ ਉਸ ਵੇਲੇ ਵਲੂੰਧਰ ਦਾ ਹੈ, ਜਦੋਂ ਤੁਸੀਂ ਨਿਜ 'ਤੇ ਹੰਢਾ ਰਹੇ ਹੁੰਦੇ ਹੋ। ਤੁਰ ਗਿਆ ਨਾਲ ਅਸੀਂ ਜਾ ਨਹੀਂ ਸਕਦੇ, ਪਰ ਪਰਵਾਰ ਤੁਹਾਡੀਆਂ ਬਾਹਾਂ ਹੁੰਦੇ ਨੇ, ਇਹ ਮੇਰਾ ਨਿੱਜੀ ਦਰਦ ਹੈ। ਜਦੋਂ ਮੇਰੇ ਪਾਪਾ ਜੀ, ਜੋ ਕਿ ਬਹੁਤਿਆਂ ਦੇ ਰਾਹ ਦਸੇਰਾ ਸਾਡੇ ਲਈ ਮਿਹਨਤਾਂ ਕਰ ਉੱਚ ਕੋਟੀ ਦੇ ਵਿਦਵਾਨ ਇਸ ਦੁਨੀਆ ਤੋਂ ਰੁਖਸਤ ਹੋਏ। ਮੈਂ ਇਕੱਲਾ ਹੀ ਸਾਂ, ਭਾਵੇਂ ਹਜ਼ਾਰਾਂ ਲੋਕ ਉਸ ਮਹਾਨ ਬੁੱਧੀਜੀਵੀ ਲਈ ਸ਼ਰਧਾਂਜਲੀ ਦੇਣ ਲਈ ਆਏ। ਮੇਰੀਆਂ ਬਾਹਾਂ ਆਪਸ 'ਚ ਹੌਸਲਾ ਦੇ ਰਹੀਆਂ ਸਨ । ਬਾਪ ਤਾਂ ਮੈਂ ਤੋਰਿਆ ਚਿਖਾ ਨੂੰ ਅਗਨੀ ਲਾਉਂਦਿਆਂ ਹੰਝੂਆਂ ਦਾ ਭਾਰ ਸਹਾਰਦਿਆਂ ਲੱਭਦਾ ਸਾਂ, ਗਵਾਚੇ ਸਾਥ ਨੂੰ, ਤੁਰ ਗਏ ਸਾਵੇ ਖੜੇ ਨਜ਼ਰ ਆਏ ਅੱਜ ਵੀ ਉਹ ਖਾਲੀਪਨ ਨੂੰ ਮਹਿਸੂਸ ਕਰ ਆਪਣੇ ਅਕਸ ਨਾਲ ਖਲੋ ਜਾਂਦਾ ਹਾਂ ।

ਇਹ ਮੇਰਾ ਦਰਦ ਨਹੀਂ, ਇਹ ਹਜ਼ਾਰਾਂ ਮਾਪਿਆਂ ਦੀ ਚੀਜ ਹੈ, ਇਹ ਕਵਿਤਾ ਭਰਨ ਲਈ ਡੇ ਕੇਅਰ ਸੈਂਟਰ ਘਰੇਲੂ ਨਰਸਿੰਗ ਸਕੀਮਾਂ ਨੂੰ ਉਤਸ਼ਾਹਤ ਕੀਤਾ ਜਾ ਰਿਹਾ ਹੈ। ਕੌਣ ਭਰੂ ਜ਼ਖਮ ਮੇਰਾ, ਮੇਰੇ ਖੂਨ ਤੋਂ ਪਰਾ ਦੱਸ ਵੇ ਲੋਕਾ, ਭਾਵੇਂ ਉਜਰ ਲਈ ਪ੍ਰਵਾਸ ਅਟੱਲ ਸੱਚਾਈ ਹੀ ਸਹੀ, ਪਰ ਬਜ਼ੁਰਗਾਂ ਦੀ ਅਕਲਤਾ ਵੀ ਸਾਡੀ ਜ਼ਿੰਮੇਵਾਰੀ ਹੈ।

ਗਿਲਚੀਆਂ ਵਿੱਚ ਇੱਕ ਕਮਿਊਨਿਟੀ ਟਰੱਸਟ ਨੇ ਇਹ ਦਰਵਾਜ਼ੇ 'ਤੇ ਮੋਬਾਇਲ ਕਲੀਨਿਕ ਭੇਜਣੇ ਸ਼ੁਰੂ ਕੀਤੇ ਸਨ । ਕਪੂਰਥਲਾ, ਲੁਧਿਆਣਾ ਵਿੱਚ ਸੀਨੀਅਰ ਸਿਟੀਜ਼ਨ ਸਮੂਹ ਮਹੀਨਿਆਂ ਬਾਰੇ ਇਕੱਠਾ ਅਤੇ ਸਾਂਝੀਆਂ ਰਸੋਈਆਂ ਤੇ ਤਿਉਹਾਰਾਂ ਦੀ ਇਕਲਤਾ ਨੂੰ ਸਮੇਟਣ ਦੀ ਪਹਿਲਕਦਮੀ ਹੈ ਸਰਕਾਰ ਅਤੇ ਭਾਈਚਾਰਾ ਰਲ ਕੇ ਵਧੀਆ ਉਪਰਾਲੇ ਕਰ ਸਕਦੀ ਹੈ ਤਾਂ ਚੁਣੌਤੀ ਹੀ ਹੱਲ ਲੱਭਣ ਦੀ ਲੋੜ ਵੀ ਸੀਨੀਅਰ ਡੇ ਕੇ ਸੈਂਟਰ ਸਾਂਝਾ ਕਲੱਬ ਘਰਾਂ 'ਚ ਨਰਸਿੰਗ ਸਹੂਲਤ, ਸੱਭਿਆਚਾਰਕ ਗਤੀਵਿਧੀਆਂ, ਗਲੀਆਂ, ਵਾਰਡਾਂ ਦੀ ਸਾਂਝੀਵਾਲਤਾ ਵਿਦੇਸ਼ਾਂ 'ਚ ਬੈਠੇ ਬੱਚਿਆਂ ਦੀਆਂ ਵੀਡੀਓ ਕਾਲ ਉਹਨਾਂ ਦੇ ਸੰਪਰਕ ਨੰਬਰ ਸਾਡੀ ਸਾਂਝੀ ਜ਼ਿੰਮੇਵਾਰੀ ਹੈ । ਆਰਥਕ ਪੱਖ-ਬਜ਼ੁਰਗਾਂ ਦੀ ਪੈਨਸ਼ਨ, ਬੀਮਾ ਯੋਜਨਾ, ਐਮਰਜੈਂਸੀ ਸਹਾਇਤਾ ਮਿਲਣੀ ਚਾਹੀਦੀ ਹੈ। ਗੱਲ ਤਾਂ ਮੁੱਕਦੀ ਹੈ ਜੇ ਸਾਂਭ ਲਈਏ ਤੁਰੀ ਜਾਂਦੀ ਜਵਾਨੀ ਨੂੰ ਰੋਜ਼ਗਾਰ ਦੇ ਮੌਕੇ ਪੈਦਾ ਕਰੀਏ। ਸਹੀ ਸੇਧ ਦੇਈਏ, ਮਾਪਿਆਂ ਦੇ ਹੰਝੂ ਤਾਂ ਹੀ ਸੁੱਕਣਗੇ, ਨਹੀਂ ਮੁੱਕਣਗੇ ਦਰਦ ਵਿਦੇਸ਼ਾਂ ਦੇ ਬੇਦਰਦ ਜਿਹੀਆਂ ਹਵਾਵਾਂ ਸਾਡੇ ਖ਼ੂਬਸੂਰਤ ਸੁਪਨਿਆਂ ਨੂੰ ਸਮੇਟ ਰਹੀਆਂ ਨੇ...ਲੋੜ ਹੈ ਆਲ੍ਹਣਿਆਂ ਨੂੰ ਸੰਭਾਲ ਬੁੱਢੇ ਦਾਦਾ-ਦਾਦੀ, ਵਿਧਵਾ ਮਾਵਾਂ ਦੀ ਉਡੀਕ ਨੂੰ ਮੁਕਾ ਇਨ੍ਹਾਂ ਦੇ ਹੱਥਾਂ 'ਚ ਗੁਲਦਸਤਿਆਂ ਦੀ ਜਗ੍ਹਾ ਘੁੱਟ ਸੀਨੇ ਨਾਲ ਲਾਉਣ ਦੀ ਸਾਡੀ ਅਸਲ ਜ਼ਮੀਰ ਸਾਡੇ ਮਾਪੇ...

'ਤੜਪ ਹੈ ਮੇਰੇ ਅੰਦਰ ਤੇਰੀ ਆਮਦ ਦੀ
ਤੂੰ ਪੁੱਤ ਕਦੇ ਤੂੰ ਧੀ, ਕਦੇ ਤੂੰ ਵੀਰ,ਬਣ ਬੂਹਾ ਖੜਕਾ
ਮੇਰੇ ਸੀਨੇ ਦੀ ਚੀਸ ਨੂੰ ਕੋਈ ਗੱਲ ਸੁਣਾ
ਮੁੜ ਆ ਵਤਨਾਂ ਨੂੰ......।'

ਆਲ੍ਹਣਾ ਬਚਾ ਲਓ ਭੀੜਾਂ ਹੀ ਨਹੀਂ, ਪੀੜਾਂ ਵੀ ਨੇ ਟੁੱਟਦੇ ਆਲ੍ਹਣਿਆਂ ਦੀਆਂ....।

**# ਸੰਪਰਕ : 98146-01140**

23-SEP-PAGE-5.qxd 9/22/2025 9:20 PM Page 1



# ਸਰਕਾਰ ਦੀਆਂ ਨੀਤੀਆਂ ਤੇ ਢਿੱਲੀ ਕਾਰਗੁਜ਼ਾਰੀ ਕਾਰਨ ਕਿਸਾਨ ਪ੍ਰੇਸ਼ਾਨ

## ਗਿਰਦਾਵਰੀ 'ਚ ਦੇਰੀ ਕਾਰਨ ਕਿਸਾਨਾਂ 'ਚ ਰੋਸ : ਮੋਹਿਤ ਮਹਿੰਦਰਾ



ਪਟਿਆਲਾ (ਰਾਜਿੰਦਰ ਸਿੰਘ ਥਿੰਦ)
ਹਾਲ ਹੀ ਦੇ ਹੜ੍ਹਾਂ ਕਾਰਨ ਹੋਈ ਬੇਹਿਸਾਬ ਤਬਾਹੀ ਦਾ ਦੁੱਖ ਸਹਿਣ ਕਰ ਰਹੇ ਪੰਜਾਬ ਦੇ ਕਿਸਾਨ ਅਜੇ ਵੀ ਸਰਕਾਰ ਦੀਆਂ ਨੀਤੀਆਂ ਤੇ ਢਿੱਲੀ ਕਾਰਗੁਜ਼ਾਰੀ ਕਾਰਨ ਪ੍ਰੇਸ਼ਾਨ ਹਨ।ਕਾਂਗਰਸ ਯੂਥ ਪ੍ਰਧਾਨ ਮੋਹਿਤ ਮਹਿੰਦਰਾ ਨੇ ਕਿਹਾ ਕਿ ਗਿਰਦਾਵਰੀ ਵਿੱਚ ਹੋ ਰਹੀ ਬੇਵਜ੍ਹਾ ਦੇਰੀ ਕਾਰਨ ਕਿਸਾਨਾਂ ਦੀ ਹਾਲਤ ਹੋਰ ਖ਼ਰਾਬ ਹੋ ਰਹੀ ਹੈ।ਜਿਹੜੇ ਕਿਸਾਨ ਆਪਣੀਆਂ ਫਸਲਾਂ ਗਵਾ ਬੈਠੇ ਹਨ, ਉਹ ਅੱਜ ਸਰਕਾਰ ਵੱਲੋਂ ਮੁਆਵਜ਼ੇ ਦੀ ਉਮੀਦ ਵਿੱਚ ਨਿਰਾਸ਼ ਹੋ ਕੇ ਘਰ ਬੈਠੇ ਹਨ।
ਉਨ੍ਹਾਂ ਦੱਸਿਆ ਕਿ ਮਾਨ ਸਰਕਾਰ ਵੱਲੋਂ ਹਾਲੇ ਤੱਕ ਗਿਰਦਾਵਰੀ ਪੂਰੀ ਨਹੀਂ ਹੋਈ ਤੇ ਮੁਆਵਜ਼ੇ ਦਾ ਸਿਰਫ਼ ਵਾਅਦਾ ਹੀ ਕੀਤਾ ਗਿਆ ਹੈ।ਮਹਿੰਦਰਾ ਨੇ ਸਪੱਸ਼ਟ ਕਿਹਾ ਕਿ ਪਹਿਲਾਂ ਫਸਲਾਂ ਦਾ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ, ਨਾ ਕਿ ਬੱਕਰੀਆਂ ਤੇ ਮੁਰਗੀਆਂ ਵਰਗੀਆਂ ਛੋਟੀਆਂ ਚੀਜ਼ਾਂ ਦੇ ਨੁਕਸਾਨ ਦਾ ਪੈਸਾ ਬਾਅਦ ਵਿੱਚ।ਉਨ੍ਹਾਂ ਅੰਕੜੇ ਦੱਸਦੇ ਹੋਏ ਕਿਹਾ ਕਿ ਜਿਨ੍ਹਾਂ ਕਿਸਾਨਾਂ ਦੀ ਕੁਝ ਜ਼ੀਰੀ ਦੀ ਫਸਲ ਬਚੀ ਵੀ ਹੈ, ਉਹ ਸਿਰਫ਼ 30 ਫ਼ੀਸਦੀ ਦੇ ਕਰੀਬ ਹੈ।ਇਸ ਕਰਕੇ ਕਿਸਾਨਾਂ ਦੀ ਆਰਥਿਕ ਹਾਲਤ ਦਿਨੋਂ-ਦਿਨ ਬੇਹਾਲ ਹੋ ਰਹੀ ਹੈ।
ਮਹਿੰਦਰਾ ਨੇ ਦੋਸ਼ ਲਾਇਆ ਕਿ ਮਾਨ ਸਰਕਾਰ ਕਿਸਾਨਾਂ ਨੂੰ ਅਸਲ ਰਾਹਤ ਦੇਣ ਦੀ ਬਜਾਏ ਸਿਰਫ਼ ਸਮਾਂ ਟਪਾ ਰਹੀ ਹੈ।ਉਨ੍ਹਾਂ ਕਿਹਾ ਕਿ ਕਿਸਾਨਾਂ ਦੀਆਂ ਗੱਲਾਂ ਸੁਣਨ ਦੀ ਬਜਾਏ ਸਰਕਾਰ ਇਸ਼ਤਿਹਾਰਾਂ ਤੇ ਦਿੱਲੀ ਆਕਾਵਾਂ ਨੂੰ ਖ਼ੁਸ਼ ਕਰਨ ਵਿੱਚ ਜ਼ਿਆਦਾ ਰੁਚੀ ਲੈ ਰਹੀ ਹੈ।ਇਸ ਕਰਕੇ ਪਿੰਡ ਪੱਧਰ 'ਤੇ ਕਿਸਾਨਾਂ ਦੇ ਮਨ ਵਿੱਚ ਬੇਚੈਨੀ ਵਧ ਰਹੀ ਹੈ ਤੇ ਲੋਕਾਂ ਵਿੱਚ ਭਰੋਸਾ ਟੁੱਟ ਰਿਹਾ ਹੈ।ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਜਲਦੀ ਹੀ ਕਿਸਾਨਾਂ ਨੂੰ ਪੂਰਾ ਮੁਆਵਜ਼ਾ ਨਾ ਦਿੱਤਾ ਤਾਂ ਇਹ ਮਾਨ ਸਰਕਾਰ ਲਈ ਵੱਡਾ ਮੁੱਦਾ ਬਣੇਗਾ।ਉਨ੍ਹਾਂ ਸਰਕਾਰ ਨੂੰ ਸਾਫ਼ ਸੁਨੇਹਾ ਦਿੱਤਾ ਕਿ ਕਿਸਾਨਾਂ ਨੂੰ ਹੋਰ ਇੰਤਜ਼ਾਰ ਨਾ ਕਰਵਾਇਆ ਜਾਵੇ ਤੇ ਤੁਰੰਤ ਗਿਰਦਾਵਰੀ ਪੂਰੀ ਕਰਕੇ ਮੁਆਵਜ਼ਾ ਜਾਰੀ ਕੀਤਾ ਜਾਵੇ।

# ਕਾਂਗਰਸ ਦੀ ਬਲਾਕ ਪੱਧਰੀ ਮੀਟਿੰਗ 'ਚ ਜ਼ਿਲ੍ਹਾ ਪ੍ਰਧਾਨਗੀ 'ਤੇ ਚਰਚਾ



ਸਮਾਣਾ (ਇਕਬਾਲ ਸਿੰਘ ਬੱਲ)
ਕਾਂਗਰਸ ਪਾਰਟੀ ਦੇ ਸੰਗਠਨ ਸਿਰਜਨ ਅਭਿਆਨ ਤਹਿਤ ਸਮਾਣਾ ਵਿਖੇ ਬਲਾਕ ਪੱਧਰੀ ਜੌਹਰੀ ਬੈਂਕੁਇਟ ਵਿਖੇ ਮੀਟਿੰਗ ਕੀਤੀ ਗਈ, ਜਿਸ ਦੀ ਪ੍ਰਧਾਨਗੀ ਮਨੀਸ਼ਾ ਪਵਾਰ ਏ. ਆਈ. ਸੀ. ਸੀ. ਆਬਜ਼ਰਵਰ ਵੱਲੋਂ ਕੀਤੀ ਗਈ।ਇਸ ਦੀ ਅਗਵਾਈ ਜ਼ਿਲ੍ਹਾ ਕਾਂਗਰਸ ਦੇ ਪ੍ਰਧਾਨ ਮਹੰਤ ਹਰਵਿੰਦਰ ਖਨੌੜਾ ਤੇ ਬਲਾਕ ਕਾਂਗਰਸ ਦੇ ਪ੍ਰਧਾਨ ਮੰਗਤ ਮਵੀ ਵੱਲੋਂ ਕੀਤੀ ਗਈ।ਇਸ ਮੌਕੇ ਪੰਜਾਬ ਮਹਿਲਾ ਕਾਂਗਰਸ ਦੇ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ, ਕਿਸਾਨ ਕਾਂਗਰਸ ਦੇ ਕਨਵੀਨਰ ਰਛਪਾਲ ਸਿੰਘ ਜੌੜਾਮਾਜਰਾ ਤੇ ਸੰਦੀਪ ਸਿੰਗਲਾ ਵੀ ਸ਼ਾਮਲ ਹੋਏ।ਮੀਟਿੰਗ ਨੂੰ ਸੰਬੋਧਨ ਕਰਦਿਆਂ ਮਨੀਸ਼ਾ ਪਵਾਰ ਨੇ ਕਿਹਾ ਕਿ ਰਾਹੁਲ ਗਾਂਧੀ ਦੇ ਹੁਕਮਾਂ ਅਨੁਸਾਰ ਪੰਜਾਬ ਕਾਂਗਰਸ ਦੇ ਸਮੂਹ ਨਵੇਂ ਜ਼ਿਲ੍ਹਾ ਪ੍ਰਧਾਨ ਬਣਾਉਣ ਲਈ ਸੰਗਠਨ ਸਿਰਜਣ ਅਭਿਆਨ ਸਿਰਜਿਆ ਗਿਆ ਹੈ, ਜਿਸ ਦੇ ਲਈ ਨਵੇਂ ਜ਼ਿਲ੍ਹਾ ਪ੍ਰਧਾਨ ਦੀ ਨਿਯੁਕਤੀ ਕਾਂਗਰਸ ਦੇ ਲੀਡਰ, ਵਰਕਰਾਂ ਤੇ ਆਮ ਲੋਕਾਂ ਦੀ ਸਲਾਹ ਨਾਲ ਹੀ ਕੀਤੀ ਜਾਏਗੀ, ਜਿਸ ਨਾਲ ਕਾਂਗਰਸ ਨੂੰ ਮਜ਼ਬੂਤੀ ਮਿਲੇਗੀ।ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਬੀਬੀ ਰੰਧਾਵਾ ਨੇ ਕਿਹਾ ਕਿ ਇਸ ਅਭਿਆਨ ਪ੍ਰਤੀ ਕਾਂਗਰਸ ਪਾਰਟੀ ਦੇ ਵਰਕਰ ਹੁਣ ਜਾਗਰੂਕ ਹੋ ਚੁੱਕੇ ਹਨ ਤੇ ਅੱਜ ਸਮਾਣਾ ਦੇ ਵਰਕਰ ਕੇਂਦਰੀ ਆਬਜ਼ਰਵਰ ਨੂੰ ਆਪਣੀ ਸਲਾਹ ਜ਼ਰੂਰ ਦੇਣਗੇ।ਇਸ ਮੌਕੇ ਮਨੀਸ਼ਾ ਪਵਾਰ ਨੇ ਵਰਕਰਾਂ ਦੇ ਸੁਝਾਅ ਵੀ ਲਏ ਤੇ ਸ਼ਿਕਾਇਤਾਂ ਵੀ ਸੁਣੀਆਂ।ਬੀਬੀ ਰੰਧਾਵਾ, ਰਛਪਾਲ ਜੌੜਾਮਾਜਰਾ ਤੇ ਸਿੰਗਲਾ ਨੇ ਮੀਟਿੰਗ ਵਿੱਚ ਪਹੁੰਚੇ ਲੋਕਾਂ ਦਾ ਧੰਨਵਾਦ ਕਰਦਿਆਂ ਰਾਜਾ ਵੜਿੰਗ, ਪ੍ਰਤਾਪ ਬਾਜਵਾ, ਡਾਕਟਰ ਗਾਂਧੀ ਤੇ ਕਾਂਗਰਸੀ ਲੀਡਰਸ਼ਿਪ 'ਤੇ ਭਰੋਸਾ ਜਤਾਇਆ।ਇਸ ਮੀਟਿੰਗ ਵਿੱਚ ਰਸ਼ਮਿੰਦਰ ਸਿੰਘ ਖੇੜੀ, ਟਿੰਕਾ ਗਾਜੇਵਾਸੀਆ, ਅਸ਼ਵਨੀ ਗੁਪਤਾ, ਵਿਜੈ ਅੱਗਰਵਾਲ, ਪ੍ਰਗਟ ਚੌਂਹਠ, ਦੇਵ ਰਾਜ ਗਰਗ, ਪਵਨ ਸ਼ਾਸਤਰੀ, ਬਿੱਟੂ ਧਨੌਰੀ, ਭੁਪਿੰਦਰ ਕੌਰ, ਜਗਤਾਰ, ਮਨਦੀਪ ਚੌਹਾਨ ਹਾਜ਼ਰ ਸਨ।

# ਮੁਨੀਸ਼ ਸਿਸੋਦੀਆ ਸ੍ਰੀ ਕਾਲੀ ਦੇਵੀ ਮੰਦਰ ਵਿਖੇ ਨਤਮਸਤਕ ਹੋਏ

## ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਦੇ ਜਲਦੀ ਮੁੜ ਵਸੇਬੇ, ਮਨੁੱਖਤਾ ਦੇ ਭਲੇ, ਚੜ੍ਹਦੀ ਕਲਾ ਤੇ ਖੁਸ਼ਹਾਲੀ ਦੀ ਅਰਦਾਸ ਕਰਵਾਈ




ਪਟਿਆਲਾ (ਰਾਜਿੰਦਰ ਥਿੰਦ)
ਆਮ ਆਦਮੀ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਸ੍ਰੀ ਮਨੀਸ਼ ਸਿਸੋਦੀਆ ਨੇ ਅੱਸੂ ਦੇ ਪਹਿਲੇ ਪਾਵਨ ਨਰਾਤੇ ਮੌਕੇ ਪਟਿਆਲਾ ਦੇ ਇਤਿਹਾਸਕ ਤੇ ਪੁਰਾਤਨ ਮਾਤਾ ਸ੍ਰੀ ਕਾਲੀ ਦੇਵੀ ਮੰਦਿਰ ਵਿਖੇ ਨਤਮਸਤਕ ਹੋ ਕੇ ਸਮੁੱਚੀ ਮਨੁੱਖਤਾ ਦੇ ਭਲੇ ਤੇ ਖੁਸ਼ਹਾਲੀ ਦੀ ਅਰਦਾਸ ਕੀਤੀ ਹੈ।ਉਨ੍ਹਾਂ ਮਾਂ ਦੁਰਗਾ ਤੇ ਮਾਂ ਸ਼ੇਰਾਂਵਾਲੀ ਦੀ ਸਮੁੱਚੀ ਲੋਕਾਈ ਉਪਰ ਕਿਰਪਾ ਬਣੀ ਰਹਿਣ ਦੀ ਕਾਮਨਾ ਕਰਦਿਆਂ ਮੰਦਰ ਵਿਖੇ ਪਵਿੱਤਰ ਹਵਨ ਪੂਜਨ ਵੀ ਕਰਵਾਇਆ।ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਸ੍ਰੀ ਸਿਸੋਦੀਆ ਨੇ ਸਾਰੇ ਦੇਸ਼ ਵਾਸੀਆਂ ਨੂੰ ਅੱਸੂ ਦੇ ਪਾਵਨ ਨਵਰਾਤਰਿਆਂ ਦੀ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਨੇ ਮਹਾਂਕਾਲੀ ਮਾਂ ਦੇ ਚਰਨਾਂ ਵਿੱਚ ਪ੍ਰਾਰਥਨਾ ਕੀਤੀ ਹੈ ਕਿ ਸਭ ਦੇ ਘਰਾਂ ਵਿੱਚ ਸੁੱਖ ਸ਼ਾਂਤੀ ਰਹੇ, ਖੁਸ਼ਹਾਲੀ ਆਵੇ ਤੇ ਸਭ ਦੇ ਬੱਚੇ ਚੰਗੀ ਵਿੱਦਿਆ ਗ੍ਰਹਿਣ ਕਰਨ।
ਸ੍ਰੀ ਸਿਸੋਦੀਆ ਨੇ ਕਿਹਾ ਕਿ ਉਨ੍ਹਾਂ ਨੇ ਮਾਂ ਦੇਵੀ ਦੇ ਚਰਨਾਂ ਵਿੱਚ ਇਹ ਵੀ ਅਰਦਾਸ ਕੀਤੀ ਹੈ ਪੰਜਾਬ ਦੇ ਜਿੰਨੇ ਵੀ ਲੋਕ ਹੜ੍ਹਾਂ ਦੀ ਵੱਡੀ ਮਾਰ ਝੱਲ ਕੇ ਹਟੇ ਹਨ, ਉਨ੍ਹਾਂ ਨੂੰ ਆਪਣੀ ਜ਼ਿੰਦਗੀ ਨਵੇਂ ਸਿਰੇ ਤੋਂ ਸ਼ੁਰੂ ਕਰਨ ਦੀ ਤਾਕਤ ਮਿਲੇ ਤੇ ਸਫ਼ਲਤਾ ਨਾਲ ਉਨ੍ਹਾਂ ਦਾ ਜਲਦੀ ਮੁੜ ਵਸੇਬਾ ਹੋਵੇ।ਸ੍ਰੀ ਮੁਨੀਸ਼ ਸਿਸੋਦੀਆ ਨੇ ਦੱਸਿਆ ਕਿ ਉਨ੍ਹਾਂ ਮਹਾਂਕਾਲੀ ਮਾਤਾ ਦੇ ਚਰਨਾਂ ਵਿੱਚ ਇਹ ਵੀ ਪ੍ਰਾਰਥਨਾ ਕੀਤੀ ਹੈ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਇਮਾਨਦਾਰੀ ਦੀ ਰਾਜਨੀਤੀ ਕਰਦਿਆਂ ਸੂਬੇ ਦੇ ਲੋਕਾਂ ਨੂੰ ਚੰਗੀ ਸਿਹਤ, ਬਿਹਤਰ ਸਿੱਖਿਆ ਤੇ ਸਾਰਿਆਂ ਲਈ ਰੋਜ਼ਗਾਰ ਸਮੇਤ ਲੋਕਾਂ ਦੀ ਭਲਾਈ ਲਈ ਕੀਤੇ ਯਤਨਾਂ ਵਿੱਚ ਸਫ਼ਲਤਾ ਮਿਲੇ।ਇਸ ਮੌਕੇ ਉਨ੍ਹਾਂ ਨਾਲ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਤੇ ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਮੰਦਰ ਸਲਾਹਕਾਰੀ ਕਮੇਟੀ ਦੇ ਮੈਂਬਰ ਸੀ.ਏ. ਅਜੇ ਅਲੀਪੁਰੀਆ, ਸੰਜੇ ਸਿੰਗਲਾ, ਡਾ. ਰਾਜ ਕੁਮਾਰ ਗੁਪਤਾ ਤੇ ਹੋਰ ਪਤਵੰਤੇ ਮੌਜੂਦ ਸਨ।

## ਕਾਤਰਾਂ

### ਸੰਧਵਾਂ ਵੱਲੋਂ ਬਾਬਾ ਫ਼ਰੀਦ ਜੀ ਦੇ ਆਗਮਨ ਪੁਰਬ 'ਤੇ ਸੰਗਤਾਂ ਨੂੰ ਵਧਾਈ

ਕੋਟਕਪੂਰਾ (ਰਛਪਾਲ ਭੁੱਲਰ)-ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਮਹਾਨ ਸੂਫ਼ੀ ਸੰਤ ਬਾਬਾ ਫਰੀਦ ਜੀ ਦੇ ਆਗਮਨ ਪੁਰਬ 'ਤੇ ਦੇਸ਼ ਭਰ ਦੇ ਲੋਕਾਂ ਨੂੰ ਵਧਾਈ ਦਿੱਤੀ ਹੈ।ਸੰਧਵਾਂ ਨੇ ਕਿਹਾ ਕਿ ਬਾਬਾ ਸ਼ੇਖ ਫ਼ਰੀਦ ਜੀ ਨੇ ਆਪਣੀ ਬਾਣੀ 'ਚ ਲੋਕਾਈ ਨੂੰ ਅਮਨ-ਸ਼ਾਂਤੀ, ਭਾਈਚਾਰਕ ਸਾਂਝ ਤੇ ਮਿਲਵਰਤਣ ਦਾ ਸੁਨੇਹਾ ਦਿੱਤਾ।ਉਨ੍ਹਾਂ ਵੱਲੋਂ ਰਚੀ ਗਈ ਬਾਣੀ ਦੀ ਮੌਜੂਦਾ ਪਦਾਰਥਵਾਦੀ ਸਮਾਜ 'ਚ ਹੋਰ ਵੀ ਵਧੇਰੇ ਸਾਰਥਿਕਤਾ ਹੈ।ਵਿਧਾਨ ਸਭਾ ਸਪੀਕਰ ਨੇ ਲੋਕਾਂ ਨੂੰ ਬਾਬਾ ਫ਼ਰੀਦ ਜੀ ਵੱਲੋਂ ਦੱਸੇ ਗਏ ਮਾਰਗ 'ਤੇ ਚੱਲਣ ਤੇ ਆਪਸੀ ਪ੍ਰੇਮ ਪਿਆਰ ਨਾਲ ਰਹਿਣ ਦੀ ਅਪੀਲ ਕੀਤੀ ਹੈ।ਉਨ੍ਹਾਂ ਕਿਹਾ ਕਿ ਇਸ ਨਾਲ ਅਸੀਂ ਇਕ ਬਿਹਤਰ ਸਮਾਜ ਦੀ ਸਿਰਜਣਾ ਕਰ ਸਕਦੇ ਹਾਂ।ਗੌਰਤਲਬ ਹੈ ਕਿ ਬਾਬਾ ਫਰੀਦ ਜੀ ਦੇ 112 ਪਵਿੱਤਰ ਸ਼ਲੋਕ ਤੇ 4 ਪਾਵਨ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਦਰਜ ਹਨ।

### ਦੋ ਸੌ ਮੀਟਰ ਦੌੜ 'ਚ ਚਾਂਦੀ ਦਾ ਤਮਗ਼ਾ ਜਿੱਤਿਆ



ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਮਾਊਂਟ ਲਿਟਰਾ ਜ਼ੀ ਸਕੂਲ ਦੇ ਵਿਦਿਆਰਥੀ ਦਿਲਾਰਮਨ ਨੇ ਜ਼ੋਨਲ ਅਥਲੈਟਿਕਸ ਮੁਕਾਬਲੇ ਵਿੱਚ 200 ਮੀਟਰ ਦੌੜ ਵਿੱਚ ਭਾਗ ਲਿਆ ਤੇ ਵਿਦਿਆਰਥੀ ਨੇ ਸ਼ਾਨਦਾਰ ਗਤੀ ਅਤੇ ਦ੍ਰਿੜਤਾ ਦਾ ਪ੍ਰਦਰਸ਼ਨ ਕਰਦੇ ਹੋਏ ਉਸਨੇ ਚਾਂਦੀ ਦਾ ਤਗਮਾ ਜਿੱਤਿਆ।ਇਸ ਮੌਕੇ ਸਕੂਲ ਦੇ ਪ੍ਰਧਾਨ ਗਗਨ ਬਾਂਸਲ, ਜਨਰਲ ਸਕੱਤਰ ਨਮਿਤਾ ਬਾਂਸਲ ਤੇ ਸਕੂਲ ਦੀ ਪ੍ਰਿੰਸੀਪਲ ਗੀਤਾ ਪਿੱਲਈ ਨੇ ਕਿਹਾ ਕਿ ਉਨ੍ਹਾਂ ਨੂੰ ਵਿਦਿਆਰਥੀ ਦੀ ਇਸ ਪ੍ਰਾਪਤੀ 'ਤੇ ਮਾਣ ਹੈ।

### ਆਯੁਰਵੈਦਾ ਦਿਵਸ ਸੰਬੰਧੀ ਕੈਂਪ ਅੱਜ

ਫਾਜ਼ਿਲਕਾ (ਨਿਸ਼ਾ ਸ਼ਰਮਾ)-ਆਯੂਸ਼ ਵਿਭਾਗ ਫਾਜ਼ਿਲਕਾ ਵੱਲੋਂ 10ਵਾਂ ਆਯੁਰਵੈਦਾ ਦਿਵਸ 23 ਸਤੰਬਰ ਮੰਗਲਵਾਰ ਨੂੰ ਮਨਾਇਆ ਜਾ ਰਿਹਾ ਹੈ।ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਆਯੁਰਵੈਦਿਕ ਤੇ ਯੂਨਾਨੀ ਅਫਸਰ ਡਾਕਟਰ ਰਵੀ ਕਾਂਤ ਨੇ ਦੱਸਿਆ ਕਿ ਡਾਇਰੈਕਟਰ ਆਫ ਆਯੁਰਵੈਦਾ ਪੰਜਾਬ ਡਾਕਟਰ ਰਵੀ ਕੁਮਾਰ ਡੂਮਰਾ ਦੇ ਦਿਸ਼ਾ ਨਿਰਦੇਸ਼ ਤੇ ਡਿਪਟੀ ਕਮਿਸ਼ਨਰ ਫਾਜ਼ਿਲਕਾ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਯੋਗ ਅਗਵਾਈ ਵਿੱਚ ਦਸਵੇਂ ਆਯੁਰਵੈਦਾ ਦਿਵਸ ਦੇ ਸਬੰਧ ਵਿੱਚ ਅਗਰਵਾਲ ਆਸ਼ਰਮ ਫਾਜ਼ਿਲਕਾ ਵਿਖੇ ਲੋਕ ਹਿੱਤ ਲਈ ਇਕ ਵਿਸ਼ਾਲ ਆਯੁਰਵੈਦਾ ਕੈਂਪ 23 ਸਤੰਬਰ ਨੂੰ ਸਵੇਰੇ 9 ਵਜੇ ਲਾਇਆ ਜਾ ਰਿਹਾ ਹੈ, ਜਿਸ ਵਿੱਚ ਆਯੁਰਵੈਦਾ ਦੇ ਅੱਖਾਂ ਦੇ ਮਾਹਰ ਡਾਕਟਰ, ਗੁਰਦਾ ਰੋਗਾਂ ਦੇ ਮਾਹਰ ਡਾਕਟਰਾਂ ਵੱਲੋ ਫਰੀ ਚੈੱਕਅਪ ਕਰਨ ਉਪਰੰਤ ਫਰੀ ਆਯੁਰਵੈਦਿਕ ਦਵਾਈਆਂ ਦਿੱਤੀਆਂ ਜਾਣਗੀਆਂ ਅਤੇ ਲੋਕਾਂ ਨੂੰ ਵੱਧ ਤੋਂ ਵੱਧ ਇਸ ਕੈਂਪ ਦਾ ਲਾਭ ਉਠਾਉਣ ਦਾ ਸੁਨੇਹਾ ਦਿੱਤਾ ਗਿਆ ਹੈ।

# ਗੈਰ-ਕਾਨੂੰਨੀ ਪਟਾਕਿਆਂ ਦੇ ਕਾਰੋਬਾਰ ਦਾ ਪਰਦਾ ਫਾਸ਼, ਮੁਲਜ਼ਮ ਕਾਬੂ

## ਬੰਦ ਪਏ ਪੋਲਟਰੀ ਫਾਰਮ 'ਚ ਚੱਲਦਾ ਸੀ ਨਜਾਇਜ਼ ਕਾਰੋਬਾਰ



ਧੂਰੀ (ਮੋਹਿਤ ਗਰਗ, ਬਿੰਨੀ ਗਰਗ)
ਧੂਰੀ ਪੁਲਸ ਨੇ ਗੈਰ-ਕਾਨੂੰਨੀ ਤਰੀਕੇ ਨਾਲ ਤਿਆਰ ਕੀਤੇ ਜਾ ਰਹੇ ਛੋਟੇ ਪਟਾਕਿਆਂ ਦੇ ਕਾਰੋਬਾਰ ਦਾ ਪਰਦਾਫਾਸ਼ ਕੀਤਾ ਹੈ।ਸ੍ਰੀ ਸਰਤਾਜ ਸਿੰਘ ਚਾਹਲ ਜ਼ਿਲ੍ਹਾ ਪੁਲਸ ਮੁਖੀ ਸੰਗਰੂਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਗਰੂਰ ਪੁਲਸ ਵੱਲੋਂ ਮਾੜੇ ਅਨਸਰਾਂ ਖ਼ਿਲਾਫ਼ ਚਲਾਈ ਮੁਹਿੰਮ ਤਹਿਤ ਸ੍ਰ. ਦਮਨਬੀਰ ਸਿੰਘ ਡੀ ਐੱਸ ਪੀ ਧੂਰੀ ਦੀ ਅਗਵਾਈ ਹੇਠ ਇੰਸ: ਕਰਨਵੀਰ ਸਿੰਘ ਮੁੱਖ ਅਫਸਰ ਥਾਣਾ ਸਦਰ ਧੂਰੀ ਦੀ ਟੀਮ ਵੱਲੋਂ ਪਿੰਡ ਭਸੌੜ ਵਿਖੇ ਨਜਾਇਜ਼ ਤੌਰ ਉੱਤੇ ਛੋਟੇ ਪਟਾਕੇ ਬਣਾਉਣ ਵਾਲੇ ਵਿਅਕਤੀ ਨੂੰ ਕਾਬੂ ਕਰਕੇ ਵੱਡੀ ਸਫਲਤਾ ਹਾਸਲ ਕੀਤੀ ਗਈ ਹੈ।
ਉਨ੍ਹਾਂ ਦੱਸਿਆ ਕਿ 19 ਸਤੰਬਰ ਨੂੰ ਸਹਾਇਕ ਥਾਣੇਦਾਰ ਓਂਕਾਰ ਸਿੰਘ, ਇੰਚਾਰਜ ਚੌਕੀ ਰਣੀਕੇ ਨੂੰ ਇਤਲਾਹ ਮਿਲੀ ਕਿ ਫਿਆਜ਼ ਖਾਨ ਪੁੱਤਰ ਫੈਜ ਖਾਨ ਪੁੱਤਰ ਅਬਦੁਲ ਰਹਿਮਾਨ ਵਾਸੀ ਪੋਖਰਾ ਮੁਹੱਲਾ, ਹਾਜੀਪੁਰ, ਜ਼ਿਲ੍ਹਾ ਵੈਸ਼ਾਲੀ, ਬਿਹਾਰ ਹਾਲ ਆਬਾਦ ਪਿੰਡ ਭਸੌੜ, ਜ਼ਿਲ੍ਹਾ ਸੰਗਰੂਰ ਵੱਲੋਂ ਬੰਦ ਪਏ ਪੋਲਟਰੀ ਫਾਰਮ ਪਿੰਡ ਭਸੌੜ ਵਿਖੇ ਨਜਾਇਜ਼ ਤੌਰ 'ਤੇ ਛੋਟੇ ਪਟਾਕੇ ਬਣਾਉਣ ਦਾ ਕੰਮ ਕਰਦਾ ਹੈ ਅਤੇ ਬੰਦ ਪਏ ਪੋਲਟਰੀ ਫਾਰਮ ਪਿੰਡ ਭਸੌੜ ਵਿਖੇ ਭਾਰੀ ਮਾਤਰਾ ਵਿੱਚ ਪਟਾਕਿਆਂ ਦੀਆਂ ਪੇਟੀਆਂ ਤੇ ਪੋਟਾਸ਼ ਪਿਆ ਹੈ ਅਤੇ ਫਿਆਜ਼ ਖਾਨ ਉਕਤ ਪਾਸੋਂ ਭਾਰੀ ਮਾਤਰਾ ਵਿੱਚ ਛੋਟੇ ਪਟਾਕੇ ਤੇ ਪੋਟਾਸ਼ ਬੰਦ ਪਏ ਪੋਲਟਰੀ ਫਾਰਮ ਵਿੱਚੋਂ ਬ੍ਰਾਮਦ ਹੋ ਸਕਦਾ ਹੈ।ਇਤਲਾਹ ਮਿਲਣ 'ਤੇ ਮੁਕੱਦਮਾ ਨੰਬਰ 226 ਮਿਤੀ 19.9.2025 ਅ/ਧ 287, 288 ਬੀ.ਐਨ.ਐਸ. ਥਾਣਾ ਸਦਰ ਧੂਰੀ ਬਰਖਿਲਾਫ ਫ਼ਿਆਜ਼ ਖਾਨ ਉਕਤ ਨੂੰ ਕਾਬੂ ਕਰਕੇ ਉਸ ਦੇ ਕਬਜ਼ੇ ਵਿੱਚੋਂ ਪਟਾਕੇ ਤੇ ਪੋਟਾਸ਼/ਬਾਰੂਦ ਬ੍ਰਾਮਦ ਕਰਵਾ ਕੇ ਦੋਸ਼ੀ ਫਿਆਜ਼ ਖਾਂ ਉਕਤ ਨੂੰ ਗ੍ਰਿਫ਼ਤਾਰ ਕੀਤਾ ਗਿਆ।ਪੋਲਟਰੀ ਫਾਰਮ ਪਿੰਡ ਭਸੌੜ ਵਿਖੇ ਬਣਾਏ ਜਾ ਰਹੇ ਨਜਾਇਜ਼ ਪਟਾਕਿਆਂ ਸਬੰਧੀ ਹੋਰ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ ਕਿ ਉਸ ਵੱਲੋਂ ਪਟਾਕੇ ਬਣਾਉਣ ਲਈ ਸਾਜ਼ੋ ਸਾਮਾਨ ਤੇ ਪੋਟਾਸ਼/ਬਰੂਦ ਕਿੱਥੋਂ ਖ਼ੀਦ ਕਰਕੇ ਲਿਆਂਦਾ ਗਿਆ।ਤਫਤੀਸ਼ ਦੌਰਾਨ ਜੇਕਰ ਹੋਰ ਤੱਥ ਜਾਂ ਕਿਸੇ ਹੋਰ ਵਿਅਕਤੀ ਦੀ ਸ਼ਮੂਲੀਅਤ ਪਾਈ ਜਾਂਦੀ ਹੈ ਤਾਂ ਉਸ ਖਿਲਾਫ ਵੀ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਨਵਰਾਤਿਆਂ ਦੀ ਖ਼ੁਸ਼ੀ 'ਚ ਸਾਲਾਸਰ ਧਾਮ, ਮਾਂ ਜਵਾਲਾ ਜੀ ਤੇ ਮਾਤਾ ਚਿੰਤਪੁਰਨੀ ਤੋਂ ਆਈ ਪਵਿੱਤਰ ਜੋਤ ਦਾ ਜ਼ੋਰਦਾਰ ਸਵਾਗਤ




ਬਾਘਾ ਪੁਰਾਣਾ (ਮਨੀ ਸਿੰਗਲਾ)
ਸਥਾਨਕ ਸ਼ਹਿਰ ਅੰਦਰ ਮਾਤਾ ਰਾਣੀ ਜੀ ਦੇ ਨਵਰਾਤਿਆਂ ਦੀ ਖੁਸ਼ੀ ਵਿੱਚ ਸ਼੍ਰੀ ਸਾਲਾਸਰ ਧਾਮ, ਮਾਂ ਜਵਾਲਾ ਜੀ ਤੇ ਮਾਤਾ ਚਿੰਤਪੁਰਨੀ ਜੀ ਦੇ ਪਵਿੱਤਰ ਸਥਾਨ ਤੋਂ ਬਾਘਾ ਪੁਰਾਣਾ ਵਿਖੇ ਵੱਖ ਵੱਖ ਧਾਰਮਿਕ ਸੰਸਥਾਵਾਂ ਦੇ ਆਗੂਆਂ ਵੱਲੋਂ ਬਾਘਾ ਪੁਰਾਣਾ 'ਚ ਪਵਿੱਤਰ ਜੋਤ ਨੂੰ ਲਿਆਂਦਾ ਗਿਆ ਤਾਂ ਕਿ ਬਾਘਾ ਪੁਰਾਣਾ ਵਾਸੀ ਇਸ ਪਵਿੱਤਰ ਜੋਤ ਦੇ ਦਰਸ਼ਨ ਕਰ ਕੇ ਆਪਣਾ ਜੀਵਨ ਸਫਲ ਬਣਾ ਸਕਣ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਸ ਮੌਕੇ ਸ਼੍ਰੀ ਰਾਮ ਲੀਲ੍ਹਾ ਉਤਸਵ ਕਮੇਟੀ ਦੇ ਪ੍ਰਧਾਨ ਅਰੁਣ ਬਾਂਸਲ ਡੀ ਐੱਮ, ਡਾਇਰੈਕਟਰ ਅਸ਼ਵਨੀ ਸ਼ਰਮਾ, ਚੇਅਰਮੈਨ ਦੀਪਕ ਬੌਬੀ, ਰੋਸ਼ਨ ਲਾਲ ਰੋਸ਼ੀ, ਵਾਈਸ ਪ੍ਰਧਾਨ ਵਿਜੇ ਬੰਟੀ ਜਿੰਦਲ, ਮਨੋਜ ਗੋਇਲ ਸੈਕਟਰੀ, ਕੈਸ਼ੀਅਰ ਅਮਨ ਤਨੇਜਾ, ਬਲਵਿੰਦਰ ਗਰਗ, ਕ੍ਰਿਸ਼ਨ ਗਰਗ, ਵਿਜੇ ਸ਼ਰਮਾ, ਸੰਦੀਪ ਗੋਇਲ, ਰਜਿੰਦਰ ਗੋਇਲ, ਬਿਮਲ ਗੋਇਲ ਨੇ ਕਿਹਾ ਕਿ 22 ਸਤੰਬਰ ਤੋਂ ਮਾਤਾ ਜੀ ਦੇ ਨਵਰਾਤਰੇ ਸ਼ੁਰੂ ਹਨ ਤੇ ਨਵਰਾਤਰਿਆਂ ਦੀ ਖੁਸ਼ੀ ਵਿੱਚ ਸ੍ਰੀ ਸਾਲਾਸਰ ਧਾਮ, ਮਾਤਾ ਚਿੰਤਪੁਰਨੀ ਤੇ ਮਾਂ ਜਵਾਲਾ ਜੀ ਤੋਂ ਪਵਿੱਤਰ ਜੋਤ ਰਿਚੀ ਗਰਗ ਦੇ ਪੈਟਰੋਲ ਪੰਪ 'ਤੇ ਕੋਟਕਪੂਰਾ ਰੋਡ ਵਿਖੇ ਲਿਆਂਦੀ ਗਈ, ਜਿੱਥੇ ਸ਼ਹਿਰ ਦੀਆਂ ਵੱਖ-ਵੱਖ ਧਾਰਮਿਕ ਸੰਸਥਾਵਾਂ ਤੇ ਦੁਕਾਨਦਾਰਾਂ ਵੱਲੋਂ ਪਵਿੱਤਰ ਜੋਤ ਦਾ ਜ਼ੋਰਦਾਰ ਫੁੱਲਾਂ ਦੀ ਵਰਖਾ ਕਰ ਕੇ ਸਵਾਗਤ ਕੀਤਾ ਅਤੇ ਆਸ਼ੀਰਵਾਦ ਪ੍ਰਾਪਤ ਕੀਤਾ। ਪੈਟਰੋਲ ਪੰਪ ਤੋਂ ਲੈ ਕੇ ਸ੍ਰੀ ਸ਼ਿਵ ਮੰਦਰ ਤੱਕ ਵਿਸ਼ਾਲ ਪੈਦਲ ਯਾਤਰਾ ਕੱਢੀ ਗਈ ਤੇ ਬਾਘਾ ਪੁਰਾਣਾ ਮੇਨ ਚੌਂਕ ਵਿਖੇ ਖੂਬ ਪਟਾਕੇ ਚਲਾਏ ਗਏ ਅਤੇ 22 ਸਤੰਬਰ ਤੋਂ 1 ਅਕਤੂਬਰ ਤੱਕ ਸ੍ਰੀ ਸ਼ਿਵ ਮੰਦਰ ਵਿਖੇ ਰੋਜ਼ਾਨਾ ਸਵੇਰੇ ਪਵਿੱਤਰ ਜੋਤ ਦਾ ਪੂਜਨ ਹੋਵੇਗਾ ਤੇ ਸ਼ਾਮ ਨੂੰ ਸ੍ਰੀ ਸ਼ਿਵ ਮੰਦਰ ਭਜਨ ਮੰਡਲੀ ਵੱਲੋਂ ਰੋਜ਼ਾਨਾ ਸੰਕੀਰਤਨ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਸ੍ਰੀ ਰਾਮਲੀਲ੍ਹਾ ਉਤਸਵ ਕਮੇਟੀ ਵੱਲੋਂ ਪਹਿਲੀ ਵਾਰ 2 ਅਕਤੂਬਰ ਨੂੰ ਦੁਸਹਿਰੇ ਦਾ ਤਿਉਹਾਰ ਬਹੁਤ ਹੀ ਧੂਮਧਾਮ ਨਾਲ ਕੋਟਕਪੂਰਾ ਰੋਡ ਅਨਾਜ ਮੰਡੀ ਵਿਖੇ ਮਨਾਇਆ ਜਾ ਰਿਹਾ ਹੈ, ਜਿਸ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ।ਇਸ ਮੌਕੇ ਸ੍ਰੀ ਸ਼ਿਵ ਮੰਦਰ ਪ੍ਰਬੰਧਕ ਕਮੇਟੀ, ਬਾਬਾ ਬਰਫਾਨੀ ਸੇਵਾ ਮੰਡਲ, ਸ੍ਰੀ ਰਾਮ ਸਰਣਮ ਪ੍ਰਬੰਧਕ ਕਮੇਟੀ, ਹਰ ਹਰ ਮਹਾਂਦੇਵ ਕਾਵੜ ਸੰਘ ਵੱਲੋਂ ਵੱਧ ਚੜ੍ਹ ਕੇ ਸਹਿਯੋਗ ਕਰ ਰਹੀਆਂ ਹਨ।ਇਸ ਮੌਕੇ ਪੰਜਾਬ ਕੋ ਸਕੂਲ ਦੇ ਪ੍ਰਿੰਸੀਪਲ ਤੇ ਡਾਇਰੈਕਟਰ ਸੰਦੀਪ ਮਹਿਤਾ, ਪ੍ਰਧਾਨ ਪਵਨ ਗੁਪਤਾ, ਪ੍ਰਧਾਨ ਵਿਜੇ ਬਾਂਸਲ, ਪਵਨ ਸ਼ਰਮਾ, ਪ੍ਰਧਾਨ ਪਵਨ ਗੋਇਲ, ਸੁਰੇਸ਼ ਗੋਇਲ, ਯੋਗੇਸ਼ ਬਾਂਸਲ ਯੋਗੀ, ਤੀਰਥ ਬਾਂਸਲ, ਵਰਿੰਦਰ ਕੁਮਾਰ ਕੱਦੂ, ਹਰਪ੍ਰੀਤ ਸਿੰਘ ਘੋਟੂ, ਸੰਨੀ ਜਿੰਦਲ, ਅਮਨ ਤਨੇਜਾ, ਅਮਿਤ ਜਿੰਦਲ, ਚਤਰਭਜ, ਪੰਕਜ ਸਿੰਗਲਾ, ਅਜੇ ਪੁਰੀ, ਸੋਮ ਨਾਥ ਸੋਮੀ, ਨੰਦੂ ਦਲੀਪ ਕੁਮਾਰ, ਗੁਰਪ੍ਰੀਤ ਸਿੰਘ ਮਨਚੰਦਾ ਐੱਮ. ਸੀ, ਦੀਪਕ ਭੱਲਾ, ਦੀਪਕ ਸ਼ਾਹੀ, ਨਵੀਨ ਕੁਮਾਰ, ਕੁਲਦੀਪ ਸ਼ਰਮਾ, ਰਤਨ ਲਾਲ ਜਿੰਦਲ, ਸ਼ਿਵਮ ਸਿੰਗਲਾ, ਤਿਲਕ ਰਾਜ ਸੋਨੀ, ਪਵਨ ਬਾਂਸਲ, ਟੀਟੂ, ਬੱਬਰ, ਕਾਲਾ ਤੇ ਹੋਰ ਸ਼ਾਮਲ ਸਨ।

# ਹੈਰੋਇਨ, ਨਸ਼ੀਲੀਆਂ ਗੋਲੀਆਂ ਤੇ ਨਜਾਇਜ਼ ਸ਼ਰਾਬ ਸਮੇਤ 5 ਕਾਬੂ

ਧੂਰੀ (ਮਨੋਹਰ ਸੱਗੂ, ਬਿੰਨੀ ਗਰਗ, ਮੋਹਿਤ ਗਰਗ)
ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਸ਼ੁਰੂ ਕੀਤੀ ਗਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਪੁਲਸ ਉਪ ਮੰਡਲ ਧੂਰੀ ਦੀ ਪੁਲਸ ਵੱਲੋਂ ਲੰਘੇ ਇੱਕ ਹਫਤੇ 'ਚ ਭਾਰੀ ਮਾਤਰਾ 'ਚ ਹੈਰੋਇਨ, ਨਸ਼ੀਲੀਆਂ ਗੋਲੀਆਂ ਤੇ ਨਜਾਇਜ਼ ਸ਼ਰਾਬ ਬਰਾਮਦ ਕੀਤੀ ਗਈ।
ਡੀ ਐੱਸ ਪੀ ਧੂਰੀ ਦੇ ਦਫ਼ਤਰ ਵੱਲੋਂ ਜਾਰੀ ਪ੍ਰੈੱਸ ਨੋਟ ਅਨੁਸਾਰ 15 ਸਤੰਬਰ ਤੋਂ 21 ਸਤੰਬਰ ਤੱਕ ਇੱਕ ਹਫਤੇ ਦੌਰਾਨ ਪੁਲਸ ਉਪ ਮੰਡਲ ਧੂਰੀ ਅਧੀਨ ਆਉਂਦੇ ਥਾਣਿਆਂ ਸ਼ੇਰਪੁਰ, ਥਾਣਾ ਸਦਰ ਧੂਰੀ ਤੇ ਥਾਣਾ ਸਿਟੀ ਧੂਰੀ ਦੀ ਪੁਲਸ ਵੱਲੋਂ ਸਮਗਲਰਾਂ ਦੇ ਖਿਲਾਫ਼ ਨਸ਼ਾ ਵਿਰੋਧੀ ਤੇ ਆਬਕਾਰੀ ਐਕਟ ਤਹਿਤ 4 ਮੁਕੱਦਮੇ ਦਰਜ ਕਰਕੇ 5 ਮੁਲਜ਼ਮਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ 11.99 ਗ੍ਰਾਮ ਹੈਰੋਇਨ, 60 ਨਸ਼ੀਲੀਆਂ ਗੋਲੀਆਂ ਤੇ 198 ਬੋਤਲਾਂ ਸ਼ਰਾਬ ਠੇਕਾ ਦੇਸ਼ੀ ਬਰਾਮਦ ਕੀਤੀ ਗਈ ਅਤੇ ਇਸ ਤੋਂ ਇਲਾਵਾ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਕਰਨ ਵਾਲੇ ਗਰੋਹ ਤੇ ਦੋ ਨੰਬਰ 'ਚ ਪਟਾਕੇ ਬਣਾਉਣ ਵਾਲੇ ਵਿਅਕਤੀ ਕਾਬੂ ਕਰਕੇ ਮੁਕੱਦਮੇ ਦਰਜ ਕੀਤੇ ਗਏ।

# ਪਾਰਟੀ ਵੱਲੋਂ ਦਿੱਤੀ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਨਾਲ ਨਿਭਾਵਾਂਗੇ : ਹਡਾਣਾ

## ਹਲਕਾ ਇੰਚਾਰਜ ਨਿਯੁਕਤ ਹੋਣ 'ਤੇ ਵਰਕਰਾਂ ਵੱਲੋਂ ਭਰਵਾਂ ਸਵਾਗਤ



ਦੇਵੀਗੜ੍ਹ/ਪਟਿਆਲਾ (ਰਾਜਿੰਦਰ ਸਿੰਘ ਥਿੰਦ)
ਆਮ ਆਦਮੀ ਪਾਰਟੀ ਵੱਲੋਂ ਵਿਧਾਨ ਸਭਾ ਹਲਕਾ ਸਨੌਰ ਦੇ ਨਵ-ਨਿਯੁਕਤ ਹਲਕਾ ਇੰਚਾਰਜ ਤੇ ਪੀਆਰਟੀਸੀ ਦੇ ਚੇਅਰਮੈਨ ਰਣਜੋਧ ਸਿੰਘ ਹਡਾਣਾ ਨੇ ਇਤਿਹਾਸਕ ਗੁਰਦੁਆਰਾ ਬਾਉਲੀ ਸਾਹਿਬ, ਮਗਰ ਸਾਹਿਬ, ਪੀਰ ਭੀਖਮ ਸ਼ਾਹ ਦਰਗਾਹ ਮੀਰਾਂ ਜੀ ਘੜਾਮ, ਬਾਬਾ ਸ਼ੰਕਰ ਗਿਰ ਔਲੀਆ ਮੰਦਿਰ ਘੜਾਮ ਤੇ ਦੇਵੀਗੜ੍ਹ ਤੇ ਗੁਰਦੁਆਰਾ ਨੌਵੀਂ ਪਾਤਸ਼ਾਹੀ ਬਹਾਦਰਗੜ੍ਹ ਆਦਿ ਧਾਰਮਿਕ ਸਥਾਨਾਂ 'ਤੇ ਨਤਮਸਤਕ ਹੋ ਕੇ ਪ੍ਰਮਾਤਮਾ ਦਾ ਓਟ ਆਸਰਾ ਲਿਆ।ਇਸ ਮੌਕੇ ਉਨ੍ਹਾਂ ਨੂੰ ਸਿਰੋਪਾਓ ਸਾਹਿਬ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਉਨ੍ਹਾਂ ਨਾਲ ਬਲਤੇਜ ਸਿੰਘ ਪੰਨੂ ਮੀਡੀਆ ਸਲਾਹਕਾਰ ਮੁੱਖ ਮੰਤਰੀ ਪੰਜਾਬ, ਚੇਅਰਮੈਨ ਜੱਸੀ ਸੋਹੀਆਂ ਵਾਲਾ ਤੇ ਕੁੰਦਨ ਗੋਗੀਆ ਮੇਅਰ ਵੀ ਮੌਜੂਦ ਸਨ।ਇਸ ਮੌਕੇ ਭਾਰੀ ਗਿਣਤੀ ਵਿੱਚ ਹਾਜ਼ਰ ਲੋਕਾਂ ਵੱਲੋਂ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ ਤੇ ਉਨ੍ਹਾਂ ਨੂੰ ਸਨਮਾਨਤ ਵੀ ਕੀਤਾ ਗਿਆ।
ਇਸ ਮੌਕੇ ਰਣਜੋਧ ਸਿੰਘ ਹਡਾਣਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਹਮੇਸ਼ਾ ਹੀ ਮਿਹਨਤੀ ਵਰਕਰਾਂ ਨੂੰ ਵੱਡੇ ਅਹੁਦੇ ਦੇ ਕੇ ਨਿਵਾਜਿਆ ਹੈ ਅਤੇ ਉਨ੍ਹਾਂ ਪਾਰਟੀ ਵਿੱਚ ਕਈ ਅਹੁਦਿਆਂ 'ਤੇ ਰਹਿ ਕੇ ਪਾਰਟੀ ਦੀ ਚੜ੍ਹਦੀ ਕਲਾ ਲਈ ਸੇਵਾਵਾਂ ਨਿਭਾਈਆਂ ਹਨ।ਇਸ ਮੌਕੇ ਪਾਰਟੀ ਦੇ ਸੀਨੀਅਰ ਆਗੂ ਤੇ ਮੀਡੀਆ ਸਲਾਹਕਾਰ ਬਲਤੇਜ ਸਿੰਘ ਪੰਨੂ ਨੇ ਕਿਹਾ ਕਿ ਰਣਜੋਧ ਸਿੰਘ ਹਡਾਣਾ ਇਕ ਇਮਾਨਦਾਰ ਸ਼ਖ਼ਸੀਅਤ ਦੇ ਮਾਲਕ ਹਨ, ਜਿਨ੍ਹਾਂ ਨੇ ਪਾਰਟੀ ਦੀ ਚੜ੍ਹਦੀ ਕਲਾ ਲਈ ਬਹੁਤ ਅਣਥੱਕ ਮਿਹਨਤ ਕੀਤੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੇ ਕੰਮਾਂ ਲਈ ਉਹ 24 ਘੰਟੇ ਹਲਕੇ ਵਿੱਚ ਮੌਜੂਦ ਰਹਿਣਗੇ ਤੇ ਵਿਕਾਸ ਕਾਰਜਾਂ ਵਿੱਚ ਕਿਸੇ ਕਿਸਮ ਦੀ ਦੇਰੀ ਜਾਂ ਅਣਗਹਿਲੀ ਬਰਦਾਸ਼ਤ ਨਹੀਂ ਹੋਵੇਗੀ।
ਇਸ ਮੌਕੇ ਰਾਜਵਿੰਦਰ ਸਿੰਘ ਹਡਾਣਾ, ਪ੍ਰਦੀਪ ਜੋਸ਼ਨ ਪ੍ਰਧਾਨ ਨਗਰ ਕੌਂਸਲ ਸਨੌਰ, ਵੇਦ ਪ੍ਰਕਾਸ਼ ਗਰਗ ਪ੍ਰਧਾਨ, ਹਰਪਾਲ ਸਿੰਘ ਹਡਾਣਾ, ਪੀਆਰਓ ਅਰਵਿੰਦਰ ਸਿੰਘ, ਲਾਲੀ ਰਹਿਲ, ਰਾਜਾ ਧੰਜੂ ਸਰੁਸਤੀਗੜ੍ਹ, ਦਵਿੰਦਰ ਸਿੰਘ ਮਾੜੂ, ਗੁਰਿੰਦਰ ਸਿੰਘ ਅਦਾਲਤੀਵਾਲਾ, ਹਰਪਾਲ ਸਿੰਘ ਚੀਮਾ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਇਲਾਕਾ ਨਿਵਾਸੀਆਂ ਨੇ ਸ਼ਮੂਲੀਅਤ ਕੀਤੀ।

# ਜਸਮੇਲ ਸਿੰਘ ਮਲਟੀਪਰਪਜ਼ ਹੈਲਥ ਵਰਕਰ ਫਰੀਦਕੋਟ ਦੀ ਬਦਲੀ ਰੱਦ ਕਰਨ ਦੀ ਮੰਗ

ਕੋਟਕਪੂਰਾ (ਰਛਪਾਲ ਭੁੱਲਰ)
ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਵੱਲੋਂ ਬੀਤੇ ਦਿਨੀਂ ਸਿਵਲ ਸਰਜਨ ਫਰੀਦਕੋਟ ਦੇ ਦਫਤਰ ਵਿੱਚ ਬਤੌਰ ਮਲਟੀਪਰਪਜ ਹੈਲਥ ਵਰਕਰ (ਮੇਲ) ਵਜੋਂ ਕੰਮ ਕਰਦੇ ਜਸਮੇਲ ਸਿੰਘ ਦੀ ਬਿਨਾਂ ਕਿਸੇ ਪੜਤਾਲ ਕਰਵਾਏ ਪ੍ਰਬੰਧਕੀ ਅਧਾਰ 'ਤੇ ਬਦਲੀ ਸਬ ਸੈਂਟਰ ਲੰਡੇ ਪੀ ਐੱਚ ਸੀ ਡਰੋਲੀ ਭਾਈ ਜ਼ਿਲ੍ਹਾ ਮੋਗਾ ਵਿਖੇ ਕਰਨ ਦੀ ਵੱਖ-ਵੱਖ ਜਥੇਬੰਦੀਆਂ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ 1680 ਸੈਕਟਰ 22ਬੀ ਚੰਡੀਗੜ੍ਹ ਦੇ ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ ਤੇ ਐਡੀਸ਼ਨਲ ਜਨਰਲ ਸਕੱਤਰ ਪ੍ਰੇਮ ਚਾਵਲਾ, ਪੰਜਾਬ ਪੈਨਸ਼ਨਰਜ਼ ਯੂਨੀਅਨ ਜ਼ਿਲ੍ਹਾ ਫਰੀਦਕੋਟ ਦੇ ਪ੍ਰਧਾਨ ਕੁਲਵੰਤ ਸਿੰਘ ਚਾਨੀ ਤੇ ਅਸ਼ੋਕ ਕੌਸ਼ਲ, ਕਲਾਸ ਫ਼ੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਜ਼ਿਲ੍ਹਾ ਫਰੀਦਕੋਟ ਦੇ ਜਨਰਲ ਸਕੱਤਰ ਬਲਕਾਰ ਸਿੰਘ ਸਹੋਤਾ ਨੇ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਆਗੂਆਂ ਨੇ ਸਿਹਤ ਮੰਤਰੀ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਜਸਮੇਲ ਸਿੰਘ ਦੀ ਬਿਨਾਂ ਕਿਸੇ ਪੜਤਾਲ ਤੇ ਦੋਸ਼ ਸਾਬਿਤ ਹੋਣ ਦੇ ਕੀਤੀ ਗਈ ਨਜਾਇਜ਼ ਬਦਲੀ ਦੇ ਹੁਕਮ ਤੁਰੰਤ ਰੱਦ ਕੀਤੇ ਜਾਣ।ਆਗੂਆਂ ਨੇ ਕਿਹਾ ਕਿ ਜੇਕਰ ਇਨਸਾਫ਼ ਨਾ ਦਿੱਤਾ ਗਿਆ ਤਾਂ ਸਮੂਹ ਇਨਸਾਫ਼ ਪਸੰਦ ਜਥੇਬੰਦੀਆਂ ਸੰਘਰਸ਼ ਵਿੱਢਣ ਲਈ ਮਜਬੂਰ ਹੋਣਗੀਆਂ।

# ਸ੍ਰੀ ਅਗਰਸੇਨ ਮਹਾਰਾਜ ਜਯੰਤੀ ਧੂਮ-ਧਾਮ ਨਾਲ ਮਨਾਈ




ਬਾਘਾ ਪੁਰਾਣਾ (ਮਨੀ ਸਿੰਗਲਾ)
ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ੍ਰੀ ਅਗਰਸੇਨ ਮਹਾਰਾਜ ਜੀ ਦੀ ਜਯੰਤੀ ਸਮੂਹ ਅਗਰਵਾਲ ਪਰਿਵਾਰਾਂ ਵੱਲੋਂ ਨਿਹਾਲ ਸਿੰਘ ਵਾਲਾ ਰੋਡ ਵਿਖੇ ਸ੍ਰੀ ਅਗਰਸੇਨ ਮਹਾਰਾਜ ਚੌਕ ਵਿਖੇ ਅਗਰਵਾਲ ਸਭਾ ਦੇ ਪ੍ਰਧਾਨ ਵਿਜੇ ਬਾਂਸਲ ਤੇ ਯੂਥ ਅਗਰਵਾਲ ਸਭਾ ਦੇ ਪ੍ਰਧਾਨ ਪਵਨ ਗੋਇਲ ਦੀ ਅਗਵਾਈ ਵਿੱਚ ਬਹੁਤ ਹੀ ਧੂਮ-ਧਾਮ ਨਾਲ ਮਨਾਈ ਗਈ, ਜਿੱਥੇ ਕਿ ਵੱਡੀ ਗਿਣਤੀ ਵਿਚ ਅਗਰਵਾਲ ਪਰਿਵਾਰ ਪਹੁੰਚੇ ਅਤੇ ਸ੍ਰੀ ਅਗਰਸੇਨ ਮਹਾਰਾਜ ਜੀ ਦੀ ਤਸਵੀਰ ਅੱਗੇ ਆਰਤੀ ਕੀਤੀ ਗਈ।ਪ੍ਰਧਾਨ ਵਿਜੇ ਬਾਂਸਲ ਤੇ ਪ੍ਰਧਾਨ ਪਵਨ ਗੋਇਲ ਵੱਲੋਂ ਜੋ ਅੱਜ ਸ੍ਰੀ ਅਗਰਸੈਨ ਮਹਾਰਾਜ ਜੀ ਦੇ ਜਨਮ ਦਿਨ ਦੀਆਂ ਸਭ ਨੂੰ ਮੁਬਾਰਕਾਂ ਦਿੱਤੀਆਂ ਨਾਲ ਹੀ ਜੋ 27 ਸਤੰਬਰ ਨੂੰ ਸ਼ਾਮ 07:00 ਵਜੇ ਤੋਂ ਰਾਤ 08:30 ਤੱਕ ਮਹਾਰਾਜ ਅਗਰਸੈਨ ਦੀ ਅਗਰਸੈਨ ਜਯੰਤੀ ਦਾ ਪ੍ਰੋਗਰਾਮ ਅਗਰਵਾਲ ਸਮਾਜ ਵੱਲੋਂ ਇੱਕ ਸਾਂਝਾ ਪ੍ਰੋਗਰਾਮ ਹੋਣਾ ਹੈ ਦਾ ਸਭ ਨੂੰ ਖੁੱਲ੍ਹਾ ਸੱਦਾ ਦਿੱਤਾ ਗਿਆ, ਜਿਸ ਪ੍ਰੋਗਰਾਮ 'ਚ ਦੁਰਗਾ ਮੰਦਰ ਦੇ ਸ਼ਾਸਤਰੀ ਜੀ ਮਹਾਰਾਜ ਅਗਰਸੈਨ ਜੀ ਦੀ ਜੀਵਨੀ ਬਾਰੇ ਚਾਨਣਾ ਪਾਉਣਗੇ ਤੇ ਡਾਕਟਰ ਸੁਮੀਤ ਸਾਹਿਲ ਭਜਨ ਕੀਰਤਨ ਰਾਹੀਂ ਮਹਾਰਾਜ ਅਗਰਸੈਨ ਜੀ ਦਾ ਗੁਣਗਾਨ ਕਰਨਗੇ। ਇਸ ਮੌਕੇ ਪ੍ਰਧਾਨ ਪਵਨ ਗੋਇਲ ਨੇ ਕਿਹਾ ਕਿ ਮਹਾਰਾਜਾ ਅਗਰਸੈਨ ਦਾ ਜਨਮ ਪ੍ਰਤਾਪ ਨਗਰ ਦੇ ਰਾਜਾ ਵੱਲਭ ਦੇ ਘਰ ਹੋਇਆ ਸੀ।ਉਨ੍ਹਾਂ ਕਿਹਾ ਕਿ ਮਹਾਰਾਜਾ ਅਗਰਸੈਨ ਜੀ ਦੇ ਪੂਰਨਿਆਂ 'ਤੇ ਚੱਲ ਕੇ ਅਗਰਵਾਲ ਪਰਿਵਾਰ ਇਕਜੁੱਟ ਹੋਈਏ ਅਤੇ ਸਮਾਜ ਦੀਆਂ ਤਰੁੱਟੀਆਂ ਨੂੰ ਦੂਰ ਕਰੀਏ ਤੇ ਕੋਈ ਵੀ ਅਗਰਵਾਲ ਪਰਿਵਾਰ 'ਤੇ ਕੋਈ ਕਸ਼ਟ ਆਉਂਦਾ ਹੈ ਤਾਂ ਉਸ ਦਾ ਇਕਜੁੱਟ ਹੋ ਕੇ ਸਾਥ ਦੇਈਏ।ਸੈਕਟਰੀ ਅਸ਼ੋਕ ਗਰਗ ਤੇ ਸਹਾਇਕ ਸੈਕਟਰੀ ਸੁਰਿੰਦਰ ਬਾਂਸਲ ਨੇ ਪ੍ਰੋਗਰਾਮ ਤੇ ਆਏ ਸਾਰੇ ਅਗਰਵਾਲ ਭਾਈਚਾਰੇ ਦਾ ਧੰਨਵਾਦ ਕੀਤਾ। ਇਸ ਮੌਕੇ ਸ੍ਰੀ ਦੁਰਗਾ ਮੰਦਿਰ ਕਮੇਟੀ ਦੇ ਪ੍ਰਧਾਨ ਰਮਨ ਮਿੱਤਲ ਰਿੰਪੀ, ਪ੍ਰਧਾਨ ਪਵਨ ਗੁਪਤਾ, ਅਸ਼ੋਕ ਗਰਗ ਸ਼ੋਕੀ, ਕੇਵਲ ਕ੍ਰਿਸ਼ਨ ਗਰਗ, ਰਾਕੇਸ਼ ਬਾਂਸਲ ਰਿੰਪੀ, ਕੇਵਲ ਕਿਸ਼ਨ ਬਾਂਸਲ, ਬਾਬਾ ਖੇਤਰਪਾਲ ਮੰਦਰ ਕਮੇਟੀ ਦੇ ਪ੍ਰਧਾਨ ਸੰਜੀਵ ਕੁਮਾਰ ਗਰਗ, ਰਾਕੇਸ਼ ਜਿੰਦਲ ਤੋਤਾ, ਨਵੀਨ ਕੁਮਾਰ, ਅਮਿਤ ਜਿੰਦਲ, ਸੁਰਿੰਦਰ ਕੁਮਾਰ ਬਾਂਸਲ ਤੀਰਥ ਬਾਂਸਲ, ਗੁਰਪ੍ਰੀਤ ਮਨਚੰਦਾ ਐੱਮ ਸੀ, ਦੀਕਸ਼ਿਤ ਗਰਗ, ਕਪਿਲ ਗਰਗ, ਕੇਵਲ ਕ੍ਰਿਸ਼ਨ, ਪਿਆਰੇ ਲਾਲ ਗੋਇਲ, ਜਯਪਾਲ ਬਿੱਟੂ, ਲਖਵਿੰਦਰ ਲੱਖਾਂ, ਸਾਹਿਲ ਬਾਂਸਲ, ਪ੍ਰੇਮ ਬਾਂਸਲ ਬਿੱਟਾ ਜਿੰਦਲ, ਸੁਖਦਰਸ਼ਨ ਸਿੰਗਲਾ, ਕੈਸ਼ੀਅਰ ਕ੍ਰਿਸ਼ਨ ਸਿੰਗਲਾ, ਵਿਮਲ ਗਰਗ, ਸ਼ਿੰਕਾ ਗਰਗ, ਗਿਆਨ ਮਿੱਤਲ, ਗੁਲਸ਼ਨ ਕੁਮਾਰ, ਵਿਸ਼ੂ ਗਰਗ, ਪ੍ਰਵੀਨ ਗੋਇਲ, ਕਾਲਾ ਗਰਗ, ਪੁਨੀਤ ਗਰਗ, ਰਾਜੀਵ ਮਿੱਤਲ, ਚੇਅਰਮੈਨ ਦੀਪਕ ਗਰਗ ਬੌਬੀ, ਅਰੁਣ ਬਾਂਸਲ, ਮਨੋਜ ਗੋਇਲ, ਸੁਖਜੀਵਨ ਬਾਂਸਲ, ਰਾਮ ਪ੍ਰਕਾਸ਼ ਚਤੁਰਭੁਜ, ਜਿੰਦਲ ਰਵੀ ਗਰਗ ਤੇ ਨਵੀਂਨ ਵਕੀਲ ਆਦਿ ਹਾਜ਼ਰ ਸਨ।

# ਸਿਰਫ਼ ਇੱਕ ਸਵੈ-ਨਿਰਭਰ ਭਾਰਤ ਹੀ ਵਿਸ਼ਵ ਨੇਤਾ ਬਣਨ ਦਾ ਸੁਪਨਾ ਪੂਰਾ ਕਰੇਗਾ : ਮੋਹਨ ਮਾਂਝੀ

## ਭਾਰਤ ਤਾਂ ਹੀ ਬਚੇਗਾ ਜੇਕਰ ਭਾਰਤੀ ਭਾਸ਼ਾਵਾਂ ਬਚੀਆਂ ਰਹਿਣਗੀਆਂ : ਪ੍ਰੋ. ਸੰਜੇ ਦਿਵੇਦੀ



ਜੈਤੋ (ਸਤੀਸ਼ ਕੁਮਾਰ ਭੀਰੀ)-ਓਡੀਸ਼ਾ ਦੇ ਮੁੱਖ ਮੰਤਰੀ ਸ੍ਰੀ ਮੋਹਨ ਚਰਨ ਮਾਂਝੀ ਨੇ ਕਿਹਾ ਕਿ ਸਿਰਫ਼ ਇੱਕ ਸਵੈ-ਨਿਰਭਰ ਭਾਰਤ ਹੀ ਸਵਦੇਸ਼ੀ ਦੇ ਸੰਕਲਪ ਤੇ ਭਾਰਤ ਦੇ ਵਿਸ਼ਵ ਨੇਤਾ ਬਣਨ ਦੇ ਸੁਪਨੇ ਨੂੰ ਪੂਰਾ ਕਰੇਗਾ।ਉਹ ਉੜੀਆ ਰੋਜ਼ਾਨਾ 'ਨਿਰਭਯ' ਦੇ ਸਥਾਪਨਾ ਦਿਵਸ ਸਮਾਰੋਹ ਨੂੰ ਮੁੱਖ ਮਹਿਮਾਨ ਵਜੋਂ ਸੰਬੋਧਨ ਕਰ ਰਹੇ ਸਨ।ਉਨ੍ਹਾਂ ਕਿਹਾ ਕਿ ਇੱਕ ਵਿਕਸਤ ਭਾਰਤ ਸਾਡਾ ਸਾਂਝਾ ਸੁਪਨਾ ਹੈ ਅਤੇ ਜੇਕਰ ਹਰ ਕੋਈ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦਾ ਹੈ, ਤਾਂ ਕੋਈ ਵੀ ਇਸ ਨੂੰ ਰੋਕ ਨਹੀਂ ਸਕਦਾ।ਉਨ੍ਹਾਂ ਅੱਗੇ ਕਿਹਾ ਕਿ ਮੀਡੀਆ ਸਮਾਜ ਵਿੱਚ ਸਕਾਰਾਤਮਕ ਤਬਦੀਲੀ ਲਿਆਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।
ਮੁੱਖ ਬੁਲਾਰੇ, ਭਾਰਤੀ ਜਨ ਸੰਚਾਰ ਸੰਸਥਾਨ (ਆਈ ਆਈ ਐੱਮ ਸੀ) ਦੇ ਸਾਬਕਾ ਡਾਇਰੈਕਟਰ ਜਨਰਲ ਪ੍ਰੋਫੈਸਰ ਸੰਜੇ ਦਿਵੇਦੀ ਨੇ ਕਿਹਾ ਕਿ ਭਾਰਤ ਤਾਂ ਹੀ ਬਚੇਗਾ ਜੇਕਰ ਭਾਰਤੀ ਭਾਸ਼ਾਵਾਂ ਬਚੀਆਂ ਰਹਿਣਗੀਆਂ।ਉਨ੍ਹਾਂ ਕਿਹਾ ਕਿ ਕਿਸੇ ਵੀ ਦੇਸ਼ ਨੇ ਵਿਦੇਸ਼ੀ ਭਾਸ਼ਾ ਵਿੱਚ ਤਰੱਕੀ ਨਹੀਂ ਕੀਤੀ ਹੈ, ਨਾ ਹੀ ਇਸ ਤੋਂ ਅਸਲੀ ਵਿਚਾਰ ਉੱਭਰ ਸਕਦੇ ਹਨ।ਇਸ ਲਈ ਭਾਰਤੀ ਭਾਸ਼ਾਵਾਂ ਦੇ ਪ੍ਰਚਾਰ ਰਾਹੀਂ ਹੀ ਸਾਡੀ ਕਲਾ, ਸਾਹਿਤ, ਸੱਭਿਆਚਾਰ, ਸਿਨੇਮਾ, ਥੀਏਟਰ ਤੇ ਪ੍ਰਦਰਸ਼ਨ ਕਲਾਵਾਂ ਨੂੰ ਸੁਰੱਖਿਅਤ ਰੱਖਿਆ ਜਾ ਸਕੇਗਾ।ਉਨ੍ਹਾਂ ਕਿਹਾ ਕਿ ਜੇਕਰ ਅਸੀਂ ਸਵਰਾਜ ਲਿਆਉਣਾ ਚਾਹੁੰਦੇ ਹਾਂ, ਤਾਂ ਸਾਨੂੰ ਆਪਣਾ 'ਸਵਦੇਸ਼' ਵੀ ਬਣਾਉਣਾ ਪਵੇਗਾ, ਤਾਂ ਹੀ ਦੇਸ਼ ਸਵਦੇਸ਼ੀ ਦੇ ਆਧਾਰ 'ਤੇ ਖੜ੍ਹਾ ਹੋਵੇਗਾ।ਪ੍ਰੋਫੈਸਰ ਦਿਵੇਦੀ ਨੇ ਕਿਹਾ ਕਿ ਅਸੀਂ ਧਰਤੀ ਨੂੰ ਆਪਣਾ ਪਰਵਾਰ ਸਮਝਦੇ ਸੀ, ਪਰ ਅੱਜ ਸਾਡੇ ਪਰਵਾਰ ਵੀ ਖ਼ਤਰੇ ਵਿੱਚ ਹਨ।ਜੇਕਰ ਪਰਵਾਰ ਨਹੀਂ ਬਚੇ, ਤਾਂ ਕਦਰਾਂ-ਕੀਮਤਾਂ ਤੇ ਸੱਭਿਆਚਾਰ ਦੋਵੇਂ ਨਹੀਂ ਬਚਣਗੇ।ਪ੍ਰੋਫੈਸਰ ਸੱਤਿਆ ਸੁੰਦਰ ਬਾਰਿਕ ਤੇ ਸੰਪਾਦਕ ਨਵੀਨ ਦਾਸ ਨੇ ਵੀ ਪ੍ਰੋਗਰਾਮ ਵਿੱਚ ਆਪਣੇ ਵਿਚਾਰ ਪ੍ਰਗਟ ਕੀਤੇ।ਇਸ ਮੌਕੇ ਵਿਰੋਧੀ ਧਿਰ ਦੇ ਸਾਬਕਾ ਨੇਤਾ ਜੈ ਨਾਰਾਇਣ ਮਿਸ਼ਰਾ, ਸਾਬਕਾ ਵਿੱਤ ਮੰਤਰੀ ਪ੍ਰਫੁੱਲ ਘੜਈ, ਸਾਬਕਾ ਖੇਤੀਬਾੜੀ ਮੰਤਰੀ ਅਮਰ ਪ੍ਰਸਾਦ ਸਤਪਥੀ, ਉੜੀਆ ਫਿਲਮ ਅਦਾਕਾਰਾ ਪਿੰਕੀ ਪ੍ਰਧਾਨ, ਸਾਹਿਤਕਾਰ ਗੌਰਹਰੀ ਦਾਸ, ਭਾਜਪਾ ਬੁਲਾਰੇ ਸੱਜਣ ਸ਼ਰਮਾ ਮੌਜੂਦ ਸਨ।

# ਪਰਾਲੀ ਨਾ ਸਾੜਨ ਬਾਰੇ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਮੁਹਿੰਮ ਸ਼ੁਰੂ

## ਪਿੰਡ ਪੱਧਰੀ 'ਚ ਖੇਤਬਾੜੀ ਵਿਭਾਗ ਨੇ ਲਗਾਇਆ ਕੈਂਪ




ਫਿਰੋਜ਼ਪੁਰ (ਅਸ਼ੋਕ ਸ਼ਰਮਾ)
ਪੰਜਾਬ ਸਰਕਾਰ ਅਤੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਪ੍ਰਤੀ ਜਾਗਰੂਕ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਤਹਿਤ ਫਿਰੋਜ਼ਪੁਰ ਦੇ ਡਿਪਟੀ ਕਮਿਸ਼ਨਰ ਦੇ ਦਿਸ਼ਾ-ਨਿਰਦੇਸ਼ਾਂ ਤੇ ਮੁੱਖ ਖੇਤੀਬਾੜੀ ਅਫ਼ਸਰ ਦੀ ਅਗਵਾਈ ਹੇਠ ਫਿਰੋਜ਼ਪੁਰ ਦੇ ਖੇਤੀਬਾੜੀ ਵਿਭਾਗ ਨੇ ਵੱਖ-ਵੱਖ ਪਿੰਡਾਂ ਵਿਚ ਕਿਸਾਨਾਂ ਲਈ ਜਾਗਰੂਕਤਾ ਕੈਂਪ ਲਗਾਏ ਹਨ। ਇਨ੍ਹਾਂ ਕੈਂਪਾਂ ਦਾ ਮੁੱਖ ਉਦੇਸ਼ ਕਿਸਾਨਾਂ ਨੂੰ ਪਰਾਲੀ ਸਾੜਨ ਦੇ ਵਾਤਾਵਰਨ ਤੇ ਜ਼ਮੀਨ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਜਾਣੂ ਕਰਵਾਉਣਾ ਅਤੇ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਆਧੁਨਿਕ ਖੇਤੀ ਮਸ਼ੀਨਾਂ ਦਾ ਵੱਧ ਤੋਂ ਵੱਧ ਲਾਭ ਲੈਣ ਲਈ ਪ੍ਰੇਰਿਤ ਕਰਨਾ ਹੈ। ਇਸੇ ਲੜੀ ਤਹਿਤ ਖੇਤੀਬਾੜੀ ਵਿਕਾਸ ਅਫ਼ਸਰ ਚਰਨਜੀਤ ਸਿੰਘ, ਖੇਤੀਬਾੜੀ ਉਪ-ਨਰੀਖਕ ਮਨੋਜ ਕੁਮਾਰ ਤੇ ਜੇ. ਟੀ. ਸਾਹਿਲ ਤੇ ਗੁਰਮੇਜ ਸਿੰਘ ਦੀ ਟੀਮ ਨੇ ਪਿੰਡ ਪੱਧਰੀ ਇੱਕ ਵਿਸ਼ੇਸ਼ ਕੈਂਪ ਦਾ ਆਯੋਜਨ ਕੀਤਾ। ਕੈਂਪ 'ਚ ਅਧਿਕਾਰੀਆਂ ਨੇ ਸਰਕਾਰ ਵੱਲੋਂ ਸਬਸਿਡੀ 'ਤੇ ਦਿੱਤੀ ਜਾ ਰਹੀ ਖੇਤੀ ਮਸ਼ੀਨਰੀ ਦੀ ਵੈਰੀਫਿਕੇਸ਼ਨ ਵੀ ਕੀਤੀ। ਉਨ੍ਹਾਂ ਕਿਸਾਨਾਂ ਨੂੰ ਇਨ੍ਹਾਂ ਮਸ਼ੀਨਾਂ ਦੀ ਸਹੀ ਵਰਤੋਂ ਕਰਨ ਤੇ ਪਰਾਲੀ ਨੂੰ ਜ਼ਮੀਨ ਵਿੱਚ ਮਿਲਾਉਣ ਦੀਆਂ ਤਕਨੀਕਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਖੇਤੀਬਾੜੀ ਵਿਕਾਸ ਅਫ਼ਸਰ ਚਰਨਜੀਤ ਸਿੰਘ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਰਾਲੀ ਸਾੜਨ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਘੱਟਦੀ ਹੈ, ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ ਤੇ ਮਿੱਤਰ ਕੀੜੇ-ਮਕੌੜੇ ਵੀ ਨਸ਼ਟ ਹੋ ਜਾਂਦੇ ਹਨ। ਉਨ੍ਹਾਂ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਲਈ ਸੁਪਰ ਸੀਡਰ, ਹੈਪੀ ਸੀਡਰ, ਮਲਚਰ ਤੇ ਸੁਪਰ ਐੱਸਐੱਮਐੱਸ ਵਰਗੀਆਂ ਮਸ਼ੀਨਾਂ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ। ਉਨ੍ਹਾਂ ਸੁਪਰ ਐੱਸਐੱਮਐੱਸ ਲੱਗੀਆਂ ਮਸ਼ੀਨਾਂ ਦੀ ਵਰਤੋਂ ਨੂੰ ਤਰਜੀਹ ਦੇਣ ਦੀ ਅਪੀਲ ਕੀਤੀ, ਕਿਉਂਕਿ ਇਹ ਮਸ਼ੀਨਾਂ ਪਰਾਲੀ ਨੂੰ ਬਾਰੀਕ ਕਰਕੇ ਖੇਤ ਵਿੱਚ ਖਿਲਾਰ ਦਿੰਦੀਆਂ ਹਨ, ਜਿਸ ਨਾਲ ਅਗਲੀਆਂ ਫਸਲਾਂ ਦੀ ਬਿਜਾਈ ਆਸਾਨ ਹੋ ਜਾਂਦੀ ਹੈ। ਇਸ ਮੌਕੇ ਖੇਤੀਬਾੜੀ ਉਪ-ਨਰੀਖਕ ਮਨੋਜ ਕੁਮਾਰ ਨੇ ਕਿਸਾਨਾਂ ਨੂੰ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਬਸਿਡੀਆਂ ਤੇ ਹੋਰ ਲਾਭਕਾਰੀ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਯੋਜਨਾਵਾਂ ਦਾ ਲਾਭ ਉਠਾਉਣ ਤੇ ਖੇਤੀ ਨੂੰ ਹੋਰ ਆਧੁਨਿਕ ਤੇ ਲਾਭਦਾਇਕ ਬਣਾਉਣ। ਕੈਂਪ ਵਿੱਚ ਕੁਲਵੰਤ ਸਿੰਘ, ਬੱਗਾ ਸਿੰਘ, ਬਲਬੀਰ ਸਿੰਘ ਤੇ ਸੁਖਦੇਵ ਸਿੰਘ ਸਮੇਤ ਕਈ ਹੋਰ ਕਿਸਾਨ ਮੌਜੂਦ ਸਨ।

# ਸਿੱਧਵਾਂ ਬੇਟ ਬਲਾਕ ਦੇ ਡੇਢ ਦਰਜਨ ਪਿੰਡਾਂ 'ਚ ਹੜ੍ਹ ਪੀੜਤਾਂ ਦੀ ਸਹਾਇਤਾ

## ਪ੍ਰਵਾਸੀਆਂ ਖਿਲਾਫ ਪ੍ਰਚਾਰ ਪੰਜਾਬੀ ਵਿਰਸੇ ਦੇ ਉਲਟ : ਕਲੇਰ



ਜਗਰਾਉਂ (ਨਛੱਤਰ ਸੰਧੂ)-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਬਲਾਕ ਸਿੱਧਵਾਂ ਬੇਟ ਦੀ ਮੀਟਿੰਗ ਪਿੰਡ ਲੀਲਾ ਮੇਘ ਸਿੰਘ ਵਿਖੇ ਬਲਾਕ ਪ੍ਰਧਾਨ ਜਗਜੀਤ ਸਿੰਘ ਕਲੇਰ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦਿਆਂ ਬਲਾਕ ਸਕੱਤਰ ਕੁਲਵੰਤ ਸਿੰਘ ਕਾਂਤਾ ਗਾਲਿਬ ਨੇ ਦੱਸਿਆ ਕਿ ਮੀਟਿੰਗ ਵਿੱਚ ਸੂਬਾ ਕਮੇਟੀ ਦੇ ਫੈਸਲੇ ਮੁਤਾਬਿਕ ਹੜ੍ਹ ਪੀੜਤਾਂ ਦੀ ਹੜ੍ਹਾਂ ਦੀ ਮਾਰ ਝੱਲ ਲੈਣ ਉਪਰੰਤ ਮੁੜ ਪੈਰਾਂ ਸਿਰ ਕਰਨ ਲਈ ਉਨ੍ਹਾਂ ਰੇਹ, ਡੀਜ਼ਲ, ਬੀਜ, ਚਾਰਾ, ਤੂੜੀ ਦਾ ਪ੍ਰਬੰਧ ਇੱਕ ਹਫਤੇ 'ਚ ਕਰਨ ਦੀ ਸਾਰੀਆਂ ਇਕਾਈਆਂ ਨੂੰ ਜ਼ੋਰਦਾਰ ਹਦਾਇਤ ਕੀਤੀ ਗਈ।ਮੀਟਿੰਗ ਵਿੱਚ ਹੜ੍ਹਾਂ ਨੂੰ ਕੁਦਰਤ ਦੀ ਕਰੋਪੀ ਦੀ ਥਾਂ ਰਾਜਨੀਤਕ ਪ੍ਰਬੰਧ ਦੀ ਨਾਲਇਕੀ ਕਰਾਰ ਦਿੱਤਾ ਗਿਆ। ਇਸ ਸਮੇਂ ਮੀਟਿੰਗ ਨੇ ਭਾਰੀ ਬਾਰਸ਼ਾਂ ਕਾਰਨ ਝੋਨੇ ਦੀ ਫਸਲ ਦੀ ਦੁਰਗਤੀ ਦੇ ਮੱਦੇਨਜ਼ਰ ਮੰਡੀਆਂ 'ਚ ਏਜੰਸੀਆਂ ਵੱਲੋਂ ਸਿੱਲ ਦੀ ਮਾਤਰਾ 'ਚ ਛੋਟ, ਐੱਮ ਐੱਸ ਪੀ ਮੁਤਾਬਿਕ ਪੂਰਾ ਮੁੱਲ ਦੇਣ ਦੀ ਸਰਕਾਰ ਤੋਂ ਮੰਗ ਕਰਦਿਆਂ ਕਿਸਾਨਾਂ ਨੂੰ ਮੰਡੀਆਂ 'ਚ ਜ਼ੋਰ ਲਾ ਕੇ ਸੁੱਕਾ ਝੋਨਾ ਲਿਆਉਣ ਦੀ ਅਪੀਲ ਕੀਤੀ। ਇਸ ਸਮੇਂ ਇੱਕ ਮਤੇ ਰਾਹੀਂ ਹੁਸ਼ਿਆਰਪੁਰ 'ਚ ਇੱਕ ਮਸੂਮ ਬੱਚੇ ਦੇ ਵਹਿਸ਼ੀ ਕਤਲ ਦੇ ਦੋਸ਼ੀ ਨੂੰ ਸਖਤ ਸਜ਼ਾ ਦੇਣ ਦੀ ਮੰਗ ਕਰਦਿਆਂ ਪ੍ਰਵਾਸੀ ਕਿਰਤੀਆਂ ਨੂੰ ਪੰਜਾਬ 'ਚੋਂ ਭਜਾਉਣ ਦੇ ਹੋਕਰਿਆਂ ਨੂੰ ਗਲਤ ਕਰਾਰ ਦਿੰਦਿਆਂ ਭਾਈਚਾਰਕ ਸਾਂਝ ਬਣਾਈ ਰੱਖਣ ਦਾ ਸੱਦਾ ਦਿੱਤਾ ਗਿਆ।ਮੀਟਿੰਗ 'ਚ ਪੀੜਤ ਕਿਸਾਨਾਂ ਮਜ਼ਦੂਰਾਂ ਨੂੰ ਯੋਗ ਮੁਆਵਜ਼ਾ ਦਿਵਾਉਣ ਲਈ ਸੰਘਰਸ਼ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ ਗਿਆ।

23-SEP-PAGE-6.qxd 9/22/2025 9:19 PM Page 1



## ਸੁਸਰੀ ਦੇ ਮਾਮਲੇ ਨੂੰ ਲੈ ਕੇ ਕਿਸਾਨਾਂ ਦਾ ਵਫਦ ਏ ਪੀ ਰਿਫਾਇਨਰੀ ਦੇ ਪ੍ਰਬੰਧਕਾਂ ਨੂੰ ਮਿਲਿਆ



**ਜਗਰਾਉਂ (ਨਛੱਤਰ ਸੰਧੂ)**-ਲਾਗਲੇ ਪਿੰਡ ਤੱਪੜ ਹਰਨੀਆਂ ਪਿੰਡ 'ਚ ਵਧ੍ਹਿਆਂ 'ਚ ਚੱਲ ਰਹੀ ਰਿਫਾਇੰਡ ਫੈਕਟਰੀ ਏ ਪੀ ਰਿਫਾਇਨਰੀ ਇੱਕ ਵਾਰ ਫਿਰ ਚਰਚਾ 'ਚ ਹੈ।ਪਿੰਡ ਸ਼ੇਰਪੁਰਾ, ਸਵੱਦੀ ਖੁਰਦ, ਰਾਮਗੜ੍ਹ ਦੇ ਲੋਕ ਫੈਕਟਰੀ 'ਚ ਪਏ ਫਸਲਾਂ ਦੇ ਕੱਚੇ ਮਾਲ 'ਚ ਪੈਦਾ ਹੁੰਦੀ ਸੁਸਰੀ ਨੇ ਇਨ੍ਹਾਂ ਦਾ ਜੀਉਣਾ ਦੁੱਭਰ ਕਰ ਰੱਖਿਆ ਹੈ।ਇਸ ਸਬੰਧੀ ਇੱਥੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਬਲਾਕ ਸਿੱਧਵਾਂ ਬੇਟ ਦਾ ਵਫਦ ਬਲਾਕ ਪ੍ਰਧਾਨ ਜਗਜੀਤ ਸਿੰਘ ਕਲੇਰ ਦੀ ਅਗਵਾਈ 'ਚ ਫੈਕਟਰੀ ਦੇ ਦਫਤਰ 'ਚ ਪ੍ਰਬੰਧਕ ਭੁਵਨ ਗੋਇਲ ਨੂੰ ਮਿਲਿਆ ਤੇ ਪਿੰਡਾਂ 'ਤੇ ਸੁਸਰੀ ਦੇ ਹਮਲੇ ਨੂੰ ਰੋਕਣ ਦੀ ਮੰਗ ਕੀਤੀ।ਇਸ 'ਤੇ ਪ੍ਰਬੰਧਕ ਵੱਲੋਂ ਭਰੋਸਾ ਦਿਵਾਇਆ ਗਿਆ ਕਿ ਇੱਕ ਦਿਨ 'ਚ ਹੀ ਇਹ ਮਸਲਾ ਹੱਲ ਕਰ ਦਿੱਤਾ ਜਾਵੇਗਾ।ਵਫਦ ਨੇ ਇਸ ਪ੍ਰੇਸ਼ਾਨੀ ਦਾ ਪੱਕਾ ਹੱਲ ਕਰਨ ਦੀ ਮੰਗ ਕੀਤੀ, ਕਿਉਂਕਿ ਵਫਦ ਨੇ ਦੱਸਿਆ ਕਿ ਘਰਾਂ 'ਚ ਤੁਰਨਾ ਫਿਰਨਾ, ਬੈਠਣਾ ਉਠਣਾ, ਵਿਹੜੇ 'ਚ ਬਹਿ ਕੇ ਰੋਟੀ ਪਾਣੀ ਦਾ ਸੇਵਨ ਬੁਰੀ ਤਰ੍ਹਾਂ ਮੁਹਾਲ ਹੋ ਚੁੱਕਿਆ ਹੈ।ਪ੍ਰਬੰਧਕ ਨੇ ਅੱਗੇ ਤੋਂ ਸ਼ਿਕਾਇਤਾਂ ਦਾ ਮੌਕਾ ਨਾ ਆਉਣ ਦਾ ਭਰੋਸਾ ਦਿਵਾਇਆ।ਇਸ ਸਮੇਂ ਜਗਵਿੰਦਰ ਸਿੰਘ, ਮਨਜੀਤ ਸਿੰਘ ਸ਼ੇਰਪੁਰਾ, ਕੁਲਵੰਤਸਿੰਘ ਬੱਬੂ ਗਾਲਬ, ਪਿੱਕਾ ਗਾਲਬ, ਹਰਜੀਤ ਸਿੰਘ ਮਾਹਣਾ, ਹਰਜਿੰਦਰ ਸਿੰਘ ਭਮਾਲ, ਜਸਵੀਰ ਸਿੰਘ ਲੀਲਾਂ, ਕੁਲਵੰਤ ਸਿੰਘ ਕਾਂਤਾ, ਜਗਨ ਨਾਥ ਸੰਘਰਾਓ ਆਦਿ ਹਾਜ਼ਰ ਸਨ।

## ਸਰਕਾਰ ਸਤਲੁਜ ਦਰਿਆ ਦੇ ਵਾੜਾ ਕਾਲੀ ਰਾਊਣ ਬੰਨ੍ਹ ਨੂੰ ਬਿਨਾਂ ਦੇਰੀ ਮਜ਼ਬੂਤ ਕਰੇ



**ਜ਼ੀਰਾ (ਨਰਿੰਦਰ ਅਨੇਜਾ)** ਸਤਲੁਜ ਦਰਿਆ ਦੇ ਵਾੜਾ ਕਾਲੀ ਰਾਊਣ ਬੰਨ੍ਹ ਨੂੰ ਮਜ਼ਬੂਤ ਕਰਨ ਲਈ ਪੰਜਾਬ ਸਰਕਾਰ ਤੇ ਪ੍ਰਸ਼ਾਸਨ ਬਿਨਾਂ ਦੇਰੀ ਕੀਤੇ ਮਜ਼ਬੂਤ ਕਰਨ ਲਈ ਲੋੜੀਂਦਾ ਸਮਾਨ ਤੁਰੰਤ ਮੁਹੱਈਆ ਕਰਾਵੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਤਲੁਜ ਦਰਿਆ ਦੇ ਬੰਨ੍ਹ ਵਾੜਾ ਕਾਲੀ ਰਾਊਣ ਤੇ ਦਿਨ ਰਾਤ ਸੇਵਾ ਕਰ ਰਹੇ ਆਮ ਆਦਮੀ ਪਾਰਟੀ ਦੇ ਯੂਥ ਆਗੂ ਸਰਪੰਚ ਕੁਲਦੀਪ ਸਿੰਘ ਖੰਨਾ ਨੇ ਕੀਤਾ।ਸਰਪੰਚ ਕੁਲਦੀਪ ਸਿੰਘ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਹਰ ਵਰ੍ਹੇ ਬਰਸਾਤੀ ਮੌਸਮ ਦੌਰਾਨ ਸਤਲੁਜ ਦਰਿਆ ਦੇ ਪਾਣੀ ਦਾ ਪੱਧਰ ਵਧਣ ਨਾਲ ਸਤਲੁਜ ਦਰਿਆ ਦੇ ਕੰਢੇ ਵੱਸਦੇ ਪਿੰਡ ਖੰਨਾ, ਚੱਕ ਖੰਨਾ ਵਾੜਾ ਸੁਲੇਮਾਨ, ਵਾੜਾ ਕਾਲੀ ਰਾਊਂਣ, ਮਾਹਲੇ ਵਾਲਾ, ਲਾਲੂ ਵਾਲ, ਜੋਗੇਵਾਲਾ ਤੇ ਕੁਸ਼ੂ ਵਾਲਾ ਮੌੜ ਆਦਿ ਤੋਂ ਇਲਾਵਾਂ ਸੈਂਕੜੇ ਪਿੰਡਾਂ ਦੇ ਲੋਕਾਂ ਦੇ ਵੱਡੀ ਪੱਧਰ ਤੇ ਘਰ ਤੇ ਹਜ਼ਾਰਾਂ ਏਕੜ ਫਸਲ ਤਬਾਹ ਹੋ ਜਾਂਦੀਆਂ ਹਨ।ਉਨ੍ਹਾਂ ਕਿਹਾ ਕਿ ਜਿਥੇ ਲੋਕ ਹੜਾਂ ਦੀ ਮਾਰ ਝੱਲਦੇ ਹਨ, ਉਥੇ ਮਹਿੰਗਾਈ ਭਰੇ ਯੁੱਗ ਵਿੱਚ ਸਮੇਂ ਦੇ ਹਾਣੀ ਬਣਨ ਲਈ ਕਦੇ ਵੀ ਤਿਆਰ ਨਹੀਂ ਹੋ ਸਕਦੇ।ਉਨ੍ਹਾਂ ਕੇਂਦਰ ਤੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਸਤਲੁਜ ਦਰਿਆ ਦੇ ਬੰਨ੍ਹਾਂ ਨੂੰ ਪੱਕਾ ਕੀਤਾ ਜਾਵੇ ਅਤੇ ਪੱਥਰ ਦੀਆਂ ਠੋਕਰਾਂ ਲਗਾ ਕੇ ਪਾਣੀ ਦਾ ਵਹਾਅ ਦਰਿਆ ਵਿੱਚ ਕੀਤਾ ਜਾਵੇ ਤਾਂ ਜੋ ਹਰ ਸਾਲ ਤਬਾਹੀ ਦਾ ਮੰਜ਼ਰ ਵੇਖਣ ਨੂੰ ਨਾ ਮਿਲੇ। ਜ਼ਿਕਰਯੋਗ ਹੈ ਕਿ ਨੌਜਵਾਨ ਆਗੂ ਕੁਲਦੀਪ ਸਿੰਘ ਸਰਪੰਚ ਖੰਨਾ ਸਤਲੁਜ ਦਰਿਆ ਦੇ ਕੰਢੇ ਵੱਸਦੇ ਲੋਕਾਂ ਲਈ ਵਰਦਾਨ ਸਾਬਤ ਹੋ ਰਿਹਾ ਹੈ, ਜੋ ਪ੍ਰਸ਼ਾਸਨ ਅਤੇ ਸਮਾਜ ਸੇਵਾ ਅਤੇ ਧਾਰਮਿਕ ਸੰਸਥਾਵਾਂ ਦੇ ਸਹਿਯੋਗ ਨਾਲ ਬੰਨਾ ਨੂੰ ਮਜ਼ਬੂਤ ਕਰਨ ਵਿਚ ਲੱਗਾ ਹੋਇਆ ਅਤੇ ਉਸ ਮਿਹਨਤ ਸਫ਼ਲ ਹੁੰਦੀ ਨਜ਼ਰ ਆ ਰਹੀ।

## ਬਾਬਾ ਫਰੀਦ ਦਾ ਆਗਮਨ ਪੁਰਬ ਅੱਜ ਪੰਜਾਬੀ ਭਾਸ਼ਾ ਦਿਵਸ ਵਜੋਂ ਮਨਾਇਆ ਜਾਵੇਗਾ : ਭੁਪਿੰਦਰ ਸਿੰਘ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਆਪਣਾ ਪੰਜਾਬ ਫਾਊਂਡੇਸ਼ਨ ਵੱਲੋਂ ਇਤਿਹਾਸਕ ਫ਼ੈਸਲਾ ਲੈਂਦੇ ਹੋਏ ਐਲਾਨ ਕੀਤਾ ਗਿਆ ਹੈ ਕਿ ਸੰਸਾਰ ਭਰ 'ਚ ਪੰਜਾਬੀ ਬੋਲੀ ਦੇ ਮੁੱਢਲੇ ਕਵੀਆਂ 'ਚੋਂ ਮਹਾਨ ਕਵੀ ਬਾਬਾ ਫਰੀਦ ਜੀ ਦੇ ਆਗਮਨ ਪੁਰਬ 23 ਸਤੰਬਰ ਨੂੰ ਸੰਸਾਰ ਭਰ ਵਿੱਚ ਵਿਸ਼ਵ ਪੰਜਾਬੀ ਦਿਵਸ ਵਜੋਂ ਮਨਾਇਆ ਜਾਵੇਗਾ।ਪੰਜਾਬ ਫਾਊਂਡੇਸ਼ਨ ਸੀਨੀਅਰ ਮੀਤ ਤੇ ਮਾਤਾ ਗੁਜਰੀ ਸਕੂਲ ਦੇਵੀਗੜ੍ਹ ਦੇ ਮੁਖੀ ਭੁਪਿੰਦਰ ਸਿੰਘ ਨੇ ਕਿਹਾ ਕਿ ਮਾਂ ਬੋਲੀ ਪ੍ਰਤੀ ਆਪਣਾ ਫ਼ਰਜ਼ ਅਦਾ ਕਰਨ ਲਈ ਪੰਜਾਬ ਦੇ ਸਾਰੇ ਡਿਗਰੀ ਕਾਲਜ ਅਤੇ ਸਕੂਲ ਆਪਣੇ ਆਪਣੇ ਢੰਗ ਨਾਲ ਸੱਭਿਆਚਾਰਕ ਜਾਂ ਸਾਹਿਤਕ ਸਮਾਗਮ ਕਰਕੇ 23 ਸਤੰਬਰ ਨੂੰ ਵਿਸ਼ਵ ਪੰਜਾਬੀ ਦਿਵਸ ਵਜੋਂ ਮਨਾਉਣ।ਉਨ੍ਹਾਂ ਕਿਹਾ ਕਿ ਪੰਜਾਬੀਆਂ ਨੇ ਦੁਨੀਆ ਦੇ ਹਰ ਖੇਤਰ ਵਿੱਚ ਆਪਣੇ ਗੀਤ, ਸੰਗੀਤ, ਸੱਭਿਆਚਾਰ, ਕਾਮਯਾਬੀ ਤੇ ਚੜ੍ਹਦੀ ਕਲਾ ਦੇ ਜੀਵਨ ਦਾ ਡੰਕਾ ਵਜਾਇਆ ਹੋਇਆ ਹੈ।ਦੁਨੀਆ ਦੇ ਬਿਹਤਰੀਨ ਏਅਰਪੋਰਟਾਂ ਉੱਪਰ ਪੰਜਾਬੀ ਵਿੱਚ ਸੂਚਨਾ ਬੋਰਡ ਲੱਗੇ ਹੋਣ।ਇਸ ਲਈ ਹਰ ਪੰਜਾਬੀ ਦਾ ਫ਼ਰਜ਼ ਬਣਦਾ ਹੈ ਕਿ ਉਹ ਵਿਸ਼ਵ ਪੰਜਾਬੀ ਦਿਵਸ ਉੱਪਰ ਆਪਣਾ ਬਣਦਾ ਯੋਗਦਾਨ ਜ਼ਰੂਰ ਪਾਵੇ।

ਆਪਣਾ ਪੰਜਾਬ ਫਾਊਂਡੇਸ਼ਨ ਦੇ ਪ੍ਰਧਾਨ ਡਾ. ਜਗਜੀਤ ਸਿੰਘ ਧੂਰੀ ਨੇ ਬੁੱਧੀਜੀਵੀ ਵਰਗ ਨੂੰ ਅਪੀਲ ਕਰਦਿਆਂ ਕਿਹਾ ਕਿ ਵੱਧ ਤੋਂ ਵੱਧ ਲੋਕਾਂ ਨੂੰ ਵਿਸ਼ਵ ਪੰਜਾਬੀ ਦਿਵਸ ਮੌਕੇ ਪੰਜਾਬੀ ਬੋਲੀ, ਭਾਸ਼ਾ, ਪੰਜਾਬੀ ਸੱਭਿਆਚਾਰ, ਪੰਜਾਬੀ ਪਹਿਰਾਵਾ, ਪੰਜਾਬੀ ਪਕਵਾਨ ਤੇ ਵਿਰਾਸਤ ਦੇ ਹਰ ਪੱਖ ਨੂੰ ਪ੍ਰਫੁੱਲਤ ਕਰਨ ਦੇ ਯਤਨ ਕੀਤੇ ਜਾਣ ਤੇ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ ਸਮੇਂ ਵੱਧ ਤੋਂ ਵੱਧ ਪੰਜਾਬੀ ਭਾਸ਼ਾ ਦੀ ਵਰਤੋਂ ਕੀਤੀ ਜਾਵੇ ਤਾਂ ਜੋ ਪੰਜਾਬੀ ਸੰਸਾਰ ਦੀਆਂ ਪ੍ਰਮੁੱਖ ਭਸ਼ਾਵਾਂ ਵਿੱਚ ਅੱਗੇ ਆ ਸਕੇ।ਉਨ੍ਹਾ ਦੱਸਿਆ ਕਿ 23 ਸਤੰਬਰ ਪਟਿਆਲ਼ਾ ਦੇ ਹਰਪਾਲ ਟਿਵਾਣਾ ਆਡੀਟੋਰੀਅਮ ਵਿੱਚ ਪੰਜਾਬ ਪੱਧਰੀ ਸਮਾਗਮ ਕਰਵਾਇਆ ਜਾ ਰਿਹਾ ਹੈ।

## ਬੰਗੜ ਹਸਪਤਾਲ ਵੱਲੋਂ ਮੁਫਤ ਮੈਡੀਕਲ ਕੈਂਪ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)**-ਪਿੰਡ ਜਮੀਤਪੁਰ ਦੁੱਲੇ 'ਚ ਇਤਿਹਾਸਕ ਗੁਰਦੁਆਰਾ ਸਾਹਿਬ ਸੰਤ ਬਾਬਾ ਕਰਮ ਸਿੰਘ ਜੀ ਦੇ ਦਰਬਾਰ ਤੇ ਹਰ ਸਾਲ ਲੱਗਣ ਵਾਲਾ ਸਾਲਾਨਾ ਮੇਲੇ ਮੌਕੇ ਬੰਗੜ ਸੁਪਰ ਸਪੈਸ਼ਲਿਟੀ ਹਸਪਤਾਲ ਦੀ ਟੀਮ ਵੱਲੋਂ ਮੁਫ਼ਤ ਮੈਡੀਕਲ ਚੈੱਕਅਪ ਕੈਂਪ ਲਗਾਇਆ ਗਿਆ, ਜਿਸ ਦੌਰਾਨ ਵੱਡੀ ਗਿਣਤੀ ਵਿੱਚ ਪਹੁੰਚੀਆਂ ਸੰਗਤਾਂ ਨੇ ਲਾਭ ਲਿਆ।


AXIS BANK

Retail Asset Center: AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana-141001.
Corporate Office: 'Axis House', Block-B, Bombay Dyeing Mills Compound, Pandurang Budhkar Marg, Worli, Mumbai-400025.
Registered Office: 'Trishul', 3rd Floor, Opposite Samartheswar Temple, Law Garden, Ellisbridge, Ahmedabad-380006.

ਰੂਲ -8 (1) ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਿਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ 2002 (2002 ਦਾ 54) ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਲਿਖੇ ਅਧਿਕਾਰਤ ਅਫਸਰ ਨੇ ਹੇਠਾਂ ਦਰਸਾਈ ਮਿਤੀ 'ਤੇ ਡਿਮਾਂਡ ਨੋਟਿਸ ਜਾਰੀ ਕੀਤਾ ਅਤੇ ਕਰਜ਼ਦਾਰਾਂ ਨੂੰ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਦਰਸਾਈ ਰਕਮ ਵਾਪਸ ਮੋੜਨ ਦਾ ਸੱਦਾ ਦਿੱਤਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ, ਇਸ ਲਈ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠ ਲਿਖੇ ਅਧਿਕਾਰਤ ਅਫਸਰ ਨੇ ਹੇਠਾਂ ਦਰਸਾਈ ਜਾਇਦਾਦ ਦਾ ਕਬਜ਼ਾ ਹਾਸਲ ਕਰ ਲਿਆ ਹੈ। ਕਰਜ਼ਦਾਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਕਿਸੇ ਵੀ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਲਈ ਖ਼ਬਰਦਾਰ ਕੀਤਾ ਜਾਂਦਾ ਹੈ।

ਉਪਲਬਧ ਸਮੇਂ 'ਚ ਸਕਿਉਰਡ ਐਸੇਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ ਅਤੇ ਪਤਾ | ਰਹਿਣ ਕੀਤੀ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ 'ਚ ਰਕਮ (ਰੁਪਏ) |
| --- | --- | --- | --- | --- | --- |
| 1. | ਸ੍ਰੀ ਸਾਹਿਬ ਸਿੰਘ ਪੁੱਤਰ ਮੁਖਤਾਰ ਸਿੰਘ (ਕਰਜ਼ਦਾਰ/ਗਹਿਣਕਾਰ) ਅਤੇ (2) ਸ੍ਰੀਮਤੀ ਕਿਰਨਦੀਪ ਕੌਰ ਪਤਨੀ ਸਾਹਿਬ ਸਿੰਘ (ਸਹਿ-ਕਰਜ਼ਦਾਰ) | ਬੈਨਾਮਾ ਦਸਤਾਵੇਜ਼ ਨੰ. 2019-20/93/1/14678 ਮਿਤੀ 03 ਅਕਤੂਬਰ 2020 ਅਨੁਸਾਰ ਸਾਹਿਬ | 7 ਮਈ 2021 | 18 ਸਤੰਬਰ 2025 | ਰੁਪਏ 11.24.272/- (ਗਿਆਰਾਂ ਲੱਖ ਚੌਵੀ ਹਜ਼ਾਰ ਦੋ ਸੌ ਬਹੱਤਰ ਰੁਪਏ ਕੇਵਲ) |

ਸਿੰਘ ਪੁੱਤਰ ਮੁਖਤਾਰ ਸਿੰਘ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ/ਪਲਾਟ ਨੰ. 107 'ਤੇ ਨਿਰਮਿਤ ਮਕਾਨ ਰਕਬਾ 50 ਵਰਗ ਗਜ਼/ਖਸਰਾ ਨੰ. 95//8, 95//13 ਮਿਨ, ਖਤਾ ਖਤੌਨੀ ਨੰ. 1371/1860, ਜਮ੍ਹਾਂਬੰਦੀ ਸਾਲ 2013-2014 ਪਿੰਡ ਕਾਲਾ ਘਨੂੰਪੁਰ ਸਬ-ਅਰਬਨ ਅਬਾਦੀ, ਨਵੀਂ ਅਬਾਦੀ ਨੇੜੇ ਜੰਡ ਪੀਰ ਅਬਾਦੀ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ।
ਹੱਦਾਂ (ਬੈਨਾਮੇ ਅਨੁਸਾਰ) ਪੂਰਬ-ਗਲੀ 20' ਚੌੜੀ, ਪੱਛਮ: ਪਲਾਟ ਨੰ. 111,
ਉੱਤਰ : ਜਾਇਦਾਦ ਦਾ ਬਾਕੀ ਹਿੱਸਾ, ਦੱਖਣ : ਪਲਾਟ ਨੰ. 106

ਉਕਤ ਦਰਜ ਕਰਜ਼ਦਾਰ (ਕਰਜ਼ਦਾਰਾਂ)/ਸਹਿ-ਕਰਜ਼ਦਾਰ (ਸਹਿ-ਕਰਜ਼ਦਾਰਾਂ)/ਗਰੰਟਰ (ਗਰੰਟਰਾਂ) ਨੂੰ ਰਕਮ ਦੀ ਅਦਾਇਗੀ ਲਈ 30 ਦਿਨਾਂ ਦਾ ਨੋਟਿਸ ਦਿੱਤਾ ਜਾਂਦਾ ਹੈ। ਨਹੀਂ ਤਾਂ ਰਹਿਣ ਕੀਤੀ ਜਾਇਦਾਦ ਇਸ ਨੋਟਿਸ ਦੀ ਪ੍ਰਕਾਸ਼ਨਾ ਤੋਂ 30 ਦਿਨਾਂ ਦਾ ਸਮਾਂ ਖਤਮ ਹੋ ਜਾਣ 'ਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 ਤੇ 9 ਦੀਆਂ ਵਿਵਸਥਾਵਾਂ ਅਨੁਸਾਰ ਵੇਚ ਦਿੱਤੀ ਜਾਵੇਗੀ।

ਮਿਤੀ : 23.09.2025 ਸਹੀ/- (ਅਧਿਕਾਰਤ ਅਫਸਰ)
ਸਥਾਨ : ਅੰਮ੍ਰਿਤਸਰ ਐਕਸਿਸ ਬੈਂਕ ਲਿਮਟਿਡ


## ਸ੍ਰੀ ਰਾਮ ਕਾਲਜ ਡੱਲਾ ਵਿਖੇ ਫਰੈਸ਼ਰ ਪਾਰਟੀ



**ਹਠੂਰ (ਨਛੱਤਰ ਸੰਧੂ)**-ਪ੍ਰਿੰਸੀਪਲ ਪ੍ਰਭਜੀਤ ਸਿੰਘ ਤੇ ਕਾਲਜ ਪ੍ਰਬੰਧਕ ਕਮੇਟੀ ਦੀ ਅਗਵਾਈ ਹੇਠ ਕਾਲਜ ਵਿੱਚ ਦਾਖਲਾ ਲੈਣ ਵਾਲੇ ਨਵੇਂ ਵਿਦਿਆਰਥੀਆਂ ਨੂੰ ਸਵਾਗਤੀ ਪਾਰਟੀ ਦਿੱਤੀ ਗਈ।ਇਸ ਪ੍ਰੋਗਰਾਮ ਨੂੰ ਕਰਾਉਣ ਦਾ ਮੁੱਖ ਮਕਸਦ ਜਿੱਥੇ ਦਾਖਲਾ ਲੈਣ ਵਾਲੇ ਨਵੇਂ ਵਿਦਿਆਰਥੀਆਂ ਨੂੰ ਆਪਣੇ ਅਧਿਆਪਕਾਂ ਤੇ ਸੀਨੀਅਰਜ਼ ਦੇ ਰੂਬਰੂ ਕਰਾਉਣਾ ਸੀ, ਉੱਥੇ ਨਾਲ ਹੀ ਨਵੇਂ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਪਰਖਣਾ ਵੀ।ਇਸ ਮੌਕੇ ਸੀਨੀਅਰ ਵਿਦਿਆਰਥੀਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕਰਦੇ ਹੋਏ ਸਕਿੱਟ, ਗਿੱਧਾ, ਗੀਤ, ਮਿਮਕਰੀ ਤੇ ਅਲੱਗ ਅਲੱਗ ਵੰਨਗੀਆਂ ਦੇ ਡਾਂਸ ਪੇਸ਼ ਕੀਤੇ।ਇਸ ਮੌਕੇ ਮਿਸ ਫਰੈਸ਼ਰ ਤੇ ਮਿਸਟਰ ਫਰੈਸ਼ਰ ਦੀ ਚੋਣ ਲਈ ਵੱਖ-ਵੱਖ ਮੁਕਾਬਲੇ ਕਰਵਾਏ ਗਏ।ਇਨ੍ਹਾਂ ਮੁਕਾਬਲਿਆਂ ਲਈ ਤਿੰਨ ਰਾਊਂਡ ਰੱਖੇ ਗਏ ਜਿਵੇਂ ਮਾਡਲਿੰਗ ਰਾਊਂਡ, ਪ੍ਰਤਿਭਾ ਪੇਸ਼ ਕਰਨਾ ਤੇ ਪ੍ਰਸ਼ਨ ਉੱਤਰੀ ਰਾਊਂਡ।ਇਨ੍ਹਾਂ ਮੁਕਾਬਲਿਆਂ ਵਿੱਚ ਲੜਕੀਆਂ ਵਿੱਚੋਂ ਬੀ ਏ ਭਾਗ ਪਹਿਲਾ ਦੀ ਵਿਦਿਆਰਥਣ ਜਸਕਿਰਨਜੀਤ ਕੌਰ ਨੇ ਮਿਸ ਫਰੈਸ਼ਰ ਤੇ ਲੜਕਿਆਂ ਵਿੱਚੋਂ ਬੀ ਏ ਭਾਗ ਪਹਿਲਾ ਦੇ ਵਿਦਿਆਰਥੀ ਵਾਹਿਗੁਰੂਪਾਲ ਸਿੰਘ ਨੇ ਮਿਸਟਰ ਫਰੈਸ਼ਰ ਦਾ ਖਿਤਾਬ ਹਾਸਲ ਕੀਤਾ।ਇਨ੍ਹਾਂ ਪ੍ਰਤੀਭਾਗੀਆਂ ਦੀ ਚੋਣ ਸੰਬੰਧੀ ਜੱਜਮੈਂਟ ਦੀ ਭੂਮਿਕਾ ਪ੍ਰੋਫੈਸਰ ਮਨਪ੍ਰੀਤ ਚਾਵਲਾ, ਪ੍ਰੋਫੈਸਰ ਰਮਨਜੀਤ ਕੌਰ ਤੇ ਪ੍ਰੋਫੈਸਰ ਹਰਮਨਜੋਤ ਕੌਰ ਨੇ ਨਿਭਾਈ।ਇਸ ਮੌਕੇ ਮੁੱਖ ਮਹਿਮਾਨ ਵਜੋਂ ਪ੍ਰੋਫੈਸਰ ਗੁਰਮੀਤ ਸਿੰਘ ਨੇ ਸ਼ਿਰਕਤ ਕੀਤੀ ਅਤੇ ਮਿਸ ਫਰੈਸ਼ਰ ਤੇ ਮਿਸਟਰ ਫਰੈਸ਼ਰ ਚੁਣੇ ਗਏ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ।ਅੰਤ ਵਿੱਚ ਪ੍ਰਿੰਸੀਪਲ ਪ੍ਰਭਜੀਤ ਸਿੰਘ ਨੇ ਮਹਿਮਾਨਾਂ ਤੇ ਵਿਦਿਆਰਥੀਆਂ ਦਾ ਧੰਨਵਾਦ ਕਰਦਿਆਂ ਨਾਲ ਹੀ ਉਨ੍ਹਾਂ ਨੂੰ ਵਧਾਈਆਂ ਦਿੱਤੀਆਂ।ਇਸ ਪ੍ਰੋਗਰਾਮ ਵਿੱਚ ਕੋਆਰਡੀਨੇਟਰ ਦੀ ਡਿਊਟੀ ਡਾਕਟਰ ਪਰਮਿੰਦਰ ਕੌਰ ਤੇ ਪ੍ਰੋਫੈਸਰ ਗੁਰਤੀਰਥ ਕੌਰ ਨੇ ਨਿਭਾਈ।ਮੰਚ ਸੰਚਾਲਨ ਦੀ ਭੂਮਿਕਾ ਬੀ ਏ ਭਾਗ ਪਹਿਲਾ ਦੀ ਵਿਦਿਆਰਥਣ ਬਲਰਾਜ ਕੌਰ ਨੇ ਨਿਭਾਈ।ਇਸ ਮੌਕੇ ਸਮੂਹ ਸਟਾਫ ਹਾਜ਼ਰ ਸੀ।

## ਸ੍ਰੀ ਬਮ ਭੋਲਾ ਕਾਂਵੜ ਸੰਘ ਦੀ ਚੋਣ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸ੍ਰੀ ਬਮ ਭੋਲਾ ਕਾਂਵੜ ਸੰਘ ਰਾਮਪੁਰਾ ਫੂਲ ਦੀ ਚੋਣ ਗੀਤਾ ਭਵਨ ਦੇ ਪ੍ਰਧਾਨ ਨਰੇਸ਼ ਕੁਮਾਰ ਦੀ ਅਗਵਾਈ ਹੇਠ ਸਰਵਸੰਮਤੀ ਨਾਲ ਹੋਈ, ਜਿਸ ਵਿੱਚ ਮਿੱਤਰ ਸੈਨ ਬੱਲੋ ਨੂੰ ਪ੍ਰਧਾਨ ਚੁਣਿਆ ਗਿਆ ਹੈ।

ਇਸ ਤੋਂ ਪਹਿਲਾਂ ਮੱਖਣ ਬੱਲੋ ਕਈ ਸਾਲ ਕਾਂਵੜ ਸੰਘ ਦੇ ਪ੍ਰਧਾਨ ਰਹੇ ਹਨ। ਕਾਂਵੜ ਸੰਘ ਵਿੱਚ ਉਨ੍ਹਾਂ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ।ਹੁਣ ਸਿਹਤ ਕਾਰਨ ਆਪਣੀਆਂ ਸੇਵਾਵਾਂ ਦੇਣ ਤੋਂ ਅਸਮਰੱਥ ਸਨ।ਬਾਕੀ ਦੀ ਕਾਰਜਕਾਰਨੀ ਕਮੇਟੀ ਚੋਣ ਬਾਅਦ ਵਿੱਚ ਕੀਤੀ ਜਾਵੇਗੀ।ਇਸ ਮੌਕੇ ਜੈਪਾਲ, ਰਕੇਸ਼ ਕੁਮਾਰ, ਸਤਪਾਲ ਗੁਪਤਾ, ਹਰੀ ਕ੍ਰਿਸ਼ਨ, ਦਰਸ਼ਨ ਜਿੰਦਲ, ਆਸ਼ੂ ਕੁਮਾਰ, ਨਰੇਸ਼ ਕੁਮਾਰ, ਰਾਜੇਸ਼ ਕੁਮਾਰ, ਰਕੇਸ਼ ਕੁਮਾਰ (ਬਬਲੀ), ਅਜੇ ਸਿਗਲਾ, ਰਮੇਸ਼ ਰਾਜੂ, ਜਨਕ ਰਾਜ, ਸੰਦੀਪ ਕੁਮਾਰ, ਸੁਨੀਲ ਕੁਮਾਰ, ਵਿਨੈ ਕੁਮਾਰ, ਸੋਨੂੰ ਆਦਿ ਹਾਜ਼ਰ ਸਨ।

## ਸ਼ਹੀਦੀ ਜੋੜ ਮੇਲ ਨੂੰ ਮੁੱਖ ਰੱਖਦਿਆਂ ਪਟਿਆਲਾ-ਸਰਹਿੰਦ ਸੜਕ ਦਾ ਕੰਮ ਜਲਦ ਮੁਕੰਮਲ ਕੀਤਾ ਜਾਵੇ : ਪ੍ਰੋ. ਬਡੂੰਗਰ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਚੀਫ ਸੈਕਟਰੀ ਪੰਜਾਬ ਸਰਕਾਰ, ਆਮ ਆਦਮੀ ਪਾਰਟੀ ਦੇ ਪ੍ਰਧਾਨ ਅਮਨ ਅਰੋੜਾ, ਡਿਪਟੀ ਕਮਿਸ਼ਨਰ ਫਤਿਹਗੜ੍ਹ ਸਾਹਿਬ ਤੇ ਡਿਪਟੀ ਕਮਿਸ਼ਨਰ ਪਟਿਆਲਾ ਨੂੰ ਪੱਤਰ ਭੇਜ ਕੇ ਮੰਗ ਕੀਤੀ ਹੈ ਕਿ ਫਤਿਹਗੜ੍ਹ ਸਾਹਿਬ ਵਿਖੇ ਲੱਗਣ ਵਾਲੇ ਸਾਲਾਨਾ ਸ਼ਹੀਦੀ ਜੋੜ ਮੇਲ ਨੂੰ ਮੁੱਖ ਰੱਖਦਿਆਂ ਪੰਜਾਬ ਸਰਕਾਰ ਪਟਿਆਲਾ ਤੋਂ ਸਰਹਿੰਦ ਤੱਕ ਨਵੀਂ ਬਣਨ ਵਾਲੀ ਸੜਕ ਦਾ ਜਲਦੀ ਕੰਮ ਮੁਕੰਮਲ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਸ੍ਰੀ ਫ਼ਤਹਿਗੜ੍ਹ ਸਾਹਿਬ (ਸਰਹਿੰਦ) ਦੀ ਧਰਤੀ ਉੱਤੇ ਦਸਮੇਸ਼ ਪਿਤਾ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫ਼ਤਹਿ ਸਿੰਘ ਜੀ ਤੇ ਮਾਤਾ ਗੁਜਰੀ ਜੀ ਨੇ ਸ਼ਹੀਦੀ ਦਿੱਤੀ ਅਤੇ ਵਿਸ਼ਵ ਦਾ ਸਭ ਤੋਂ ਵੱਡਾ ਖ਼ੂਨੀ ਸਾਕਾ 'ਸਾਕਾ ਸਰਹੰਦ' 25, 26, 27 ਦਸੰਬਰ 1704 ਈ. ਨੂੰ ਵਾਪਰਿਆ ਸੀ।ਉਨ੍ਹਾਂ ਕਿਹਾ ਕਿ ਖਾਲਸਾ ਪੰਥ ਸਮੂਹ ਨਾਨਕ ਨਾਮ ਲੇਵਾ ਸੰਗਤਾਂ ਹਰ ਸਾਲ ਵੱਡਾ ਸਾਕਾ ਕਰਨ ਵਾਲੀਆਂ ਉਨ੍ਹਾਂ ਮਹਾਨ ਨਿੱਕੀਆਂ ਜਿੰਦਾਂ ਨੂੰ ਪੂਰੀ ਸ਼ਰਧਾ, ਸਤਿਕਾਰ ਤੇ ਨਿਮਰਤਾ ਨਾਲ ਸਿਜਦਾ ਕਰਨ ਲਈ ਆਉਂਦੀਆਂ ਹਨ।ਇਸ ਸ਼ਹੀਦੀ ਯਾਤਰਾ ਵਿੱਚ ਸ਼ਾਮਲ ਹੋਣ ਵਾਲੀਆਂ ਸੰਗਤਾਂ ਦੀ ਭਾਰੀ ਗਿਣਤੀ ਵਿੱਚ ਅਵਾਜਾਈ ਹਰ ਸਾਲ 1 ਨਵੰਬਰ ਤੋਂ ਅਰੰਭ ਹੋ ਕੇ 15 ਜਨਵਰੀ ਤੀਕ ਨਿਰੰਤਰ ਜਾਰੀ ਰਹਿੰਦੀ ਹੈ ਅਤੇ 25, 26 ਤੇ 27 ਦਸੰਬਰ ਨੂੰ ਤਾਂ ਬਹੁਤ ਹੀ ਭਾਰੀ ਗਿਣਤੀ ਵਿੱਚ ਸੰਗਤਾਂ ਸਾਹਿਬਜ਼ਾਦਿਆਂ ਨੂੰ ਨਤਮਸਤਕ ਹੋਣ ਲਈ ਆਉਂਦੀਆਂ ਹਨ। ਉਨ੍ਹਾਂ ਕਿਹਾ ਕਿ ਲਾਂਡਰਾਂ (ਜ਼ਿਲ੍ਹਾ ਮੋਹਾਲੀ), ਮੋਰਿੰਡਾ, ਬਠਿੰਡਾ, ਮਾਨਸਾ, ਬਰਨਾਲਾ, ਸੰਗਰੂਰ ਤੇ ਪਟਿਆਲਾ ਤੋਂ ਸ੍ਰੀ ਫਤਹਿਗੜ੍ਹ ਸਾਹਿਬ ਤੀਕ ਬਹੁਤ ਹੀ ਭਾਰੀ ਗਿਣਤੀ ਵਿੱਚ ਸੰਗਤਾਂ ਆਉਂਦੀਆਂ ਹਨ, ਪ੍ਰੰਤੂ ਪਟਿਆਲਾ ਤੋਂ ਸਰਹੰਦ ਤੀਕ ਵੱਡੇ ਵੱਡੇ ਜਾਮ ਲੱਗਦੇ ਹਨ, ਕਿਉਂਕਿ ਸੜਕ ਬਹੁਤ ਸੌੜੀ ਤੇ ਥੋੜ੍ਹੀ ਰਹਿ ਜਾਂਦੀ ਹੈ।ਸੜਕ ਦੇ ਦੋਹਾਂ ਪਾਸਿਆਂ ਉੱਤੇ ਸ਼ਰਧਾਲੂ ਸਿੱਖਾਂ ਵੱਲੋਂ ਗੁਰੂ ਕੇ ਲੰਗਰ ਵੀ ਸਜਾਏ ਜਾਂਦੇ ਹਨ।ਜਾਮ ਦੌਰਾਨ ਸੰਗਤਾਂ ਖਾਸ ਕਰਕੇ ਬੀਬੀਆਂ, ਬੱਚਿਆਂ ਤੇ ਬਜ਼ੁਰਗਾਂ ਨੂੰ ਭਾਰੀ ਦਿਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਸੋ, ਇਸ ਨੂੰ ਮੁੱਖ ਰੱਖਦਿਆਂ ਜਲਦ ਤੋਂ ਜਲਦ ਪਟਿਆਲਾ ਤੋਂ ਸਰਹੰਦ ਤੱਕ ਬਣਨ ਜਾ ਰਹੀ ਸੜਕ ਦਾ ਕਾਰਜ ਜਲਦੀ ਤੋਂ ਜਲਦੀ ਮੁਕੰਮਲ ਕਰਵਾਇਆ ਜਾਣਾ ਚਾਹੀਦਾ ਹੈ।


## ਉੱਤਰ ਰੇਲਵੇ

### ਈ-ਟੈਂਡਰ ਸੂਚਨਾ

**ਟੈਂਡਰ ਸੂਚਨਾ ਨੰਬਰ :- ਨੰਬਰ** No 770-W/01/WA/JAT/2025-26-21-2025-26-DRM-JAT,22-2025-26- DRM-JAT & 23-2025-26-DRM-JAT (to be opened on 10.10.2025) ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਕੰਮ ਕਰਦੇ ਹੋਏ ਹੇਠਾ ਦਿਤੇ ਗਏ ਸ਼ੀਰਸ਼ਕ ਵਾਲੀ ਟੈਂਡਰਾ ਦੇ ਵਿਰੁਧ ਖੁਲੀ ਟੈਂਡਰਾ (ਈ-ਟੈਂਡਰਾ) ਮੰਗ ਕਰਦੀ ਹੈ ਅਤੇ www.ireps.gov.in ਉਤੇ ਉਪਲਬਧ ਹੈ, ਜਿਨ੍ਹਾਂ ਦੀ ਆਖਰੀ ਮਿਤੀ **10.10.2025 ਨੂੰ 15:00 ਵਜੇ** ਤਕ ਹੈ । ਬੋਲੀਦਾਤਾ ਅਪਣੀ ਮੂਲ/ਸੰਸ਼ੋਧਿਤ ਬੋਲੀਆਂ ਕੇਵ ਸਮਾਪਨ ਮਿਤੀ ਅਤੇ ਸਮੇਂ ਤਕ ਹੀ ਜਮਾਂ ਕਰ ਸਕਣਗੇ, ਇਨ੍ਹਾਂ ਟੈਂਡਰਾਂ ਦੇ ਵਿਰੁਧ ਮੈਨੂੰਅਲ ਪ੍ਰਸਤਾਵ ਦੀ ਅਨੁਮਤੀ ਨਹੀਂ ਹੈ ਅਤੇ ਪ੍ਰਾਪਤ ਹੋਣ ਵਾਲੇ ਐਸੇ ਕਿਸੀ ਵੀ ਮੈਨੂੰਅਲ ਪ੍ਰਸਾਤਵ ਨੂੰ ਨਜ਼ਰਅੰਦਾਜ ਕਰ ਦਿਤਾ ਜਾਵੇਗਾ । ਠੇਕੇਦਾਰਾਂ ਨੂੰ ਇਸ ਟੈਂਡਰ ਦੇ ਵਿਰੁਧ ਟੈਂਡਰ ਦਸਤਾਵੇਜ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ ਆਈਆਰਈਪੀਐਸ ਪੋਰਟਲ ਉਤੇ ਉਪਲਬਧ ਭੁਗਤਾਨ ਵਿਧੀਆਂ ਜਿਸਤਰ੍ਹਾਂ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਕਾਰਡ ਆਦਿ ਦੇ ਦੁਵਾਰਾ ਤੋਂ ਕਰਨ ਦੀ ਅਨੁਮਤੀ ਹੈ ।

| ਲ. ਨੰ: | ਟੈਂਡਰ ਨੰ: | ਟੈਂਡਰ ਦਾ ਵੇਰਵਾ | ਵਿਗਿਆਪਨ ਮੁਲ (ਰੁ:) | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| --- | --- | --- | --- | --- | --- |
| 1 | 21-2025-26-DRM-JAT | ਸਹਾਇਕ ਮੰਡਲ ਇੰਜੀਨੀਅਰ-II ਜੰਮੂ ਤਵੀ ਦੇ ਅਧਿਕਾਰ ਖੇਤਰ ਵਿਚ ਜੰਮੂ ਰੇਲਵੇ ਸਟੇਸ਼ਨ ਪਾਰਗਮਨ ਆਵਾਸ ਲਈ ਪ੍ਰਕਾਰ-IV, ਪ੍ਰਕਾਰ-III ਅਤੇ ਪ੍ਰਕਾਰ-II ਕਵਾਟਰਸ ਦਾ ਉਨਨਯਨ, ਦਾ ਕੰਮ । | 1,97,06,182.28 | 60 ਦਿਨ | 06 ਮਹੀਨੇ |
| 2 | 22-2025-26-DRM-JAT | ਸਹਾਇਕ ਮੰਡਲ ਇੰਜੀਨੀਅਰ-II ਜੰਮੂ ਤਵੀ ਦੇ ਅਧਿਕਾਰ ਖੇਤਰ ਦੇ ਅੰਤਰਗਤ ਟ੍ਰੈਕ ਆਧਾਰਿਤ ਇਲੈਕਟ੍ਰਾਨਿਕ ਪ੍ਰਕਾਰ ਰੇਲ ਗੇਜ ਫੇਸ ਲਯੂਬ੍ਰਿਕੇਟਰ 68 nos (68x12x5ਸਾਲ-4080 ਮਹੀਨੇ) ਦੀ ਆਪੂਰਤੀ, ਸਥਾਪਨਾ ਅਤੇ ਚਾਲੂਕਰਣ, ਦਾ ਕੰਮ । | 11,34,13,216.80 | 90 ਦਿਨ | 60 ਮਹੀਨੇ |
| 3 | 23-2025-26-DRM-JAT | ਸਹਾਇਕ ਮੰਡਲ ਇੰਜੀਨੀਅਰ ਪਠਾਨਕੋਟ ਦੇ ਅਧਿਕਾਰ ਖੇਤਰ ਦੇ ਅੰਤਰਗਤ ਟ੍ਰੈਕ ਆਧਾਰਿਤ ਇਲੈਕਟ੍ਰਾਨਿਕ ਪ੍ਰਕਾਰ ਰੇਲ ਗੇਜ ਫੇਸ ਲਯੂਬ੍ਰਿਕੇਟਰ 62 nos (68x12x5ਸਾਲ-3720 ਮਹੀਨੇ) ਦੀ ਆਪੂਰਤੀ, ਸਥਾਪਨਾ ਅਤੇ ਚਾਲੂਕਰਣ, ਦਾ ਕੰਮ । | 10,34,62,586.40 | 90 ਦਿਨ | 60 ਮਹੀਨੇ |

ਨੋਟ:- **1.** ਠੇਕੇਦਾਰਾਂ ਨੂੰ ਸਲਾਹ ਦਿਤੀ ਜਾਂਦੀ ਹੈ ਕਿ ਉਹ ਬੋਲੀਆਂ ਪੇਸ਼ ਕਰਨ ਤੋਂ ਪਹਿਲਾ ਇਸ ਟੈਂਡਰ ਦੇ ਵਿਰੁਧ ਜਾਰੀ ਕਿਸੀ ਵੀ ਸ਼ੁੱਧੀਪੱਤਰ ਦੇ ਲਈ ਆਈਆਰਈਪੀਐਸ ਵੇਬਸਾਈਟ ਦੇਖੇ । **2.** ਜੇਕਰ ਹਿੰਦੀ ਵਿਗਿਆਪਨ ਵਿਚ ਕੋਈ ਗਲਤੀ ਪਾਈ ਜਾਂਦੀ ਹੈ, ਤਾਂ ਅੰਗ੍ਰੇਜੀ ਵਿਗਿਆਪਨ ਮਾਨਯ ਹੋਵੇਗਾ । **2911/2025**

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


## ਰਾਜ-ਪੱਧਰੀ ਖੇਡਾਂ 'ਚ ਅਲਾਇੰਸ ਇੰਟਰਨੈਸ਼ਨਲ ਸਕੂਲ ਨੇ ਮਾਰੀਆਂ ਮੱਲਾਂ



**ਜੈਤੋ (ਸਤੀਸ਼ ਕੁਮਾਰ ਭੀਰੀ)**-ਇਲਾਕੇ ਦੀ ਮਾਣਮੱਤੀ ਸਿੱਖਿਆ ਸੰਸਥਾ ਅਲਾਇੰਸ ਇੰਟਰਨੈਸ਼ਨਲ ਸਕੂਲ ਜੈਤੋ ਵੱਲੋਂ ਬੱਚਿਆਂ ਨੂੰ ਜਿੱਥੇ ਸਿੱਖਿਆ ਖੇਤਰ ਵਿੱਚ ਉਪਲਬਧੀ ਦਿੱਤੀ ਜਾ ਰਹੀ ਹੈ, ਉੱਥੇ ਹੀ ਖੇਡਾਂ ਦੇ ਖੇਤਰ ਵਿੱਚ ਵੀ ਬੱਚਿਆਂ ਨੇ ਹਮੇਸ਼ਾ ਸਕੂਲ ਤੇ ਮਾਪਿਆਂ ਦਾ ਨਾਮ ਰੋਸ਼ਨ ਕੀਤਾ ਹੈ। ਬੀਤੇ 11 ਸਤੰਬਰ ਤੋਂ 18 ਸਤੰਬਰ 2025 ਤੱਕ 69 ਜ਼ਿਲ੍ਹਾ ਪੱਧਰੀ ਖੇਡਾਂ ਕਰਵਾਇਆ ਗਈਆਂ, ਜਿਸ ਵਿੱਚ ਅਲਾਇੰਸ ਇੰਟਰਨੈਸ਼ਨਲ ਸਕੂਲ ਜੈਤੋ ਦੇ ਖਿਡਾਰੀਆਂ ਨੇ ਚੈੱਸ, ਬੈਡਮਿੰਟਨ, ਕ੍ਰਿਕਟ, ਕਰਾਟੇ, ਕਬੱਡੀ ਵਿੱਚ ਭਾਗ ਲਿਆ।ਇਨ੍ਹਾਂ ਮੁਕਾਬਲਿਆਂ ਵਿੱਚੋਂ ਲੜਕੀਆਂ ਨੇ ਕਰਾਟੇ ਅੰਡਰ-14 'ਚ ਨਿਮ੍ਰਿਤ ਕੌਰ, ਭਵਿਆ ਨੇ ਗੋਲਡ ਮੈਡਲ, ਅੰਡਰ-14 ਲੜਕੇ ਕਰਾਟੇ 'ਚ ਸਾਰਥਿਕ ਬਾਂਸਲ ਨੇ ਪਹਿਲਾ, ਰੁਧਰ ਜਿੰਦਲ ਨੇ ਦੂਜਾ ਤੇ ਪਿਊਸ਼ ਗੁਪਤਾ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।ਇਸ ਦੇ ਨਾਲ ਹੀ ਅੰਡਰ-14 ਬੈਡਮਿੰਟਨ ਵਿੱਚੋਂ ਵਿਧਿਤ ਬਾਂਸਲ, ਚੈੱਸ ਗੈਵਿਨ ਬਾਂਸਲ, ਕ੍ਰਿਕਟ ਤਾਰੁਸ਼ ਜਿੰਦਲ ਨੇ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਭਾਗ ਲਿਆ। ਇਸ ਮੌਕੇ ਪ੍ਰਿੰਸੀਪਲ ਮੈਡਮ ਗੁਰਸੇਵਕ ਮਾਨ ਨੇ ਕਿਹਾ ਕਿ ਇਨ੍ਹਾਂ ਹੋਣਹਾਰ ਬੱਚਿਆਂ ਦੀ ਮਿਹਨਤ ਸਦਕਾ ਅੱਜ ਅਲਾਇੰਸ ਇੰਟਰਨੈਸ਼ਨਲ ਸਕੂਲ ਦੇ ਨਾਲ ਹੀ ਮਾਪਿਆਂ ਦਾ ਨਾਮ ਬੁਲੰਦੀਆਂ ਛੂ ਰਿਹਾ ਹੈ। ਉਨ੍ਹਾਂ ਕਿਹਾ ਕਿ ਸਕੂਲ ਨੂੰ ਆਪਣੇ ਇਨ੍ਹਾਂ ਹੋਣਹਾਰ ਵਿਦਿਆਰਥੀਆਂ 'ਤੇ ਮਾਣ ਹੈ। ਸਕੂਲ ਦੇ ਮੈਨੇਜਮੈਂਟ ਮੈਂਬਰ ਗੌਰਵ ਗਰਗ, ਦੀਪੀ ਗਰਗ ਤੇ ਪ੍ਰਿੰਸੀਪਲ ਮੈਡਮ ਗੁਰਸੇਵਕ ਮਾਨ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ।

## ਵਿਧਾਇਕ ਨੇ ਹੜ੍ਹ ਪ੍ਰਭਾਵਿਤ ਗੁਲਾਬਾ ਭੈਣੀ ਪਹੁੰਚ ਕੇ ਸਥਿਤੀ ਦਾ ਲਿਆ ਜਾਇਜ਼ਾ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਫਾਜ਼ਿਲਕਾ ਦੇ ਵਿਧਾਇਕ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਨੇ ਭਾਰਤ-ਪਾਕਿ ਸਰਹੱਦ 'ਤੇ ਸਥਿਤ ਹੜ੍ਹ ਪ੍ਰਭਾਵਿਤ ਪਿੰਡ ਗੁਲਾਬਾ ਭੈਣੀ ਵਿਖੇ ਪਹੁੰਚ ਮੌਕੇ ਸਥਿਤੀ ਦਾ ਜਾਇਜ਼ਾ ਲਿਆ। ਇਸ ਮੌਕੇ ਬੋਲਦਿਆਂ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਨੇ ਕਿਹਾ ਕਿ ਵੱਲੇ ਸ਼ਾਹ ਹਿਠਾੜ ਉਰਫ ਗੁਲਾਬਾ ਭੈਣੀ ਪਿੰਡ ਵਿੱਚ ਸਤਲੁਜ ਦਰਿਆ ਦਾ ਪਾਣੀ ਪਾਕਿਸਤਾਨ ਤੋਂ ਸਿੱਧਾ ਇਸ ਪਿੰਡ ਵਿੱਚ ਦਾਖਲ ਹੁੰਦਾ ਹੈ, ਜਿਸ ਕਾਰਨ ਇਸ ਪਿੰਡ ਨੂੰ ਪਾਣੀ ਦੀ ਮਾਰ ਝੱਲਣੀ ਪੈਂਦੀ ਹੈ।ਉਨ੍ਹਾਂ ਕਿਹਾ ਕਿ ਸਾਲ 2023 ਵਿੱਚ ਵੀ ਇਸ ਪਿੰਡ ਨੂੰ ਪਾਣੀ ਦੀ ਮਾਰ ਝੱਲਣੀ ਪਈ ਸੀ ਤੇ ਹੁਣ ਵੀ ਇੱਥੇ ਦਰਿਆ 'ਤੇ ਪਾੜ ਪੈਣ ਕਾਰਨ ਪਾਣੀ ਦੀ ਮਾਰ ਪਈ ਹੈ।

ਉਨ੍ਹਾਂ ਕਿਹਾ ਕਿ ਸਾਲ 2023 ਵਿੱਚ ਇੱਕ ਪ੍ਰੋਜ਼ੈਕਲ ਤਿਆਰ ਕੀਤੀ ਗਈ ਸੀ ਕਿ ਇੱਥੇ ਬੰਨ੍ਹ ਬਣਾਇਆ ਜਾਵੇ ਤਾਂ ਜੋ ਪਾਣੀ ਇਧਰ ਮਾਰ ਨਾ ਕਰ ਸਕੇ। ਉਨ੍ਹਾਂ ਕਿਹਾ ਕਿ ਜੇਕਰ ਕੇਂਦਰ ਸਰਕਾਰ ਇੱਥੇ ਬੰਨ੍ਹ ਬਣਾਉਣ ਦੀ ਆਗਿਆ ਦੇਵੇ ਤਾਂ ਹੀ ਇੱਥੇ ਬੰਨ੍ਹ ਬਣ ਸਕਦਾ ਹੈ। ਪੰਜਾਬ ਸਰਕਾਰ ਬੰਨ੍ਹ ਬਣਾਉਣ ਲਈ ਤਿਆਰ ਹੈ ਤੇ ਜਿੰਨਾ ਵੀ ਖਰਚ ਹੋਵੇਗਾ, ਉਹ ਪੰਜਾਬ ਸਰਕਾਰ ਭਰਨ ਲਈ ਵੀ ਤਿਆਰ ਹੈ।

## ਜਿਮਖਾਨਾ ਕਲੱਬ ਚੋਣਾਂ 20 ਦਸੰਬਰ ਨੂੰ ਕਰਵਾਉਣ ਦਾ ਫੈਸਲਾ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਜਿਮਖਾਨਾ ਕਲੱਬ ਦੀਆਂ ਆਗਾਮੀ ਚੋਣਾਂ ਸੰਬੰਧੀ ਕਲੱਬ ਐਗਜ਼ੈਕਟਿਵ ਦੀ ਇਕ ਅਹਿਮ ਮੀਟਿੰਗ ਹੋਈ, ਜਿਸ ਵਿੱਚ ਸਭਾ ਦੇ ਦਿਨਾਂ ਨੂੰ ਮੁੱਖ ਰੱਖਦੇ ਹੋਏ ਕਲੱਬ ਚੋਣਾਂ ਆਗਾਮੀ 20 ਦਸੰਬਰ ਨੂੰ ਕਰਾਉਣ ਦਾ ਅਹਿਮ ਫੈਸਲਾ ਲਿਆ ਗਿਆ।ਇਸ ਮੌਕੇ ਕਲੱਬ ਦੇ ਪ੍ਰਧਾਨ ਦੀਪਕ ਕੰਪਾਨੀ, ਮੀਤ ਪ੍ਰਧਾਨ ਵਿਕਾਸ ਪੁਰੀ, ਕਲੱਬ ਦੇ ਚੇਅਰਮੈਨ ਡਾ. ਮਨਮੋਹਨ ਸਿੰਘ, ਹਰਪ੍ਰੀਤ ਸੰਧੂ ਤੇ ਹੋਰਨਾਂ ਮੈਂਬਰਾਂ ਵੱਲੋਂ 100 ਦੇ ਲਗਭਗ ਕਲੱਬ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਮੌਜੂਦਾ ਟਰਮ ਦੌਰਾਨ ਕਲੱਬ ਵਿੱਚ ਕੀਤੇ ਗਏ ਡਿਵੈਲਪਮੈਂਟ ਦੇ ਕੰਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।ਉਨ੍ਹਾਂ ਦੱਸਿਆ ਕਿ ਇਸ ਮੀਟਿੰਗ ਵਿੱਚ 12 ਡਾਇਰੈਕਟਰ ਨੇ ਭਾਗ ਲਿਆ।ਇਸ ਮੌਕੇ ਦੁਸਹਿਰਾ 1 ਅਕਤੂਬਰ, ਈ.ਜੀ.ਐੱਮ. ਮੀਟਿੰਗ 14 ਅਕਤੂਬਰ ਨੂੰ, ਦਿਵਾਲੀ 17 ਅਕਤੂਬਰ ਤੇ ਕਲੱਬ ਦੀਆਂ ਚੋਣਾਂ 20 ਦਸੰਬਰ 2025 ਨੂੰ ਕਰਵਾਉਣ ਦਾ ਸਰਬਸੰਮਤੀ ਨਾਲ ਫੈਸਲਾ ਲਿਆ ਗਿਆ।ਇਸ ਮੌਕੇ ਮੈਨੇਜਮੈਂਟ ਨੇ ਦੱਸਿਆ ਸੀ. ਏ. ਤੇ ਕਲੱਬ ਦੇ ਲੀਗਲ ਇਸ਼ੂ ਦੇ ਮੁੱਦੇ 'ਤੇ ਪਿਛਲੇ ਅਸ਼ੋਕ ਗੋਇਲ ਐਂਡ ਐਡੀਟਰ 'ਤੇ ਪੁਲਸ ਦੀ ਜਾਂਚ ਪੜਤਾਲ ਤੋਂ ਬਾਅਦ ਐੱਫ.ਆਈ.ਆਰ. ਵੀ ਦਰਜ ਕਰ ਲਈ ਗਈ ਹੈ।ਉਨ੍ਹਾਂ ਦੱਸਿਆ ਕਿ ਕਲੱਬ ਦੇ ਨਿੱਜੀ ਮਾਮਲੇ ਨੂੰ ਪੁਲਸ ਵਿੱਚ ਲੈ ਕੇ ਜਾਣ ਦੀ ਪਹਿਲ ਸੀ ਏ ਵੱਲੋਂ ਹੀ ਕੀਤੀ ਗਈ ਸੀ, ਜਿਸ ਦਾ ਕਲੱਬ ਮੈਨੇਜਮੈਂਟ ਨੇ ਵਿਸਥਾਰ ਪੂਰਵਕ ਜਵਾਬ ਪੁਲਸ ਵਿਭਾਗ ਨੂੰ ਦੇ ਦਿੱਤਾ ਸੀ।ਇਸ ਦੇ ਨਾਲ ਹੀ ਲੰਘੇ ਸਾਲ 2015 ਤੋਂ 2023 ਤੱਕ ਦੀ ਬੈਲੈਂਸ ਸ਼ੀਟ ਨੂੰ ਚੈਕ ਕਰਨ ਲਈ ਕਲੱਬ ਮੈਨੇਜਮੈਂਟ ਵੱਲੋਂ ਇਕ 7 ਮੈਂਬਰੀ ਕਮੇਟੀ ਦਾ ਗਠਨ ਵੀ ਕੀਤਾ ਗਿਆ ਹੈ, ਜਿਹੜੀ ਇਸ ਮੁੱਦੇ 'ਤੇ ਜਾਂਚ ਪੜਤਾਲ ਕਰਕੇ ਆਪਣੀ ਰਿਪੋਰਟ ਪੇਸ਼ ਕਰੇਗੀ।

ਇਸ ਮੌਕੇ ਸੰਚਿਤ ਬਾਂਸਲ, ਪ੍ਰਦੀਪ ਸਿੰਗਲਾ, ਬਿਕਰਮਜੀਤ ਸਿੰਘ, ਰਾਹੁਲ ਮਹਿਤਾ, ਡਾ. ਅੰਸ਼ੁਮਨ ਖਰਬੰਦਾ, ਐਡਵੋਕੇਟ ਕੁੰਦਨ ਸਿੰਘ ਨਾਗਰਾ, ਐਡਵੋਕੇਟ ਰਵਿੰਦਰਨਾਥ ਕੌਸ਼ਲ, ਗੁਰਦੀਪ ਸਿੰਘ ਚੀਮਾ, ਡਾ. ਹਰਸਿਮਰਨ ਤੁਲੀ, ਹਰਿੰਦਰ ਸਿੰਘ ਕਾਲਾ, ਬੀ. ਡੀ. ਗੁਪਤਾ, ਵਿਨੋਦ ਢੂੰਡੀਆ, ਵਿਨੋਦ ਵੜਗਾਨਾ, ਸੀ. ਏ. ਅਨਿਲ ਅਰੋੜਾ, ਅੰਬਰੀਸ਼ ਬਾਂਸਲ, ਕੇ. ਕੇ. ਮਲਹੋਤਰਾ, ਹਰਦੇਵ ਸਿੰਘ ਬੱਲੀ, ਪਵਨ ਸਿੰਗਲਾ, ਨਰੇਸ਼ ਗੁਪਤਾ, ਅਸ਼ਵਨੀ ਗਰਗ, ਐੱਮ. ਐੱਚ. ਕੁਰੇਸ਼ੀ, ਮੋਹਿਤ ਢੋਡੀ, ਏ. ਪੀ. ਗਰਗ, ਡੀ. ਪੀ. ਸਿੰਘ, ਕੇ. ਕੇ. ਪੈਂਥੇ, ਰਾਜਦੀਪ ਸਿੰਘ ਤੋਂ ਇਲਾਵਾ ਹੋਰ ਮੈਂਬਰ ਹਾਜ਼ਰ ਸਨ।


Form No. 3
[See Regulation-13(1)(a)]

**DEBTS RECOVERY TRIBUNAL CHANDIGARH (DRT-1)**
**2ND FLOOR, SCO 33-34-35, SECTOR 17-A, CHANDIGARH**

ਮੁਕੱਦਮਾ ਨੰ. ਓ ਏ/771/2025 ਈ ਐੱਕਸ ਐੱਚ ਨੰ. 30484

ਕਰਜ਼ਾ ਵਸੂਲੀ ਟ੍ਰਿਬਿਊਨਲ (ਅਮਲ) ਰੂਲਜ਼, 1993 ਦੇ ਨਿਯਮ 5 ਦੇ ਸਬ-ਨਿਯਮ (2-ਏ) ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਤਹਿਤ ਸੰਮਨ

ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ
ਬਨਾਮ
ਮਨਦੀਪ ਸਿੰਘ

ਸੇਵਾ 'ਚ
(1) ਸ੍ਰੀ ਮਨਦੀਪ ਸਿੰਘ ਪੁੱਤਰੀ/ਪਤਨੀ/ਪੁੱਤਰ ਸ਼ਾਮ ਸਿੰਘ ਵਾਸੀ ਪਿੰਡ ਬਾਣੀਆਂ, ਧੂਲਕਾ, ਤਹਿਸੀਲ ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ-143111
(2) ਸਰਬਜੀਤ ਕੌਰ ਪਤਨੀ ਮਨਦੀਪ ਸਿੰਘ ਵਾਸੀ ਪਿੰਡ ਬਾਣੀਆਂ, ਧੂਲਕਾ, ਤਹਿਸੀਲ ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ।
(3) ਜਗਮੀਤ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਪਿੰਡ ਬਣੀਆਂ, ਧੂਲਕਾ, ਤਹਿਸੀਲ ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ।
(4) ਸ਼ਾਮ ਕੌਰ ਪੁੱਤਰ ਜੋਗਿੰਦਰ ਸਿੰਘ ਵਾਸੀ ਪਿੰਡ ਬਾਣੀਆਂ ਧੂਲਕਾ, ਤਹਿਸੀਲ ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ।

**ਸੰਮਨ**

ਜਦੋਂ ਕਿ ਓ ਏ/771/2025 ਮਾਣਯੋਗ ਪ੍ਰਜ਼ਾਇਡਿੰਗ ਅਫਸਰ/ਰਜਿਸਟਰਾਰ ਸਨਮੁੱਖ 02/09/2025 ਨੂੰ ਸੂਚੀਬੱਧ ਕੀਤਾ ਗਿਆ ਸੀ।
ਜਦੋਂ ਕਿ ਤੁਹਾਡੇ ਵਿਰੁੱਧ ਰੁਪਏ 24,48,129 /- ਦੀ ਕਰਜ਼ਾ ਵਸੂਲੀ ਲਈ ਉਕਤ ਅਰਜ਼ੀ 'ਤੇ ਐਕਟ ਦੇ ਸੈਕਸ਼ਨ 19 (4) (ਓ ਏ) ਤਹਿਤ (ਅਰਜ਼ੀ ਸਮੇਤ ਦਸਤਾਵੇਜ਼ਾਂ ਆਦਿ ਦੀਆਂ ਨਕਲਾਂ, ਨੱਥੀ) ਇਹ ਮਾਣਯੋਗ ਟ੍ਰਿਬਿਊਨਲ ਸੰਮਨ/ਨੋਟਿਸ ਜਾਰੀ ਕਰਨ ਦੀ ਖੁਸ਼ੀ ਪ੍ਰਾਪਤ ਕਰ ਰਿਹਾ ਹੈ।
ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਦੇ ਅਨੁਸਾਰ, ਜਵਾਬਦੇਹਾਂ ਨੂੰ ਹੇਠਾਂ ਦਰਸਾਏ ਨਿਰਦੇਸ਼ ਦਿੱਤੇ ਜਾਂਦੇ ਹਨ :
(i) ਸੰਮਨ ਪ੍ਰਾਪਤੀ ਤੋਂ 30 ਦਿਨਾਂ ਦੇ ਅੰਦਰ ਕਾਰਨ ਦੱਸਿਆ ਜਾਵੇ ਕਿ ਦਿੱਤੀ ਗਈ ਰਾਹਤ ਮਨਜ਼ੂਰ ਕਿਉਂ ਨਾ ਕੀਤੀ ਜਾਵੇ।
(ii) ਅਸਲ ਅਰਜ਼ੀ ਦੇ ਲੜੀ ਨੰ. 3 ਏ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਗਈਆਂ ਜਾਇਦਾਦਾਂ ਅਤੇ ਐੱਸਟਸ ਤੋਂ ਇਲਾਵਾ ਹੋਰ ਜਾਇਦਾਦਾਂ ਜਾਂ ਐੱਸਟਸ ਦੇ ਵੇਰਵਿਆਂ ਦਾ ਖੁਲਾਸਾ ਕਰਨਾ।
(iii) ਅਸਲ ਅਰਜ਼ੀ ਦੇ ਲੜੀ ਨੰ. 3 ਏ ਤਹਿਤ ਖੁਲਾਸਾ ਕੀਤੇ ਗਏ ਸਕਿਓਰਡ ਐੱਸਟਸ ਜਾਂ ਅਜਿਹੇ ਹੋਰ ਐੱਸਟਸ, ਲੰਬਿਤ ਸੁਣਵਾਈ ਅਤੇ ਜਾਇਦਾਦਾਂ ਦੀ ਕੁਰਕੀ ਲਈ ਅਰਜ਼ੀ ਦੇ ਨਿਪਟਾਰੇ ਸੰਬੰਧੀ ਤੁਹਾਡੇ 'ਤੇ ਪਾਬੰਦੀ ਹੈ।
(iv) ਜਿਹੜੀ ਸਕਿਓਰਟੀ 'ਤੇ ਹਿੱਤ ਲਾਗੂ ਹਨ ਜਾਂ ਹੋਰ ਐੱਸਟਸ ਅਤੇ ਅਸਲ ਅਰਜ਼ੀ ਦੇ ਲੜੀ ਨੰ. 3 ਏ 'ਚ ਖੁਲਾਸਾ ਕੀਤੀਆਂ ਗਈਆਂ ਜਾਇਦਾਦਾਂ ਟ੍ਰਿਬਿਊਨਲ ਦੀ ਅਗਾਊਂ ਮਨਜ਼ੂਰੀ ਤੋਂ ਬਿਨਾਂ, ਬਿਜ਼ਨਸ ਦੇ ਸਧਾਰਨ ਕੋਰਸ ਤੋਂ ਇਲਾਵਾ ਤੁਸੀਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਢੰਗ ਨਾਲ ਤਬਦੀਲ ਨਹੀਂ ਕਰ ਸਕਦੇ।
(v) ਸਕਿਓਰਡ ਐੱਸਟਸ ਦੀ ਵਿਕਰੀ ਜਾਂ ਬਿਜ਼ਨਸ ਦੇ ਸਧਾਰਨ ਕੋਰਸ 'ਚ ਹੋਰ ਐੱਸਟਸ ਅਤੇ ਜਾਇਦਾਦਾਂ ਅਤੇ ਅਜਿਹੇ ਐੱਸਟਸ 'ਤੇ ਸਕਿਓਰਟੀ ਰੱਖਦੇ ਬੈਂਕ ਜਾਂ ਵਿੱਤੀ ਸੰਗਠਨਾਂ ਦੇ ਖਾਤਿਆਂ 'ਚ ਵਿਕਰੀ ਰਾਹੀਂ ਜਮ੍ਹਾਂ ਅਜਿਹੀ ਆਮਦਨ ਸਾਕਾਰ ਵਿਕਰੀ ਆਮਦਨ ਦਾ ਹਿਸਾਬ ਦੇਣ ਲਈ ਤੁਸੀਂ ਜਵਾਬਦੇਹ ਹੋਵੋਗੇ।
ਤੁਹਾਨੂੰ ਲਿਖਤੀ ਬਿਆਨ ਸਮੇਤ ਬਿਨੈਕਾਰ ਨੂੰ ਉਸ ਦੀ ਨਕਲ ਦੇਣ ਦਾਇਰ ਕਰਨ ਨਾਲ ਰਜਿਸਟਰਾਰ ਦੇ ਸਨਮੁੱਖ 15/12/2025 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਦੇ ਵੀ ਨਿਰਦੇਸ਼ ਦਿੱਤੇ ਜਾਂਦੇ ਹਨ। ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਕੀਤੀ ਜਾਵੇਗੀ ਅਤੇ ਤੁਹਾਡੀ ਗੈਰ-ਹਾਜ਼ਰੀ 'ਚ ਫੈਸਲਾ ਦੇ ਦਿੱਤਾ ਜਾਵੇਗਾ।
ਮੇਰੇ ਦਸਤਖਤਾਂ ਤੇ ਟ੍ਰਿਬਿਊਨਲ ਦੀ ਮੋਹਰ ਨਾਲ 04/09/2025 ਨੂੰ ਜਾਰੀ ਕੀਤਾ ਗਿਆ।

ਸੰਮਨ ਜਾਰੀ ਕਰਨ ਵਾਲੇ ਅਧਿਕਾਰਤ ਅਫਸਰ ਦੇ ਦਸਤਖਤ


## ਸਰਵ ਭਾਰਤੀਯ ਸੇਵਾ ਸੰਮਤੀ ਵੱਲੋਂ ਸਿਵਲ ਹਸਪਤਾਲ 'ਚ ਮੁਫ਼ਤ ਰਸੋਈ ਦੀ ਸ਼ੁਰੂਆਤ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਸਰਵ ਭਾਰਤੀਯ ਸੇਵਾ ਸੰਮਤੀ (ਰਜਿ:) ਵੱਲੋਂ ਸਿਵਲ ਹਸਪਤਾਲ ਵਿੱਚ ਮਰੀਜ਼ਾਂ ਤੇ ਉਨ੍ਹਾਂ ਦੇ ਵਾਰਿਸਾਂ ਨੂੰ ਮੁਫ਼ਤ ਖਾਣਾ ਪ੍ਰਦਾਨ ਕਰਨ ਲਈ ਰਸੋਈ ਦੀ ਸ਼ੁਰੂਆਤ ਕੀਤੀ ਗਈ।ਰਸੋਈ ਦੀ ਸ਼ੁਰੂਆਤ ਪ੍ਰਧਾਨ ਰਾਕੇਸ਼ ਕੁਮਾਰ ਗਰਗ ਦੀ ਅਗਵਾਈ ਹੇਠ ਧਾਰਮਿਕ ਰਸਮਾਂ ਅਨੁਸਾਰ ਹਵਨ ਯੱਗ ਕਰਕੇ ਕੀਤੀ ਗਈ, ਜਿਸ ਵਿੱਚ ਪੂਜਨੀਯ ਸੰਤ ਆਤਮਾ ਨੰਦ ਜੀ ਭੂਰੀ ਵਾਲੇ ਨੇ ਹਾਜ਼ਰੀ ਭਰੀ ਤੇ ਅਸੀਸ ਦਿੱਤੀ।ਮੁੱਖ ਮਹਿਮਾਨ ਵਜੋਂ ਪੰਜਾਬ ਲਘੂ ਉਦਯੋਗ ਵਿਕਾਸ ਨਿਗਮ ਦੇ ਚੇਅਰਮੈਨ ਅਤੇ ਮੁੱਖ ਮੰਤਰੀ ਦਫ਼ਤਰ ਦੇ ਇੰਚਾਰਜ ਦਲਵੀਰ ਸਿੰਘ ਢਿੱਲੋਂ ਪਹੁੰਚੇ। ਉਨ੍ਹਾਂ ਕਿਹਾ ਕਿ ਸੰਮਤੀ ਵੱਲੋਂ ਸਮਾਜ ਦੇ ਹਿੱਤ ਵਿੱਚ ਕੀਤਾ ਜਾ ਰਿਹਾ ਇਹ ਯਤਨ ਕਾਬਲ-ਏ-ਤਾਰੀਫ਼ ਹੈ।ਮਰੀਜ਼ਾਂ ਤੇ ਉਨ੍ਹਾਂ ਦੇ ਵਾਰਸਾਂ ਨੂੰ ਹਸਪਤਾਲ ਵਿੱਚ ਮੁਫ਼ਤ ਖਾਣਾ ਮਿਲਣ ਨਾਲ ਉਹਨਾਂ ਦੀਆਂ ਰੋਜ਼ਮਰਾ ਦੀਆਂ ਮੁਸ਼ਕਲਾਂ ਘੱਟ ਹੋਣਗੀਆਂ।ਸਮਾਰੋਹ ਵਿੱਚ ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ, ਪੰਜਾਬ ਵਕਫ਼ ਬੋਰਡ ਦੇ ਮੈਂਬਰ ਡਾ. ਅਨਵਰ ਭਸੌੜ, ਰਾਈਸਿਲਾ ਦੇ ਡਾਇਰੈਕਟਰ ਵਿਜੈ ਗੋਇਲ, ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਜਤਿੰਦਰ ਸਿੰਘ ਮੰਡੇਰ, ਪੰਜਾਬ ਰਾਈਸ ਮਿਲਰਜ਼ ਐਸੋਸੀਏਸ਼ਨ ਦੇ ਪ੍ਰਧਾਨ ਬਲਵਿੰਦਰ ਸਿੰਘ ਬਿੱਲੂ, ਆੜ੍ਹਤੀਆ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਸਮਰਾ, ਐਡਵੋਕੇਟ ਬ੍ਰਿਜ ਭੂਸ਼ਨ ਬਾਂਸਲ ਤੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਸੰਦੀਪ ਤਾਇਲ ਸਮੇਤ ਵੱਡੀ ਗਿਣਤੀ ਵਿੱਚ ਪਤਵੰਤੇ ਹਾਜ਼ਰ ਸਨ।ਪ੍ਰਧਾਨ ਰਾਕੇਸ਼ ਗਰਗ ਨੇ ਦੱਸਿਆ ਕਿ ਸੰਮਤੀ ਵੱਲੋਂ ਹਸਪਤਾਲ ਵਿੱਚ ਦਾਖਲ ਮਰੀਜ਼ਾਂ ਤੇ ਉਨ੍ਹਾਂ ਦੇ ਨਾਲ ਆਏ ਵਾਰਿਸਾਂ ਲਈ ਹਰ ਰੋਜ਼ ਤਿੰਨ ਵੇਲੇ ਮੁਫ਼ਤ ਖਾਣਾ ਪ੍ਰਦਾਨ ਕੀਤਾ ਜਾਵੇਗਾ।ਸਵੇਰ ਦੇ ਸਮੇਂ ਚਾਹ, ਰਸ ਅਤੇ ਰੋਟੀ, ਦੁਪਹਿਰ ਵੇਲੇ ਰੋਟੀ, ਖਿਚੜੀ ਜਾਂ ਦਲੀਆ, ਸ਼ਾਮ ਨੂੰ ਚਾਹ ਤੇ ਰਾਤ ਨੂੰ ਰੋਟੀ-ਦਾਲ ਦੀ ਵਿਵਸਥਾ ਕੀਤੀ ਗਈ ਹੈ।

## 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ 'ਚ ਯੋਗਦਾਨ ਪਾਉਣ ਵਾਲੇ ਨੌਜਵਾਨਾਂ ਦਾ ਸਨਮਾਨ

■ ਨੌਜਵਾਨਾਂ ਦੇ ਸਰਗਰਮ ਯਤਨਾਂ ਸਦਕਾ ਹੀ ਮੁਹਿੰਮ ਨੂੰ ਜ਼ਮੀਨੀ ਪੱਧਰ 'ਤੇ ਸਫਲਤਾ ਮਿਲੀ : ਹੈਪੀ, ਚੌਹਾਨ



**ਬਸੀ ਪਠਾਣਾ (ਪ੍ਰਮੋਦ ਭਾਰਦਵਾਜ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਵਿੱਚ ਨਸ਼ਿਆਂ ਦਾ ਖਾਤਮਾ ਕਰਨ ਲਈ ਚੱਲ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨੌਜਵਾਨ ਵਰਗ ਵੱਲੋਂ ਅਹਿਮ ਯੋਗਦਾਨ ਪਾਇਆ ਜਾ ਰਿਹਾ ਹੈ, ਜਿਸ ਲਈ ਸਾਰੇ ਨੌਜਵਾਨ ਵਧਾਈ ਦੇ ਪਾਤਰ ਹਨ।ਇਹ ਪ੍ਰਗਟਾਵਾ ਵਿਧਾਇਕ ਰੁਪਿੰਦਰ ਸਿੰਘ ਹੈਪੀ ਨੇ ਬਸੀ ਪਠਾਣਾ ਵਿਖੇ ਨਸ਼ਾ ਮੁਕਤੀ ਮੋਰਚਾ ਦੇ ਜ਼ਿਲ੍ਹਾ ਕੋਆਰਡੀਨੇਟਰ ਓਂਕਾਰ ਸਿੰਘ ਚੌਹਾਨ ਦੀ ਮੌਜੂਦਗੀ ਵਿੱਚ ਇਸ ਮੁਹਿੰਮ ਨੂੰ ਸਫਲਤਾ ਦਾ ਜਾਮਾ ਪਹਿਨਾਉਣ ਵਿੱਚ ਸਰਗਰਮ ਭੂਮਿਕਾ ਨਿਭਾਉਣ ਵਾਲੇ ਨੌਜਵਾਨਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕਰਦਿਆਂ ਕੀਤਾ। ਵਿਧਾਇਕ ਰੁਪਿੰਦਰ ਸਿੰਘ ਹੈਪੀ ਨੇ ਕਿਹਾ ਕਿ ਨੌਜਵਾਨ ਵਰਗ ਹਮੇਸ਼ਾ ਤੋਂ ਹੀ ਸਮਾਜਿਕ ਬੁਰਾਈਆਂ ਦੇ ਖਾਤਮੇ ਲਈ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੂੰ ਆਪਣਾ ਭਰਪੂਰ ਸਹਿਯੋਗ ਦਿੰਦਾ ਰਿਹਾ ਹੈ।ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਬਸੀ ਪਠਾਣਾ ਵਿੱਚ ਨਸ਼ਾ ਮੁਕਤੀ ਮੋਰਚਾ ਤਹਿਤ ਜ਼ਮੀਨੀ ਪੱਧਰ 'ਤੇ ਇਸ ਮੁਹਿੰਮ ਨੂੰ ਜੋਸ਼ੋ ਖਰੋਸ਼ ਨਾਲ ਲਾਗੂ ਕੀਤਾ ਗਿਆ ਹੈ ਤੇ ਸਾਡੀ ਇਸ ਟੀਮ ਨੇ ਨਸ਼ਿਆਂ ਦੀ ਦਲਦਲ ਵਿੱਚ ਫਸੇ ਵਿਅਕਤੀਆਂ ਨੂੰ ਨਸ਼ਾ ਮੁਕਤੀ ਕੇਂਦਰਾਂ ਵਿੱਚ ਦਾਖਲ ਕਰਵਾਉਣ ਲਈ ਵਿਸ਼ੇਸ਼ ਸਹਿਯੋਗ ਦਿੱਤਾ, ਜਿਸ ਲਈ ਉਹ ਇਨ੍ਹਾਂ ਅਗਾਂਹਵਧੂ ਨੌਜਵਾਨਾਂ ਦੇ ਯਤਨਾਂ ਦੀ ਪ੍ਰਸੰਸਾ ਕਰਦੇ ਹਨ।ਉਨ੍ਹਾਂ ਕਿਹਾ ਕਿ ਨੌਜਵਾਨਾਂ ਦੇ ਸਰਗਰਮ ਯਤਨਾ ਸਦਕਾ ਜਲਦੀ ਹੀ ਪੰਜਾਬ ਨਸ਼ਿਆਂ ਦੇ ਕੋਹੜ ਤੋਂ ਹਮੇਸ਼ਾ ਲਈ ਮੁਕਤੀ ਪਾ ਲਵੇਗਾ।

ਇਸ ਮੌਕੇ ਵਿਧਾਇਕ ਰੁਪਿੰਦਰ ਸਿੰਘ ਹੈਪੀ ਤੇ ਜ਼ਿਲ੍ਹਾ ਕੋਆਰਡੀਨੇਟਰ ਓਂਕਾਰ ਸਿੰਘ ਚੌਹਾਨ ਵੱਲੋਂ ਹਲਕਾ ਕੋਆਰਡੀਨੇਟਰ ਹਰਜਿੰਦਰ ਸਿੰਘ ਸ਼ਾਹੀ, ਵਾਈਸ ਕੋਆਰਡੀਨੇਟਰ ਇੰਦਰਜੀਤ ਸਿੰਘ, ਮੈਂਬਰਾਂ ਜਗਰੂਪ ਸਿੰਘ ਸ਼ਾਹੀ, ਹਰਪ੍ਰੀਤ ਸਿੰਘ ਮਹੇਸ਼ਪੁਰਾ, ਜੀਵਨ ਜੋਤ ਸਿੰਘ, ਅਰਸ਼ਪ੍ਰੀਤ ਸਿੰਘ ਖੰਗੂੜਾ, ਬਲਵਿੰਦਰ ਸਿੰਘ ਸੋਨੀ, ਜਗਮੋਹਨ ਸਿੰਘ ਨੌਗਾਵਾਂ, ਰਾਜਵੀਰ ਸਿੰਘ ਬੋੜ, ਵਿਵੇਕ ਕੁਮਾਰ, ਅਮਰਿੰਦਰ ਸਿੰਘ, ਪਰਮਿੰਦਰ ਸਿੰਘ, ਹਰਮਨ ਸਿੰਘ, ਦਵਿੰਦਰ ਸਿੰਘ, ਗੁਰਵਿੰਦਰ ਸਿੰਘ, ਦਰਸ਼ਨ ਸਿੰਘ, ਗੁਰਪ੍ਰੀਤ ਸਿੰਘ, ਸੁਰਜੀਤ ਸਿੰਘ, ਬਿੱਟੂ ਖਾਨ (ਸੁਹਾਵੀ), ਸਰਬਜੀਤ ਸਿੰਘ, ਜਗਤਾਰ ਸਿੰਘ, ਹਰਜੀਤ ਸਿੰਘ, ਗੁਰਜੰਟ ਸਿੰਘ, ਗੁਰਵਿੰਦਰ ਸਿੰਘ, ਧਰਮਿੰਦਰ ਸਿੰਘ ਅਤੇ ਪ੍ਰਭਦੀਪ ਸਿੰਘ ਨੂੰ ਸ਼ਾਨਦਾਰ ਸੇਵਾਵਾਂ ਲਈ ਸਨਮਾਨਤ ਕੀਤਾ ਗਿਆ।

## ਸੁਖਧਾਮ ਸਭਾ (ਸ਼ਿਵਪੁਰੀ) ਰਜਿ. 398 ਦੀ ਮੀਟਿੰਗ ਹੋਈ

**ਜਲਾਲਾਬਾਦ (ਜੀਤ ਕੁਮਾਰ)**-ਸੁਖਧਾਮ ਸਭਾ (ਸ਼ਿਵਪੂਰੀ) ਰਜਿ. 398 ਦੀ ਮੀਟਿੰਗ ਪ੍ਰਧਾਨ ਪ੍ਰੇਮ ਕੁਮਾਰ ਵਲੇਚਾ ਦੀ ਅਗੁਵਾਈ ਹੇਠ ਕੀਤੀ ਗਈ, ਜਿਸ ਵਿੱਚ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਕਿ ਪੁਰਾਣੇ ਘੜਾ ਭੰਨ ਜਗ੍ਹਾ ਤੇ ਸ਼ਮਸ਼ਾਨਘਾਟ ਨੂੰ ਜਾਂਦੀ ਸੜਕ ਨੂੰ ਬਣਾਉਣ ਦਾ ਉਪਰਾਲਾ ਕੀਤਾ ਜਾਵੇ। ਇਸ ਤੋਂ ਬਿਨਾਂ ਲੇਡੀਜ ਬਾਥਰੂਮ, ਜੈਂਟਸ ਬਾਥਰੂਮ ਅਤੇ ਪਾਣੀ ਵਾਲੀਆਂ ਟੂੱਟੀਆਂ ਨਵੀਂ ਜਗ੍ਹਾ 'ਤੇ ਬਣਾਉਣ ਦਾ ਫ਼ੈਸਲਾ ਕੀਤਾ ਗਿਆ ਤਾਂ ਜੁ ਕਮੀਆਂ ਨੂੰ ਪੂਰਾ ਕੀਤਾ ਜਾ ਸਕੇ। ਇਸ ਤੋਂ ਇਲਾਵਾ ਸਮਾਜ ਸੇਵੀ ਦੇਵ ਰਾਜ ਸ਼ਰਮਾ ਤੇ ਰੰਗਤ ਰਾਮ ਨਾਗਪਾਲ ਨੂੰ ਸਭਾ ਦੇ ਸਥਾਈ ਮੈਂਬਰਾਂ ਵਜੋਂ ਸਭਾ ਵਿੱਚ ਸ਼ਾਮਲ ਕਰਨ ਦਾ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ। ਇਸ ਮੌਕੇ ਸੁਖਧਾਮ ਸਭਾ ਦੇ ਪ੍ਰਧਾਨ ਪ੍ਰੇਮ ਵਲੇਚਾ, ਦੇਵ ਰਾਜ ਸ਼ਰਮਾ, ਸੁਰਿੰਦਰ ਪਾਲ ਸਿੰਘ ਪੁੰਛੀ, ਰੋਸ਼ਨ ਲਾਲ ਚੁਚਰਾ, ਓਮ ਪ੍ਰਕਾਸ਼ ਕੁੱਕੜ, ਕਪਿਲ ਵਾਟਸ, ਰਜੇਸ਼ ਕੁਮਾਰ ਚੁੱਘ, ਬਿੱਲੂ ਮਹਿੰਦੀਰੱਤਾ, ਰੰਗਤ ਰਾਮ ਨਾਗਪਾਲ ਮੌਜੂਦ ਸਨ।

## ਸਿਮਰਜੀਤ ਸਿੰਘ ਐਡਵੋਕੇਟ ਨਾਲ ਹੋਈ ਜ਼ਿਆਦਤੀ ਦੀ ਉੱਚ ਪੱਧਰੀ ਜਾਂਚ ਹੋਵੇ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪੰਜਾਬ ਹਰਿਆਣਾ ਹਾਈਕੋਰਟ ਦੇ ਨਿਹੰਗ ਬਾਣੇ ਵਿੱਚ ਸਜੇ ਗੁਰਸਿੱਖ ਵਕੀਲ ਸਿਮਰਜੀਤ ਸਿੰਘ ਨਾਲ 25-30 ਵਕੀਲਾਂ ਵੱਲੋਂ ਇਕੱਠੇ ਹੋ ਕੇ ਕੁੱਟਮਾਰ ਕਰਨ ਉਸਦੇ ਸਿੱਖੀ ਚਿੰਨ੍ਹ ਦੁਮਾਲਾ ਉਤਾਰਨ ਦੀ ਹੋਈ ਅਤਿ ਹਿਰਦੇਵੇਦਕ ਕਾਰਵਾਈ ਅਤਿ ਸ਼ਰਮਨਾਕ ਤੇ ਸਿੱਖ ਵਿਰੋਧੀ ਨਫਰਤ ਦੀ ਭਾਵਨਾ ਨਾਲ ਹੋਏ ਅਮਲਾਂ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦੇ ਹੋਏ ਇਸ ਵਾਪਰੇ ਦੁਖਾਂਤ ਦੀ ਉੱਚ ਪੱਧਰੀ ਜਾਂਚ ਕਰਾਉਣ ਅਤੇ ਜਿਨ੍ਹਾਂ ਨੇ ਨਿਹੰਗ ਸਿੰਘ ਦੇ ਸਿੱਖੀ ਬਾਣੇ ਦੀ ਤੌਹੀਨ ਕੀਤੀ ਹੈ ਅਤੇ ਝੂਠੀ ਐਫ.ਆਈ.ਆਰ ਦਰਜ ਕਰਾ ਕੇ ਉਸਦੇ ਸਿੱਖੀ ਸਰੂਪ ਨੂੰ ਨਿਸ਼ਾਨਾ ਬਣਾਇਆ ਹੈ, ਉਨ੍ਹਾਂ ਦੀ ਨਿਰਪੱਖਤਾ ਨਾਲ ਜਾਂਚ ਕਰਾਈ ਜਾਵੇ ਅਤੇ ਕਾਨੂੰਨੀ ਅਮਲ ਕੀਤਾ ਜਾਵੇ ।ਇਹ ਵਿਚਾਰ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਕੁੱਝ ਦਿਨ ਪਹਿਲੇ ਪੰਜਾਬ ਹਰਿਆਣਾ ਹਾਈਕੋਰਟ ਦੇ ਨਿਹੰਗ ਸਿੰਘ ਬਾਣੇ 'ਚ ਵਕੀਲ ਨਾਲ ਹੋਈ ਜ਼ਿਆਦਤੀ ਨੂੰ ਅਸਹਿ ਕਰਾਰ ਦਿੰਦੇ ਹੋਏ ਇਸਦੀ ਨਿਰਪੱਖਤਾ ਨਾਲ ਜਾਂਚ ਕਰਾ ਕੇ ਅਗਲੇਰੀ ਕਾਰਵਾਈ ਕਰਨ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ।ਉਨ੍ਹਾਂ ਇਸ ਗੱਲ ਤੇ ਵੀ ਗਹਿਰਾ ਦੁੱਖ ਪ੍ਰਗਟ ਕੀਤਾ ਕਿ ਇਨ੍ਹਾਂ ਹਮਲਾ ਕਰਨ ਵਾਲੇ ਵਕੀਲਾਂ ਵਿਚ ਕੁਝ ਗੁੰਮਰਾਹ ਹੋਏ ਸਿੱਖ ਵਕੀਲਾਂ ਨੇ ਵੀ ਇਹ ਬੱਜਰ ਗੁਸਤਾਖੀ ਕੀਤੀ। ਜਦੋਂਕਿ ਉਨ੍ਹਾਂ ਨੂੰ ਗੁਰਸਿੱਖੀ ਮਰਿਆਦਾ ਦੀ ਪੂਰੀ ਜਾਣਕਾਰੀ ਸੀ ਤੇ ਸਜਾਏ ਗਏ ਦੁਮਾਲੇ ਤੇ ਚੱਕਰ ਦੇ ਮਹੱਤਵ ਦਾ ਪਤਾ ਸੀ।ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਚਾਹੀਦਾ ਸੀ ਕਿ ਜੇਕਰ ਕੋਈ ਅਣਹੋਣੀ ਗੱਲ ਹੋਈ ਹੈ, ਤਾਂ ਉਸਦੀ ਤਫ਼ਸੀਲ ਨਾਲ ਜਾਂਚ ਕਰਨ ਲਈ ਬਾਰ ਐਸੋਸੀਏਸ਼ਨ ਤੇ ਹਾਈਕੋਰਟ ਦੇ ਵਕੀਲਾਂ ਦੀ ਜ਼ਿੰਮੇਵਾਰੀ ਲਾਈ ਜਾਂਦੀ ਤੇ ਫਿਰ ਉਸ ਵਿਰੁੱਧ ਕੋਈ ਜੇਕਰ ਦੋਸ਼ ਸਾਬਤ ਹੁੰਦਾ ਤਾਂ ਫਿਰ ਅਮਲ ਕੀਤਾ ਜਾਂਦਾ, ਪਰ ਬਿਨਾਂ ਕਿਸੇ ਜਾਂਚ ਤੋਂ ਉਸ ਵਿਰੁੱਧ ਐਫ.ਆਈ.ਆਰ ਦਰਜ ਕਰਾ ਦੇਣ ਤੇ ਬਾਰ ਐਸੋਸੀਏਸ਼ਨ ਵੱਲੋਂ ਉਸ ਸਿੱਖ ਵਕੀਲ ਦੀ ਵਕਾਲਤ ਦਾ ਲਾਈਸੰਸ ਰੱਦ ਕਰਾਉਣਾ ਪ੍ਰਤੱਖ ਕਰਦਾ ਹੈ ਕਿ ਇਹ ਨਫ਼ਰਤ ਦੀ ਭਾਵਨਾ ਦੀ ਬਦੌਲਤ ਕੀਤਾ ਗਿਆ ਹੈ।

## ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਹੋਈ



**ਧੂਰੀ (ਸੁਖਦੇਵ ਧੂਰੀ)**-ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ (ਰਜਿ:1180) ਵੱਲੋਂ ਜਥੇਬੰਦੀ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਸੁਖਦੇਵ ਸ਼ਰਮਾ, ਸਕੱਤਰ ਅਮਰਜੀਤ ਸਿੰਘ, ਜਸਦੇਵ ਸਿੰਘ, ਰਮੇਸ਼ ਸ਼ਰਮਾ, ਚਰਨਜੀਤ ਸਿੰਘ ਕੈਂਥ, ਇੰਦਰਜੀਤ ਸ਼ਰਮਾ ਤੇ ਗੁਰਦਾਸ ਬਾਂਸਲ ਦੀ ਅਗਵਾਈ ਹੇਠ ਹੋਈ।ਮੀਟਿੰਗ ਦੀ ਸ਼ੁਰੂਆਤ ਮੌਕੇ ਪਿਛਲੀ ਮੀਟਿੰਗ ਤੋਂ ਬਾਅਦ ਸਦੀਵੀ ਵਿਛੋੜਾ ਦੇ ਗਏ ਪੈਨਸ਼ਨਰ, ਉਨ੍ਹਾਂ ਦੇ ਨਜ਼ਦੀਕੀਆਂ ਤੇ ਹੜ੍ਹਾਂ ਦੀ ਭਿਅੰਕਰ ਤਬਾਹੀ ਦਾ ਸ਼ਿਕਾਰ ਹੋਏ ਵਿਅਕਤੀਆਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਦੋ ਮਿੰਟ ਦਾ ਮੌਨ ਰੱਖਿਆ ਗਿਆ।ਮੀਟਿੰਗ ਦੌਰਾਨ ਸਟੇਟ ਬੈਂਕ ਆਫ਼ ਇੰਡੀਆ (ਬੈਂਕ ਰੋਡ) ਦੇ ਡਿਪਟੀ ਮੈਨੇਜਰ ਦਵਿੰਦਰ ਸਿੰਘ ਨੇ ਪੈਨਸ਼ਨਰਾਂ ਦੇ ਬੈਂਕ ਨਾਲ ਪੈਨਸ਼ਨ ਸੰਬੰਧੀ ਕੰਮਾਂ ਬਾਰੇ ਵਡਮੁੱਲੀ ਜਾਣਕਾਰੀ ਸਾਂਝੀ ਕੀਤੀ।ਉਨ੍ਹਾਂ ਬੈਂਕ ਵੱਲੋਂ ਭਰੋਸਾ ਦਿਵਾਇਆ ਕਿ ਪੈਨਸ਼ਨਰਾਂ ਦੇ ਕੰਮ ਪਹਿਲ ਦੇ ਆਧਾਰ 'ਤੇ ਕਰਨ ਲਈ ਸਮੂਹ ਸਟਾਫ਼ ਹਮੇਸ਼ਾ ਤਤਪਰ ਹੈ।ਉਨ੍ਹਾਂ ਪੈਨਸ਼ਨਰਾਂ ਦੀਆਂ ਸਮੱਸਿਆਵਾਂ ਨੂੰ ਵੀ ਧਿਆਨ ਨਾਲ ਸੁਣਿਆ ਤੇ ਜਲਦੀ ਹੱਲ ਕਰਨ ਦਾ ਭਰੋਸਾ ਵੀ ਦਿਵਾਇਆ। ਇਸ ਮੌਕੇ ਪ੍ਰਧਾਨ ਸੁਖਦੇਵ ਸ਼ਰਮਾ ਨੇ ਡਿਪਟੀ ਮੈਨੇਜਰ ਦਵਿੰਦਰ ਸਿੰਘ ਦਾ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚਣ ਅਤੇ ਕੀਮਤੀ ਜਾਣਕਾਰੀ ਸਾਂਝੀ ਕਰਨ ਲਈ ਸਮੂਹ ਪੈਨਸ਼ਨਰਾਂ ਵੱਲੋਂ ਧੰਨਵਾਦ ਕੀਤਾ। ਉਪਰੰਤ ਮੂਲ ਚੰਦ ਸ਼ਰਮਾ ਨੇ ਹੜ੍ਹਾਂ ਦੀ ਤਬਾਹੀ ਨੂੰ ਬਿਆਨ ਕਰਦਾ ਅਪਣਾ ਗੀਤ ਤਰੰਨਮ ਵਿੱਚ ਪੇਸ਼ ਕੀਤਾ।ਪ੍ਰਧਾਨ ਸੁਖਦੇਵ ਸ਼ਰਮਾ ਨੇ ਬੀਤੇ ਦਿਨੀਂ ਹੋਈ ਸੂਬਾ ਕਮੇਟੀ ਦੀ ਮੀਟਿੰਗ ਦੀ ਰਿਪੋਰਟਿੰਗ ਪੇਸ਼ ਕੀਤੀ ਤੇ ਸੂਬਾ ਕਮੇਟੀ ਵੱਲੋਂ ਆਉਣ ਵਾਲੇ ਸਮੇਂ ਵਿੱਚ ਉਲੀਕੇ ਜਾਣ ਵਾਲੇ ਸੰਘਰਸ਼ ਦੀ ਰੂਪ-ਰੇਖਾ ਸਾਂਝੀ ਕੀਤੀ।ਉਨ੍ਹਾਂ ਸੂਬਾ ਕਮੇਟੀ ਵੱਲੋਂ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਲਈ ਫੰਡ ਇਕੱਤਰ ਕਰਨ ਲਈ ਅਪੀਲ ਨੂੰ ਭਰਵਾਂ ਹੁੰਗਾਰਾ ਦੇਣ ਦੀ ਬੇਨਤੀ ਕੀਤੀ, ਜਿਸ 'ਤੇ ਮੀਟਿੰਗ ਵਿੱਚ ਹਾਜ਼ਰ ਪੈਨਸ਼ਨਰਾਂ ਨੇ ਤੁਰੰਤ ਅਮਲ ਕਰਦੇ ਹੋਏ 35000 ਰੁਪਏ ਦੀ ਸਹਾਇਤਾ ਮੌਕੇ 'ਤੇ ਇਕੱਠੀ ਕੀਤੀ।

ਮੀਟਿੰਗ ਦੌਰਾਨ ਪੈਨਸ਼ਨਰ ਆਗੂ ਸਤੀਸ਼ ਸ਼ਰਮਾ, ਜਸਦੇਵ ਸਿੰਘ, ਜਸਵੰਤ ਰਾਏ ਗੁਪਤਾ, ਰਤਨ ਸਿੰਘ ਭੰਡਾਰੀ, ਮੇਜਰ ਸਿੰਘ ਲੈਕਚਰਾਰ, ਜੈ ਭਗਵਾਨ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ । ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੀ ਇਹ ਮੀਟਿੰਗ ਬਹੁਤ ਹੀ ਪ੍ਰਭਾਵਸ਼ਾਲੀ ਰਹੀ।ਇਸ ਮੀਟਿੰਗ ਵਿੱਚ ਸਾਲਾਨਾ ਪੈਨਸ਼ਨਰ ਦਿਹਾੜੇ ਨੂੰ ਪਹਿਲਾਂ ਵਾਂਗ ਹੀ ਮੰਗਲਾ ਆਸ਼ਰਮ (ਗਊ ਸ਼ਾਲਾ) ਵਿਖੇ ਧੂਮ ਧਾਮ ਨਾਲ ਮਨਾਉਣ ਦਾ ਫੈਸਲਾ ਕੀਤਾ ਗਿਆ।


**RELIANCE** Asset Reconstruction

**Reliance Asset Reconstruction Company Ltd.**
Registered Office: 11th Floor, North Side, R-Tech Park,
Western Express Highway, Goregaon (East), Mumbai 400 063.

**ਕਬਜ਼ਾ ਨੋਟਿਸ**
(ਅਚੱਲ ਜਾਇਦਾਦਾਂ ਵਾਸਤੇ)

ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ 2002 (2002 ਦਾ 54) ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਰਿਲਾਇੰਸ ਐੱਸਟ ਰੀਕੰਸਟਰੱਕਸ਼ਨ ਕੰਪਨੀ ਦੇ ਲਿਮਟਿਡ ਅਧਿਕਾਰਤ ਅਫਸਰ ਨੇ ਹੇਠਾਂ ਸਾਰਣੀ 'ਚ ਦਰਸਾਈ ਮਿਤੀ 'ਤੇ ਡਿਮਾਂਡ ਨੋਟਿਸ ਜਾਰੀ ਕੀਤੇ ਅਤੇ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਉਕਤ ਡਿਮਾਂਡ ਨੋਟਿਸ 'ਚ ਦਰਸਾਈ ਰਕਮ, ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੱਤਾ ਸੀ। ਇੰਡੀਅਨ ਓਵਰਸੀਜ਼ ਬੈਂਕ ਵੱਲੋਂ ਮਿਤੀ 30.03.2022 ਨੂੰ ਕੀਤੇ ਗਏ ਇਕਰਾਰਨਾਮੇ ਰਾਹੀਂ ਹੇਠਾਂ ਦਰਸਾਏ ਕਰਜ਼ਦਾਰਾਂ ਦੇ ਵਿੱਤੀ ਐੱਸਟਸ ਸਮੇਤ ਇਸ ਦੇ ਸਾਰੇ ਅਧਿਕਾਰਾਂ, ਟਾਈਟਲ ਅਤੇ ਹਿੱਤ ਸਮੇਤ ਸਾਰੇ ਅੰਡਰਲਾਈਨਿੰਗ ਸੁਰੱਖਿਆ ਹਿੱਤ ਰਿਲਾਇੰਸ ਐੱਸਟ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ, ਆਰ ਏ ਆਰ ਸੀ 068 ਟਰੱਸਟ ਦੀ ਟਰੱਸਟੀ ਦੇ ਹੱਕ 'ਚ ਸੌਂਪ ਦਿੱਤੇ ਹਨ।

ਕਰਜ਼ਦਾਰ ਅਤੇ ਗਰੰਟਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ, ਕਰਜ਼ਦਾਰਾਂ ਅਤੇ ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਰਿਲਾਇੰਸ ਐੱਸਟ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ ਦੇ ਨਿਮਨਹਸਤਾਖਰੀ ਅਧਿਕਾਰਤ ਅਫਸਰ ਨੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਸਾਰਣੀ 'ਚ ਹੇਠਾਂ ਦਰਸਾਈ ਮਿਤੀ 'ਤੇ ਜਾਇਦਾਦ ਦਾ ਕਬਜ਼ਾ ਹਾਸਲ ਕਰ ਲਿਆ ਹੈ। ਕਰਜ਼ਦਾਰ ਅਤੇ ਗਰੰਟਰਾਂ ਨੂੰ ਖਾਸ ਕਰਕੇ ਆਮ ਜਨਤਾ ਨੂੰ ਜਾਇਦਾਦਾਂ ਸੰਬੰਧੀ ਸੌਦੇਬਾਜ਼ੀ ਕਰਨ ਤੋਂ ਖਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦਾਂ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਸੌਦੇਬਾਜ਼ੀ ਰਿਲਾਇੰਸ ਐੱਸਟ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ ਦੀ ਰਕਮ ਅਤੇ ਇਸ ਉਪਰ ਵਿਆਜ ਦੀ ਵਸੂਲੀ ਹੇਠ ਹੋਵੇਗੀ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 8 ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਕਰਜ਼ਦਾਰ/ਗਰੰਟਰ | ਰਹਿਣ ਜਾਇਦਾਦਾਂ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ / ਕਬਜ਼ੇ ਦੀ ਮਿਤੀ | ਟਰੱਸਟੀ ਵਜੋਂ ਕਾਰਜਕਰਤਾ / ਇਕਰਾਰਨਾਮੇ ਦੀ ਮਿਤੀ | ਬਕਾਇਆ ਰਕਮ |
| --- | --- | --- | --- | --- |
| 1. ਮੈਸਰਜ਼ ਸਿਮਰ ਹਾਰਡਵੇਅਰ-ਕਰਜ਼ਦਾਰ<br>2. ਸ੍ਰੀ ਗੁਰਮੇਲ ਸਿੰਘ (ਸਵ. ਸ੍ਰੀ ਬਲਦੇਵ ਸਿੰਘ ਦਾ ਕਾਨੂੰਨੀ ਵਾਰਿਸ)<br>3. ਸ੍ਰੀ ਵਿਪਨ ਵਿਰਦੀ (ਗਰੰਟਰ)<br>4. ਸ੍ਰੀਮਤੀ ਸਿਮਰਜੀਤ ਕੌਰ (ਪਤਨੀ ਸਵ. ਸ੍ਰੀ ਬਲਦੇਵ ਸਿੰਘ) | ਬੈਨਾਮਾ ਨੰ. 13391 ਮਿਤੀ 15.11.2006 ਅਨੁਸਾਰ ਸਵ. ਸ੍ਰੀ ਬਲਦੇਵ ਸਿੰਘ ਦੇ ਨਾਂਅ (ਮ੍ਰਿਤਕ ਰਾਹੀਂ ਇਸ ਦੇ ਕਾਨੂੰਨੀ ਵਾਰਿਸ) ਰਜਿਸਟਰਡ ਰਿਹਾਇਸ਼ੀ ਜਾਇਦਾਦ ਰਕਬਾ 150 ਵਰਗ ਗਜ਼, ਖੇਵਟ/ਖਤੌਨੀ ਨੰ. 390/460, ਖਸਰਾ ਨੰ. 18//14/1/1, ਜਮ੍ਹਾਂਬੰਦੀ ਸਾਲ 2000-01, ਮੌਜਾ ਕਟਾਣੀ ਕਲਾਂ, ਹੱਦਬਸਤ ਨੰ. 212, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ (ਪੰਜਾਬ)। ਹੱਦਾਂ :- ਉੱਤਰ ਵੱਲ : ਸ੍ਰੀ ਦਵਿੰਦਰ ਸਿੰਘ ਮਾਂਗਟ, ਦੱਖਣ ਵਾਲੇ ਪਾਸੇ : ਸਾਧੂ ਸਿੰਘ ਅਤੇ ਖੇਤੀ ਆਦਿ, ਪੂਰਬ ਵਾਲੇ ਪਾਸੇ : ਖੇਤ , ਪੱਛਮ ਵਾਲੇ ਪਾਸੇ: ਲਾਂਘਾ 10' ਚੌੜਾ | 21.04.2025 / 18.09.2025 | ਆਰ ਏ ਆਰ ਸੀ 068 ਟਰੱਸਟ / 30.03.2022 | 31.03.2025 ਨੂੰ ਰੁਪਏ 45,53,752.22/- (ਪੰਜਤਾਲੀ ਲੱਖ ਤਿਰਵੰਜਾ ਹਜ਼ਾਰ ਸੱਤ ਸੌ ਬਵੰਜਾ ਰੁਪਏ ਅਤੇ ਬਾਈ ਪੈਸੇ ਕੇਵਲ) ਸਮੇਤ 01.04.2025 ਤੋਂ ਬਾਅਦ ਕਰਜ਼ਾ ਖਾਤਿਆਂ ਉਪਰ ਵਿਆਜ ਅਤੇ ਚਾਰਜ। |

ਮਿਤੀ : 18.09.2025 ਸਹੀ/-ਅਧਿਕਾਰਤ ਅਫਸਰ
ਸਥਾਨ : ਲੁਧਿਆਣਾ ਰਿਲਾਇੰਸ ਐੱਸਟ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ

23- Sept - Page - 7.qxd 9/22/2025 9:29 PM Page 1



# ਹਾਕਮਾਂ ਦੀਆਂ ਵੰਡ ਪਾਊ ਨੀਤੀਆਂ ਦੇਸ਼ ਦੀ ਭਾਈਚਾਰਕ ਸਾਂਝ ਲਈ ਖਤਰਾ : ਜਾਮਾਰਾਏ





ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਇੱਥੇ ਸਥਾਨਕ ਖੋਖਾ ਮਾਰਕੀਟ 'ਚ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜਨਮ ਦਿਨ 'ਤੇ ਕੰਢੀ ਖ਼ੇਤਰ ਦੇ ਇਨਕਲਾਬੀ ਦੇਸ਼ ਭਗਤ ਪੰਡਤ ਕਿਸ਼ੋਰੀ ਲਾਲ ਦੀ ਯਾਦਗਾਰ 'ਚ ਸਾਲਾਨਾ ਨਾਟਕ ਮੇਲਾ ਕਰਵਾਇਆ ਗਿਆ। ਦੇਸ਼ ਭਗਤ ਪੰਡਤ ਕਿਸ਼ੋਰੀ ਲਾਲ ਯਾਦਗਾਰ ਕਮੇਟੀ ਤਲਵਾੜਾ ਵੱਲੋਂ ਆਯੋਜਿਤ ਨਾਟਕ ਮੇਲੇ 'ਚ ਜਨਤਕ ਜਥੇਬੰਦੀਆਂ ਦਾ ਸਾਂਝਾ ਮੋਰਚਾ ਜੇ ਪੀ ਐਮ ਓ ਦੇ ਆਗੂ ਸਾਥੀ ਪ੍ਰਗਟ ਸਿੰਘ ਜਾਮਾਰਾਏ ਬਤੌਰ ਮੁੱਖ ਮਹਿਮਾਨ ਅਤੇ ਡਾ. ਡੀ.ਪੀ.ਐਸ. ਰੰਧਾਵਾ, ਸਾਬਕਾ ਪ੍ਰਧਾਨ ਬਾਰ ਐਸੋਸੀਏਸ਼ਨ, ਪੰਜਾਬ ਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਤੇ ਸੈਨੇਟ ਮੈਂਬਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਸਾਥੀ ਪ੍ਰਗਟ ਸਿੰਘ ਜਾਮਾਰਾਏ ਨੇ ਕਿਹਾ ਕਿ ਦੇਸ਼ ਭਗਤਾਂ ਨੇ ਦੇਸ਼ ਦੀ ਭਾਈਚਾਰਕ ਸਾਂਝ ਦੀ ਮਜ਼ਬੂਤੀ ਦਾ ਸੁਪਨਾ ਦੇਖਿਆ ਸੀ। ਉਨ੍ਹਾਂ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਆਪਣੀਆਂ ਸ਼ਹਾਦਤਾਂ ਦਿੱਤੀਆਂ। ਜਾਮਾਰਾਏ ਨੇ ਕਾਰਪੋਰੇਟ ਪੱਖੀ ਹਾਕਮ ਜਮਾਤਾਂ ਦੀਆਂ ਵੰਡ ਪਾਊ ਨੀਤੀਆਂ ਤੋਂ ਸੁਚੇਤ ਕਰਦਿਆਂ ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਇਪਟਾ ਮੋਗਾ ਤੋਂ ਅਵਤਾਰ ਚੜਿੱਕ ਅਤੇ ਰਮਨਦੀਪ ਸਿੰਘ ਨੇ ਦੇਸ਼ ਦੇ ਮੌਜੂਦਾ ਸਿਆਸੀ ਅਤੇ ਸਮਾਜਿਕ ਹਲਾਤਾਂ 'ਤੇ ਵਿਅੰਗਮਈ ਅੰਦਾਜ਼ 'ਚ ਪੇਸ਼ ਕਰਕੇ ਰੰਗ ਬੰਨ੍ਹਿਆ। ਮੰਚ ਰੰਗ ਮੰਚ ਅੰਮ੍ਰਿਤਸਰ ਦੀ ਨਾਟਕ ਮੰਡਲੀ ਨੇ ਕੇਵਲ ਧਾਲੀਵਾਲ ਦੀ ਨਿਰਦੇਸ਼ਨਾਂ ਹੇਠ 'ਕੱਲਰ' ਅਤੇ 'ਸੱਚ ਜਿੰਨ੍ਹ ਪੱਲੇ ਹੋਏ' ਨਾਟਕ ਖੇਡੇ। ਪ੍ਰਬੰਧਕ ਕਮੇਟੀ ਵੱਲੋਂ ਹੈਡ ਮਾਸਟਰ (ਰਿਟਾ.) ਓਮ ਪ੍ਰਕਾਸ਼, ਜਿੰਨ੍ਹਾਂ ਹੜ੍ਹ ਪੀੜਤਾਂ ਦੀ ਮਦਦ ਲਈ ਜੀ ਟੀ ਯੂ ਨੂੰ 31 ਹਜ਼ਾਰ ਰੁਪਏ ਦਿੱਤੇ ਸਨ, ਨੂੰ ਸਨਮਾਨਤ ਕੀਤਾ ਗਿਆ। ਪਿਛਲੇ ਦਿਨੀਂ ਪੁਲੀਸ ਵੱਲੋਂ ਨਾਮਜ਼ਦ ਕੀਤੇ ਖਣਨ ਰੋਕੋ ਜ਼ਮੀਨ ਬਚਾਓ ਸੰਘਰਸ਼ ਕਮੇਟੀ ਤਲਵਾੜਾ ਦੇ 8 ਮੈਂਬਰਾਂ, ਹੜ੍ਹ ਪੀੜਤਾਂ ਦੀ ਮਦਦ ਕਰਨ ਵਾਲੇ ਬਲਾਕ ਮੁਕੇਰੀਆਂ ਤੋਂ ਜੀ ਟੀ ਯੂ ਦੇ ਪ੍ਰਧਾਨ ਰਜਤ ਮਹਾਜਨ ਤੇ ਸਕੱਤਰ ਸਤੀਸ਼ ਕੁਮਾਰ, ਗ੍ਰਾਮ ਸੁਧਾਰ ਦੰਗਲ ਕਮੇਟੀ ਦੇ ਪ੍ਰਧਾਨ ਓਂਕਾਰ ਸਿੰਘ ਅਤੇ ਖੋਜੀ ਪੱਤਰਕਾਰ ਤੇ 'ਦ ਸਟੋਰੀ ਟਾਕ' ਦੇ ਸਰਪ੍ਰਸਤ ਪ੍ਰਭਜੀਤ ਸਿੰਘ ਨੂੰ ਸਮਾਜ ਵਿੱਚ ਵਧੀਆ ਸੇਵਾਵਾਂ ਨਿਭਾਉਣ ਲਈ ਸਨਮਾਨਤ ਕੀਤਾ ਗਿਆ।ਹੋਰਨਾਂ ਤੋਂ ਇਲਾਵਾ ਪ੍ਰਧਾਨ ਸ਼ਸ਼ੀਕਾਂਤ, ਨਰੇਸ਼ ਮਿੱਡਾ, ਹਿਤੇਸ਼ ਸ਼ਰਮਾ, ਕੁੰਦਨ ਲਾਲ, ਕਿਹਰ ਸਿੰਘ, ਗਿਰਧਾਰੀ ਲਾਲ, ਜਸਵਿੰਦਰ ਸਿੰਘ ਸਿੰਗਲਾ, ਵਰਿੰਦਰ ਵਿੱਕੀ, ਸੱਤ ਪ੍ਰਕਾਸ਼, ਜਸਵੀਰ ਤਲਵਾੜਾ, ਨਿਰਮਲ ਬੱਧਣ, ਗਿਆਨ ਸਿੰਘ ਗੁਪਤਾ, ਬਿਸ਼ਨ ਦਾਸ ਆਦਿ ਕਮੇਟੀ ਮੈਂਬਰ ਹਾਜ਼ਰ ਸਨ।

## ਏਟਕ ਨੇ ਬੀ ਬੀ ਐੱਮ ਬੀ ਦੀਆਂ ਨਿੱਜੀਕਰਨ ਦੀਆਂ ਨੀਤੀਆਂ ਦਾ ਕੀਤਾ ਵਿਰੋਧ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਸਥਾਨਕ ਭਾਖੜਾ ਬਿਆਸ ਐਂਪਲਾਈਜ਼ ਯੂਨੀਅਨ (ਏਟਕ-ਏਫੀ) ਨੇ ਬੀ ਬੀ ਐੱਮ ਬੀ ਪ੍ਰਸ਼ਾਸਨ ਵੱਲੋਂ ਵਿਭਾਗੀ ਕੰਮ ਆਊਟਸੋਰਸ ਰਾਹੀਂ ਕਰਵਾਉਣ ਦਾ ਵਿਰੋਧ ਕੀਤਾ ਹੈ। ਯੂਨੀਅਨ ਦੇ ਨਵ-ਨਿਯੁਕਤ ਪ੍ਰਧਾਨ ਅਸ਼ੋਕ ਕੁਮਾਰ ਸ਼ਰਮਾ ਅਤੇ ਸਕੱਤਰ ਸ਼ਿਵ ਕੁਮਾਰ ਨੇ ਦੱਸਿਆ ਕਿ ਬੀ ਬੀ ਐੱਮਬੀ ਪ੍ਰਬੰਧਨ ਵੱਲੋਂ ਇਸ ਨੂੰ ਨਾਨ-ਕੋਰ ਐਕਟੀਵਿਟੀ ਦਾ ਨਾਮ ਦਿੱਤਾ ਗਿਆ ਹੈ। ਜਿਸ ਤਹਿਤ ਬੀ ਬੀ ਐੱਮ ਬੀ ਡੀ ਏ ਵੀ ਪਬਲਿਕ ਸਕੂਲ, ਫੀਲਡ ਰੈਸਟ ਹਾਊਸ, ਹਾਊਸ ਕੀਪਿੰਗ ਦਾ ਕੰਮ, ਵਾਚ ਅਤੇ ਵਾਰਡ ਸੇਵਾਵਾਂ, ਸੜਕ ਤੇ ਨਾਲੀ ਸਫ਼ਾਈ, ਸੀਵਰੇਜ ਪਲਾਂਟ, ਵਾਹਨਾਂ ਦੇ ਸੰਚਾਲਨ ਅਤੇ ਰੱਖਰਖਾਵ ਆਦਿ ਦਾ ਸਾਰਾ ਕੰਮ ਨਿੱਜੀ ਹੱਥਾਂ 'ਚ ਦੇਣ ਦੀ ਤਿਆਰੀ ਕੀਤੀ ਹੈ। ਏਟਕ-ਏਫੀ ਨੇ ਉਕਤ ਸਾਰੇ ਕੰਮ ਪਹਿਲਾਂ ਦੀ ਤਰ੍ਹਾਂ ਪ੍ਰਬੰਧਕ ਬੋਰਡ ਵੱਲੋਂ ਖੁਦ ਕਰਵਾਉਣ ਦੀ ਮੰਗ ਕੀਤੀ ਹੈ ਤਾਂ ਜੋ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਮਿਲੇ ਅਤੇ ਉਨ੍ਹਾਂ ਦਾ ਭਵਿੱਖ ਸੁਰੱਖਿਅਤ ਹੋ ਸਕੇ। ਏਟਕ ਐਫੀ ਨੇ ਉਕਤ ਮੰਗਾਂ ਅਤੇ ਬੀ ਬੀ ਐੱਮ ਬੀ ਡੀ ਏ ਵੀ ਪਬਲਿਕ ਸਕੂਲ ਦੇ ਨਿੱਜੀਕਰਨ ਖਿਲਾਫ਼ ਮੁਲਾਜ਼ਮਾਂ, ਸਕੂਲ 'ਚ ਪੜ੍ਹਦੇ ਵਿਦਿਆਰਥੀਆਂ ਦੇ ਮਾਪਿਆਂ, ਸ਼ਹਿਰ ਦੀਆਂ ਧਾਰਮਿਕ ਤੇ ਸਮਾਜਿਕ ਸੰਸਥਾਵਾਂ, ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ, ਨੇੜਲੇ ਪਿੰਡਾਂ ਦੀਆਂ ਪੰਚਾਇਤਾਂ ਆਦਿ ਦੇ ਸਹਿਯੋਗ ਨਾਲ 23 ਤਾਰੀਕ ਨੂੰ 11 ਵਜੇ ਚੀਫ਼ ਇੰਜਨੀਅਰ ਦਫ਼ਤਰ ਮੂਹਰੇ ਵਿਸ਼ਾਲ ਧਰਨੇ ਦਾ ਐਲਾਨ ਕੀਤਾ ਹੈ।

# ਦਸਮੇਸ਼ ਕਾਨਵੈਂਟ ਹਾਈ ਸਕੂਲ ਦੀ ਮੀਟਿੰਗ




ਫਿਲੌਰ, (ਹਰਜਿੰਦਰ ਕੌਰ ਚਾਹਲ)-ਗੁਰਾਇਆ ਅਤੇ ਫਿਲੌਰ ਸਕੂਲਾਂ ਦੀ ਇੱਕ ਨਜ਼ਦੀਕੀ ਸ਼੍ਰੀ ਦਸਮੇਸ਼ ਕਾਨਵੈਂਟ ਹਾਈ ਸਕੂਲ ਅੱਟੀ ਵਿਖੇ ਮੀਟਿੰਗ ਹੋਈ। ਮੀਟਿੰਗ ਨੂੰ ਸੰਬੋਧਿਤ ਕਰਦੇ ਹੋਏ ਪ੍ਰਧਾਨ ਚਰਨਜੀਤ ਸਿੰਘ ਨੇ ਕਿਹਾ ਕਿ ਸਮੂਹ ਸਕੂਲ 23 ਸਤੰਬਰ ਨੂੰ ਵਿਸ਼ਵ ਪੰਜਾਬ ਦਿਵਸ ਦੌਰਾਨ ਬੱਚਿਆਂ ਨੂੰ ਮਾਂ ਬੋਲੀ ਪੰਜਾਬੀ ਨਾਲ ਜੋੜਨ ਦੇ ਵੱਧ ਤੋਂ ਵੱਧ ਉਪਰਾਲੇ ਕਰਨਗੇ। ਇਸ ਦੌਰਾਨ ਅਜਮੇਰ ਸਿੰਘ ਨੇ ਕਿਹਾ ਕਿ ਵਿਭਾਗ ਵਲੋਂ ਛੁੱਟੀਆਂ ਦੌਰਾਨ ਜਾਣਕਾਰੀ ਮੰਗਣਾ ਸਕੂਲਾਂ ਲਈ ਮੁਸ਼ਕਲ ਹੈ ਕਿਉਕਿ ਸਾਰਾ ਰਿਕਾਰਡ ਸਕੂਲ 'ਚ ਹੁੰਦਾ ਹੈ ਜੇਕਰ ਨਿੱਜੀ ਸਕੂਲ ਛੁੱਟੀ ਵਾਲੇ ਦਿਨ ਖੋਲ੍ਹਿਆ ਜਾਂਦਾ ਹੈ ਤਾਂ ਸਰਕਾਰ ਵਲੋਂ ਛੁੱਟੀ ਵਾਲੇ ਦਿਨ ਸਕੂਲ ਬੰਦ ਰੱਖਣ ਦੇ ਆਦੇਸ਼ ਦੀ ਉਲੰਘਣਾ ਹੁੰਦੀ ਹੈ। ਇਸ ਦੌਰਾਨ ਜਗਦੀਪ ਸਿੰਘ ਨੇ ਕਿਹਾ ਕਿ ਆਰ ਟੀ ਈ ਤਹਿਤ ਨਿੱਜੀ ਸਕੂਲ ਤਦ ਹੀ ਦਾਖਲਾ ਦੇਣਗੇ ਜੇਕਰ ਪੰਜਾਬ ਸਰਕਾਰ ਇਨ੍ਹਾਂ ਬੱਚਿਆਂ ਦੀ ਫੀਸਾਂ ਅਤੇ ਹੋਰ ਖਰਚੇ ਦੇਣ ਦੀ ਨੀਤੀ ਸ਼ਪਸ਼ਟ ਕਰੇ। ਜਿਨ੍ਹਾਂ ਚਿਰ ਇਹ ਨੀਤੀ ਸ਼ਪਸ਼ਟ ਨਹੀਂ ਹੁੰਦੀ ਉਸ ਦੌਰਾਨ ਛੁੱਟੀਆਂ 'ਚ ਇਸ ਸਬੰਧੀ ਜਾਣਕਾਰੀ ਮੰਗਣਾ ਸਕੂਲਾਂ ਲਈ ਮੁਸ਼ਕਲ ਹੈ। ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਐਸੋਸੀਏਟਿਡ ਸਕੂਲਾਂ ਦਾ ਲਗਾਤਾਰਤਾ ਪ੍ਰਾਫੋਰਮਾ ਤੁਰੰਤ ਜਾਰੀ ਕਰੇ। ਮੀਟਿੰਗ ਨੂੰ ਸੰਬੋਧਿਤ ਕਰਦੇ ਹੋਏ ਰਵਿੰਦਰ ਕੌਰ ਨੇ ਕਿਹਾ ਕਿ ਸਰਕਾਰ ਇਨ੍ਹਾਂ ਸਕੂਲਾਂ ਨੂੰ ਸਰਕਾਰ ਬੱਚਿਆਂ ਦੀ ਭਵਿੱਖ ਲਈ ਸਹੂਲਤਾਂ ਦੇਣ ਦੀ ਬਜਾਏ ਆਏ ਦਿਨ ਕੋਈ ਨਾ ਕੋਈ ਡਾਕ ਮੰਗ ਕੇ ਪ੍ਰੇਸ਼ਾਨ ਕਰ ਰਹੀ ਹੈ। ਇਹ ਸਕੂਲ ਜਾਣਕਾਰੀ ਦੇਣ ਦੇ ਪਾਬੰਦ ਹਨ ਪਰ ਜਿਸ ਵਿਸ਼ੇ ਲਈ ਜਾਣਕਾਰੀ ਮੰਗੀ ਗਈ ਹੈ, ਜੇਕਰ ਉਸ ਵਿਸ਼ੇ ਸਬੰਧੀ ਸਰਕਾਰੀ ਸਕੂਲਾਂ ਨੂੰ ਗ੍ਰਾਂਟ ਆਉਂਦੀ ਹੈ ਤਾਂ ਉਸ ਸਮੇਂ ਇਨ੍ਹਾਂ ਸਕੂਲਾਂ ਨੂੰ ਕਿਉਂ ਨਜ਼ਰ ਅੰਦਾਜ਼ ਕੀਤਾ ਜਾਂਦਾ ਹੈ। ਮੀਟਿੰਗ ਦੇ ਅੰਤ 'ਚ ਰਾਜਨ ਕੁਮਾਰ ਨੇ ਸਮੂਹ ਸਕੂਲਾਂ ਦੇ ਮੁੱਖੀਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਮਿਆਰੀ ਸਿੱਖਿਆ ਲਈ ਇਹ ਸਕੂਲ ਵੱਚਨਬੱਧ ਹਨ ਪਰ ਸਰਕਾਰ ਸਹੂਲਤਾਂ ਦੇਣ ਸਮੇਂ ਇਨ੍ਹਾਂ ਸਕੂਲਾਂ ਨਾਲ ਵਿਤਕਰਾ ਕਰ ਰਹੀ ਹੈ ਜੋ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੌਕੇ ਅਸ਼ੁਮਨ ਸੇਖੜੀ, ਚਰਨਜੀਤ ਕੌਰ, ਸੰਦੀਪ ਕੌਰ, ਅਮਰਜੋਤੀ, ਪ੍ਰਸ਼ੋਤਮ ਲਾਲ, ਅਜਮੇਰ ਸਿੰਘ, ਰਾਜਨ ਕੁਮਾਰ, ਤਰਸੇਮ ਸਿੰਘ, ਕਸ਼ਮੀਰੀ ਲਾਲ, ਗੁਰਮੀਤ ਕੌਰ, ਮੈਡਮ ਅਲਕਾ, ਰਾਜਵਿੰਦਰ ਕੌਰ, ਰਣਜੀਤ ਕੌਰ ਆਦਿ ਹਾਜ਼ਰ ਸਨ।

## ਕੁਸ਼ਤੀ ਮੁਕਾਬਲੇ 'ਚ ਪੰਜਾਬ ਨੇ ਹਾਸਲ ਕੀਤਾ ਦੂਸਰਾ ਸਥਾਨ

ਮੋਹਾਲੀ, (ਗੁਰਜੀਤ ਬਿੱਲਾ)-ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ ਵੱਲੋਂ ਕਰਵਾਏ ਗਏ ਅੰਤਰਜ਼ੋਨੀ ਨੌਰਥ ਜ਼ੋਨ ਦੇ ਰੈਡ ਰਿਬਨ ਕੁਇਜ਼ ਮੁਕਾਬਲਿਆਂ ਵਿੱਚ ਪੰਜਾਬ ਨੇ ਦੂਜਾ ਸਥਾਨ ਹਾਸਲ ਕੀਤਾ। ਨੌਰਥ ਜ਼ੋਨ ਦੇ ਇਸ ਮੁਕਾਬਲੇ ਵਿੱਚ ਪੰਜਾਬ ਤੋਂ ਇਲਾਵਾ ਅੱਠ ਹੋਰ ਰਾਜਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਤੋਂ ਪਹਿਲਾਂ ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਐਮ ਈ ਆਰ ਟੀ ਪੰਜਾਬ ਦੇ ਸਹਿਯੋਗ ਨਾਲ ਸਰਕਾਰੀ ਸਕੂਲਾਂ ਵਿੱਚ ਨੌਵੀਂ ਤੋਂ ਗਿਆਰਵੀਂ ਜਮਾਤ ਦੇ ਵਿਦਿਆਰਥੀਆਂ ਦੇ ਰੈਡ ਰਿਬਨ ਕੁਇਜ਼ ਮੁਕਾਬਲੇ ਕਰਵਾਏ ਗਏ। ਇਹ ਮੁਕਾਬਲੇ ਪਹਿਲਾਂ ਸਕੂਲ ਪੱਧਰ ਫਿਰ ਜ਼ਿਲ੍ਹਾ ਪੱਧਰ ਅਤੇ ਫਿਰ ਰਾਜ ਪੱਧਰ ਤੇ ਕਰਵਾਏ ਗਏ। ਸੰਗਰੂਰ ਵਿਖੇ ਹੋਏ ਰਾਜ ਪੱਧਰੀ ਮੁਕਾਬਲਿਆਂ ਵਿੱਚ ਕੁੱਲ 22 ਟੀਮਾਂ ਨੇ ਹਿੱਸਾ ਲਿਆ ਜਿਨਾਂ ਵਿੱਚੋਂ ਸੂਲ ਅਤੇ ਅਨੰਦਪੁਰ ਸਾਹਿਬ ਦੀ ਟੀਮ ਨੇ ਜਿੱਤ ਹਾਸਲ ਕੀਤੀ। ਪਿਛਲੇ ਦਿਨੀ ਕਰਵਾਏ ਗਏ ਨੌਰਥ ਜ਼ੋਨ ਦੇ ਅੰਤਰਜ਼ੋਨੀ ਰੈਡ ਰਿਬਨ ਕੁਇਜ਼ ਮੁਕਾਬਲੇ ਵਿੱਚ ਪੰਜਾਬ ਸਟੇਟ ਜੇਤੂ ਟੀਮ ਨੇ ਦੂਜਾ ਸਥਾਨ ਹਾਸਲ ਕਰਕੇ ਪੰਜਾਬ ਦਾ ਨਾਮ ਰੋਸ਼ਨ ਕੀਤਾ। ਜੇਤੂ ਟੀਮ ਵਿੱਚ ਸ਼ਾਮਲ ਆਰ ਅਨੀਸ਼ੇ ਨਾਲ ਸ਼ਹਿਰ ਦੀ ਗੁਰਲੀਨ ਕੌਰ ਅਤੇ ਜਗਦੀਪ ਗਿਆਰਵੀਂ ਕਲਾਸ ਨੂੰ ਸ਼ਾਮਲ ਸੀ। ਇਨ੍ਹਾਂ ਨੂੰ ਰਿਨਾਉਂ ਟਰਾਫੀ, 40000 ਰੁਪਏ ਨਕਦ ਅਤੇ ਸਰਟੀਫਿਕੇਟ ਨਾਲ ਸਨਮਾਨਤ ਕੀਤਾ ਗਿਆ।

## ਚੱਬੇਵਾਲ ਤੇ ਜ਼ਿੰਪਾ ਵੱਲੋਂ ਰਿੰਗ ਰੋਡ ਹੁਸ਼ਿਆਰਪੁਰ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ



ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)-ਹੁਸ਼ਿਆਰਪੁਰ ਦੀਆਂ ਸੜਕਾਂ ਦੀ ਨੁਹਾਰ ਬਦਲਣ ਲਈ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਪ੍ਰਾਜੈਕਟ ਤਹਿਤ ਹੁਸ਼ਿਆਰਪੁਰ ਰਿੰਗ ਰੋਡ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਅਤੇ ਵਿਧਾਇਕ ਬ੍ਰਹਮ ਸ਼ੰਕਰ ਜ਼ਿੰਪਾ ਨੇ ਰਿੰਗ ਰੋਡ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕੀਤੀ। ਲੋਕ ਸਭਾ ਮੈਂਬਰ ਨੇ ਦੱਸਿਆ ਕਿ ਇਸ ਰਿੰਗ ਰੋਡ ਤੇ 28 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ ਜਿਸ ਨਾਲ ਸ਼ਹਿਰ ਦੇ ਟਰੈਫਿਕ ਨੂੰ ਸੁਚਾਰੂ ਬਣਾਉਣ ਦਾ ਸੰਕਲਪ ਕੀਤਾ ਜਾ ਰਿਹਾ ਹੈ। ਬਜਵਾੜਾ ਸਤਸੰਗ ਘਰ ਤੋਂ ਸਵਰਨ ਬਾਈਪਾਸ ਤੱਕ ਬਣ ਰਹੀ 23 ਮੀਟਰ ਚੌੜੀ ਇਸ ਮਜ਼ਬੂਤ ਤੇ ਆਲੀਸ਼ਾਨ ਸੜਕ ਦੇ ਬਣਨ ਨਾਲ ਇਲਾਕਾ ਨਿਵਾਸੀਆਂ ਅਤੇ ਰਾਹਗੀਰਾਂ ਨੂੰ ਵੱਡਾ ਫਾਇਦਾ ਹੋਵੇਗਾ।ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਇਸ ਮੌਕੇ ਕਿਹਾ ਕਿ ਇਹ ਬਹੁਤ ਖ਼ੁਸ਼ੀ ਦੀ ਗੱਲ ਹੈ ਕਿ ਇਸ ਸ਼ੁਭ ਕੰਮ ਦਾ ਮਹੂਰਤ ਪਵਿੱਤਰ ਨਵਰਾਤਰੇ ਦੇ ਪਹਿਲੇ ਦਿਨ ਹੋ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਤਹਿਤ 25-26 ਸੜਕਾਂ ਬਣਾਈਆਂ ਜਾਣਗੀਆਂ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਐਕਸੀਅਨ ਗੁਰਮੀਤ ਸਿੰਘ ਤੋਂ ਇਲਾਵਾ ਕੌਂਸਲਰ, ਸਰਪੰਚ-ਪੰਚ ਅਤੇ ਇਲਾਕਾ ਨਿਵਾਸੀ ਵੱਡੀ ਗਿਣਤੀ ਵਿਚ ਮੌਜੂਦ ਸਨ।

## 'ਸਿਹਤ ਤੇ ਲੋਕਲ ਬਾਡੀ ਵਿਭਾਗ ਨੂੰ ਡਿਜੀਟਲ ਕੀਤਾ ਜਾਵੇ' : ਸਹਿਗਲ



ਜਲੰਧਰ (ਰਾਜੇਸ਼ ਥਾਪਾ)-ਸਮਾਜ ਸੇਵਕ ਮਨੋਹਰ ਲਾਲ ਸਹਿਗਲ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਇਕ ਪੱਤਰ ਲਿਖ ਕੇ ਸਿਹਤ ਤੇ ਲੋਕਲ ਬਾਡੀ ਵਿਭਾਗ ਦੇ ਕੰਮ-ਕਾਜ ਨੂੰ ਡਿਜੀਟਲ ਕੀਤੇ ਜਾਣ ਦੀ ਮੰਗ ਕੀਤੀ ਹੈ। ਮੁੱਖ ਮੰਤਰੀ ਦੇ ਫੀਲਡ ਅਫਸਰ ਨਵਦੀਪ ਸਿੰਘ ਨੂੰ ਸੌਂਪੇ ਮੰਗ ਪੱਤਰ ਵਿਚ ਉਨ੍ਹਾਂ ਕਿਹਾ ਹੈ ਕਿ ਸ਼ਹਿਰ 'ਚ ਦਵਾਈਆਂ ਦੀ ਮਜ਼ਬੂਤ ਹੋਲਸੇਲ ਮਾਰਕੀਟ 'ਚ ਬਹੁਤੀਆਂ ਦੁਕਾਨਾਂ ਨੇ ਨਾ ਤਾਂ ਆਪਣਾ ਮਨਜ਼ੂਰਸ਼ੁਦਾ ਲਾਇਸੈਂਸ ਫਰੇਮਸ਼ੁਦਾ ਲੈਟਰ ਚਿਪਕਾਇਆ ਹੈ ਤੇ ਨਾ ਹੀ ਇਨ੍ਹਾਂ ਦੁਕਾਨਾਂ ਦਾ ਸਟਾਕ ਡਿਜੀਟਲ ਹੈ ਤੇ ਨਾ ਹੀ ਕੋਈ ਬਿਲ ਵਗੈਰਾ ਦਿੱਤਾ ਜਾਂਦਾ ਹੈ, ਜਿਸ ਨਾਲ ਸਰਕਾਰ ਨੂੰ ਲੱਖਾਂ ਰੁਪਏ ਦਾ ਚੂਨਾ ਲਗਾਇਆ ਜਾ ਰਿਹਾ ਹੈ। ਇਸੇ ਤਰ੍ਹਾਂ ਉਨ੍ਹਾਂ ਮੁਹੱਲਿਆਂ ਅੰਦਰ ਸਥਿਤ ਮੈਡੀਕਲ ਸਟੋਰਾਂ ਦੇ ਲਾਇਸੈਂਸ ਵੀ ਚੈੱਕ ਕੀਤੇ ਜਾਣ ਦੀ ਮੰਗ ਕੀਤੀ ਹੈ। ਇਸ ਦੇ ਨਾਲ ਹੀ ਐਮ. ਐਸ. ਸਹਿਗਲ ਨੇ ਸਰਕਾਰੀ ਤੇ ਨਿੱਜੀ ਹਸਪਤਾਲਾਂ ਅੰਦਰ ਸਾਫ਼-ਸਫਾਈ ਦੇ ਪ੍ਰਬੰਧਾਂ ਨੂੰ ਸੁਚਾਰੂ ਕਰਨ ਅਤੇ ਲੋੜੀਂਦੇ ਉਪਕਰਨਾਂ ਦੀ ਸਮੇਂ ਸਿਰ ਜਾਂਚ ਯਕੀਨੀ ਬਣਾਏ ਜਾਣ ਦੀ ਵੀ ਮੰਗ ਕੀਤੀ। ਹਸਪਤਾਲਾਂ ਦੀਆਂ ਤੈਅ ਕਰਨ ਦੀ ਮੰਗ ਕਰਦੇ ਹੋਏ ਕਿਹਾ ਕਿ ਇਸ ਸਬੰਧੀ ਵੀ ਜ਼ਿਆਦਾਤਰ ਮਰੀਜ਼ ਮਹਿੰਗਾ ਇਲਾਜ ਨਾ ਚੂਨਾ ਲਗਾਇਆ ਜਾਂਦਾ ਹੈ। ਇਸ ਮੌਕੇ ਉਨ੍ਹਾਂ ਸ਼ਹਿਰ ਅੰਦਰ ਪ੍ਰਵਾਸੀ ਮਜ਼ਦੂਰਾਂ ਵਲੋਂ ਲਗਾਤਾਰ ਅਪਰਾਧਿਕ ਵਾਰਦਾਤਾਂ ਨੂੰ ਅੰਜਾਮ ਦਿੱਤੇ ਜਾਣ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਸਾਰੇ ਪ੍ਰਵਾਸੀ- ਮਜ਼ਦੂਰਾਂ ਦੀ ਜਾਂਚ-ਪੜਤਾਲ ਕਰਨ ਤੇ ਨਾਲ ਹੀ ਉਨ੍ਹਾਂ ਨੂੰ ਰੱਖਿਆ ਰਹਿਣ ਦੀ ਇਜਾਜ਼ਤ ਦਿੱਤੀ ਜਾਵੇ। ਇਸ ਮੌਕੇ ਇਮਪਰੂਵਮੈਂਟ ਟਰੱਸਟ, ਪੁੱਡਾ, ਕਾਰਪੋਰੇਸ਼ਨ ਅਤੇ ਪਿੰਡਾਂ ਦੀਆਂ ਜ਼ਮੀਨਾਂ ਦਾ ਸਾਰਾ ਰਿਕਾਰਡ ਜਿਸ ਵਿੱਚ ਖੱਤੇਬੀਬਰੀ, ਦੁਕਾਨਾਂ ਤੇ ਮਕਾਨਾਂ ਆਦਿ ਦਾ ਸਾਰਾ ਰਿਕਾਰਡ ਡਿਜੀਟਲ ਕੀਤਾ ਜਾਵੇ।

## ਪਬਲੀਕੇਸ਼ਨ/ਇਸ਼ਤਿਹਾਰ

ਬਾ-ਅਦਾਲਤ ਜ਼ਿਲ੍ਹਾ ਮਾਲ ਅਫਸਰ -ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, (ਫਾਸਟ ਟਰੈਕ ਕੋਰਟ) ਜਲੰਧਰ।
ਕੇਸ ਨੰ: 627/FTC/NRI ਕੇਸ ਅਨੁਵਾਨ : ਸੁਖਮਿੰਦਰ ਸਿੰਘ ਬਨਾਮ ਸੁਰਿੰਦਰ ਕੌਰ ਅਤੇ ਹੋਰ
ਵਾਕਿਆ ਪਿੰਡ : ਦਿਵਾਲੀ ਤਹਿਸੀਲ ਜਲੰਧਰ-1, ਜ਼ਿਲ੍ਹਾ ਜਲੰਧਰ
ਖੇਵਟ ਨੰਬਰ : 115/110, 120/115, 109/105, 122/117, 119/114
ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ

Sukhminder Singh S/o Bakhshish Singh S/o Gurbachan Singh R/o 7 WHEATLEY CRESCENT, LEEGOMERY, TELFORD, TF1 PZ, at present residing at Village Diwali, Jamsher Khas, Jalandhar, through his attorney Ram Jit Son of Ram Parkash R/o Village Diwali, Jamsher Khas Jalandhar. ....Petitioner

ਨੋਟਿਸ ਬਨਾਮ

1. Surinder Kaur wd/o Puran Singh S/o Chanda Singh 2. Joginder Singh S/o Puran Singh S/o Chanda Singh 3. Mahinder Singh S/o Puran Singh S/o Chanda Singh 4. Darshan Singh S/o Puran Singh S/o Chanda Singh 5. Harjinder Kaur w/o Balwinder Singh S/o Kesar Singh 6. Baljinder Singh S/o Mehnga Singh S/o Bakhshish Singh 7. Jaswinder Singh S/o Mehnga Singh S/o Bakhshish Singh 8. Bhupinder Singh S/o Mehnga Singh S/o Bakhshish Singh 9. Gurdev Kaur w/o Mehnga Singh S/o Bakhshish Singh 10. Davinder Singh S/o Jit Singh S/o Chanda Singh 11. Gurwinder Singh S/o Sarvan Singh 12. Lakhwinder Singh S/o Sarvan Singh 13. Uminder Pal Singh S/o Darshan Singh S/o Gurbaksh Singh 14. Jasprit Kaur w/o Gurmit Singh S/o Sunder Singh 15. Jaswinder Kaur w/o Lakhwinder Singh S/o Nirmal Singh 16. Balwinder Kaur w/o Manmohan Singh 17. Bakhshinder Kaur w/o Davinder Singh S/o Shingra Singh 18. Jaswinder Kaur Dhaliwal w/o Lakhwinder Singh S/o Nirmal Singh 19. Davinder Singh S/o Nirmal Singh S/o Sawran Singh 20. Bhupinder Singh S/o Nirmal Singh S/o Sawran Singh 21. Rachpal Singh S/o Harbhajan Singh S/o Shiv Singh 22. Hardyal Singh S/o Harbhajan Singh S/o Shiv Singh 23. Dyal Singh S/o Shiv Singh 24. Harbakhsh Singh S/o Avtar Singh S/o Maghar Singh 25. Sukhninder Singh S/o Avtar Singh S/o Maghar Singh 26. Inderjit Kaur d/o Nachattar Singh S/o Sohan Singh 27. Kamaljit Kaur d/o Nachattar Singh S/o Sohan Singh 28. Balbir Kaur w/o Nachattar Singh S/o Sohan Singh 29. Harjit Singh S/o Nachattar Singh S/o Sohan Singh, All R/o Village Diwali, Tehsil Jalandhar-1, District Jalandhar. ......Respondent

ਉਪਰੋਕਤ ਤਕਸੀਮ ਕੇਸ ਵਿੱਚ ਉੱਤਰਵਾਦੀਆਂ ਦੀ ਇਤਲਾਹ ਆਮ ਤਰੀਕੇ ਨਾਲ ਨਹੀਂ ਹੋ ਸਕਦੀ। ਇਸ ਤਕਸੀਮ ਕੇਸ 'ਤੇ ਜੇਕਰ ਕਿਸੇ ਵੀ ਧਿਰ ਨੂੰ ਕੋਈ ਇਤਰਾਜ਼ ਹੈ ਤਾਂ ਉਹ ਆਪਣੇ ਇਤਰਾਜ਼ ਮਿਤੀ 6.10.2025 ਤੱਕ ਖੁਦ ਪੇਸ਼ ਹੋ ਕੇ ਜਾਂ ਮੁਖਤਾਰ ਰਾਹੀਂ/ਅਸਾਲਤਨ ਜਾਂ ਵਕਾਲਤਨ ਰਾਹੀਂ ਪੇਸ਼ ਹੋ ਕੇ ਇਤਰਾਜ਼ ਦੇ ਸਕਦੇ ਹਨ। ਮਿੱਥੀ ਮਿਤੀ ਤੋਂ ਬਾਅਦ ਪ੍ਰਾਪਤ ਹੋਏ ਇਤਰਾਜ਼ਾਂ 'ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ।

ਅੱਜ ਮਿਤੀ 19.09.25 ਨੂੰ ਮੇਰੇ ਦਸਤਖਤਾਂ ਤੇ ਮੋਹਰ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਸਹੀ/ ਜ਼ਿਲ੍ਹਾ ਮਾਲ ਅਫਸਰ -ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਜਲੰਧਰ।

ਨੰ: 898/ਰੀਡਰ/ਡੀ. ਆਰ. ਓ. ਮਿਤੀ : 19.09.25

## ਉੱਤਰ ਰੇਲਵੇ

### ਈ. ਨਿਵਿਦਾ ਸੂਚਨਾ

ਸੀਨੀਅਰ ਮੰਡਲ ਸੰਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉੱਤਰ ਰੇਲਵੇ, ਫਿਰੋਜ਼ਪੁਰ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਟੈਂਡਰ ਨੰ. 433-ਸਿਗ-ਟੀ-35-25-26 ਈ. ਟੈਂਡਰ ਦੇ ਮਾਧਿਅਮ ਨਾਲ ਮਿਤੀ 13.10.2025 ਨੂੰ 15:00 ਵਜੇ ਤਕ ਵੈਬਸਾਈਟ https://www.ireps.gov.in 'ਤੇ ਟੈਂਡਰ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਆਪਣੇ ਟੈਂਡਰ ਅਸਲੀ/ਸੋਧਿਤ ਤੋਂ ਕੋਈ ਕਰਨ ਲਈ ਸਮੇਂ ਅਤੇ ਮਿਤੀ ਤਕ ਜ਼ਰੂਰ ਜਮ੍ਹਾਂ ਕਰਵਾਉਣ। ਇਸ ਟੈਂਡਰ ਦੇ ਤਹਿਤ ਮੈਨੂਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂਅਲ ਟੈਂਡਰ ਪ੍ਰਾਪਤ ਹੁੰਦਾ ਹੈ ਤਾਂ ਉਹ ਮਾਨਯ ਨਹੀਂ ਹੋਵੇਗੀ। ਠੇਕੇਦਾਰਾਂ ਦੁਆਰਾ ਟੈਂਡਰ ਡਾਕੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋ ਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਵੇਂ ਕਿ ਨੈਟ ਬੈਂਕਿੰਗ, ਡੈਬਿਟ ਕਾਰਡ, ਕਰੈਡਿਟ ਕਾਰਡ ਆਦਿ ਦੁਆਰਾ ਸਵੀਕ੍ਰਿਤ ਕੀਤੀ ਜਾਵੇਗੀ ਅਤੇ ਹੋਰ ਕਿਸੇ ਦੇ ਇਲਾਵਾ ਡਿਮਾਂਡ ਡ੍ਰਾਫਟ, ਬੈਂਕਰ ਚੈਕ, ਡਿਪਾਜ਼ਿਟ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਦੁਆਰਾ ਜਮ੍ਹਾਂ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ। ਐਨ । ਓ । ਟੀ:

| ਕੰਮ ਦਾ ਨਾਮ | ਫਿਰੋਜ਼ਪੁਰ ਮੰਡਲ ਦੇ ਗੰਗਾਨਗਰ ਸੈਡੋ (ਜੀਜੀਐਨ) ਸਟੇਸ਼ਨ ਉੱਤੇ ਪੂਰੀ ਲੰਬਾਈ ਨੂੰ ਭਾਰ ਨੂੰ ਸਮਾਯੋਜਿਤ ਕਰਨ ਦੇ ਲਈ ਮਾਲ ਲਾਈਨ ਦੇ ਵਿਸਥਾਰ ਦੇ ਨਾਲ-ਨਾਲ ਐਸਐਸਡੀ ਟੀ ਕੰਮ। | | |
|---|---|---|---|
| ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ | 13.10.2025 15:00 | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 19.09.2025 10:56 |
| ਅੰਦਾਜਨ ਕੀਮਤ | 24404321.75 | ਬਿਡਿੰਗ ਸ਼ੁਰੂ ਦੀ ਮਿਤੀ (ਆਈ.ਆਰ.ਈ.ਪੀ.ਐਸ) | 29.09.2025 |
| ਬਿਆਨਾ ਰਾਸ਼ੀ (ਰੁ) | 272000.00 | ਕੰਮ ਪੂਰਾ ਕਰਨ ਦਾ ਸਮਾਂ | 12 ਮਹੀਨੇ |
| ਨੋਟ | ਨਿਵਿਦਾਕਰਤਾ ਰੈਗੂਲਰ ਤੌਰ ਤੇ ਵੈਬਸਾਈਟ ਦੇ ਸੰਪਰਕ ਵਿਚ ਰਹਿ ਕੇ ਨਿਵਿਦਾ ਸੰਸ਼ੋਧਨਾਂ, ਸ਼ੁਧੀਪੱਤਰ ਆਦਿ ਦੇ ਬਾਰੇ ਵਿਚ ਖੁਦ ਨੂੰ ਅਪਡੇਟ ਰਖਣ। | | |

ਨਿਵਿਦਾ ਸੂਚਨਾ ਨੰ. 433-ਸਿਗ- ਟੀ-35-25-26 ਮਿਤੀ 22.09.2025 ਬੰਦ ਹੋਣ ਦੀ ਮਿਤੀ/ਸਮਾਂ: ਨੂੰ 13.10.2025 ਨੂੰ 15:00 ਵਜੇ 2917/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਪੰਜਾਬ ਨੈਸ਼ਨਲ ਬੈਂਕ ...भरोसे का प्रतीक ! | pnb | punjab national bank ...the name you can BANK upon!

## ਪੰਜਾਬ ਨੈਸ਼ਨਲ ਬੈਂਕ
### (ਭਾਰਤ ਸਰਕਾਰ ਅੰਡਰਟੇਕਿੰਗ)
### ਸ਼ਾਖਾ ਦਫ਼ਤਰ : ਗੜ੍ਹਾ ਰੋਡ, ਓਵਰਸੀਜ਼ ਬ੍ਰਾਂਚ, ਜਲੰਧਰ

ਜਿਵੇਂ ਕਿ ਸ੍ਰੀ ਸਤਪਾਲ ਮੁਲਤਾਨੀ ਪੁੱਤਰ ਜੋਗਿੰਦਰ ਸਿੰਘ, ਸ੍ਰੀ ਅਮਰਪ੍ਰੀਤ ਪਾਲ ਸਿੰਘ ਪੁੱਤਰ ਸਤਪਾਲ ਮੁਲਤਾਨੀ, ਸ੍ਰੀਮਤੀ ਬਲਵਿੰਦਰ ਕੌਰ ਪਤਨੀ ਸਤਪਾਲ ਮੁਲਤਾਨੀ, ਸ੍ਰੀਮਤੀ ਅਸਮੀਤਾ ਮੁਲਤਾਨੀ ਪਤਨੀ ਸਮਨਪ੍ਰੀਤ ਸਿੰਘ ਪੁੱਤਰ ਸਤਪਾਲ ਮੁਲਤਾਨੀ - ਜੋ ਸਾਰੇ ਵਾਸੀਆਨ ਮਕਾਨ ਨੰ. 423, ਜਸਵੰਤ ਨਗਰ, ਜਲੰਧਰ-144001 (ਪੰਜਾਬ), ਨੇ ਸਾਡੀ ਬੈਂਕ ਤੋਂ ਮੈਸਰਜ਼ ਰਿੱਚੀ ਸਕਵੈਅਰ ਦੇ ਨਾਂਅ 'ਤੇ ਪ੍ਰਾਪਰਟੀ ਨੰਬਰ 33 ਅਤੇ ਪ੍ਰਾਪਰਟੀ ਨੰਬਰ 34 ਦੇ ਆਧਾਰ ਖਸਰਾ ਨੰਬਰ 24888/16653, 16654, 24889/16555 ਅਤੇ 24883/16652, 24884/16552-16555 ਪੈਮਾਇਸ਼ੀ 46 ਮਰਲੇ 162 ਵਰਗ ਫੁੱਟ ਅਤੇ 45 ਮਰਲੇ 150 ਵਰਗ ਫੁੱਟ ਕੁੱਲ ਰਕਬਾ 91.5 ਮਰਲੇ ਵਾਕਿਆ ਨੇੜੇ ਪ੍ਰੈਜ਼ੀਡੈਂਟ ਹੋਟਲ, ਪੁਲਿਸ ਲਾਈਨ ਰੋਡ, ਜਲੰਧਰ ਸ਼ਹਿਰ (ਪੰਜਾਬ) ਮਲਕੀਅਤ ਵਾ ਮਕਬੂਜਾ ਸ੍ਰੀ ਸਤਪਾਲ ਮੁਲਤਾਨੀ ਪੁੱਤਰ ਜੋਗਿੰਦਰ ਸਿੰਘ, ਸ੍ਰੀ ਅਮਰਪ੍ਰੀਤ ਪਾਲ ਸਿੰਘ ਪੁੱਤਰ ਸਤਪਾਲ ਮੁਲਤਾਨੀ, ਸ੍ਰੀਮਤੀ ਬਲਵਿੰਦਰ ਕੌਰ ਪਤਨੀ ਸਤਪਾਲ ਮੁਲਤਾਨੀ, ਸ੍ਰੀਮਤੀ ਅਸਮੀਤਾ ਮੁਲਤਾਨੀ ਪਤਨੀ ਸਮਨਪ੍ਰੀਤ ਸਿੰਘ ਪੁੱਤਰ ਸਤਪਾਲ ਮੁਲਤਾਨੀ ਬਰੂਏ ਬੈਨਾਮਾ ਨੰਬਰ 906, ਮਿਤੀ 18.04.2019, ਮੁਟੇਸ਼ਨ ਨੰਬਰ 46942, 46943, 46944, ਬੈਨਾਮਾ ਨੰਬਰ 4128, ਮਿਤੀ 10.07.2019, ਮੁਟੇਸ਼ਨ ਨੰਬਰ 47141, ਬੈਨਾਮਾ ਨੰਬਰ 7813, ਮਿਤੀ 14.03.2019, ਮੁਟੇਸ਼ਨ ਨੰਬਰ 46822, ਬੈਨਾਮਾ ਨੰਬਰ 6029, ਮਿਤੀ 25.11.2020, ਮੁਟੇਸ਼ਨ ਨੰਬਰ 48375, ਬੈਨਾਮਾ ਨੰਬਰ 3516, ਮਿਤੀ 23.09.2020, ਮੁਟੇਸ਼ਨ ਨੰਬਰ 48184, ਬੈਨਾਮਾ ਨੰਬਰ 6030, ਮਿਤੀ 25.11.2020, ਮੁਟੇਸ਼ਨ ਨੰਬਰ 48374, , ਬੈਨਾਮਾ ਨੰਬਰ 4832, ਮਿਤੀ 24.10.2020, ਮੁਟੇਸ਼ਨ ਨੰਬਰ 48281 (ਪ੍ਰਾਪਰਟੀ ਨੰਬਰ 33 ਅਤੇ ਬੈਨਾਮਾ ਨੰਬਰ 6605, ਮਿਤੀ 07.02.2019, ਮੁਟੇਸ਼ਨ ਨੰਬਰ 46614, ਬੈਨਾਮਾ ਨੰਬਰ 6608, ਮਿਤੀ 07.02.2019, ਮੁਟੇਸ਼ਨ ਨੰਬਰ 46616, ਬੈਨਾਮਾ ਨੰਬਰ 6604, ਮਿਤੀ 07.02.2019, ਮੁਟੇਸ਼ਨ ਨੰਬਰ 46613, ਬੈਨਾਮਾ ਨੰਬਰ 6607, ਮਿਤੀ 07.02.2019, ਮੁਟੇਸ਼ਨ ਨੰਬਰ 46615, ਬੈਨਾਮਾ ਨੰਬਰ 15326, ਮਿਤੀ 21.02.2025, ਮੁਟੇਸ਼ਨ ਨੰਬਰ 53865, ਬੈਨਾਮਾ ਨੰਬਰ 4979, ਮਿਤੀ 12.07.2024, ਮੁਟੇਸ਼ਨ ਨੰਬਰ 52993, ਬੈਨਾਮਾ ਨੰਬਰ 4980, ਮਿਤੀ 12.07.2024, ਮੁਟੇਸ਼ਨ ਨੰਬਰ 52993 ਤਸਦੀਕਸ਼ੁਦਾ ਸਬ-ਰਜਿਸਟਰਾਰ ਦਫ਼ਤਰ, ਜਲੰਧਰ ਮੌਜੂਦ ਹਨ। ਪ੍ਰੋਪਰਟੀ ਮਾਲਕ ਸ੍ਰੀ ਸਤਪਾਲ ਮੁਲਤਾਨੀ ਨੇ ਦੱਸਿਆ ਕਿ ਪ੍ਰਾਪਰਟੀ ਨੰਬਰ 34 ਦੀ ਚੇਨ ਵਿੱਚ, ਪਹਿਲਾਂ ਮਾਲਕ ਅਮਰਪ੍ਰੀਤ ਪਾਲ ਸਿੰਘ ਪੁੱਤਰ ਸਤਪਾਲ ਮੁਲਤਾਨੀ ਵਾਸੀ ਮਕਾਨ ਨੰ. 423, ਜਸਵੰਤ ਨਗਰ, ਜਲੰਧਰ ਪਾਸੋਂ ਜੋਤੀ ਚੌਕ ਤੋਂ ਸਿਵਲ ਹਸਪਤਾਲ ਜਾਂਦੇ ਵੇਲੇ ਬੈਨਾਮਾ ਨੰਬਰ 7193 ਮਿਤੀ 28.02.2019 (ਸਬ-ਰਜਿਸਟਰਾਰ, ਜਲੰਧਰ) ਗੁੰਮ ਹੋ ਗਈ ਸੀ। ਜਿਸ ਦੀ ਰਿਪੋਰਟ ਅਮਰਪ੍ਰੀਤਪਾਲ ਸਿੰਘ ਨੇ ਮਿਤੀ 20.01.2025 ਨੂੰ ਡੀ.ਡੀ.ਆਰ. ਨੰਬਰ 021 ਦੇ ਜ਼ਰੀਏ ਪੁਲਿਸ ਕਮਿਸ਼ਨਰੇਟ, ਡਵੀਜ਼ਨ-4 ਵਿੱਚ ਰਿਪੋਰਟ ਦਰਜ ਕਰਵਾ ਦਿੱਤੀ ਸੀ।

ਉਕਤ ਜਾਇਦਾਦ ਨੂੰ ਬੈਂਕ ਦੀ ਕ੍ਰੈਡਿਟ ਸਹੂਲਤ ਨੂੰ ਸੁਰੱਖਿਅਤ ਕਰਨ ਲਈ ਗਿਰਵੀ ਰੂਪ ਵਿੱਚ ਰੱਖਣ (ਸਮ ਹੱਕੀ ਗਿਰਵੀ) ਦੇ ਤੌਰ 'ਤੇ ਦਿੱਤੀ ਜਾ ਰਹੀ ਹੈ, ਜਿਸ ਨਾਲ ਜਾਇਦਾਦ ਉੱਤੇ ਚਾਰਜ ਬਣਾਇਆ ਜਾਵੇਗਾ। ਜੇ ਕਿਸੇ ਵਿਅਕਤੀ ਨੂੰ ਉਪਰੋਕਤ ਜਾਇਦਾਦ ਗਿਰਵੀ ਰੱਖਣ ਵਾਲੀ ਜਾਇਦਾਦ ਸੰਬੰਧੀ ਕੋਈ ਇਤਰਾਜ਼, ਦਾਅਵਾ ਜਾਂ ਰੁਚੀ ਹੋਵੇ ਜਾਂ ਉਪਰੋਕਤ ਦਸਤਾਵੇਜ਼ ਜਿਸ ਦੀ ਗੁੰਮਸ਼ੁਦਗੀ ਦਾ ਦਾਅਵਾ ਕੀਤਾ ਗਿਆ ਹੈ, ਬਾਰੇ ਕੋਈ ਜਾਣਕਾਰੀ ਹੋਵੇ, ਤਾਂ ਉਹ ਹਸਤਖ਼ਤ ਕਰਨ ਵਾਲੇ ਅਧਿਕਾਰੀ ਕੋਲ 7 ਦਿਨਾਂ ਦੇ ਅੰਦਰ ਆਪਣੇ ਇਤਰਾਜ਼ ਦਰਜ ਕਰਵਾ ਸਕਦਾ ਹੈ। ਇਸ ਦੇ ਬਾਅਦ ਬੈਂਕ ਉਕਤ ਜਾਇਦਾਦ ਗਿਰਵੀ ਦੇ ਆਧਾਰ 'ਤੇ ਲੈਣ ਦੀ ਸਹੂਲਤ ਜਾਰੀ ਕਰੇਗਾ, ਇਹ ਮੰਨਦੇ ਹੋਏ ਕਿ ਉਪਰੋਕਤ ਪਹਿਲੀਆਂ ਰਜਿਸਟਰੀਆਂ ਗੁੰਮ ਹੋ ਚੁੱਕੀਆਂ ਹਨ ਅਤੇ ਕਿਸੇ ਵੀ ਬੈਂਕ, ਨਿੱਜੀ ਏਜੰਸੀ ਜਾਂ ਵਿਅਕਤੀ ਕੋਲ ਗਿਰਵੀ ਦੇ ਤੌਰ 'ਤੇ ਜਮ੍ਹਾਂ ਨਹੀਂ ਹਨ।ਇਸ ਤੋਂ ਬਾਅਦ ਬੈਂਕ ਵੱਲੋਂ ਕਿਸੇ ਵੀ ਤਰ੍ਹਾਂ ਦਾ ਦਾਅਵਾ ਸਵੀਕਾਰ ਨਹੀਂ ਕੀਤਾ ਜਾਵੇਗਾ।

ਸ਼ਾਖਾ ਪ੍ਰਬੰਧਕ
ਬ੍ਰਾਂਚ ਗੜ੍ਹਾ ਰੋਡ, ਓਵਰਸੀਜ਼ ਬ੍ਰਾਂਚ, ਜਲੰਧਰ
ਮੋਬਾਇਲ ਨੰ. 98722-00707

# ਕਲਾਸੀਫਾਈਡ ਇਸ਼ਤਿਹਾਰ

## Change of Name

I Sukhwnder Singh S/O Mahinder Lal R/o VPO Jaura Tehsil Tanda District Hoshiarpur Have Changed Name Sukhwnder Singh to Sukhwinder Singh. Concerned Note.

I, Gurdeep Singh S/o Daya Singh R/o 181, Medical Enclave, Amritsar, Punjab have changed my name from Gurdeep Singh to Gurdeep Singh Raina.

I, Manpreet Singh S/o Nishan Singh R/o Village Hadaitpur, PO Bhilowal, Distt. Amritsar, Punjab-143504 have changed my name from Manpreet Singh to Singh is my surname and Manpreet is my given name.

I, Anju Thakur W/o Hardeep Singh Thakur R/o 568, Lane No. 3, Green Field, Majitha Road Amritsar, Punjab have changed my name from Anju Thakur to Preeti Thakur.

I, Jagmeet Kour W/O Gurmeet Singh R/O H. No. 4949/22, Gali No.2, Mohan Nagar, Sultanwind Road, Amritsar, Punjab have changed my name from Jagmeet Kour to Jagmeet Kaur. Concerned note.

I, Narinder Singh S/o Sarwan Singh R/o Vill Makhangarh PO Barian Kalan Tehsil Garhshankar and Distt Hoshiarpur Punjab declare that my name is Narinder Singh.. Singh is my Surname and my given name is Narinder. Concerned note.

I, Noor D/o Gurpreet Singh Takkar R/o H.No. 525/4 Near Municipality Tubewell, Hira Colony Distt. Hoshiarpur 146001 Punjab have changed my name from Noor to Gurnoor Kaur Takkar. Concerned note.

I, Palwinder Kaur W/o Nirmal Singh R/o Daburji, G.T Road, Right Side Block Verka, Amritsar have changed my name from Palwinder Kaur to Preet Kaur.

I, Prabjoti and Prabha W/o Naresh Kumar R/o H.No.1735, Gali No.2, Guru Nanak Colony, Sajan Di Bambi, Near Tarn Taran Road, Amritsar have declare that above both names are mine one and same person.

I, Viney Verma S/o Dharam Pal R/o H.No.2429, Gali No.1, Kishan Kot, Islamabad, Amritsar have changed my name from Viney Verma To Vinay Kumar. All Please Note.

I, Akshita Seth W/o Nitin Arora R/o 100/4, Main Bazar, Katra Karam Singh, Amritsar, Punjab have changed my name after marriage from Akshita Seth to Akshita Arora.

I, Renu Bala W/o Viney Bhatia R/o HL-53, Roop Nagar, Gate Hakima, Amritsar, Punjab have changed my name from Renu Bala to Renu Bhatia and Bhatia is my surname and Renu is my given name.

I, Vinay Kumar S/o Krishan Lal Bhatia R/o HL-53, Roop Nagar, Gate Hakima, Amritsar, Punjab have changed my name from Vinay Kumar to Viney Bhatia.

I, Renu W/o Viney Bhatia R/o HL-53, Roop Nagar, Gate Hakima, Amritsar, Punjab have changed my name from Renu to Renu Bhatia.

I Daljit Kaur W/O Darshan Jatinder R/O H. No. 2226, Chowki Wali Gali No.1, Islamabad, Amritsar Have Changed My Name From Daljit To Daljit Kaur. All Concerned Please

I Akhil S/o Subhash Chander R/O-Vpo Kotli Than Singh, Distt Jalandhar 144101 Have changed my name from Akhil to Kumar Akhil.

I, Ashu Kumar S/o Shinderpal R/o Mian Mohalla, Batala, District Gurdaspur, Punjab have changed my name from Ashu to Ashu Kumar. Concerned Note.

I, Brij Raj Mourya S/o Praduman R/o H.No. 1292/2, Abadpura, Nakodar Road, Jalandhar-144003, Punjab have changed my name to Brij Raj (Same Person).

## Change of Name

I, Mehakdeep Singh S/o Kawaljit Singh R/o Vill. Dhadiala Natt, Tehsil Batala, Distt. Gurdaspur, Punjab have changed my name from Mehakdeep Singh to Singh Mehakdeep. That Singh is my Surname & Mehakdeep is Given Name. Concerned Note.

I, Lovejeet Singh S/o Jaswant Singh R/o Village Dhadiala Natt, Tehsil Batala, Distt. Gurdaspur, Punjab have changed my name from Lovejeet Singh to Singh Lovejeet. That Singh is my Surname & Lovejeet is Given Name. Concerned Note.

I, Dilbag Singh S/o Devinder Singh R/o VPO. Panj Graian, Tehsil Batala, Distt. Gurdaspur, Punjab-143505 have changed my name from Dilbag Singh to Singh Dilbag. Concerned Note.

I, Darshana Rani W/o Bakhshish Lal R/o Village Khun Khun, PO. Kang Sahbu, Distt. Jalandhar, Punjab-144630 have changed my name to Given Name as Darshana & Surname as Rani. All concerned please note.

I, Irvinder Kaur W/o Manoj Puri R/o # R-51, 02, Upkar Nagar, Jalandhar, Punjab-144001 have changed my name from Irvinder Kaur to Mona Puri. All concerned please note.

I, Sandeep Singh S/o Balwinder Singh R/o H.No. BX-1409, Ghuge Wali Gali, Lamba Pind, Jalandhar-144009, Punjab have changed my name from Sandeep Singh to Sandeep Singh Khinda. All concerned please note.

I, Nishok Kumar S/o Ram Darsh R/o H.No. 72, New Sudama Vihar, Khambra Road, PO. Khambra, Distt. Jalandhar-144026, Punjab have changed my name to Ashok Kumar (Same Person).

I, Harwinder Singh S/o Pal Singh R/o Village Daduwal, Distt. Jalandhar, Punjab have changed my name to Harvinder Singh Basi. All concerned please note.

I, Gurleen Kaur W/O Gagandeep Singh Dhillon R/o Village Dhina Jalandhar Cantt, Jalandhar, Punjab-144005 have changed my name from Gurleen Kaur to Gurleen Kaur Dhillon. All concerned please note.

I, Partap Chand s/o Hazara Ram r/o H.No. 501/5, Sainik Vihar, Rama Mandi, Jalandhar have changed my name to Partap Chand Saroya (Surname as Saroya) All Please Note.

I, Kashak c/o Ravi Kumar r/o YZ1, Butan Pind Road, Partap Nagar, Model Town, Jalandhar have changed my name to Kashak Sharma. All Please Note.

I, Daljit Kumar s/o Joginder Lal r/o VPO. Chuharwali, Distt. Jalandhar, Punjab have changed my daughter's name from Alisha to Alisha Rai. All Please Note.

I, Gurnek Singh S/o Gurbux Singh R/o Vill. Chak Dhothar, Po. Sargundi, Teh .Phillaur, Distt. Jalandhar, Punjab have changed my name from Gurnek Singh to Given name as Gurnek & Surname as Singh. All Please Note.

I, hitherto known as Sahil S/o Ram Tej R/o H.No.B-1/173, Ravidass Nagar, Maqsudan, Jalandhar, Punjab-144008 have changed my name and shall hereafter be known as Sahil Kumar.

I, Harpreet Singh S/o Amarjeet Singh R/o H.No.9-B, Shaheed Babu Labh Singh Nagar, Gulab Devi Hospital Road, Jalandhar have changed my name from Harpreet Singh to Given name as Harpreet & Surname as Singh.

I, Jagsir Singh Majar S/o Jeet Singh R/o Khamari Ki Patti Near Dharmsala VPO Bir Raoke Distt Moga-142037 have changed my name from Jagsir Singh Majar to Jagseer Singh. All Please Note.

## ਬੇਦਖਲੀ ਨੋਟਿਸ

ਅਸੀਂ ਸੋਰਭ ਭਸੀਨ ਪੁੱਤਰ ਸ਼੍ਰੀ ਅਸ਼ੋਕ ਭਸੀਨ ਅਤੇ ਮਹਿਕ ਭਸੀਨ ਵਾਸੀਆਨ ਮਕਾਨ ਨੰ: 6, ਨਿਊ ਇਸਲਾਮ ਗੰਜ, ਜਲੰਧਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਅਰਪਿਤ ਭਸੀਨ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਵਾ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ, ਕਮਲਜੀਤ ਸਿੰਘ ਪੁੱਤਰ ਸਤਨਾਮ ਸਿੰਘ ਵਾਸੀ ਪੱਤੀ ਗਿੱਲਾ ਦੀ, ਜਮਸ਼ੇਰ ਖਾਸ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਮਨਦੀਪ ਕੌਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਬਾਕੀ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਿਤ ਨੋਟ ਕਰਨ।

ਮੈਂ ਸੁਖਦੇਵ ਸਿੰਘ ਪੁੱਤਰ ਸ. ਮੁਕੰਦ ਸਿੰਘ ਪਿੰਡ ਮੂਸਾ, ਤਹਿ: ਵਾ ਜ਼ਿਲ੍ਹਾ ਮਾਨਸਾ ਦਾ ਵਸਨੀਕ ਹਾਂ। ਮੇਰੇ ਲੜਕੇ ਸਰਬਜੀਤ ਸਿੰਘ ਦੀ ਮੌਤ ਹੋ ਚੁੱਕੀ ਹੈ।ਮੇਰੀ ਵਿਧਵਾ ਨੂੰਹ ਨਿੰਮੋ ਰਾਣੀ ਪਤਨੀ ਸਵ: ਸਰਬਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ, ਮਨਮਾਨੀ ਕਰਨ ਤੋਂ ਇਲਾਵਾ ਮਾੜੀ ਸੰਗਤ ਦੀ ਵੀ ਸ਼ਿਕਾਰ ਹੈ। ਮੈਂ ਇਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਸਬੰਧ ਨਹੀਂ ਕੋਈ ਗਲਤ ਕਦਮ ਚੁੱਕਣ ਲਈ ਇਹ ਖ਼ੁਦ ਜ਼ਿੰਮੇਵਾਰ ਹੋਵੇਗੀ। ਇਸ ਨਾਲ ਲੈਣ ਦੇਣ ਕਰਨ ਅਤੇ ਸਬੰਧ ਰੱਖਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਮਲਕੀਤ ਸਿੰਘ ਪੁੱਤਰ ਗੁਰਬਖਸ਼ ਸਿੰਘ, ਵਾਸੀ ਪਿੰਡ ਜਿਜੇਆਣੀ, ਡਾਕ. ਟਰਪਈ, ਤਹਿਸੀਲ ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਕਾਸ਼ਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੇਰੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਸੁਖਦੇਵ ਕੌਰ ਪਤਨੀ ਝੰਡਾ ਸਿੰਘ, ਵਾਸੀ ਵੱਡਾ ਵੇਹੜਾ, ਬੱਧਨੀ ਕਲਾਂ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਮਨਪ੍ਰੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਜਾਂ ਸੰਬੰਧ ਰੱਖਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ ਸਤਪਾਲ ਪੁੱਤਰ ਗੌਰੀ ਸ਼ੰਕਰ ਵਾਸੀ ਬਰਿਓਵਾਲ ਤਹਿਸੀਲ ਮੁਕੇਰੀਆਂ ਜਿਲਾ ਹੁਸ਼ਿਆਰਪੁਰ ਮੇਰਾ ਪੁੱਤਰ ਹਰਦੀਪ ਸਿੰਘ ਅਤੇ ਉਸਦੀ ਪਤਨੀ ਪੂਜਾ ਮੇਰੇ ਕਹਿਣ ਤੋਂ ਬਾਹਰ ਹਨ। ਮੈਂ ਇਹਨਾਂ ਨੂੰ ਆਪਣੀ ਚਲ ਅਚਲ ਸਪੰਤੀ ਤੋਂ ਬੇਦਖਲ ਕਰਦਾ ਹਾਂ। ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸਤਵਿੰਦਰ ਸਿੰਘ ਪੁੱਤਰ ਸ੍ਰੀ ਮਹਿੰਦਰ ਸਿੰਘ, ਵਾਸੀ ਐਸ 7/1119, ਬਾਜ਼ਾਰ ਗੁਜਰਾਂ, ਚੌਕ ਚਬੂਤਰਾ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮਨਪ੍ਰੀਤ ਸਿੰਘ (ਕੁਆਰਾ) ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ ਗੁਰਵਿੰਦਰ ਕੌਰ ਪਤਨੀ ਹਰਪਾਲ ਸਿੰਘ ਵਾਸੀ ਬਾਬਾ ਦੀਨ ਦਿਆਲ ਕਲੋਨੀ,ਡਾਕਖਾਨਾ ਵੇਰਕਾ, ਤਹਿਸੀਲ ਤੇ ਜਿਲ੍ਹਾ ਅੰਮ੍ਰਿਤਸਰ, ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਤੇਜਿੰਦਰ ਸਿੰਘ ਅਤੇ ਉਸਦੀ ਪਤਨੀ ਲਵਪ੍ਰੀਤ ਕੌਰ ਜੋ ਕਿ ਮੇਰੇ ਕਹਿਣੇ,ਸੁਨਣੇ ਤੋਂ ਬਾਹਰ ਹਨ,ਲੜਾਈ ਝਗੜਾ ਕਰਦੇ ਰਹਿੰਦੇ ਹਨ ਅਤੇ ਬਹੁਤ ਤੰਗ ਪਰੇਸ਼ਾਨ ਕਰਦੇ ਹਨ। ਮੈਂ ਉਨ੍ਹਾਂ ਦੋਵਾਂ ਨੂੰ ਅਤੇ ਉਨ੍ਹਾਂ ਦੇ ਦੋ ਬੱਚੇ ਗੁਰਮੁੱਖ ਸਿੰਘ ਅਤੇ ਮਨਪ੍ਰੀਤ ਕੌਰ ਨੂੰ ਆਪਣੀ ਹਰ ਕਿਸਮ ਦੀ ਚੱਲ,ਅਚੱਲ ਜਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਅਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ। ਉਹ ਖੁਦ ਜਿੰਮੇਵਾਰ ਹੋਣਗੇ। ਮੇਰਾ ਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ ਹੈ।

ਮੈਂ ਚਰਨਜੀਤ ਕੌਰ ਪਤਨੀ ਲੇਟ ਸਤਵਿੰਦਰ ਸਿੰਘ ਵਾਸੀ ਮਕਾਨ ਨੰ.12,ਗਲੀ ਨੰ.3, ਸ਼ਹੀਦ ਊਧਮ ਸਿੰਘ ਨਗਰ, ਅੰਮ੍ਰਿਤਸਰ, ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਮਨਦੀਪ ਸਿੰਘ ਅਤੇ ਉਸਦੀ ਪਤਨੀ ਪ੍ਰਭਜੋਤ ਕੌਰ ਜੋ ਕਿ ਮੇਰੇ ਕਹਿਣੇ,ਸੁਨਣੇ ਤੋਂ ਬਾਹਰ ਹਨ,ਲੜਾਈ ਝਗੜਾ ਕਰਦੇ ਰਹਿੰਦੇ ਹਨ ਅਤੇ ਬਹੁਤ ਤੰਗ ਪਰੇਸ਼ਾਨ ਕਰਦੇ ਹਨ। ਮੈਂ ਉਨ੍ਹਾਂ ਦੋਵਾਂ ਨੂੰ ਆਪਣੀ ਹਰ ਕਿਸਮ ਦੀ ਚੱਲ,ਅਚੱਲ ਜਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਅਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ। ਉਹ ਖੁਦ ਜਿੰਮੇਵਾਰ ਹੋਣਗੇ। ਮੇਰਾ ਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ ਹੈ।

## ਬੇਦਖਲੀ ਨੋਟਿਸ

ਮੈਂ, ਸਰਿਸਤਾ ਦੇਵੀ ਪਤਨੀ ਲੇਟ ਜਗਦੀਸ਼ ਰਾਜ, ਮਕਾਨ ਨੰ: 20-21, ਨਾਗਰਾ ਰੋਡ, ਨਿਊ ਪਟੇਲ ਨਗਰ ਮਕਸੂਦਾਂ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਰਾਕੇਸ਼ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹੈ, ਮੇਰੇ ਨਾਲ ਲੜਾਈ-ਝਗੜਾ ਕਰਦਾ ਹੈ ਮੇਰੇ 'ਤੇ ਸਾਰੀ ਜਾਇਦਾਦ ਆਪਣੇ ਨਾਂਅ ਕਰਵਾਉਣ ਦਾ ਜ਼ੋਰ ਪਾਉਂਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ ਗੁਰਮੁਖ ਸਿੰਘ ਪੁੱਤਰ ਸੁਰਜੀਤ ਸਿੰਘ , ਵਾਸੀ ਪਿੰਡ ਲਿੱਤਰਾਂ, ਤਹਿਸੀਲ ਨਕੋਦਰ , ਜ਼ਿਲ੍ਹਾ ਜਲੰਧਰ ਇਹ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਵਰਿੰਦਰਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ ।

ਅਸੀਂ ਸੋਰਭ ਭਸੀਨ ਪੁੱਤਰ ਸ਼੍ਰੀ ਅਸ਼ੋਕ ਭਸੀਨ ਅਤੇ ਮਹਿਕ ਭਸੀਨ ਵਾਸੀਆਨ ਮਕਾਨ ਨੰ: 6, ਨਿਊ ਇਸਲਾਮ ਗੰਜ, ਜਲੰਧਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਦਕਸ਼ ਭਸੀਨ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਵਾ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

## ਆਮ ਸੂਚਨਾ

ਮੈਂ, ਅਮਰਜੀਤ ਸਿੰਘ ਪੁੱਤਰ ਗਿਆਨ ਸਿੰਘ ਵਾਸੀ ਮਕਾਨ ਨੰ: 97, ਬੜਿੰਗ, ਮਹਿੰਦਰ ਸਿੰਘ ਕਾਲੋਨੀ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਬਲਜੀਤ ਸਿੰਘ ਵਾ ਉਸ ਦੀ ਪਤਨੀ ਬਲਦੀਸ਼ ਕੌਰ ਅਤੇ ਉਨ੍ਹਾਂ ਦੀ ਨਬਾਲਗ ਲੜਕੀ ਜਸਰੀਤ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਰਕੇ 23.07.2021 ਨੂੰ ਅਖਬਾਰ 'ਨਵਾਂ ਜ਼ਮਾਨਾ' ਅਤੇ 'ਅੱਜ ਦੀ ਆਵਾਜ਼' ਰਾਹੀਂ ਹਲਫੀਆ ਬਿਆਨ ਦੇ ਕੇ ਬੇਦਖਲ ਕਰ ਦਿੱਤਾ ਸੀ। ਹੁਣ ਮੇਰਾ ਲੜਕਾ ਵਾ ਉਸ ਦੀ ਪਤਨੀ ਸੁਧਰ ਚੁੱਕੇ ਹਨ ਅਤੇ ਆਪਣੀਆਂ ਪੁਰਾਣੀਆਂ ਗਲਤੀਆਂ ਦੀ ਮਾਫੀ ਮੰਗ ਲਈ ਹੈ। ਇਸ ਲਈ ਮੈਂ ਆਪਣੇ ਲੜਕੇ ਬਲਜੀਤ ਸਿੰਘ ਵਾ ਉਸ ਦੀ ਪਤਨੀ ਬਲਦੀਸ਼ ਕੌਰ ਅਤੇ ਉਸ ਦੀ ਨਬਾਲਗ ਲੜਕੀ ਜਸਰੀਤ ਕੌਰ ਨੂੰ ਇਸ ਹਲਫੀਆ ਬਿਆਨ ਰਾਹੀਂ ਉਕਤ ਬੇਦਖਲੀ ਵਾਪਸ ਲੈਂਦਾ ਹਾਂ। ਹੁਣ ਇਹ ਮੇਰੀ ਚੱਲ ਵਾ ਅਚੱਲ ਜਾਇਦਾਦ ਦੇ ਵਾਰਸ ਹੋਣਗੇ।

ਮੈਂ ਦੇਵ ਰਾਜ ਪੁੱਤਰ ਲੇਟ ਮਨੋਹਰ ਲਾਲ, ਵਾਸੀ ਮਕਾਨ ਨੰਬਰ 306/7, ਅਵਤਾਰ ਨਗਰ, ਜਲੰਧਰ ਇਹ ਬਿਆਨ ਕਰਦਾ ਹਾਂ ਕਿ ਮੈਂ ਮੇਰੇ ਲੜਕੇ ਵਿਨੋਦ ਸ਼ਰਮਾ ਨੂੰ ਹੁਣ ਮੇਰੇ ਕਹਿਣੇਕਾਰ ਹੋਣ ਕਰਕੇ ਉਸ ਸੰਬੰਧੀ ਮੇਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲੀ ਸੰਬੰਧੀ ਦਿੱਤਾ ਪਬਲਿਕ ਨੋਟਿਸ ਵਾਪਸ ਲੈਂਦਾ ਹਾਂ। ਹੁਣ ਮੇਰਾ ਲੜਕਾ ਮੇਰੀ ਚੱਲ-ਅਚੱਲ ਜਾਇਦਾਦ ਵਿਚ ਪੂਰਾ ਹੱਕਦਾਰ ਹੈ । ਸੰਬੰਧਤ ਨੋਟ ਕਰਨ।

## ਨਾਂਅ ਦੀ ਬਦਲੀ

ਮੈਂ, Harwinder Kaur ਪਤਨੀ ਭਿੰਦਰ ਸਿੰਘ, ਵਾਸੀ ਮਕਾਨ ਨੰਬਰ 55, ਵਾਰਡ ਨੰਬਰ 1, ਜਨਤਾ ਨਗਰ ਧੂਰੀ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ Harvinder Kaur ਰੱਖ ਲਿਆ ਹੈ।

ਮੈਂ, ਨਿਤਿਨ ਪੁੱਤਰ ਕਰਮਜੀਤ ਸਿੰਘ ਵਾਸੀ ਮਸਤ ਕਲੋਨੀ, ਪਿੰਡ ਕੋਟ ਸਦੀਕ, ਕਾਲਾ ਸੰਘਾ ਰੋਡ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੈਂ ਆਪਣਾ ਨਾਮ ਨਿਤਿਨ ਤੋਂ ਬਦਲ ਕੇ ਨਿਤਿਨ ਸਿੰਘ ਸੰਧੂ ਰੱਖ ਲਿਆ ਹੈ। ਸਬੰਧਿਤ ਨੋਟ ਕਰਨ।

ਮੈਂ, ਹੇਮੰਤ ਕੁਮਾਰ ਪੁੱਤਰ ਭਗਵਾਨ ਸਿੰਘ ਵਾਸੀ ਮਕਾਨ ਨੰ. 100, ਮਜ਼ਾਰ ਕਲੋਨੀ, ਫੇਜ਼-3, ਨੇੜੇ ਗੈਸ ਏਜੰਸੀ, ਢਿਲਵਾਂ ਰੋਡ, ਜਲੰਧਰ, ਪੰਜਾਬ ਨੇ ਆਪਣੀ ਨਾਬਾਲਗ ਲੜਕੀ ਦਾ ਨਾਮ ਮਹਿਮਾ ਤੋਂ ਬਦਲ ਕੇ ਮਹਿਮਾ ਰਾਜ ਰੱਖ ਲਿਆ ਹੈ। ਸਬੰਧਿਤ ਨੋਟ ਕਰਨ।

ਮੈਂ, ਦੇਵੀਕਾ ਪੁੱਤਰੀ ਹੇਮੰਤ ਕੁਮਾਰ ਵਾਸੀ ਮਕਾਨ ਨੰ. 100, ਮਜ਼ਾਰ ਕਲੋਨੀ, ਫੇਜ਼-3, ਨੇੜੇ ਗੈਸ ਏਜੰਸੀ, ਢਿਲਵਾਂ ਰੋਡ, ਜਲੰਧਰ, ਪੰਜਾਬ ਨੇ ਆਪਣਾ ਨਾਮ ਦੇਵੀਕਾ ਤੋਂ ਬਦਲ ਕੇ ਦੇਵੀਕਾ ਰਾਜ ਰੱਖ ਲਿਆ ਹੈ। ਸਬੰਧਿਤ ਨੋਟ ਕਰਨ।

## PUBLIC NOTICE

I, Daljeet Kaur W/o Davinder Singh R/o Village Nangal Salempur, Po. Nurpur, Tehsil and Distt. Jalandhar, Punjab declare that my daughter Gurpreet Kaur Wife of Pawan Kumar is out of my control. I disinherit her from my moveable and immovable properties. I and my family shall not be held responsible for any of her acts, deeds and things. All please note.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## COURT NOTICE

(U/o 5 Rule 20 CPC)
In The Court of Ms. Indu Bala
Additional Civil Judge (Senior Division) Tarn Taran

Next Date, Purpose of Case, Orders and Judgments as well as other case, information is available on http://districts.ecourts.gov.in

CNR No. PBTT02-000487-2022
Next Date : 30.09.2025
Guljar Singh Vs Ram Murti
Publication Issued To:

1) Ram Krishan S/o Surjan Singh R/o L.A. Block 36-2 Hari Nagar Ghanta Shar Near Police Chowki Hari Nagar, New Delhi, 2) Sapna W/o Swaranjit Singh S/o Gurdit Singh, 3) Subharjit Singh S/o Swaranjit Singh S/o Gurdit Singh, 4) Suva Sri S/o Swaranjit Singh S/o Gurdit Singh, All R/o Mondal Pura, P.O. and PS Diamond Harbour, District South 24 Pangana West Bengal (Kolkata)

In above titled case, the defendant(s)/ respondent (s) could not be served. It is ordered that defendant(s)/ respondant (s) should appear in person or through counsel on 30.09.2025 at 10:00 a.m.

For details logon to https://highcourtchd.gov.in/?trs=district_notice&district=Tarn Taran

Additional Civil Judge (Senior Division) Tarn Taran
Dated this day of 19-04-2025

## COURT NOTICE

(U/o 5 Rule 20 CPC)
In the Court of
Sh. Jagmilap Singh Khushdil
Civil Judge (Senior Division), Sangrur
CNR No. PBSG02-001332-2024
Next Date:- 29-10-2025

Pargat Singh
Vs.
Pargat Singh Deceased

Publication Issued To:
Legal Heirs of Pargat Singh:-
1. Beant Kaur widow of Pargat Singh,
2. Avjot Singh son of Pargat Singh son of Karam Singh, both residents of Village Balial, Tehsil Bhawanigarh, District Sangrur.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 29-10-2025 at 10:00 a.m.

For details logon to https://highcourtchd.gov.in/?mod=district_notice&district=Sangrur

Civil Judge (Senior Division), Sangrur
Dated, this day of 20-09-2025

## COURT NOTICE

Court Notice
In the Court of
Ms. Harshdeep Kaur
Judicial Magistrate - Ist Class -3, Nabha
CNR No. :- PBPTB1-001642-2024
Next Date:-03-10-2025

Varun Singla
Vs.
Akhleshvar Kumar

Detail of offence:-
Notice To:
Akhleshvar Kumar
Son :- Janth Lal
House No. 144, Alohran Gate Nabha, Tehsil Nabha, District Patiala

In above titled case, the accused could not be served. It is ordered that accused should appear in person or through counsel on 03-10-2025 at 10.00 a.m.

For details logon to https://highcourtchd.gov.in/?mod=district_notice&district=patiala

Judicial Magistrate - Ist Class -3 Nabha
Dated, this day of 19-09-2025

## COURT NOTICE

(U/o 5 Rule 20 CPC)
In the Court of
Ms. Ankita Dhawan
Civil Judge (Junior Division), Khamanon
CNR No. PBFGB0-000171-2025
Next Date:- 23-10-2025

Harinder Singh
Vs.
Surinder Singh

Publication Issued To:
Surinder Singh
Father : Bhag Singh S/o Kapoor Singh, Village Manpur, Tehsil Khamanon, Distt. Fatehgarh Sahib

In above titled case, the defendant(s)/respondent(s) could not be served. It is ordered that defendant(s) /respondent(s) should appear in person or through counsel on 23-10-2025 at 10:00 a.m.

For details logon to https://highcourtchd.gov.in/?mod=district_notice&district=mogacourt

Civil Judge (Junior Division), Khamanon
Dated, this day of 22-09-2025

## Reliance Asset Reconstruction Company Ltd.

Corporate Office: 11th Floor, North Side, R-Tech Park, Western Express Highway, Goregaon (East), Mumbai 400 063

### ਸਕਿਉਰਡ ਐੱਸਟਸ ਦੀ ਈ-ਨਿਲਾਮੀ ਵਿਕਰੀ ਵਾਸਤੇ ਜਨਤਕ ਨੋਟਿਸ

ਰਿਲਾਇੰਸ ਐਸੇਟ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ (ਆਰ ਏ ਆਰ ਸੀ) "ਆਰ ਏ ਆਰ ਸੀ 052 (ਆਈ ਬੀ ਰਿਟੇਲ) ਟਰੱਸਟ ਦੀ ਇੱਕ ਟਰੱਸਟੀ ਅਤੇ ਹੇਠਾਂ ਦਰਸਾਏ ਕਰਜ਼ਦਾਰ ਦੇ ਇੰਡੀਅਨ ਬੈਂਕ ਨਾਲ ਮਿਤੀ 28 ਸਤੰਬਰ 2018 ਨਾਲ ਹੋਏ ਹਿੱਸੇਦਾਰੀ ਦੇ ਇਕਰਾਰਨਾਮੇ ਅਨੁਸਾਰ ਜਾਇਦਾਦ ਦੀ ਹਿੱਸੇਦਾਰ ਅਤੇ ਸਕਿਉਰਡ ਕ੍ਰੈਡਿਟਰ ਹੈ। ਨਿਮਨਹਸਤਾਖਰੀ ਨੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ, 2002 [illegible] ਰਾਹੀਂ ਵਿਕਰੀ ਕੀਤੀ ਜਾਵੇਗੀ। [illegible]

| ਕਰਜ਼ਦਾਰ/ਗਰੰਟਰ ਦਾ ਨਾਂਅ |
|---|
| 1. ਮੈਸਰਜ਼ ਪਟਿਆਲਾ ਡੈਕੋਰੇਸ਼ਨ ਪੁੱਤਰ : ਵਾਸੀ ਹਰਨਾਮ ਵਾਲੀ ਗਲੀ, ਨੇੜੇ ਜਸ਼ਨ ਪੈਲੇਸ, ਸਰਹੰਦ ਰੋਡ, ਪਟਿਆਲਾ-147001 |
| 2. ਸ੍ਰੀ ਰਵਿੰਦਰ ਸਿੰਘ ਪੁੱਤਰ ਹਰਚੰਦ ਸਿੰਘ [illegible] ਪਟਿਆਲਾ-147001 |

ਮਿਤੀ 11.09.2025 ਨੂੰ ਬਕਾਇਆ ਰਕਮ ਰੂ. 68,16,969.94/- [illegible] ਕਬਜ਼ੇ ਦੀ ਮਿਤੀ : 02.04.2025

### ਜਾਇਦਾਦ ਦਾ ਵੇਰਵਾ

| ਜਾਇਦਾਦ ਦਾ ਵੇਰਵਾ | ਰਾਖਵੀਂ ਕੀਮਤ ਰੂ. 'ਚ | ਈ ਐਮ ਡੀ ਰਕਮ ਰੂ. 'ਚ |
|---|---|---|
| ਪਲਾਟ 'ਤੇ ਦੋ ਮੰਜ਼ਲਾ ਸੈਮੀ-ਵਪਾਰਕ ਜਾਇਦਾਦ, ਖੇਵਟ /ਖੇਤਾ ਨੰ: 268/460, ਖਸਰਾ ਨੰ: 746 ਮਿਨ (3-2), ਕਨਾਲ ਤੇ 3 ਵਿਘੇ ਸਹਿਤ, ਨੇੜੇ ਜਸ਼ਨ ਪੈਲੇਸ ਰੋਡ, ਰਕਬਾ [illegible] ਪਟਿਆਲਾ [illegible] 67.20 ਵਰਗ ਗਜ਼ [illegible] 3, ਪੱਛਮ : [illegible] | ਰੂ. 20,00,000/- (ਵੀਹ ਲੱਖ ਰੁਪਏ ਕੇਵਲ) | ਰੂ. 2,00,000/- (ਦੋ ਲੱਖ ਰੁਪਏ ਕੇਵਲ) |

### ਨਿਲਾਮੀ ਦੇ ਵੇਰਵੇ

ਜਾਇਦਾਦ ਦੇ ਨਿਰੀਖਣ ਦੀ ਮਿਤੀ : 15.10.2025 , ਸਵੇਰੇ 11.00 ਵਜੇ ਤੋਂ ਦੁਪਹਿਰ 12.00 ਵਜੇ ਤੱਕ
ਬੋਲੀ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ : 28.10.2025
ਈ-ਨਿਲਾਮੀ ਦੀ ਮਿਤੀ : 29.10.2025 ਦੁਪਹਿਰ 12.00 ਵਜੇ ਤੋਂ ਬਾਅਦ ਦੁਪਹਿਰ 1.00 ਵਜੇ ਤੱਕ (5 ਮਿੰਟ ਦੇ ਅਸੀਮਤ ਵਾਧੇ ਨਾਲ)

### ਈ-ਨਿਲਾਮੀ ਵਿਕਰੀ ਦੇ ਨਿਯਮ ਅਤੇ ਸ਼ਰਤਾਂ

1. ਜਾਇਦਾਦ ਰਾਖਵੀਂ ਕੀਮਤ ਤੋਂ ਹੇਠਾਂ ਨਹੀਂ ਵੇਚੀ ਜਾਵੇਗੀ ਅਤੇ ਵਿਕਰੀ ਰਿਲਾਇੰਸ ਐਸੇਟ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ (ਆਰ ਏ ਆਰ ਸੀ) ਸਕਿਉਰਡ ਕ੍ਰੈਡਿਟਰ ਦੀ ਪ੍ਰਵਾਨਗੀ ਦੇ ਅਧੀਨ ਹੋਵੇਗੀ। [illegible]
2. ਈ-ਨਿਲਾਮੀ ਦੀ [illegible] ਵੈੱਬਸਾਈਟ https://www.Auctionbazaar.com [illegible] www.rarcl.com [illegible] https://www.Auctionbazaar.com [illegible]
3. [illegible]
4. [illegible]
5. [illegible] himanshu.yadav@relianceada.com ਅਤੇ Narendra.r.shukla@relianceada.com [illegible] 28.10.2025 [illegible]
6. [illegible]
7. ਰਕਮ ਇਲੈਕਟ੍ਰਾਨਿਕ ਟ੍ਰਾਂਸਫਰ ਰਾਹੀਂ ਖਾਤਾ ਨੰ. 040211010000004 [illegible]
8. [illegible] 6675948895 [illegible]
9. [illegible]
10. [illegible]
11. [illegible]
12. [illegible]
13. [illegible]
14. [illegible]
15. [illegible]
16. [illegible]
17. [illegible] 98920-49543 [illegible] 93213-39065 [illegible]
18. [illegible]

ਸਥਾਨ : ਪਟਿਆਲਾ
ਮਿਤੀ : 23.09.2025

ਸਹੀ/- ਅਧਿਕਾਰਤ ਅਫਸਰ
ਵਾਸਤੇ ਰਿਲਾਇੰਸ ਐਸੇਟ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ

# ਹੜ੍ਹਾਂ ਦੌਰਾਨ ਸੀ ਵਾਈ ਡੀ ਏ ਵੱਲੋਂ ਬਾਰਾਂ ਸੌ ਤੋਂ ਵੱਧ ਪਰਿਵਾਰਾਂ ਦੀ ਸਹਾਇਤਾ


**ਗੁਰਦਾਸਪੁਰ-(ਦਿਨੇਸ਼ ਕੁਮਾਰ)**


ਪੰਜਾਬ ਵਿੱਚ ਆਏ ਭਿਆਨਕ ਹੜ੍ਹਾਂ ਦੇ ਜਵਾਬ ਵਿੱਚ ਸੈਂਟਰ ਫਾਰ ਯੂਥ ਡਿਵੈਲਪਮੈਂਟ ਐਂਡ ਐਕਟੀਵਿਟੀਜ਼ ਨੇ ਗੁਰਦਾਸਪੁਰ ਅਤੇ ਅੰਮ੍ਰਿਤਸਰ ਦੇ ਸਭ ਤੋਂ ਪ੍ਰਭਾਵਿਤ ਜ਼ਿਲ੍ਹਿਆਂ ਤੱਕ ਪਹੁੰਚ ਕੀਤੀ। ਇਹ ਇਲਾਕੇ ਸਭ ਤੋਂ ਵੱਧ ਪ੍ਰਭਾਵਿਤ ਸਨ, ਜਿੱਥੇ ਪੂਰੀਆਂ ਕਮਿਊਨਿਟੀਆਂ ਨੂੰ ਖਾਣ-ਪੀਣ, ਸਾਫ਼ ਪਾਣੀ ਅਤੇ ਜ਼ਰੂਰੀ ਸਮਾਨ ਦੀ ਤੁਰੰਤ ਲੋੜ ਸੀ ਅਤੇ ਟੀਮ ਵੱਲੋਂ 17 ਹੜ੍ਹ-ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ, ਜਿਸ ਵਿੱਚ ਡੇਰਾ ਬਾਬਾ ਨਾਨਕ, ਧਰਮਕੋਟ ਪੱਤਣ, ਗੁਰਚੱਕ, ਕਲਾਨੌਰ ਅਤੇ ਚੰਦੂਵਡਲਾ ਸ਼ਾਮਲ ਸਨ।ਟੀਮ ਦੇ ਮੈਂਬਰ ਚੰਦਨ ਕੁਮਾਰ, ਸੋਮੇਸ਼ ਅਤੇ ਰਮੇਸ਼ਵਰ ਕੁਰੇ ਨੇ ਉਡਾਨ ਐੱਨਜੀਓ (ਗੁਰਦਾਸਪੁਰ) ਦੇ ਸਹਿਯੋਗ ਨਾਲ ਸੇਵਾਦਾਰਾਂ ਨੂੰ ਮੋਬਿਲਾਈਜ਼ ਕੀਤਾ ਤਾਂ ਜੋ ਪ੍ਰਭਾਵਿਤ ਪਰਿਵਾਰਾਂ ਨੂੰ ਸਮੇਂ ਤੇ ਤੇ ਸੰਯੁਕਤ ਤਰੀਕੇ ਨਾਲ ਰਾਹਤ ਪਹੁੰਚ ਸਕੇ।ਰਾਹਤ ਵੰਡਣ ਦੀ ਪ੍ਰਕਿਰਿਆ ਦੋ ਪੜਾਵਾਂ ਵਿੱਚ ਕੀਤੀ ਗਈ। ਪਹਿਲੇ ਪੜਾਅ ਵਿੱਚ ਗੁਰਦਾਸਪੁਰ ਅਤੇ ਅੰਮ੍ਰਿਤਸਰ ਦੇ ਪਿੰਡਾਂ—ਸ਼ਾਹਜ਼ਾਦਾ, ਘੋਨੇਵਾਲਾ, ਮੱਛੀਵਾਲਾ, ਜੱਟਾਂ ਅਤੇ ਸਿੰਘੋਕੇ ਵਿੱਚ ਰਾਹਤ ਕਿੱਟਾਂ ਵੰਡੀਆਂ ਗਈਆਂ। ਕਈ ਪਰਿਵਾਰਾਂ ਲਈ ਇਹ ਪਹਿਲੀ ਵਾਰ ਸੀ ਕਿ ਉਨ੍ਹਾਂ ਨੂੰ ਏਅਰ ਫੋਰਸ ਵੱਲੋਂ ਪਹਿਲਾਂ ਮਿਲੀ ਸਹਾਇਤਾ ਤੋਂ ਇਲਾਵਾ ਇੰਨੀ ਵਿਸਥਾਰਵਿਕ ਮਦਦ ਮਿਲੀ ਸੀ। ਹਰ ਕਿੱਟ ਵਿੱਚ ਭੁੰਨੇ ਚਨੇ, ਬਿਸਕੁੱਟ, ਰਸਕ, ਸੁੱਕਾ ਦੁੱਧ, ਬ੍ਰੈੱਡ ਅਤੇ ਪੀਣ ਵਾਲਾ ਪਾਣੀ ਵਰਗੀਆਂ ਖੁਰਾਕੀ ਵਸਤਾਂ, ਨਾਲ ਹੀ ਸਾਬਣ, ਟੂਥਪੇਸਟ-ਬਰਸ਼ ਸੈੱਟ ਅਤੇ ਮੱਛਰ ਕੁਆਇਲ ਵਰਗੀਆਂ ਸਫ਼ਾਈ ਸੰਬੰਧੀ ਚੀਜ਼ਾਂ ਸ਼ਾਮਲ ਸਨ।ਬਿਜਲੀ ਨਾ ਹੋਣ ਤੇ ਘਰਾਂ ਦੀ ਸਹੂਲਤ ਲਈ ਮੋਮਬੱਤੀਆਂ ਅਤੇ ਮਾਚਿਸ ਵੀ ਦਿੱਤੇ ਗਏ।ਦੂਜੇ ਪੜਾਅ ਵਿੱਚ, ਪ੍ਰਭਾਵਿਤ ਪਰਿਵਾਰਾਂ ਨਾਲ ਨਜ਼ਦੀਕੀ ਗੱਲਬਾਤ ਤੋਂ ਬਾਅਦ, ਟੀਮ ਨੇ ਖਾਸ ਤੌਰ ਤੇ ਤੁਰੰਤ ਲੋੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਹੋਰ ਕਿੱਟਾਂ ਤਿਆਰ ਕੀਤੀਆਂ। ਟੀਮ ਨੇ ਸਭ ਤੋਂ ਨਾਜ਼ੁਕ ਪਰਿਵਾਰਾਂ ਤੱਕ ਪਹੁੰਚ ਕੀਤੀ, ਅਕਸਰ ਉਹ ਪਿੰਡ ਜਿੱਥੇ 3-4 ਫੁੱਟ ਪਾਣੀ ਹਾਲੇ ਵੀ ਖੜਾ ਸੀ। ਦੋਹਾਂ ਪੜਾਵਾਂ ਵਿੱਚ, ਡੇਰਾ ਬਾਬਾ ਨਾਨਕ, ਦੀਨਾ ਨਗਰ, ਅਜਨਾਲਾ ਅਤੇ ਆਲੇ-ਦੁਆਲੇ ਦੇ ਪਿੰਡਾਂ—ਪਖੋਕੇ, ਹਰੂਵਾਲ, ਸਧਣਵਾਲੀ, ਠਾਠੀ, ਜੈਨਪੁਰ, ਟਾਂਡਾ, ਮੱਛੀਵਾਲਾ, ਘੋਨੇਵਾਲਾ ਅਤੇ ਰਮਦਾਸ—ਵਿੱਚ 1,200 ਤੋਂ ਵੱਧ ਘਰਾਂ ਤੱਕ ਰਾਹਤ ਪਹੁੰਚਾਈ ਗਈ, ਜਿਸ ਨਾਲ ਲਗਭਗ 8,000 ਨਾਜ਼ੁਕ ਲੋਕਾਂ ਨੂੰ ਸਿੱਧੀ ਮਦਦ ਮਿਲੀ। ਸਮਾਨਿਕ ਰਾਹਤ ਤੋਂ ਇਲਾਵਾ, ਟੀਮ ਨੇ ਘੋਨੇਵਾਲਾ ਪਿੰਡ ਨੂੰ 360 ਲੀਟਰ ਡੀਜ਼ਲ ਦਿੱਤਾ, ਜਿਸ ਨਾਲ ਟਰੈਕਟਰ ਅਤੇ ਜੇਸੀਬੀ ਮਸ਼ੀਨਾਂ ਨੇ ਟੁੱਟੇ ਹੋਏ ਬੰਨ੍ਹਾਂ ਦੀ ਮੁਰੰਮਤ ਕੀਤੀ। ਇਹ ਮਹੱਤਵਪੂਰਨ ਕਦਮ ਸੜਕਾਂ ਦੀ ਆਵਾਜਾਈ ਬਹਾਲ ਕਰਨ ਲਈ ਹੈ, ਤਾਂ ਜੋ ਰਾਹਤ ਸਮੱਗਰੀ, ਜ਼ਰੂਰੀ ਸਪਲਾਈਆਂ ਅਤੇ ਐਮਰਜੈਂਸੀ ਸੇਵਾਵਾਂ ਪ੍ਰਭਾਵਿਤ ਕਮਿਊਨਿਟੀਆਂ ਤੱਕ ਤੁਰੰਤ ਪਹੁੰਚ ਸਕਣ।ਇਸ ਤੋਂ ਇਲਾਵਾ ਟੀਮ ਨੇ ਹੋਰ ਸੰਸਥਾਵਾਂ ਨਾਲ ਮਿਲ ਕੇ 19 ਪਿੰਡਾਂ ਵਿੱਚ ਪਸ਼ੂਆਂ ਲਈ ਚਾਰਾ ਵੰਡਿਆ। ਟੀਮ ਦੇ ਚੰਦਨ ਕੁਮਾਰ ਨੇ ਅੰਮ੍ਰਿਤਸਰ ਦੀ ਡਿਪਟੀ ਕਮਿਸ਼ਨਰ ਮਿਸ. ਸਾਕਸ਼ੀ ਸਾਹਨੀ ਨਾਲ ਮਿਲ ਕੇ ਪ੍ਰਦੂਸ਼ਿਤ ਪਾਣੀ ਦੇ ਸਰੋਤਾਂ ਦੀ ਸਫ਼ਾਈ ਲਈ ਪ੍ਰਬੰਧ ਕੀਤਾ। ਟੀਮ ਨੇ ਪ੍ਰਭਾਵਿਤ ਲੋਕਾਂ ਨੂੰ ਮੈਡੀਕਲ ਸਹਾਇਤਾ ਤੱਕ ਪਹੁੰਚਣ ਵਿੱਚ ਵੀ ਮਦਦ ਕੀਤੀ ਅਤੇ ਉਨ੍ਹਾਂ ਨੂੰ ਸਿਹਤ ਸੇਵਾਵਾਂ ਦੇਣ ਵਾਲੀਆਂ ਸੰਸਥਾਵਾਂ ਨਾਲ ਜੋੜਿਆ, ਜਿਸ ਨਾਲ ਸਮੇਂ ਸਿਰ ਇਲਾਜ ਅਤੇ ਸਹਾਇਤਾ ਸੰਭਵ ਹੋ ਸਕੀ।



# ਸਾਥੀਆਂ ਦਾ ਵੱਡਾ ਕਾਫਲਾ ਮੋਹਾਲੀ ਰੈਲੀ 'ਚ ਪਹੁੰਚਿਆ : ਦਵਿੰਦਰ ਸੋਹਲ

**ਝਬਾਲ, (ਹਰਜਿੰਦਰ ਸਿੰਘ ਸੋਨੀ)**-ਕਿਸਾਨਾਂ, ਮਜਦੂਰਾਂ ਤੇ ਹੋਰ ਮਿਹਨਤਕਸ਼ ਜਨਤਾ ਦੇ ਹੱਕਾਂ ਦੀ ਅਵਾਜ਼ ਉਚੀ ਕਰਨ ਲਈ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਕੌਮੀ ਮਹਾਂ ਸੰਮੇਲਨ ਮੌਕੇ ਮੋਹਾਲੀ ਵਿਖੇ ਵਿਸ਼ਾਲ ਜਨਤਕ ਰੈਲੀ ਕੀਤੀ ਜਾ ਰਹੀ ਹੈ।ਜ਼ਿਲ੍ਹਾ ਸਕੱਤਰ ਕਾਮਰੇਡ ਦਵਿੰਦਰ ਸੋਹਲ ਤੇ ਐਕਟਿੰਗ ਸਕੱਤਰ ਗੁਰਦਿਆਲ ਸਿੰਘ ਖਡੂਰ ਸਾਹਿਬ ਨੇ ਦੱਸਿਆ ਕਿ ਤਰਨ ਤਾਰਨ ਜ਼ਿਲ੍ਹੇ ਵਿੱਚੋਂ 14 ਬੱਸਾਂ ਤੇ ਕਈ ਛੋਟੀਆਂ ਗੱਡੀਆਂ ਰੈਲੀ ਲਈ ਗੁਰਪ੍ਰੀਤ ਸਿੰਘ ਗੰਡੀਵਿੰਡ, ਨਰਿੰਦਰ ਅਲਗੋਂ, ਕਿਰਨਜੀਤ ਕੌਰ ਵਲਟੋਹਾ, ਚਰਨ ਸਿੰਘ, ਦੇਵੀ ਕੁਮਾਰੀ, ਕਾਰਜ ਸਿੰਘ ਕੈਰੋਂ, ਵਿਸ਼ਾਲ ਦੀਪ ਵਲਟੋਹਾ, ਗੁਰਬਿੰਦਰ ਸਿੰਘ ਸੋਹਲ ਦੀ ਅਗਵਾਈ ਵਿੱਚ ਬੱਸਾਂ ਗੱਡੀਆਂ ਰਵਾਨਾ ਹੋਈਆਂ। ਉਹਨਾਂ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਲਗਾਤਾਰ ਲੋਕ ਵਿਰੋਧੀ ਫ਼ੈਸਲੇ ਲੈ ਰਹੀਆਂ ਹਨ। ਪੰਜਾਬ ਵਿੱਚ ਹੜ੍ਹਾਂ ਦੀ ਮਾਰ ਨੇ ਸਰਕਾਰ ਦੀਆਂ ਨਾਕਾਮੀਆਂ ਜੱਗ ਜ਼ਾਹਰ ਕਰ ਦਿੱਤੀਆਂ ਹਨ।ਨਸ਼ਿਆਂ, ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਤੇ ਗੈਂਗਸਟਰ ਵਰਗੀਆਂ ਅਲਾਮਤਾਂ ਪੰਜਾਬ ਨੂੰ ਤਬਾਹ ਕਰ ਰਹੀਆਂ ਹਨ।ਦੇਸ਼ ਨੌਜਵਾਨ ਮੁੰਡੇ ਕੁੜੀਆਂ ਬੇਰੁਜ਼ਗਾਰੀ ਕਰਕੇ ਪੁੱਠੇ ਰਾਹ ਜਾਣ ਲਈ ਮਜਬੂਰ ਹਨ। ਭਾਰਤੀ ਕਮਿਊਨਿਸਟ ਪਾਰਟੀ ਆਪਣੇ 25ਵੇਂ ਮਹਾਂ ਸੰਮੇਲਨ ਮੌਕੇ ਅੱਜ ਦੇ ਦੌਰ ਅਨੁਸਾਰ ਆਰਥਿਕ, ਸਮਾਜਿਕ ਸਥਿਤੀਆਂ ਬਾਰੇ ਵਿਚਾਰ ਕਰੇਗੀ। ਉਨ੍ਹਾਂ ਕਿਹਾ ਕਿ ਘੱਟੋ ਘੱਟ ਉਜਰਤ 26000/- ਕਰਨਾ ਸਮੇਂ ਦੀ ਲੋੜ ਹੈ। ਬੁਢਾਪਾ ਪੈਨਸ਼ਨ 10000 ਰੁਪਏ ਹਰ ਬਜ਼ੁਰਗ ਜ਼ਰੂਰ ਮਿਲਣੀ ਚਾਹੀਦੀ ਹੈ।ਕਮਿਊਨਿਸਟ ਪਾਰਟੀ ਦੀ ਇਹ ਕੌਮੀ ਕਾਨਫਰੰਸ ਇਤਿਹਾਸ ਵਿੱਚ ਮੀਲ ਪੱਥਰ ਸਾਬਤ ਹੋਵੇਗੀ।





# ਭਾਰੀ ਬਾਰਿਸ਼ ਨਾਲ ਡਿੱਗੀ ਛੱਤ ਦੀ ਮੁਰੰਮਤ ਲਈ 15000 ਦੀ ਆਰਥਿਕ ਮਦਦ

**ਗੁਰਾਇਆ (ਬਿੰਦਰ ਸੁੰਮਨ)**

ਹੜ੍ਹਾਂ ਅਤੇ ਭਾਰੀ ਮੀਂਹਾਂ ਨਾਲ ਹੋਏ ਪ੍ਰਭਾਵਤ ਲੋਕਾਂ ਦੀ ਕੁੱਝ ਨਾ ਕੁੱਝ ਮਦਦ ਕਰਨ ਦੇ ਉਪਰਾਲੇ ਨਾਲ ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਫਿਲੌਰ ਅਤੇ ਫਗਵਾੜਾ ਦੇ ਪੈਨਸ਼ਨਰਜ਼ ਭੈਣਾਂ ਭਰਾਵਾਂ ਵਲੋਂ ਸਹਿਯੋਗ ਦਿੰਦੇ ਹੋਏ ਫੰਡ ਇਕੱਠਾ ਕੀਤਾ ਗਿਆ ਸੀ। ਪੈਨਸ਼ਨਰਾਂ ਦੇ ਸਹਿਯੋਗ ਨਾਲ ਇਕੱਠੇ ਹੋਏ ਫੰਡ ਵਿੱਚੋਂ ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਫਿਲੌਰ ਦੇ ਸੀਨੀਅਰ ਮੀਤ ਪ੍ਰਧਾਨ ਤਾਰਾ ਸਿੰਘ ਬੀਕਾ ਦੀ ਅਗਵਾਈ ਵਿੱਚ ਪਿੰਡ ਪ੍ਰਤਾਪਰਾ ਤਹਿਸੀਲ ਫਿਲੌਰ ਜ਼ਿਲ੍ਹਾ ਜਲੰਧਰ ਦੇ ਗ਼ਰੀਬ ਮਜ਼ਦੂਰ ਪਰਵਾਰ ਦੀ ਡਿੱਗੀ ਛੱਤ ਦੀ ਮੁਰੰਮਤ ਕਰਵਾਉਣ ਲਈ ਭਾਗ ਰਾਮ ਪੁੱਤਰ ਜਾਗਰ ਰਾਮ ਅਤੇ ਸੁਪਤਨੀ ਸ੍ਰੀਮਤੀ ਸਿਮਰੋ ਨੂੰ ਪਿੰਡ ਦੇ ਸਰਪੰਚ ਦਿਲਪ੍ਰੀਤ ਸਿੰਘ ਅਤੇ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਕਰਨੈਲ ਫ਼ਿਲੌਰ ਦੀ ਮੌਜੂਦਗੀ ਵਿੱਚ 15000 ਰੁਪਏ ਦੀ ਆਰਥਿਕ ਸਹਾਇਤਾ ਪਰਵਾਰ ਨੂੰ ਸੌਂਪੀ ਗਈ। ਸਰਪੰਚ ਨੂੰ ਬੇਨਤੀ ਵੀ ਕੀਤੀ ਗਈ ਕਿ ਆਪਣੀ ਨਿਗਰਾਨੀ ਹੇਠ ਛੱਤ ਦੀ ਮੁਰੰਮਤ ਦਾ ਕੰਮ ਜਲਦੀ ਤੋਂ ਜਲਦੀ ਪੂਰਾ ਕਰਵਾਉਣ ਦਾ ਉਪਰਾਲਾ ਕੀਤਾ ਜਾਵੇ ਤਾਂ ਜੋ ਮਜ਼ਦੂਰ ਪਰਵਾਰ ਦਾ ਸਿਰ ਢਕਿਆ ਜਾਵੇ। ਐਸੋਸੀਏਸ਼ਨ ਦੇ ਆਗੂਆਂ ਨੇ ਦੱਸਿਆ ਕਿ ਐਸੋਸੀਏਸ਼ਨ ਵਲੋਂ ਇਸ ਤੋਂ ਪਹਿਲਾਂ ਵੀ 93200 ਦੀ ਆਰਥਿਕ ਸਹਾਇਤਾ ਵੰਡੀ ਜਾ ਚੁੱਕੀ ਹੈ। ਇਸ ਮੌਕੇ ਜਤਿੰਦਰ ਸਿੰਘ, ਅਧਿਆਪਕ ਪ੍ਰਤਾਪਰਾ ਸਕੂਲ ਜਗਸੀਰ ਸਿੰਘ, ਦਿਹਾਤੀ ਮਜ਼ਦੂਰ ਸਭਾ ਫਿਲੌਰ ਦੇ ਉੱਘੇ ਆਗੂ ਕੁਲਦੀਪ ਵਾਲੀਆ ਬਿਲਗਾ, ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਫ਼ਗਵਾੜਾ ਦੇ ਜਨਰਲ ਸਕੱਤਰ ਕੁਲਦੀਪ ਸਿੰਘ ਕੌੜਾ, ਪ੍ਰੈੱਸ ਸਕੱਤਰ ਸੀਤਲ ਰਾਮ ਬੰਗਾ, ਜੁਆਇੰਟ ਪ੍ਰੈੱਸ ਸਕੱਤਰ ਰਤਨ ਸਿੰਘ ਗੁਰਾਇਆ ਆਦਿ ਵੀ ਪੈਨਸ਼ਨਰ ਸਾਥੀ ਹਾਜ਼ਰ ਹੋਏ।



# ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਦੀ ਵਾਲੀਬਾਲ ਮੁਕਾਬਲੇ 'ਚ ਸ਼ਾਨਦਾਰ ਜਿੱਤ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**

69 ਵੀਆਂ ਪੰਜਾਬ ਜ਼ਿਲ੍ਹਾ ਪੱਧਰ ਸਕੂਲ ਖੇਡਾਂ 2025-26 16 ਸਤੰਬਰ ਤੋਂ 18 ਸਤੰਬਰ ਨੂੰ ਸਪੋਰਟਸ ਸਕੂਲ ਜਲੰਧਰ ਵਿਖੇ ਹੋਈਆਂ ਜਿਨ੍ਹਾਂ ਵਿੱਚੋਂ ਅੰਡਰ 19 ਵਾਲੀਬਾਲ ਟੀਮ ਜ਼ਿਲ੍ਹਾ ਪੱਧਰ ਜ਼ੋਨ ਨੰ: 6 ਭੋਗਪੁਰ ਸਕੂਲ ਦੀ ਟੀਮ ਪਹਿਲੇ ਸਥਾਨ 'ਤੇ ਰਹੀ। ਜ਼ਿਲ੍ਹਾ ਪੱਧਰ ਖੇਡਾਂ ਵਿੱਚ ਹੋਏ ਫਾਈਨਲ ਮੁਕਾਬਲੇ ਵਿੱਚ ਸੇਂਟ ਸੋਲਜ਼ਰ ਡਿਵਾਈਨ ਪਬਲਿਕ ਸਕੂਲ ਭੋਗਪੁਰ ਤੇ ਪੁਲਸ ਡੀ.ਏ. ਵੀ. ਸਕੂਲ, ਜਲੰਧਰ ਦੀਆਂ ਟੀਮਾਂ ਆਹਮੋ ਸਾਹਮਣੇ ਹੋਈਆਂ।ਜਿਸ ਵਿੱਚ ਸੇਂਟ ਸੋਲਜ਼ਰ ਡਿਵਾਈਨ ਪਬਲਿਕ ਸਕੂਲ ਭੋਗਪੁਰ ਨੇ ਡੀ.ਏ.ਵੀ. ਸਕੂਲ ਜਲੰਧਰ ਨੂੰ 25-18 ਦੇ ਫਰਕ ਨਾਲ ਹਰਾ ਕੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ।ਭੋਗਪੁਰ ਸਕੂਲ ਦੇ ਸਾਰੇ ਖਿਡਾਰੀਆਂ ਹਰਜੋਸ ਸਿੰਘ, ਕਰਨਵੀਰ ਸਿੰਘ, ਯੁਵਰਾਜ ਜੜ੍ਹਾ, ਗੁਰਨੂਰ ਲਾਖਾ, ਇੰਦਰਵੀਰ ਸਿੰਘ, ਹਰਜੱਸਪ੍ਰੀਤ ਸਿੰਘ ਨੇ ਬਹੁਤ ਵਧੀਆ ਪ੍ਰਦਰਸ਼ਨ ਕੀਤਾ। ਸਕੂਲ ਦੇ ਪ੍ਰਿੰਸੀਪਲ ਅਮਰੀਕ ਸਿੰਘ ਨੇ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ । ਇਸ ਮੌਕੇ ਸਪੋਰਟਸ ਅਧਿਆਪਕ ਹਰਿਵੰਦਰ ਸਿੰਘ ਤੇ ਮਿਸ ਮੀਨਾ ਵੀ ਮੌਜੂਦ ਸਨ।

# ਗੁਰਇਕਬਾਲ ਸਿੰਘ ਮਾਹਲ ਨੇ ਰੀਬਨ ਕੱਟ ਕੇ ਸ਼੍ਰੀ ਰਾਮਲੀਲਾ ਦਾ ਕੀਤਾ ਉਦਘਾਟਨ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)** ਸ਼੍ਰੀ ਕ੍ਰਿਸ਼ਨਾ ਡਰਾਮਾ ਟਿਕ ਕਲੱਬ ਕਾਦੀਆਂ ਦੇ ਸਰਪ੍ਰਸਤ ਸ੍ਰੀ ਮਨੋਜ ਕੇਅਰ, ਲਲਿਤ ਭਨੋਟ, ਵਿੱਕੀ ਭਾਮੜੀ, ਰਾਜੀਵ ਭਾਟੀਆ ਦੀ ਅਗਵਾਈ ਵਿੱਚ ਮਰਿਯਾਦਾ ਪ੍ਰਸ਼ੋਤਮ ਸ਼੍ਰੀ ਰਾਮ ਜੀ ਦੇ ਪਵਿੱਤਰ ਗ੍ਰੰਥ ਸ਼੍ਰੀ ਰਾਮਾਇਣ ਦੇ ਅਧਾਰਿਤ ਸ਼੍ਰੀ ਰਾਮ ਲੀਲਾ ਦਾ ਆਯੋਜਨ ਨਗਰਪਾਲਿਕਾ ਦੇ ਖੁੱਲ੍ਹੇ ਮੈਦਾਨ ਅੰਦਰ ਕੀਤਾ ਗਿਆ। ਇਸ ਰਾਮ ਲੀਲਾ ਦਾ ਉਦਘਾਟਨ ਸ਼੍ਰੋਮਣੀ ਅਕਾਲੀ ਦੱਲ ਹਲਕਾ ਕਾਦੀਆਂ ਦੇ ਇੰਚਾਰਜ ਸਰਦਾਰ ਗੁਰਇਕਬਾਲ ਸਿੰਘ ਮਾਹਲ ਨੇ ਰੀਬਨ ਕੱਟ ਕੇ ਕੀਤਾ। ਇਸ ਤੋਂ ਪਹਿਲਾਂ ਹਵਨ ਯੱਗ ਉਪਰੰਤ ਆਰਤੀ ਉਪਰੰਤ ਸ਼੍ਰੀ ਹਨੂਮਾਨ ਚਾਲੀਸਾ ਦਾ ਪਾਠ ਕੀਤਾ ਗਿਆ। ਇਸ ਮੌਕੇ ਸ਼੍ਰੀ ਕ੍ਰਿਸ਼ਨਾ ਡਰਾਮਾ ਟਿਕ ਕਲੱਬ ਕਾਦੀਆਂ ਵੱਲੋਂ ਚੇਅਰਮੈਨ ਲਲਿਤ ਭਨੋਟ, ਡਾਕਟਰ ਤਿਲਕ ਰਾਜ ਘੁੰਮਣ, ਹੈਪੀ ਭਨੋਟ, ਮਨੋਜ ਕੇਅਰ, ਪੰਡਤ ਅਸ਼ੋਕ ਸ਼ਰਮਾਂ, ਵਿੱਕੀ ਭਾਮੜੀ ਆਦ ਵੱਲੋਂ ਕਾਦੀਆਂ ਦੀਆਂ ਸਾਰੀਆਂ ਮੰਦਿਰ ਕਮੇਟੀਆਂ ਅਤੇ ਕਾਦੀਆਂ ਦੀਆਂ ਧਾਰਮਿਕ ਸੰਸਥਾਵਾਂ ਦੇ ਅਹੁਦੇਦਾਰਾਂ ਨੂੰ ਸਨਮਾਨ ਚਿੰਨ੍ਹ ਦੇਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮਨੋਜ ਕੇੜ, ਗੁਰਇਕਬਾਲ ਮਾਹਲ, ਪਵਨ ਭਾਟੀਆ ਪ੍ਰਧਾਨ ਮਹਾਂ ਕਾਲੀ ਮੰਦਿਰ, ਹੈਪੀ ਭਨੋਟ, ਚੇਅਰਮੈਨ ਲਲਿਤ ਭਨੋਟ, ਤਿਲਕ ਰਾਜ ਘੁੰਮਣ, ਰਜਿੰਦਰ ਭਾਟੀਆ, ਵਿੱਕੀ ਭਾਮੜੀ ਪ੍ਰਧਾਨ ਭੈਰੋਂ ਮੰਦਿਰ, ਮੋਤੀਲਾਲ ਭਗਤ, ਸੁਰਿੰਦਰ ਭਾਟੀਆ ਪ੍ਰਧਾਨ ਬਾਵਾ ਲਾਲ ਦਿਆਲ ਮੰਦਿਰ,ਅਮਿਤ ਭਾਟੀਆ ਵਾਈਸ ਪ੍ਰਧਾਨ ਭੈਰੋਂ ਮੰਦਿਰ ਕਮੇਟੀ, ਸਰਬਜੀਤ ਮਹਿਤਾ ਪ੍ਰਧਾਨ ਦੁਸਹਿਰਾ ਕਮੇਟੀ, ਪੰਡਤ ਅਸ਼ੋਕ ਸ਼ਰਮਾਂ, ਰਾਜੀਵ ਭਾਟੀਆ (ਬਾਂਟਾ ਭਾਟੀਆ), ਪਵਨ ਭਾਟੀਆ ਪ੍ਰਧਾਨ ਮਹਾਂ ਕਾਲੀ ਮੰਦਿਰ, ਮੋਤੀ ਲਾਲ ਟੇਲਰ, ਬੱਬਲ ਮਹਾਜਨ, ਸ਼ਾਮਲਾਲ ਸ਼ਰਮਾਂ, ਪੂਰਨ ਚੰਦ ਪੂਰੀ, ਮੰਗਾ ਭਾਟੀਆ, ਵਿਰੂ ਸੇਠ, ਸੂਰਜ ਜੀ, ਗੌਰਵ ਭਨੋਟ, ਗਿੰਨੀ ਭਾਟੀਆ ਕੌਂਸਲਰ, ਵਿਜੇ ਕੁਮਾਰ ਕੌਂਸਲਰ, ਸਤੀਸ਼ ਸੂਰੀ, ਅਵਤਾਰ ਸਿੰਘ, ਆਦਿ ਹਾਜਰ ਸਨ।



# ਧਾਰਮਿਕ ਸਮਾਗਮ ਦੌਰਾਨ ਸਿੱਧ ਯੋਗੀ ਟਰੱਸਟ ਨੇ ਲਗਾਇਆ ਮੁਫਤ ਮੈਡੀਕਲ ਕੈਂਪ



**ਜੇਜੋਂ ਦੋਆਬਾ, (ਨਿਰਮਲ ਸਿੰਘ ਮੁੱਗੋਵਾਲ)**-ਡੇਰਾ ਬਾਬਾ ਕੱਲਰਾਂ ਸ਼ੇਰਪੁਰ ਚੱਕੋ ਵਿਖੇ ਧਾਰਮਿਕ ਸਮਾਗਮ ਗੱਦੀ ਨਸ਼ੀਨ 108 ਸੰਤ ਰਮੇਸ਼ ਦਾਸ ਮਹਾਰਾਜ ਜੀ ਦੀ ਰਹਿਨੁਮਾਈ ਹੇਠ ਕਰਵਾਇਆ ਗਿਆ। ਜਿਸ ਵਿੱਚ ਸਭ ਤੋਂ ਪਹਿਲਾਂ ਪਾਠ ਦੇ ਭੋਗ ਪਾਏ ਗਏ, ਉਸ ਤੋਂ ਬਾਅਦ ਸਮਾਗਮ ਵਿੱਚ ਪਹੁੰਚੇ ਕੀਰਤਨੀ ਜਥਿਆਂ ਤੇ ਸੰਤਾਂ ਮਹਾਂਪੁਰਸ਼ਾਂ ਨੇ ਕਥਾ ਕੀਰਤਨ ਕਰਦਿਆਂ ਸੰਗਤਾਂ ਨੂੰ ਉਸ ਸਰਬ ਸ਼ਕਤੀਮਾਨ ਪਰਮਾਤਮਾ ਨਾਲ ਜੋੜਿਆ, ਜੋ ਇਸ ਬ੍ਰਹਿਮੰਡ ਦੇ ਕਣ- ਕਣ ਵਿੱਚ ਮੌਜੂਦ ਹੋ ਕੇ ਸਭਨਾ ਜੀਵਾਂ ਦੀ ਪਾਲਨਾ ਕਰ ਰਿਹਾ ਹੈ। ਇਸ ਮੌਕੇ ਸਿੱਧ ਯੋਗੀ ਟਰੱਸਟ ਪਿੰਡ ਖਾਨਪੁਰ ਵੱਲੋਂ ਡਾਕਟਰ ਜਸਵੰਤ ਸਿੰਘ ਬਿੰਦ ਐਸ.ਐਮ.ਓ. ਸਿਵਲ ਹਸਪਤਾਲ ਮਾਹਿਲਪੁਰ ਦੇ ਭਰਪੂਰ ਸਹਿਯੋਗ ਸਦਕਾ ਡਾਕਟਰ ਪ੍ਰਭ ਦੀ ਟੀਮ ਵੱਲੋਂ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ, ਜਿਸ ਵਿੱਚ ਮਰੀਜ਼ਾਂ ਦਾ ਚੈੱਕ ਕਰਕੇ ਉਹਨਾਂ ਨੂੰ ਮੁਫ਼ਤ ਦਵਾਈ ਦਿੱਤੀ ਗਈ ਅਤੇ ਸ਼ੂਗਰ ਦੇ ਮੁਫ਼ਤ ਟੈਸਟ ਕੀਤੇ ਗਏ। ਡਾਕਟਰੀ ਟੀਮ ਵਿੱਚ ਹਰਜਿੰਦਰ ਕੁਮਾਰੀ, ਨਵਜੋਤ,ਅਰਸ਼ਦੀਪ ਕੌਰ ਅਤੇ ਕਿਰਨ ਦੇਵ ਸ਼ਾਮਲ ਸਨ। ਕੈਂਪ ਦਾ ਉਦਘਾਟਨ ਗੱਦੀ ਨਸ਼ੀਨ ਸੰਤ ਰਮੇਸ਼ ਦਾਸ ਮਹਾਰਾਜ ਜੀ ਅਤੇ ਜੰਮੂ ਤੋਂ ਮਹਾਂਪੁਰਸ਼ ਸੁਆਮੀ ਬਿਨੇ ਮੁਨੀ ਜੀ ਦੁਆਰਾ ਕੀਤਾ ਗਿਆ। ਇਸ ਮੌਕੇ ਗੁਰੂ ਕੇ ਲੰਗਰ ਅਟੁੱਟ ਚੱਲੇ। ਸੰਤ ਬਾਬਾ ਰਮੇਸ਼ ਦਾਸ ਵੱਲੋਂ ਸਮਾਗਮ ਦੀਆਂ ਸਹਿਯੋਗੀ ਸੰਗਤਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

# ਸੁਖਬੀਰ ਸਿੰਘ ਬਾਦਲ ਵੱਲੋਂ ਧੁੱਸੀ ਬੰਨ੍ਹ ਦਾ ਦੌਰਾ

**ਫਿਲੌਰ (ਹਰਜਿੰਦਰ ਕੌਰ ਚਾਹਲ, ਨਿਰਮਲ)**- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਹਲਕਾ ਫਿਲੌਰ ਦੇ ਅਧੀਨ ਆਉਂਦੇ ਧੁੱਸੀ ਬੰਨ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਧੁੱਸੀ ਬੰਨ੍ਹ ਨਾਲ ਲੱਗਦੇ ਕਿਸਾਨਾ ਅਤੇ ਮਜ਼ਦੂਰਾਂ ਦੀਆਂ ਮੁਸਕਲਾਂ ਸੁਣੀਆਂ। ਜਿਸ ਉਪਰੰਤ ਉਨ੍ਹਾਂ ਇਸ ਮੌਕੇ ਇੱਕ ਲੱਖ ਰੁਪਏ ਨਗਦ, ਇੱਟਾਂ ਅਤੇ ਪਸ਼ੂਆਂ ਦਾ ਚਾਰਾ ਦੇਣ ਦਾ ਐਲਾਨ ਕੀਤਾ। ਇਸ ਮੌਕੇ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ 2027 'ਚ ਸਾਡੀ ਸਰਕਾਰ ਆਉਣ ਤੇ ਧੁੱਸੀ ਬੰਨ੍ਹ ਨੂੰ ਪੱਕਾ ਕੀਤਾ ਜਾਵੇਗਾ ਤਾਂ ਜੋ ਹਰ ਸਾਲ ਹੜ੍ਹ ਆਉਣ ਨਾਲ ਜੋ ਫਸਲਾਂ ਖਰਾਬ ਹੋ ਰਹੀਆਂ ਹਨ ਬਚਾਅ ਕੀਤਾ ਜਾ ਸਕੇ।ਇਸ ਮੌਕੇ ਉਨ੍ਹਾਂ ਨਾਲ ਬਲਦੇਵ ਸਿੰਘ ਖਹਿਰਾ ਸਾਬਕਾ ਵਿਧਾਇਕ, ਹਰਜਿੰਦਰ ਸਿੰਘ ਲੱਲੀਆਂ ਮੈਂਬਰ ਸ਼੍ਰੋਮਣੀ ਕਮੇਟੀ, ਕੁਲਦੀਪ ਸਿੰਘ ਬਾਜਵਾ, ਮੋਹਣ ਸਿੰਘ ਕਡਿਆਣਾ, ਚੂਹੜ ਸਿੰਘ ਬੜਾਪਿੰਡ, ਇੰਦਰਜੀਤ ਸਿੰਘ ਖਹਿਰਾ, ਬਲਕਾਰ ਸਿੰਘ ਸਰਪੰਚ, ਡਾ ਪ੍ਰਿੰਸ ਸਰਪੰਚ ਰਸੂਲਪੁਰ ਅਤੇ ਹੋਰ ਵੱਡੀ ਗਿਣਤੀ ਵਿਚ ਅਕਾਲੀ ਆਗੂ ਹਾਜ਼ਰ ਸਨ।



# ਬਲਾਕ ਪੱਧਰੀ ਖੇਡਾਂ ਸ਼ਾਨੋ ਸ਼ੌਕਤ ਨਾਲ ਸਮਾਪਤ



**ਮਹਿਤਪੁਰ (ਰਾਜਾ)**-ਪਿਛਲੇ ਦਿਨੀ ਬਲਾਕ ਨਕੋਦਰ -1 ਦੀਆਂ ਬਲਾਕ ਪੱਧਰੀ ਖੇਡਾਂ 2025-26 ਸਰਕਾਰੀ ਪ੍ਰਾਇਮਰੀ ਸਕੂਲ ਉਮਰਵਾਲ ਬਿੱਲਾ ਦੀ ਖੇਡ ਗਰਾਊਂਡ ਵਿਖੇ ਵਨੀਤ ਕੁਮਾਰ ਬੀ ਪੀ ਈ ਓ ਬਲਾਕ ਨਕੋਦਰ-1 ਜੀ ਦੀ ਰਹਿਨੁਮਾਈ ਹੇਠ ਹੋਈਆਂ, ਜਿਸ ਦਾ ਉਦਘਾਟਨ ਪਿੰਡ ਦੇ ਸਰਪੰਚ ਸਰਦਾਰ ਕਰਮਜੀਤ ਸਿੰਘ ਵੱਲੋਂ ਕੀਤਾ ਗਿਆ। ਇਸ ਮੌਕੇ ਤੇ ਸਕੂਲ ਇੰਚਾਰਜ ਮੈਡਮ ਦਿਲਪ੍ਰੀਤ ਕੌਰ ਨੇ ਸਾਰਿਆਂ ਨੂੰ ਜੀ ਆਇਆਂ ਆਖਿਆ। ਇਹਨਾਂ ਖੇਡਾਂ ਵਿੱਚ ਖੋ-ਖੋ, ਕਬੱਡੀ, ਹੈਂਡਬਾਲ, ਬੈਡਮਿੰਟਨ, ਕੁਸ਼ਤੀਆਂ, ਯੋਗਾ, ਰੱਸਾਕੱਸ਼ੀ, ਸ਼ਤਰੰਜ ਅਤੇ ਅਥਲੈਟਿਕਸ ਦੇ ਮੁਕਾਬਲੇ ਕਰਵਾਏ ਗਏ। ਖੇਡ ਮੁਕਾਬਲਿਆਂ ਵਿੱਚ ਦਲੀਪ ਸਿੰਘ, ਜਸਵੀਰ ਸਿੰਘ ਸੈਂਟਰ ਹੈਡ ਟੀਚਰ, ਜਸਪ੍ਰੀਤ ਸਿੰਘ, ਨੇਹਾ ਗਰਗ, ਜਸਵੰਤ ਸਿੰਘ ਰੌਲੀ, ਨਰਿੰਦਰ ਕੌਰ ਦਾ ਵਿਸ਼ੇਸ਼ ਯੋਗਦਾਨ ਰਿਹਾ। ਰੈਫਰੀ ਦੀ ਭੂਮਿਕਾ ਦਿਲਬਾਗ ਸਿੰਘ, ਕਪਿਲ ਕਵਾਤਰਾ, ਸੰਦੀਪ ਕੁਮਾਰ ਰਾਜਵਿੰਦਰ ਨੇ ਬਾਖੂਬੀ ਨਿਭਾਈ। ਪੰਚ ਕਮਲਜੀਤ ਸਿੰਘ ਗੋਲਡੀ, ਸਤਿੰਦਰਪ੍ਰੀਤ ਸਿੰਘ, ਸੰਦੀਪ ਸਿੰਘ, ਰੁਪਿੰਦਰ, ਪਰਮਜੀਤ ਪੱਟੀ, ਪ੍ਰਿਥਪਾਲ ਸਿੰਘ, ਦਲਵੀਰ ਸਿੰਘ, ਨਿਰਮਲ ਸਿੰਘ ਅਤੇ ਹੀਰਾ ਸਿੰਘ (ਸਰਪੰਚ ਛੋਟੇ ਬਿੱਲੇ) ਨਿਸ਼ਾਨ ਸਿੰਘ (ਸਾਬਕਾ ਸਰਪੰਚ ਦਰਿਆ ਵਾਲੇ ਬਿੱਲੇ) ਹਾਜ਼ਰ ਸਨ, ਸਟੇਜ ਸਕੱਤਰ ਦੀ ਭੂਮਿਕਾ ਲਖਵਿੰਦਰ ਸਿੰਘ ਸਮਰਾ ਵੱਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਰਸ਼ਪਾਲ ਸਿੰਘ, ਗੁਰਿੰਦਰ ਸਿੰਘ, ਕਮਲੇਸ਼, ਵਿਸ਼ਾਲ, ਜਤਿੰਦਰ, ਸਵਰਾਜ, ਸੁਰਿੰਦਰ, ਸੁਭਾਸ਼ ਚੰਦਰ, ਪਰਮਜੀਤ ਸਿੰਘ, ਅਮਨਦੀਪ ਕੌਰ, ਦਵੀਸ਼ਾ ਗਰੋਵਰ, ਪ੍ਰਿਅੰਕਾ, ਸਰੋਜ, ਸੁਨੀਤਾ, ਵੀਨਸ ਕੁਮਾਰੀ, ਮੋਹਿਤ ਕੁਮਾਰ, ਅਵਤਾਰ ਸਿੰਘ, ਦਵਿੰਦਰ ਨੇ ਆਪਣੀ ਡਿਊਟੀ ਬਹੁਤ ਹੀ ਵਧੀਆ ਤਰੀਕੇ ਨਾਲ ਨਿਭਾਈ।

# ਭਾਈ ਘਨੱਈਆ ਜੀ ਦੀ ਯਾਦ 'ਚ ਮਨਾਇਆ ਮਾਨਵ ਸੇਵਾ ਸੰਕਲਪ ਦਿਵਸ

**ਹੁਸ਼ਿਆਰਪੁਰ (ਓ ਪੀ ਰਾਣਾ)**- ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜ਼ਿਲ੍ਹਾ ਰੈੱਡ ਕਰਾਸ ਸੋਸਾਇਟੀ ਆਸ਼ਿਕਾ ਜੈਨ ਦੀ ਅਗਵਾਈ ਹੇਠ ਸਾਂਝੀ ਰਸੋਈ ਵਿਖੇ ਮਾਨਵ ਸੇਵਾ ਸੰਕਲਪ ਦਿਵਸ ਮਨਾਇਆ ਗਿਆ। ਇਸ ਮੌਕੇ ਜ਼ਿਲ੍ਹਾ ਰੈੱਡ ਕਰਾਸ ਸੋਸਾਇਟੀ ਨੇ ਭਾਈ ਘਨੱਈਆ ਜੀ ਦੀਆਂ ਸਿੱਖਿਆਵਾਂ ਨੂੰ ਯਾਦ ਕੀਤਾ ਅਤੇ ਉਨ੍ਹਾਂ ਦੇ ਮਾਰਗ 'ਤੇ ਚੱਲਣ ਦਾ ਪ੍ਰਣ ਲਿਆ। ਰੈੱਡ ਕਰਾਸ ਸੋਸਾਇਟੀ, ਹੁਸ਼ਿਆਰਪੁਰ ਦੇ ਸਕੱਤਰ ਮੰਗੇਸ਼ ਸੂਦ ਨੇ ਦੱਸਿਆ ਕਿ ਰੈੱਡ ਕਰਾਸ ਸੋਸਾਇਟੀ ਕਈ ਲੋਕ ਭਲਾਈ ਪ੍ਰੋਜੈਕਟ ਚਲਾਉਂਦੀ ਹੈ। ਸਾਂਝੀ ਰਸੋਈ ਵਿਖੇ ਹਰ ਰੋਜ਼ਾਨਾ ਲੱਗਭਗ 450 ਤੋਂ 500 ਲੋਕ ਦੁਪਹਿਰ ਦੇ ਖਾਣੇ ਦਾ ਲਾਭ ਉਠਾ ਰਹੇ ਹਨ। ਸਕੱਤਰ ਨੇ ਅੱਗੇ ਦੱਸਿਆ ਕਿ ਭਾਈ ਘਨੱਈਆ ਜੀ ਨੂੰ ਸਮਰਪਿਤ ਮਾਨਵ ਸੇਵਾ ਸੰਕਲਪ ਦਿਵਸ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਕੇ ਅਤੇ ਉਨ੍ਹਾਂ ਦੀਆਂ ਸੇਵਾਵਾਂ ਨੂੰ ਯਾਦ ਕਰਕੇ ਮਨਾਇਆ ਗਿਆ। ਇਸ ਮੌਕੇ ਰੈੱਡ ਕਰਾਸ ਸੋਸਾਇਟੀ ਹੁਸ਼ਿਆਰਪੁਰ ਨੇ ਮਰੀਜ਼ਾਂ ਦੀ ਸਹਾਇਤਾ ਲਈ ਵੱਖ-ਵੱਖ ਗੁਰਦੁਆਰਿਆਂ, ਜਿਵੇਂ ਕਿ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਜੀ, ਗੁਰਦੁਆਰਾ ਮਿੱਠਾ ਟਿਵਾਣਾ ਸਾਹਿਬ ਜੀ, ਗੁਰਦੁਆਰਾ ਭਾਈ ਜੋਗਾ ਸਿੰਘ ਜੀ, ਗੁਰਦੁਆਰਾ ਸਿੰਘ ਸਭਾ ਅਤੇ ਸ੍ਰੀ ਰਾਮ ਭਵਨ ਚੈਰੀਟੇਬਲ ਡਿਸਪੈਂਸਰੀ ਵਿਚ ਮਰੀਜ਼ਾਂ ਦੀ ਮੁੱਢਲੀ ਸਹਾਇਤਾ ਲਈ ਕਿੱਟਾਂ ਪ੍ਰਦਾਨ ਕੀਤੀਆਂ। ਇਨ੍ਹਾਂ ਕਿੱਟਾਂ ਵਿਚ ਮੁੱਢਲੀ ਸਹਾਇਤਾ ਲਈ ਪੱਟੀਆਂ, ਦਵਾਈਆਂ, ਰੂੰ ਅਤੇ ਕੀਟਾਣੂਨਾਸ਼ਕ ਦਵਾਈਆਂ ਆਦਿ ਸ਼ਾਮਿਲ ਸਨ।ਇਸ ਮੌਕੇ ਰਾਜੀਵ ਬਜਾਜ, ਵਾਈਸ ਪ੍ਰੈਜ਼ੀਡੈਂਟ ਹਸਪਤਾਲ ਵੈਲਫੇਅਰ ਬ੍ਰਾਂਚ, ਆਦਿੱਤਿਆ ਰਾਣਾ ਸੰਯੁਕਤ ਸਕੱਤਰ, ਸਰਬਜੀਤ ਲੇਖਾਕਾਰ ਅਤੇ ਰੈੱਡ ਕਰਾਸ ਸਟਾਫ਼ ਦੇ ਹੋਰ ਮੈਂਬਰ ਮੌਜੂਦ ਸਨ।





# ਚਰਨਜੀਤ ਅਹੂਜਾ ਦੇ ਤੁਰ ਜਾਣ ਨਾਲ ਸੰਗੀਤ ਜਗਤ ਨੂੰ ਪਿਆ ਵੱਡਾ ਘਾਟਾ : ਰਾਜੇਸ਼ ਬੱਬੀ

**ਗੁਰਦਾਸਪੁਰ (ਦਿਨੇਸ਼ ਕੁਮਾਰ)**-ਸੰਗੀਤ ਜਗਤ ਦੀ ਮਹਾਨ ਸ਼ਖਸ਼ੀਅਤ ਮਿਊਜ਼ਿਕ ਡਾਇਰੈਕਟਰ ਜਨਾਬ ਚਰਨਜੀਤ ਅਹੂਜਾ ਦੇ ਤੁਰ ਜਾਣ ਨਾਲ ਜਿੱਥੇ ਪੂਰੇ ਸੰਗੀਤ ਜਗਤ ਵਿੱਚ ਸੋਕ ਦੀ ਲਹਿਰ ਛਾ ਗਈ ਹੈ ਉੱਥੇ ਹੀ ਪੂਰੇ ਸੰਗੀਤ ਜਗਤ ਨੂੰ ਇੱਕ ਬਹੁਤ ਵੱਡਾ ਨਾ ਭੁੱਲਣ ਯੋਗ ਘਾਟਾ ਪਿਆ ਹੈ।ਇਸ ਗੱਲ ਦਾ ਪ੍ਰਗਟਾਵਾ ਕਰਦਿਆਂ ਬਲੱਡ ਡੋਨਰਜ਼ ਸੁਸਾਇਟੀ ਗੁਰਦਾਸਪੁਰ ਦੇ ਸੰਸਥਾਪਕ ਰਾਜੇਸ਼ ਬੱਬੀ ਨੇ ਦੱਸਿਆ ਕਿ ਜਨਾਬ ਚਰਨਜੀਤ ਅਹੂਜਾ ਇੱਕ ਬਹੁਤ ਹੀ ਮਿਲਣਸਾਰ ਇਨਸਾਨ ਸਨ।ਉਨਾਂ ਅੱਗੇ ਦੱਸਿਆ ਕਿ ਮੈਂ ਜਦ ਜਲੰਧਰ ਪੱਤਰਕਾਰੀ ਕਰਿਆ ਕਰਦਾ ਸੀ ਤਾਂ ਉਸ ਦੌਰਾਨ ਮੈਨੂੰ ਜਨਾਬ ਚਰਨਜੀਤ ਅਹੂਜਾ ਨੂੰ ਮਿਲਣ ਦਾ ਮੌਕਾ ਮਿਲਿਆ।ਬਤੌਰ ਇੱਕ ਫਿਲਮ ਪੱਤਰਕਾਰ ਮੈਂ ਉਨ੍ਹਾਂ ਦੀ ਇੰਟਰਵਿਊ ਕਰਨ ਲਈ ਉਨ੍ਹਾਂ ਦੇ ਨਵੀਂ ਦਿੱਲੀ ਮੁਖਰਜੀ ਨਗਰ ਸਥਿਤ ਸੰਗੀਤਕਾ ਸਟੂਡੀਓ ਵਿੱਚ ਗਿਆ ਤਾਂ ਉਨ੍ਹਾਂ ਨੇ ਸਾਡੀ ਬਹੁਤ ਆਓ ਭਗਤ ਕੀਤੀ। ਉਸ ਵੇਲੇ ਉਨ੍ਹਾਂ ਦਾ ਵੱਡਾ ਪੁੱਤਰ ਸਚਿਨ ਅਹੂਜਾ ਮਸਾਂ 21 ਕੁ ਸਾਲ ਦਾ ਸੀ।ਦੱਸਣਯੋਗ ਹੈ ਕਿ ਜਨਾਬ ਚਰਨਜੀਤ ਅਹੂਜਾ ਨੇ ਆਪਣੇ ਸਟੂਡੀਓ ਦਾ ਨਾਮ ਸੰਗੀਤਕਾ ਆਪਣੀ ਪਤਨੀ ਦੇ ਨਾਮ ਤੇ ਰੱਖਿਆ ਹੋਇਆ ਹੈ।

# ਪੰਜਾਬ ਸਰਕਾਰ ਬਿਨਾਂ ਕਿਸੇ ਦੇਰੀ ਤੋਂ ਪ੍ਰਵਾਸੀਆਂ ਵਿਰੁੱਧ ਸਖ਼ਤ ਕਾਨੂੰਨ ਬਣਾਵੇ : ਸਮੂਹ ਜਥੇਬੰਦੀਆਂ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**

ਪ੍ਰਵਾਸੀ ਵਲੋਂ ਕਤਲ ਕੀਤੇ ਮਾਸੂਮ ਹਰਵੀਰ ਸਿੰਘ ਦੇ ਕਾਤਲ ਨੂੰ ਸਖ਼ਤ ਸਜ਼ਾ ਦੇਣ ਅਤੇ ਪੰਜਾਬ ਦੀ ਧਰਤੀ 'ਤੇ ਪ੍ਰਵਾਸੀਆਂ ਦੀ ਵੱਧ ਰਹੀ ਆਬਾਦੀ ਦੇ ਮੱਦੇਨਜ਼ਰ ਸਖ਼ਤ ਕਾਨੂੰਨ ਬਣਾਉਣ ਲਈ ਸਮੂਹ ਸਿੱਖ, ਕਿਸਾਨ, ਦਲਿਤ ਅਤੇ ਸਮਾਜਿਕ ਜਥੇਬੰਦੀਆਂ ਵੱਲੋਂ ਮਾਸੂਮ ਹਰਵੀਰ ਸਿੰਘ ਦਾ ਅੰਤਿਮ ਸੰਸਕਾਰ ਸਮਾਗਮ ਗੁਰਦੁਆਰਾ ਸਿੰਘ ਸਭਾ ਰੇਲਵੇ ਰੋਡ ਹੁਸ਼ਿਆਰਪੁਰ ਵਿਖੇ ਕੀਤਾ ਗਿਆ।ਸੰਗਤ ਨੂੰ ਸੰਬੋਧਨ ਕਰਦਿਆਂ ਹੋਇਆਂ ਹੋਇਆਂ ਲੱਖਾ ਸਿੰਘ ਸਿਧਾਣਾ, ਅਮਿਤੋਜ ਸਿੰਘ ਮਾਨ, ਬਾਬਾ ਰਾਜਾ ਰਾਜ ਸਿੰਘ (ਅਰਬਾਂ ਖਰਬਾਂ ਤਰਨਾ ਦਲ), ਭਾਈ ਬਲਦੇਵ ਸਿੰਘ ਬਡਾਲਾ, ਭਾਈ ਸੁਖਜੀਤ ਸਿੰਘ ਖੋਸਾ, ਮਨਜੀਤ ਸਿੰਘ ਕਰਤਾਰਪੁਰ (ਆਵਾਜ਼ ਏ ਕੌਮ), ਪਰਮਜੀਤ ਸਿੰਘ ਮੰਡ (ਦਲ ਖ਼ਾਲਸਾ), ਬਾਬਾ ਗੁਰਦੇਵ ਸਿੰਘ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਤਰਨਾ ਦਲ ਆਦਿ ਨੇ ਬੋਲਦਿਆਂ ਕਿਹਾ ਕਿ ਪਿਛਲੀ ਦਿਨੀਂ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪ੍ਰਵਾਸੀ ਵਲੋਂ ਪੰਜ ਸਾਲਾਂ ਮਾਸੂਮ ਹਰਵੀਰ ਸਿੰਘ ਦਾ ਦਰਿੰਦਗੀ ਨਾਲ ਕਤਲ ਕੀਤਾ ਗਿਆ ਅਤੇ ਇਸ ਘਟਨਾ ਨੇ ਸਮੁੱਚੇ ਪੰਜਾਬ ਨੂੰ ਝੰਜੋੜ ਕੇ ਰੱਖ ਦਿੱਤਾ। ਬੁਲਾਰਿਆਂ ਨੇ ਸਾਂਝੇ ਰੂਪ ਵਿੱਚ ਕਿਹਾ ਕਿ ਇਨ੍ਹਾਂ ਗੰਭੀਰ ਸਮੱਸਿਆਵਾਂ ਦਾ ਹੱਲ ਕਰਨ ਲਈ ਪੰਜਾਬ ਸਰਕਾਰ ਨੂੰ ਅੱਗੇ ਆਉਣਾ ਚਾਹੀਦਾ ਹੈ ਅਤੇ ਇਹ ਕਾਨੂੰਨ ਬਣਾਉਣੇ ਚਾਹੀਦੇ ਹਨ। ਪ੍ਰਵਾਸੀ ਲੋਕਾਂ ਦੇ ਜ਼ਮੀਨ, ਘਰ ਆਦਿ ਖਰੀਦਣ 'ਤੇ ਪਾਬੰਦੀ ਲਗਾਈ ਜਾਵੇ। ਪ੍ਰਵਾਸੀ ਲੋਕਾਂ ਵਲੋਂ ਖਰੀਦੀ ਜਾ ਚੁੱਕੀ ਜ਼ਮੀਨ, ਘਰ ਆਦਿ ਦਾ ਵੀ ਹੱਲ ਕੀਤਾ ਜਾਵੇ। ਪੰਜਾਬ ਵਿੱਚ ਪ੍ਰਵਾਸੀ ਲੋਕਾਂ ਦੇ ਆਧਾਰ ਕਾਰਡ, ਵੋਟਾਂ ਅਤੇ ਵੋਟਰ ਕਾਰਡ ਬਣਨ 'ਤੇ ਰੋਕ ਲੱਗਣੀ ਚਾਹੀਦੀ ਹੈ, ਪ੍ਰਵਾਸੀ ਲੋਕਾਂ ਨੂੰ ਕਿਰਾਏਦਾਰ ਵਜੋਂ ਘਰ, ਕਮਰੇ ਆਦਿ ਕਿਰਾਏ 'ਤੇ ਦੇਣ ਵਾਲੇ ਪੰਜਾਬੀ ਲੋਕਾਂ ਨੂੰ ਕਾਨੂੰਨੀ ਤੌਰ 'ਤੇ ਰੈਂਟ ਡੀਡ ਬਣਾਉਣ ਆਦਿ ਕਾਨੂੰਨੀ ਪ੍ਰਕਿਰਿਆ ਪੂਰੀ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਜਾਣ। ਇਸ ਮੌਕੇ ਮਾਸੂਮ ਹਰਵੀਰ ਸਿੰਘ ਦੇ ਮਾਤਾ-ਪਿਤਾ, ਪਰਵਾਰਕ ਮੈਂਬਰ, ਬਾਬਾ ਗੁਰਪ੍ਰੀਤ ਸਿੰਘ ਚੀਮਾ, ਹਰਜਿੰਦਰ ਸਿੰਘ ਜਿੰਦਾ, ਗੌਰਵ ਰਾਣਾ (ਸਾਂਝਾ ਮੋਰਚਾ), ਜਤਿੰਦਰਪਾਲ ਸਿੰਘ ਮਝੈਲ, ਬਲਦੇਵ ਸਿੰਘ, ਸੁਖਦੇਵ ਸਿੰਘ ਫਗਵਾੜਾ, ਗੁਰਦੀਪ ਸਿੰਘ ਖੁਣ-ਖੁਣ, ਬਾਬਾ ਬੂਟਾ ਸਿੰਘ ਮਸਾਣੀਆਂ,ਆਦਿ ਹਾਜ਼ਰ ਸਨ।



# ਅੰਬੈਸਡਰ ਬਣਾਏ ਜਾਣ 'ਤੇ ਅਵਤਾਰ ਸਿੰਘ ਘੁੱਲਾ ਨੂੰ ਵਧਾਈ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਚੀਫ਼ ਖ਼ਾਲਸਾ ਦੀਵਾਨ ਅਹੁਦੇਦਾਰਾਂ ਵੱਲੋਂ ਦੀਵਾਨ ਮੈਂਬਰ ਅਤੇ ਸੀਕੇਡੀ ਵਾਤਾਵਰਣ ਕਮੇਟੀ ਦੇ ਇੰਚਾਰਜ ਅਵਤਾਰ ਸਿੰਘ ਘੁੱਲਾ ਨੂੰ ਨਗਰ ਨਿਗਮ ਵੱਲੋਂ ਚਲਾਏ ਜਾ ਰਹੇ ਸਵੱਛ ਭਾਰਤ ਮਿਸ਼ਨ—2025 ਲਈ ਅੰਬੈਸਡਰ ਬਣਾਏ ਜਾਣ ਤੇ ਵਧਾਈ ਦਿੱਤੀ ਗਈ।ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਨੇ ਕਿਹਾ ਕਿ ਏਕਜੋਤ ਲੰਗਰ ਸੇਵਾ ਸੁਸਾਇਟੀ (ਰਜਿ:) ਦੇ ਪ੍ਰਧਾਨ ਅਵਤਾਰ ਸਿੰਘ ਘੁੱਲਾ ਵੱਲੋਂ ਨਿਸ਼ਕਾਮ ਭਾਵ ਨਾਲ ਵੱਧ ਤੋਂ ਵੱਧ ਬੂਟੇ ਲਗਾ ਕੇ ਅਤੇ ਲੰਗਰ ਦੇ ਜੂਠੇ ਪੱਤਲਾਂ ਦੀ ਸੇਵਾ ਕਰਕੇ ਸ਼ਹਿਰ ਨੂੰ ਸਵੱਛ ਅਤੇ ਹਰਿਆ ਰੱਖਣ ਵਿਚ ਅਹਿਮ ਯੋਗਦਾਨ ਦਿੱਤਾ ਜਾ ਰਿਹਾ ਹੈ।ਸ. ਘੁੱਲਾ ਦੀ ਨਿਸ਼ਕਾਮ ਸੇਵਾ, ਮਿਹਨਤ ਅਤੇ ਕਾਬਲੀਅਤ ਨੂੰ ਵੇਖਦਿਆਂ ਹੀ ਕਾਰਪੋਰੇਸ਼ਨ ਵੱਲੋਂ ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਵੀ ਉਨ੍ਹਾਂ ਨੂੰ ਇਸ ਸਨਮਾਨਿਤ ਅਹੁਦੇ ਨਾਲ ਨਿਵਾਜਿਆ ਗਿਆ ਹੈ।ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ, ਐਡੀ. ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਐਡੀ. ਆਨਰੇਰੀ ਸਕੱਤਰ/ਮੁੱਖ ਦਫ਼ਤਰ ਮੈਂਬਰ ਇੰਚਾਰਜ ਹਰਵਿੰਦਰ ਪਾਲ ਸਿੰਘ ਚੁੱਘ, ਤਰਲੋਚਨ ਸਿੰਘ, ਪ੍ਰੋ. ਸੁਖਬੀਰ ਸਿੰਘ, ਗੁਰਭੇਜ ਸਿੰਘ, ਏਕਜੋਤ ਲੰਗਰ ਸੇਵਾ ਸੁਸਾਇਟੀ ਤੋਂ ਪ੍ਰਿੰ: ਮੁਕੇਸ਼ ਅਗਰਵਾਲ, ਮਨਜੀਤ ਸਿੰਘ, ਕੁਲਜੀਤ ਸਿੰਘ, ਬਲਬੀਰ ਸਿੰਘ, ਪੀ. ਐੱਨ. ਸ਼ਰਮਾ, ਸੋਨੀ, ਪਵਨ ਭਨੋਟ, ਮਨਪ੍ਰੀਤ ਸਿੰਘ ਆਦਿ ਮੈਂਬਰ ਹਾਜ਼ਰ ਸਨ।

# ਸ਼ੈਰੀ ਕਲਸੀ ਨੇ ਪਿੰਡ ਕਲੇਰ ਖੁਰਦ ਵਿਖੇ ਖੇਡ ਸਟੇਡੀਅਮ ਦਾ ਨੀਂਹ ਪੱਥਰ ਰੱਖਿਆ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵਲੋਂ ਅੱਜ ਹਲਕਾ ਬਟਾਲਾ ਅਤੇ ਬਲਾਕ ਧਾਰੀਵਾਲ ਦੇ ਪਿੰਡ ਕਲੇਰ ਖੁਰਦ ਵਿਖੇ ਨਵੇਂ ਖੇਡ ਸਟੇਡੀਅਮ ਬਣਾਉਣ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਮੌਕੇ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਪੰਜਾਬ ਨੂੰ ਮੁੜ ਖੇਡਾਂ ਵਿੱਚ ਅੱਗੇ ਲਿਜਾਣ ਲਈ ਸ. ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਾਲੀ ਸੂਬਾ ਸਰਕਾਰ, ਰਾਜ ਵਿੱਚ ਖੇਡ ਪੱਖੀ ਮਾਹੌਲ ਸਿਰਜਣ ਲਈ ਨਿਰੰਤਰ ਉਪਰਾਲੇ ਕਰ ਰਹੀ ਹੈ ਤੇ ਸੂਬੇ ਅੰਦਰ ਖੇਡ ਸੱਭਿਆਚਾਰ ਪ੍ਰਫੁਲਿਤ ਕੀਤਾ ਗਿਆ ਹੈ। ਪੰਜਾਬ ਸਰਕਾਰ ਵਲੋਂ ਖੇਡਾਂ ਨੂੰ ਉਤਸ਼ਾਹਿਤ ਕਰਨ ਦੀ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਬਲਬੀਰ ਸਿੰਘ ਸੀਨੀਅਰ ਵਜ਼ੀਫਾ ਸਕੀਮ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਤਹਿਤ ਕੌਮੀ ਪੱਧਰ ਉਤੇ ਪੁਜ਼ੀਸ਼ਨਾਂ ਹਾਸਲ ਕਰਨ ਵਾਲਿਆਂ ਨੂੰ 8 ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣੇ ਸ਼ੁਰੂ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਦੇ ਅਜਿਹੇ ਯਤਨਾ ਨਾਲ ਪੰਜਾਬ ਖੇਡਾਂ ਦੇ ਖੇਤਰ ਵਿੱਚ ਇੱਕ ਵਾਰ ਫਿਰ ਮੋਹਰੀ ਬਣੇਗਾ। ਉਨ੍ਹਾਂ ਅੱਗੇ ਕਿਹਾ ਕਿ ਇਸ ਸਟੇਡੀਅਮ ਦੀ ਉਸਾਰੀ ਨਾਲ ਕਲੇਰ ਖੁਰਦ ਅਤੇ ਹੋਰ ਨੇੜਲੇ ਪਿੰਡਾਂ ਦੇ ਖਿਡਾਰੀਆਂ ਨੂੰ ਖੇਡਾਂ ਵਿੱਚ ਮੱਲਾਂ ਮਾਰਨ ਦੇ ਹੋਰ ਮੌਕੇ ਮਿਲਣਗੇ ਅਤੇ ਉਹ ਹਲਕੇ ਦੇ ਸਰਬਪੱਖੀ ਵਿਕਾਸ ਲਈ ਦ੍ਰਿੜ ਸੰਕਲਪ ਹਨ।



# ਹੜ੍ਹ ਪ੍ਰਭਾਵਿਤ ਨੀਵੇਂ ਥਾਵਾਂ 'ਤੇ ਖੜ੍ਹਾ ਪਾਣੀ ਬਣਿਆ ਲੋਕਾਂ ਦੇ ਜੀਅ ਦਾ ਜੰਜਾਲ

**ਅਜਨਾਲਾ, (ਸੁੱਖਤਿੰਦਰ ਸਿੰਘ ਰਾਜੂ)**- ਅਜਨਾਲਾ ਖੇਤਰ ਦੇ ਹੜ੍ਹ ਪ੍ਰਭਾਵਿਤ ਵਿੱਚ ਪਿੰਡਾਂ ਅਤੇ ਖੇਤਾਂ ਤੇ ਨੀਵੇਂ ਥਾਵਾਂ ਤੇ ਖੜੇ ਪਾਣੀ ਵਿੱਚ ਬਹੁਤ ਜ਼ਿਆਦਾ ਮੱਛਰ ਤੇ ਹੋਰ ਕੀਟ ਪਤੰਗ ਦੀ ਭਰਮਾਰ ਹੋ ਗਈ ਹੈ। ਇੱਥੋਂ ਤੱਕ ਕਿ ਰਾਤ ਨੂੰ ਵੀ ਲੋਕਾਂ ਨੂੰ ਸੌਣ ਨਹੀਂ ਦਿੰਦਾ ਅਤੇ ਡੰਗਰਾਂ ਨੂੰ ਵੀ ਬਹੁਤ ਕੱਟਦਾ ਹੈ। ਅਜਿਹੀ ਅਵਸਥਾ ਵਿੱਚ ਹੋਰ ਵੀ ਤਰ੍ਹਾਂ ਤਰ੍ਹਾਂ ਦੀਆਂ ਬਿਮਾਰੀਆਂ ਆ ਰਹੀ ਹਨ! ਅਜਿਹੇ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਖੇਤੀ ਮਾਹਿਰ ਡਾ. ਸਤਨਾਮ ਸਿੰਘ ਅਜਨਾਲਾ ਸੂਬਾ ਪ੍ਰਧਾਨ ਜਮਹੂਰੀ ਕਿਸਾਨ ਸਭਾ ਪੰਜਾਬ ਨੇ ਪੰਜਾਬ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਕਿ ਸਿਹਤ ਵਿਭਾਗ ਤੇ ਪਸ਼ੂ ਪਾਲਣ ਮਹਿਕਮੇ ਵੱਲੋਂ ਇਸ ਦੀ ਰੋਕਥਾਮ ਲਈ ਪੁਖਤਾ ਪ੍ਰਬੰਧ ਕੀਤੇ ਜਾਣ! ਹੜ੍ਹ ਪੀੜਤ ਪਿੰਡਾਂ ਤੇ ਕਸਬਿਆਂ ਵਿੱਚ ਵੱਡੀ ਪੱਧਰ ਤੇ ਮੱਛਰਦਾਨੀਆਂ, ਕੱਛੂਆ ਛਾਪ ਅਤੇ ਹੋਰ ਲੋੜੀਂਦੀਆਂ ਦਵਾਈਆਂ ਆਦਿਕ ਸਪਲਾਈ ਕੀਤੀਆਂ ਜਾਣ ਉਕਤ ਅਵਸਥਾ ਨੂੰ ਵੇਖਦਿਆਂ ਜਾਵੇ ਅੱਜ ਇਥੇ ਡਿਆਲ ਭੱਟੀ ਪਿੰਡ ਵਿੱਖੇ ਸਵੈਸੇਵਕ ਜਥੇਬੰਦੀਆਂ ਵੱਲੋਂ ਲੋੜਵੰਦ ਗਰੀਬਾਂ ਨੂੰ ਮੱਛਰਦਾਨੀਆਂ ਤੇ ਕੱਛੂਵਾ ਛਾਪ ਵੰਡੇ ਗਏ ਇਸ ਦੀ ਇਲਾਕੇ ਵਿੱਚ ਖੂਬ ਚਰਚਾ ਹੈ! ਇਸ ਸਮੇਂ ਹੋਰਨਾਂ ਤੋਂ ਇਲਾਵਾ ਬੀਰਾ ਗੱਗੋਮਾਹਲ, ਸੋਨਾ ਸਿੰਘ ਬੱਲੜਵਾਲ ਆਦਿ ਦਰਜਨ ਪਰਿਵਾਰਾਂ ਨੂੰ ਮੱਛਰਦਾਨੀਆਂ ਤੇ ਕੱਛੂਆ ਛਾਪ ਵੰਡੇ ਗਏ ਇਹ ਵਸਤਾਂ ਵੰਡਣ ਸਮੇਂ ਰਜਿੰਦਰ ਸਿੰਘ ਭਲਾ ਪਿੰਡ, ਸੰਤੋਖ ਸਿੰਘ ਅਜਨਾਲਾ, ਸਾ. ਸਰਪੰਚ ਹਰਦਿਆਲ ਸਿੰਘ ਡਿਆਲ ਭੱਟੀ, ਸਮਾਜ ਸੇਵਕ ਬਲਵਿੰਦਰ ਸਿੰਘ, ਮਹਿੰਦਰ ਸਿੰਘ ਗੁਰਾਲਾ, ਨਿਹੰਗ ਗੁਰਮੇਜ ਸਿੰਘ ਆਦਿ ਨੇ ਵੀ ਇਸ ਵੰਡ ਵਿੱਚ ਭਾਗ ਲਿਆ!



# ਸਾਬਕਾ ਸਰਪੰਚ ਦਰਸ਼ਨ ਸਿੰਘ ਧਾਲੀਵਾਲ ਨੂੰ ਵੱਖ-ਵੱਖ ਸਿਆਸੀ ਆਗੂਆਂ ਵੱਲੋਂ ਸ਼ਰਧਾ ਦੇ ਫੁੱਲ ਭੇਟ

**ਝਬਾਲ,(ਹਰਜਿੰਦਰ ਸਿੰਘ ਸੋਨੀ)**

ਕਸਬਾ ਝਬਾਲ ਨਜ਼ਦੀਕ ਪੈਂਦੇ ਪਿੰਡ ਠੱਠੀ ਸੋਹਲ ਦੇ ਸਾਬਕਾ ਸਰਪੰਚ ਸ੍ਰ:ਦਰਸ਼ਨ ਸਿੰਘ ਧਾਲੀਵਾਲ ਦੇ ਸ਼ਰਧਾਂਜਲੀ ਸਮਾਗਮ ਮੌਕੇ ਸਿਆਸੀ ਆਗੂਆਂ ਵੱਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।ਆਤਮਿਕ ਸ਼ਾਂਤੀ ਲਈ ਉਨ੍ਹਾਂ ਦੇ ਗ੍ਰਹਿ ਬਾਬਾ ਬੁੱਢਾ ਜੀ ਰੋਡ ਬਹਿਕਾ ਧਾਲੀਵਾਲ ਠੱਠੀ ਸੋਹਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਸ਼ਰਧਾਂਜਲੀ ਸਮਾਗਮ ਮੌਕੇ ਵਿਧਾਨ ਸਭਾ ਹਲਕਾ ਤਰਨਤਾਰਨ ਤੋਂ ਭਾਜਪਾ ਉਮੀਦਵਾਰ ਹਰਜੀਤ ਸਿੰਘ ਸੰਧੂ ਨੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਸਰਪੰਚ ਸਾਹਿਬ ਮੇਹਨਤੀ, ਮਿੱਠ ਬੋਲੜੇ, ਮਿਲਾਪੜੇ ਸੁਭਾਅ ਦੇ ਮਾਲਕ ਅਤੇ ਸਭ ਦੇ ਸਤਿਕਾਰਯੋਗ ਸਨ।ਉਨ੍ਹਾਂ ਦਾ ਇਲਾਕੇ ਤੇ ਸਮੂਹ ਧਾਲੀਵਾਲ ਪਰਿਵਾਰ ਨੂੰ ਪਿਆ ਘਾਟਾ ਕਦੇ ਵੀ ਪੂਰਾ ਨਹੀਂ ਕਰ ਸਕਦੇ ਪਰ ਭਾਰਤੀ ਜਨਤਾ ਪਾਰਟੀ ਹਮੇਸ਼ਾ ਇਸ ਧਾਲੀਵਾਲ ਪਰਿਵਾਰ ਦੇ ਨਾਲ ਹਰ ਦੁੱਖ-ਸੁੱਖ ਵਿੱਚ ਖੜੀ ਰਹੇਗੀ।ਇਸ ਮੌਕੇ ਬੀਜੇਪੀ ਜਿਲਾ ਜਨਰਲ ਸਕੱਤਰ ਹਰਪ੍ਰੀਤ ਸਿੰਘ ਸਿੰਦਬਾਦ, ਜ਼ਿਲਾ ਜਨਰਲ ਸਕੱਤਰ ਟੂ ਸ਼ਿਵ ਕੁਮਾਰ ਸੋਨੀ, ਜ਼ਿਲਾ ਜਨਰਲ ਸਕੱਤਰ ਸ਼੍ਰੀ ਸੁਰਜੀਤ ਸਾਗਰ,ਓਬੀਸੀ ਮੋਰਚਾ ਨਿਸ਼ਾਨ ਸਿੰਘ, ਮਾਸਟਰ ਬਲਦੇਵ ਸਿੰਘ, ਅਮਰੀਕ ਸਿੰਘ ਭੁੱਚਰ ਬਲਾਕ ਪ੍ਰਧਾਨ, ਡਾ ਸੁਖਦੇਵ ਸਿੰਘ ਮੂਸੇ, ਡਾ ਰਣਜੀਤ ਸਿੰਘ ਰਾਣਾ, ਜਗਜੀਤ ਸਿੰਘ ਠੱਠੀ, ਆਪ ਦੇ ਆਗੂ ਸਕੱਤਰ ਸਿੰਘ ਫੌਜੀ ਠੱਠੀ, ਸੋਨੂੰ ਸਿੰਘ, ਬਲਦੇਵ ਸਿੰਘ, ਨਿਰਮਲ ਸਿੰਘ, ਬਚਿੱਤਰ ਸਿੰਘ, ਜਗਜੀਤ ਸਿੰਘ, ਜਿਉਣ ਸਿੰਘ, ਸ਼ਿੰਦਰ ਸਿੰਘ,ਹਰਜੋਤ ਸਿੰਘ, ਮਾਨਕ ਬੱਤਰਾ,ਰੋਸ਼ਨ ਪਾਲ , ਮਨਦੀਪ ਸਿੰਘ, ਗਰਜੀਤ ਸਿੰਘ, ਗੁੰਥੀ ਸਿੰਘ ਭਾਈ ਗੁਰਭੇਜ ਸਿੰਘ, ਪੱਤਰਕਾਰ ਹਰਦੀਪ ਸਿੰਘ ਝਬਾਲ, ਹਰਜਿੰਦਰ ਸਿੰਘ ਝਬਾਲ ਤੋਂ ਇਲਾਵਾ ਮੇਜਰ ਸਿੰਘ ਧਾਲੀਵਾਲ,ਸਪੁੱਤਰ ਗੁਰਸੇਵਕ ਸਿੰਘ ਧਾਲੀਵਾਲ, ਗੁਰਦੇਵ ਸਿੰਘ ਧਾਲੀਵਾਲ, ਸਤਨਾਮ ਸਿੰਘ, ਸੁਖਵਿੰਦਰ ਸਿੰਘ, ਜਗਜੀਤ ਸਿੰਘ,ਬਚਿੱਤਰ ਸਿੰਘ,ਪੋਤਰੇ ਹਰਜੀਤ ਸਿੰਘ ਧਾਲੀਵਾਲ ਸਮੂਹ ਪਰਿਵਾਰਕ ਮੈਂਬਰਾਂ ਸਮੇਤ ਰਿਸ਼ਤੇਦਾਰ ਤੇ ਪਿੰਡ ਵਾਸੀ ਵੀ ਮੌਜੂਦ ਸਨ।



# ਸੰਗੀਤਕਾਰ ਚਰਨਜੀਤ ਅਹੂਜਾ ਦੀ ਮੌਤ 'ਤੇ ਲੋਕ ਗਾਇਕ ਯੂਨੀਅਨ ਵੱਲੋਂ ਦੁੱਖ ਦਾ ਪ੍ਰਗਟਾਵਾ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**

ਪੰਜਾਬੀ ਸੱਭਿਆਚਾਰ ਨਾਲ ਜੁੜੀ ਮਾਣਮੱਤੀ ਸਖਸ਼ੀਅਤ ਉਘੇ ਸੰਗੀਤਕਾਰ ਚਰਨਜੀਤ ਆਹੂਜਾ ਦੀ ਮੌਤ ਦੀ ਖਬਰ ਸੁਣ ਕੇ ਪੰਜਾਬੀ ਸੰਗੀਤਕ ਖੇਤਰ ਨਾਲ ਜੁੜੀਆਂ ਸ਼ਖਸ਼ੀਅਤਾਂ ਵਿੱਚ ਦੁੱਖ ਦੀ ਲਹਿਰ ਦੌੜ ਗਈ ਹੈ।ਸ੍ਰੀ ਅਹੂਜਾ ਨੇ ਪੰਜਾਬ ਦੇ ਚੋਟੀ ਦੇ ਕਲਾਕਾਰਾਂ ਵੱਲੋਂ ਗਾਏ ਗੀਤਾਂ ਨੂੰ ਆਪਣੀਆਂ ਮਧੁਰ ਸੰਗੀਤਕ ਧੁਨਾਂ ਵਿੱਚ ਪਰੋਇਆ। ਉਹ ਕਿਸੇ ਜਾਣ ਪਛਾਣ ਤੇ ਮੁਹਤਾਜ ਨਹੀਂ ਸਨ। ਉਨਾਂ ਦੀ ਮੌਤ ਤੇ ਪੰਜਾਬੀ ਲੋਕ ਗਾਇਕ ਯੂਨੀਅਨ ਮਾਝਾ ਜ਼ੋਨ ਨੇ ਹਰਪਾਲ ਠੱਠੇ ਵਾਲਾ ਦੀ ਪ੍ਰਧਾਨਗੀ ਵਿੱਚ ਇੱਕ ਸ਼ੋਕ ਸਭਾ ਕਰਕੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਦੇ ਪਰਿਵਾਰ ਨਾਲ ਦਿਲੀ ਹਮਦਰਦੀ ਜ਼ਾਹਿਰ ਕੀਤੀ ਹੈ।ਦੁੱਖ ਪ੍ਰਗਟ ਕਰਨ ਵਾਲਿਆਂ ਵਿੱਚ ਪ੍ਰਸਿੱਧ ਗਾਇਕ ਰਛਪਾਲ ਰਸੀਲਾ, ਸੁਖਵੰਤ ਚੇਤਨਪੁਰੀ, ਹਰਨੀਤ ਨੀਤੂ, ਗਾਇਕਾ ਕੰਵਲਜੀਤ ਕੰਵਲ, ਰਾਜਪਾਲ ਬਾਠ, ਬਲਦੇਵ ਰੰਧਾਵਾ, ਅਨੋਖ ਔਜਲਾ, ਕਮੇਡੀਅਨ ਕਾਂਸ਼ੀ ਰਾਮ ਚੰਨ, ਸੁਰਿੰਦਰ ਫਰਿਸ਼ਤਾ ਉਰਫ ਘੁੱਲੇ ਸ਼ਾਹ, ਗੁਰ ਰੰਧਾਵਾ, ਜਗਰੂਪ ਕੰਗ, ਬਬਲੀ ਬਰਾੜ, ਸਤਵੰਤ ਸਾਜਨ, ਜਸਬੀਰ ਸੋਹਣੀ, ਨਿਰਮਲ ਬੋਬਾਂ ਵਾਲਾ, ਅਮਰ ਨਿਮਾਣਾ, ਕੁਲਦੀਪ ਗਿੱਲ, ਗਾਇਕਾ ਸੁਖਦੀਪ ਗਿੱਲ, ਸੰਗੀਤਕਾਰ ਪ੍ਰਗਟ ਸਿੰਘ, ਰਜਿੰਦਰ ਪੱਪੂ, ਕਸ਼ਮੀਰ ਬੱਲ, ਮੱਖਣ ਭੈਣੀ ਵਾਲਾ, ਜੋਗਿੰਦਰ ਸਿੰਘ ਪੁਰੀਆ, ਪ੍ਰੇਮ ਸਿੰਘ ਪੁਰੀਆ, ਅਮਰਜੀਤ ਰਿਖੀਆ, ਹੀਰਾ ਹੰਸ, ਬੱਬੂ ਨਜ਼ੀਰ, ਬਸੰਤ ਸੰਧੂ, ਅਭੀ ਸ਼ੇਕ ਨਜ਼ੀਰ, ਹੀਰਾ ਮੱਟੂ, ਨਿਸ਼ਾਨ ਸਖੀਰਾ, ਕੇਵਲ ਨਾਗਾਂ ਵਾਲਾ, ਪੱਪੀ ਧੁੰਦਿਆਲ, ਝਿਰਮਲ ਘੁੱਕੇਵਾਲੀ, ਪਰਿੰਦਾ ਬਰਵਾਲਾ, ਸੁਮਨ ਭੱਟੀ, ਦਲਬੀਰ ਭਰੋਵਾਲ, ਹੈਪੀ ਰਣਦੇਵ, ਦਿਲਬਾਗ ਹੁੰਦਲ, ਅਵਤਾਰ ਭਿੰਡਰ, ਲੱਲਿਤ ਮਹਿਤਾ, ਮੱਖਣ ਭੈਣੀ ਵਾਲਾ, ਸੁਰਿੰਦਰ ਸਾਗਰ ਆਦਿ ਕਲਾਕਾਰ ਹਾਜ਼ਰ ਸਨ। ਇਸ ਤੋਂ ਇਲਾਵਾ ਬਲਵਿੰਦਰ ਪੱਖੋਕੇ ਸ੍ਰੀ ਐਸ.ਅਸ਼ੋਕ ਭੌਰਾ, ਸ੍ਰੀ ਬੁਲਵਿੰਦਰ ਸਿੰਘ ਲੁਹਾਰਾ ਯੂ.ਐੱਸ.ਏ., ਸੁਖਵਿੰਦਰ ਸੁਖੀ, ਅਮਨ ਫੁੱਲਾਂਵਾਲ, ਮਨੋਹਰ ਧਾਰੀਵਾਲ, ਰਿਹਾਨਾ ਭੱਟੀ, ਬਿੱਟੂ ਅਰੋੜਾ, ਰਾਜ ਭਗਤ, ਅਮਰੀਕ ਬੱਲ, ਸੁਖ ਚਮਕੀਲਾ, ਰਾਜਵਿੰਦਰ ਕੌਰ ਪਟਿਆਲਾ, ਬਿੱਟੂ ਖੰਨੇ ਵਾਲਾ, ਰਿੰਪੀ ਗਰੇਵਾਲ, ਜਸਵੰਤ ਸਦੀਲਾ, ਹਰਦੀਪ ਦੀਪੀ, ਬਲਜੀਤ ਕਮਲ, ਪਾਲੀ ਦੇਤਵਾਲੀਆ, ਭਿੰਦੇ ਸ਼ਾਹ ਰਾਜੋਵਾਲੀਆ, ਮਿਸ ਸੁਰਮਨੀ, ਰਾਜਾ ਮਰਖਾਈ ਬੀਬਾ ਦੀਪ ਕਿਰਨ, ਗਿੱਲ ਬਲਕਾਰ, ਸਤਿੰਦਰ ਗਿੱਲ, ਜਸਬੀਰ ਨਿਮਾਣਾ ਜੱਟ ਕਨੇਡਾ, ਡਾ: ਮਹਿੰਦਰ ਸਿੰਘ ਜੱਸਲ, ਆਦਿ ਨੇ ਸੋਕ ਸੰਦੇਸ਼ ਭੇਜ ਕੇ ਉਨ੍ਹਾਂ ਦੇ ਪਰਿਵਾਰ ਨਾਲ ਦੁੱਖ ਜ਼ਾਹਰ ਕਰਦਿਆਂ ਸ੍ਰੀ ਭੱਲਾ ਵੱਲੋਂ ਪੰਜਾਬੀ ਸੱਭਿਆਚਾਰ ਵਿੱਚ ਪਾਏ ਵਡਮੁੱਲੇ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੇ ਸੰਸਾਰ ਤੋਂ ਤੁਰ ਜਾਣ ਨੂੰ ਇੱਕ ਬਹੁਤ ਵੱਡਾ ਘਾਟਾ ਦੱਸਦਿਆਂ ਪਰਿਵਾਰ ਨਾਲ ਦਿਲੋਂ ਹਮਦਰਦੀ ਜ਼ਾਹਰ ਕੀਤੀ।



# ਸਰਕਾਰੀ ਹਾਈ ਸਕੂਲ ਬਸਰਾਏ ਦੇ ਵਿਦਿਆਰਥੀਆਂ ਨੇ ਖੇਡਾਂ 'ਚ ਮਾਰੀਆਂ ਮੱਲਾਂ



**ਧਾਰੀਵਾਲ/ਹਰਚੋਵਾਲ, (ਮਨਦੀਪ ਸਿੰਘ ਵਿੱਕੀ)**

ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਦੇ ਨਿਰਦੇਸ਼ਾਂ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਪਰਮਜੀਤ ਦੀ ਰਹਿਨੁਮਾਈ ਹੇਠ 69ਵੀਆਂ ਜੋਨਲ ਸਕੂਲ ਖੇਡਾਂ ਕਰਵਾਈਆਂ ਗਈਆਂ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਬਸਰਾਏ ਸਕੂਲ ਦੇ ਹੈੱਡਮਾਸਟਰ ਕਮ ਬਲਾਕ ਨੋਡਲ ਅਫਸਰ ਵਿਜੈ ਕੁਮਾਰ ਨੇ ਦੱਸਿਆ ਕਿ ਸਰਕਾਰੀ ਹਾਈ ਸਕੂਲ ਬਸਰਾਏ ਦੇ ਵਿਦਿਆਰਥੀਆਂ ਨੇ ਅੰਡਰ 17 ਗਤਕਾ ਕੁੜੀਆਂ ਨੇ ਪਹਿਲਾ ਸਥਾਨ ਹਾਸਿਲ ਕੀਤਾ ਅਤੇ ਜ਼ਿਲ੍ਹੇ ਵਿੱਚੋਂ ਤੀਜਾ ਸਥਾਨ ਹਾਸਿਲ ਕੀਤਾ ।ਸਿਮਰਨਜੀਤ ਕੌਰ ਦੀ ਸਟੇਟ ਪੱਧਰ ਲਈ ਸਿਲੈਕਸ਼ਨ ਹੋਈ। ਇਸੇ ਤਰ੍ਹਾਂ ਅੰਡਰ 17 ਗਤਕਾ ਮੁੰਡਿਆਂ ਨੇ ਜੋਨ ਵਿੱਚੋਂ ਦੂਜੀ ਪੁਜ਼ੀਸ਼ਨ ਹਾਸਿਲ ਕੀਤੀ ਅਤੇ ਜ਼ਿਲ੍ਹੇ ਵਿੱਚ ਵਧੀਆ ਪ੍ਰਦਰਸ਼ਨ ਕੀਤਾ। ਕਰਾਟੇ ਅੰਡਰ 14 ਕੁੜੀਆਂ ਨੇ ਪਹਿਲੀ, ਦੂਜੀ ਅਤੇ ਤੀਜੀ ਪੁਜੀਸ਼ਨ ਹਾਸਿਲ ਕੀਤੀ ।ਅੰਡਰ 17 ਕੁੜੀਆਂ ਪਹਿਲੀ ਅਤੇ ਦੂਜੀ ਪੁਜ਼ੀਸ਼ਨ ਹਾਸਲ ਕੀਤੀ ।ਇਸੇ ਤਰ੍ਹਾਂ ਅੰਡਰ 19 ਕੁੜੀਆਂ ਨੇ ਪਹਿਲੀ ਪੁਜੀਸ਼ਨ ਹਾਸਿਲ ਕੀਤੀ ਅਤੇ ਜ਼ਿਲ੍ਹੇ ਵਿੱਚੋਂ ਸਿਮਰਨਜੀਤ ਕੌਰ ਨੇ ਜ਼ਿਲ੍ਹੇ ਵਿੱਚੋਂ ਪਹਿਲੀ ਪੁਜ਼ੀਸ਼ਨ ਹਾਸਿਲ ਕੀਤੀ ਅਤੇ ਸਟੇਟ ਪੱਧਰ ਲਈ ਆਪਣੀ ਜਗ੍ਹਾ ਬਣਾਈ। ਕਰਾਟੇ ਅੰਡਰ 17 ਹਰਮਨਪ੍ਰੀਤ ਕੌਰ ਨੇ ਜ਼ਿਲ੍ਹੇ ਵਿੱਚੋਂ ਦੂਜਾ ਸਥਾਨ ਹਾਸਿਲ ਕੀਤਾ ।ਜੀਆ ਅੰਡਰ 19 ਨੇ ਜ਼ਿਲ੍ਹੇ ਵਿੱਚੋਂ ਦੂਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਵਾਰਸ ਮੱਟੂ ਨੇ ਜੋਨ ਅਤੇ ਜ਼ਿਲ੍ਹੇ ਵਿੱਚੋਂ ਯੋਗ ਵਿੱਚ ਪਹਿਲੀ ਪੁਜੀਸ਼ਨ ਹਾਸਲ ਕੀਤੀ ਅਤੇ ਸਟੇਟ ਲਈ ਉਸਨੂੰ ਚੁਣਿਆ ਗਿਆ। ਸਕੂਲ ਪਹੁੰਚਣ ਤੇ ਹੈੱਡਮਾਸਟਰ ਵੱਲੋਂ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਅਤੇ ਭਵਿੱਖ ਲਈ ਵਿਦਿਆਰਥੀਆਂ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ ਅਤੇ ਡੀ.ਪੀ.ਈ. ਕੁਲਦੀਪ ਕੌਰ ਨੂੰ ਮੁਬਾਰਕਬਾਦ ਦਿੰਦਿਆਂ, ਭਵਿੱਖ ਵਿੱਚ ਸਕੂਲ ਲਈ ਹੋਰ ਵੀ ਮੈਡਲ ਪ੍ਰਾਪਤੀ ਅਤੇ ਮਿਹਨਤ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ ।ਇਸ ਮੌਕੇ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ।

# ਰੋਟਰੀ ਕਲੱਬ ਪ੍ਰੀਮੀਅਰ ਵੱਲੋਂ ਫੈਸ਼ਨ ਸ਼ੋਅ ਤੇ ਅਧਿਆਪਕ ਸਮਾਗਮ ਧੂਮਧਾਮ ਨਾਲ ਸੰਪੰਨ

**ਅੰਮ੍ਰਿਤਸਰ (ਅਰੋੜਾ)**

ਰੋਟਰੀ ਕਲੱਬ ਪ੍ਰੀਮੀਅਰ ਵੱਲੋਂ ਇੱਕ ਸ਼ਲਾਘਾਯੋਗ ਸਮਾਗਮ ਨੂੰ ਅੰਜਾਮ ਦਿੰਦੇ ਹੋਏ ਕਲੱਬ ਵੱਲੋਂ ਗੀਤਾਂ ਭਰੀ ਸ਼ਾਮ ਸਮੂਹ ਮੈਂਬਰਾਂ ਵੱਲੋਂ ਫੈਸ਼ਨ ਸ਼ੋਅ ਅਤੇ ਸਿੱਖਿਆ ਜਗਤ ਵਿਚ ਆਪਣੀ ਖਾਸ ਭੂਮਿਕਾ ਨਿਭਾਉਣ ਵਾਲੇ ਅਧਿਆਪਕਾਂ ਨੂੰ ਸਨਮਾਨਿਤ ਕਰਨ ਲਈ ਸਮਾਗਮ ਦਾ ਆਯੋਜਨ ਵਿਰਸਾ ਵਿਹਾਰ ਦੇ ਆਡੀਟੋਰੀਅਮ ਵਿਖੇ ਧੂਮਧਾਮ ਨਾਲ ਸੰਪੰਨ ਹੋਇਆ।ਸਮਾਗਮ ਦੇ ਆਯੋਜਕ ਕਲੱਬ ਦੇ ਪੈਟਰਨ ਡਾ. ਰਮਨ ਗੁਪਤਾ, ਰਾਜੇਸ਼ ਅਰੋੜਾ ਅਤੇ ਕਲੱਬ ਦੀ ਮਹਿਲਾ ਪ੍ਰਧਾਨ ਗਾਇਤਰੀ ਸ਼ੂਰ, ਸਕੱਤਰ ਡਾ. ਅਰਪਿਤਾ ਕਾਂਸਲ ਆਦਿ ਦੀ ਦੇਖ ਰੇਖ ਵਿੱਚ ਕਰਵਾਏ ਗਏ ਇਸ ਸਮਾਗਮ ਵਿੱਚ ਰੋਟਰੀ ਦੇ ਸੀਨੀਅਰ ਮੈਂਬਰ ਡਾ. ਰਮਨ ਗੁਪਤਾ, ਰਾਜੇਸ਼ ਅਰੋੜਾ, ਡਾ. ਰੋਹਿਤ ਮਹਾਜਨ, ਡਾ. ਸੂਰਜ ਸ਼ੂਰ, ਡਾ. ਦਮਨਬੀਰ, ਡਾ. ਜਤਿੰਦਰ ਗੁੰਬਰ, ਡਾ. ਹਿਰਦੇਪ੍ਰੀਤ, ਪਵਨ ਕਪੂਰ, ਗੁਰਪ੍ਰੀਤ ਛਾਬੜਾ, ਅਮਨਦੀਪ ਆਦਿ ਨੇ ਆਪਣੀ ਮਧੁਰ ਆਵਾਜ਼ ਨਾਲ ਮੁਹੰਮਦ ਰਫ਼ੀ, ਕਿਸ਼ੋਰ ਅਤੇ ਮਹਿੰਦਰ ਕਪੂਰ ਆਦਿ ਨੇ ਪੁਰਾਣੇ ਗੀਤ ਗਾ ਕੇ ਸਭ ਨੂੰ ਨੱਚਣ ਦੇ ਲਈ ਮਜਬੂਰ ਕਰ ਦਿੱਤਾ। ਕਲੱਬ ਦੇ ਆਰਗੇਨਾਈਜ਼ਰ ਜੀ.ਐੱਸ.ਆਰ, ਫਾਊਂਡਰ ਰਮਨ ਗੁਪਤਾ, ਚਾਟਰਡ ਪ੍ਰਧਾਨ ਐਡਵਾਈਜ਼ਰ ਰਾਜੇਸ਼ ਅਰੋੜਾ ਨੇ ਗੁਰੂ ਕੀ ਨਗਰੀ ਦੇ 6 ਬੁੱਧੀਜੀਵੀ ਅਧਿਆਪਕਾਂ ਨੂੰ ਰੋਟਰੀ ਅਵਾਰਡ ਦੇ ਨਾਲ ਸਨਮਾਨਿਤ ਕੀਤਾ। ਸਨਮਾਨ ਪ੍ਰਾਪਤ ਕਰਨ ਵਾਲਿਆਂ ਵਿੱਚ ਡਾ. ਅਮਰਜੀਤ ਸਿੰਘ, ਡਾ. ਏ.ਜੇ ਪ੍ਰਿੰਸ, ਵਨੀਤਾ ਅਗਰਵਾਲ, ਡਾ. ਰਾਜੇਸ਼ ਕੁਮਾਰ, ਡਾ. ਸੁਨੀਲ ਗੁਪਤਾ, ਸ਼ੀਨਾ ਸ਼ਰਾਮ ਆਦਿ ਦੇ ਨਾਲ ਮੁੱਖ ਰਹੇ। ਸਮਾਗਮ ਵਿੱਚ ਰੋਟਰੀ ਦੇ ਸਾਬਕਾ ਪ੍ਰਧਾਨ ਡਾ. ਸੋਮਿਲ ਕਾਂਸਲ ਦੇ ਸ਼ਲਾਂਘਾਯੋਗ ਯੋਗਦਾਨ ਨਾਲ ਸਮਾਗਮ ਬਹੁਤ ਰੋਚਕ ਅਤੇ ਲੁਭਾਇਮਾਨ ਬਣਿਆ। ਰੋਟਰੀ ਦੇ ਆਉਣ ਵਾਲੇ ਗਵਰਨਰ ਅਨਿਲ ਸਿੰਘ ਅਤੇ ਵਿਜੇ ਸਹਿਦੇਵ, ਸਾਬਕਾ ਗਵਰਨਰ ਡਾ. ਪੀ.ਐੱਸ ਗ੍ਰੋਵਰ ਮੁੱਖ ਮਹਿਤਾਨ ਦੇ ਤੌਰ ਤੇ ਸ਼ਾਮਿਲ ਹੋਏ। ਸਮਾਗਮ ਦੇ ਆਯੋਜਕ ਅਤੇ ਅਹੁਦੇਦਾਰ ਡਾਕਟਰਾਂ ਅਤੇ ਉਨ੍ਹਾਂ ਦੀਆਂ ਮਹਿਲਾ ਮੈਂਬਰ ਪਤਨੀਆਂ ਦੇ ਵਿਚ ਇੱਕ ਫੈਸ਼ਨ ਸ਼ੋਅ ਦਾ ਆਯੋਜਨ ਕੀਤਾ ਗਿਆ।ਸਾਰਿਆਂ ਨੇ ਇਸ ਫੈਸ਼ਨ ਸ਼ੋਅ ਵਿੱਚ ਖਾਸ ਭੂਮਿਕਾ ਨਿਭਾ ਕੇ ਇਹ ਸਿੱਧ ਕਰ ਦਿੱਤਾ ਕਿ ਉਹ ਸਾਰੇ ਇੱਕ ਚੰਗੇ ਡਾਕਟਰ ਹੀ ਨਹੀ ਵਧੀਆ ਗਾਇਕ ਕਲਾਕਾਰ ਅਤੇ ਆਧੁਨਿਕ ਯੁੱਗ ਦੇ ਚੰਗੇ ਫੈਸ਼ਨ ਦੇ ਮਾਹਿਰ ਵੀ ਹਨ।ਸਮਾਗਮ ਵਿੱਚ ਡਾ. ਅਨੁਪਮਾ ਗੁਪਤਾ, ਮੁਸਕਾਨ ਅਰੋੜਾ, ਸੰਜੀਵ ਕੋਹਲੀ, ਪੂਨਮ ਓਹਰੀ, ਡਾ. ਪਾਰੁਲ, ਪੰਕਜ ਗੋਇਲ, ਡਾ. ਤਜਿੰਦਰ, ਡਾ. ਤਰੁਨਪ੍ਰੀਤ, ਗੁਰਪੁਰਾਣ ਬਾਂਸਲ, ਰਵੀਨ ਬਾਂਸਲ, ਵਰੁਣ ਮਹਾਜਨ, ਸੁਰਭੀ ਮਹਾਜਨ, ਡਾ. ਅਸ਼ਵਨੀ ਆਦਿ ਨੇ ਫੈਸ਼ਨ ਸ਼ੋਅ ਵਿੱਚ ਖਾਸ ਭੂਮਿਕਾ ਨਿਭਾਈ। ਸਮਾਗਮ ਦੇ ਅੰਤ ਵਿੱਚ ਮੁੱਖ ਮਹਿਮਾਨਾਂ ਅਨਿਲ ਸਿੰਗਲ, ਵਿਜੇ ਸਹਿਦੇਵ ਨੂੰ ਰੋਟਰੀ ਦੇ ਵੱਲੋਂ ਸਨਮਾਨਿਤ ਵੀ ਕੀਤਾ ਗਿਆ।



23-Sep-PAGE-9.qxd 9/22/2025 10:48 PM Page 1



# ਬਾਊਪੁਰ ਮੰਡ 'ਚ ਟੁੱਟਿਆ ਆਰਜ਼ੀ ਬੰਨ੍ਹ ਲੋਕਾਂ ਦੇ ਸਹਿਯੋਗ ਨਾਲ ਬੰਨ੍ਹ ਦਿੱਤਾ

## ਸੰਤ ਸੀਚੇਵਾਲ ਨੇ ਨੌਜਵਾਨਾਂ ਤੇ ਇਲਾਕੇ ਦੇ ਲੋਕਾਂ ਦਾ ਕੀਤਾ ਧੰਨਵਾਦ



**ਸੁਲਤਾਨਪੁਰ ਲੋਧੀ (ਹਨੀ)**- ਬਾਊਪੁਰ ਮੰਡ ਇਲਾਕੇ ਵਿੱਚ ਆਏ ਹੜ੍ਹ ਦੌਰਾਨ ਜਿਹੜਾ ਪਹਿਲਾਂ ਆਰਜ਼ੀ ਬੰਨ੍ਹ ਟੁਟ ਗਿਆ ਸੀ, ਉਸ ਬੰਨ੍ਹ ਨੂੰ ਲੋਕਾਂ ਦੇ ਸਾਂਝੇ ਸਹਿਯੋਗ ਨਾਲ ਬੰਨ੍ਹ ਦਿੱਤਾ ਗਿਆ ਹੈ। ਇਸ ਆਰਜ਼ੀ ਬੰਨ੍ਹ ਵਿੱਚ ਲੰਘੀ 10 ਅਗਸਤ ਦੀ ਰਾਤ ਨੂੰ ਪਾੜ ਪੈ ਗਿਆ ਸੀ, ਜਿਸ ਨਾਲ ਦਰਿਆ ਬਿਆਸ ਦਾ ਪਾਣੀ ਬਾਊਪੁਰ ਮੰਡ ਇਲਾਕੇ ਵਿੱਚ ਭਰ ਗਿਆ ਸੀ ਜਿਸ ਨੇ ਵੱਡੇ ਪੱਧਰ 'ਤੇ ਤਬਾਹੀ ਮਚਾਈ ਸੀ। ਇਸ ਬੰਨ੍ਹ ਨੂੰ ਮਜ਼ਬੂਤ ਕਰਨ ਲਈ ਸੇਵਾ ਦੇ ਕਾਰਜ ਜਾਰੀ ਰਹੇ। ਰਾਜ ਸਭਾ ਮੈਂਬਰ ਤੇ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਦੀ ਅਗਵਾਈ ਹੇਠ 15 ਤੋਂ ਵੱਧ ਟ੍ਰੈਕਟਰਾਂ ਨੇ ਇਸ ਬੰਨ੍ਹ ਨੂੰ ਮਜ਼ਬੂਤ ਕਰਨ ਲਈ ਆਲੇ-ਦੁਆਲੇ ਦੇ ਖੇਤਾਂ ਵਿੱਚੋਂ ਮਿੱਟੀ ਕਰਾਹਿਆਂ ਨਾਲ ਇੱਕਠੀ ਕਰਕੇ ਬੰਨ੍ਹ ਤੱਕ ਪਹੁੰਚਾਈ। ਇੱਥੇ ਵੀ ਇੱਕ ਵੱਡੀ ਐਕਸਾਵੇਟਰ ਮਸ਼ੀਨ ਵੀ ਬੰਨ੍ਹ ਨੂੰ ਮਜ਼ਬੂਤ ਕਰਨ ਵਿੱਚ ਲੱਗੀ ਹੋਈ ਸੀ। ਬਾਊਪੁਰ ਮੰਡ ਇਲਾਕੇ ਵਿੱਚ ਪਿੰਡ ਰਾਮਗੜ੍ਹ ਤਹਿਸੀਲ ਨਾਭਾ ਜਿਲ੍ਹਾ ਪਟਿਆਲਾ ਤੋਂ 10 ਨੌਜਵਾਨ ਟ੍ਰੈਕਟਰ ਤੇ ਡੀਜ਼ਲ ਲੈ ਕੇ ਆਏ ਹਨ ਤਾਂ ਜੋ ਹੜ੍ਹ ਪੀੜਤਾਂ ਦੇ ਖੇਤ ਮੁੜ ਵਾਹੀਯੋਗ ਬਣਾਏ ਜਾ ਸਕਣ। ਇੰਨ੍ਹਾਂ ਨੌਜਵਾਨਾਂ ਵਿੱਚ ਸ਼ਾਮਿਲ ਮਨਜੀਤ ਸਿੰਘ ਤੇ ਗੁਰਕੀਰਤ ਸਿੰਘ ਨੇ ਦੱਸਿਆ ਕਿ ਉਹ ਦੋ ਟਰਾਲੀਆਂ ਪਸ਼ੂਆਂ ਦੇ ਲਈ ਅਚਾਰ ਦੀਆਂ ਵੀ ਨਾਲ ਲੈ ਕੇ ਆਏ ਹਨ। ਉਨ੍ਹਾਂ ਦੱਸਿਆ ਕਿ ਪਹਿਲੇ ਦਿਨ ਤੋਂ ਹੀ ਸੰਤ ਸੀਚੇਵਾਲ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਨਿਭਾਈਆਂ ਜਾ ਰਹੀਆਂ ਸੇਵਾਵਾਂ ਤੋਂ ਪ੍ਰੇਰਿਤ ਹੋ ਕੇ 10 ਜਣਿਆਂ ਦੀ ਟੀਮ ਪੂਰੀ ਇੱਕਜੁਟਤਾ ਨਾਲ ਹੜ੍ਹ ਪੀੜਤ ਇਲਾਕਿਆਂ ਵਿੱਚ ਕੰਮ ਕਰਨ ਲਈ ਆਈ ਹੋਈ ਹੈ। ਇੰਨ੍ਹਾਂ ਨੌਜਵਾਨਾਂ ਨੇ ਦੱਸਿਆ ਕਿ ਉਹ ਦੋ ਦਿਨ ਇੱਥੇ ਰੁਕਣਗੇ ਅਤੇ ਬਾਅਦ ਵਿੱਚ ਹੜ੍ਹ ਪੀੜਤ ਕਿਸਾਨਾਂ ਦੀ ਮੱਦਦ ਲਈ ਆਉਣਗੇ। ਇਸ ਮੌਕੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਉਨ੍ਹਾਂ ਨੌਜਵਾਨਾਂ ਤੇ ਇਲਾਕੇ ਦੀਆਂ ਸੰਗਤਾਂ ਦਾ ਧੰਨਵਾਦ ਕੀਤਾ ਜਿੰਨ੍ਹਾਂ ਨੇ ਦਿਨ-ਰਾਤ ਇੱਕ ਕਰਕੇ ਇਸ ਬੰਨ੍ਹ ਨੂੰ ਬੰਨਿਆ।

# ਰੈੱਡ ਰਿਬਨ ਕਲੱਬਾਂ ਦੀ ਇਕੱਤਰਤਾ ਹੋਈ

**ਸੁਲਤਾਨਪੁਰ ਲੋਧੀ, (ਹਨੀ)**-ਅਸਿਸਟੈਂਟ ਡਾਇਰੈਕਟਰ ਯੁਵਕ ਸੇਵਾਵਾਂ ਕਪੂਰਥਲਾ ਵਲੋਂ ਰੈੱਡ ਰਿੱਬਨ ਕਲੱਬਾਂ ਦੀ ਇਕੱਤਰਤਾ ਕੀਤੀ ਗਈ ਤੇ ਸਾਲ 2024 -2025 ਦੇ ਰੈੱਡ ਰਿੱਬਨ ਕਲੱਬਾਂ ਦੀ ਗਤੀਵਿਧੀਆਂ ਦਾ ਮੁਲਾਂਕਣ ਕਰਕੇ ਕਲੱਬਾਂ ਨੂੰ ਸਨਮਾਨਤ ਕੀਤਾ ਗਿਆ। ਇਸ ਦੌਰਾਨ ਐੱਸ ਡੀ ਕਾਲਜ ਫਾਰ ਵੂਮੈਨ ਸੁਲਤਾਨਪੁਰ ਲੋਧੀ ਦੇ ਕਲੱਬ ਨੂੰ ਤੀਸਰਾ ਸਥਾਨ ਪ੍ਰਾਪਤ ਹੋਇਆ। ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਨੇ ਰੈੱਡ ਰਿਬਨ ਕਲੱਬ ਦੇ ਪ੍ਰੋਗਰਾਮ ਅਫਸਰ ਰਾਜਬੀਰ ਕੌਰ ਦਾ ਕਾਲਜ ਕੈਂਪਸ ਵਿੱਚ ਸਨਮਾਨ ਕੀਤਾ ਗਿਆ । ਉਨ੍ਹਾਂ ਕਿਹਾ ਕਿ ਇਹ ਪ੍ਰਾਪਤੀ ਪ੍ਰੋਗਰਾਮ ਅਫਸਰ ਤੇ ਵਲੰਟੀਅਰਜ਼ ਦੀ ਅਣਥੱਕ ਮਿਹਨਤ ਤੇ ਲਗਨ ਦਾ ਨਤੀਜਾ ਹੈ। ਇਸ ਮੌਕੇ ਸਮੂਹ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।



# ਜੀ ਐੱਸ ਟੀ ਦੀਆਂ ਦਰਾਂ 'ਚ ਕੀਤੀ ਕਮੀ ਦਾ ਮਕਸਦ ਸਿਰਫ ਕਾਰਪੋਰੇਟਾਂ ਦੇ ਹਿੱਤ ਹਨ : ਕਰਨ ਸਿੰਘ ਰਾਣਾ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਕੇਂਦਰ ਸਰਕਾਰ ਵੱਲੋਂ 22 ਸਤੰਬਰ ਤੋਂ ਜੀਐਸਟੀ ਦੀਆਂ ਦਰਾਂ ਵਿੱਚ ਕਮੀ ਦਾ ਫੈਸਲਾ ਲਾਗੂ ਹੋ ਜਾਵੇਗਾ, ਪਰ ਇਸ ਦਾ ਫਾਇਦਾ ਦੇਸ਼ ਦੇ ਲੋਕਾਂ ਨੂੰ ਬਹੁਤ ਘੱਟ ਹੋਵੇਗਾ ਜਦ ਕਿ ਕਾਰਪੋਰੇਟ ਦੇ ਮੁਨਾਫੇ ਵਿੱਚ ਵਾਧਾ ਹੋਵੇਗਾ। ਇਨਾਂ ਵਿਚਾਰਾਂ ਦਾ ਪ੍ਰਗਟਾਵਾ ਸਾਥੀ ਕਰਨ ਸਿੰਘ ਰਾਣਾ ਜਨਰਲ ਸਕੱਤਰ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਸਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ ਨੇ ਇਥੇ ਚੋਣਵੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਕੀਤਾ। ਉਨਾਂ ਕਿਹਾ ਕਿ ਇਸ ਕਟੌਤੀ ਦਾ ਫਾਇਦਾ ਆਮ ਲੋਕਾਂ ਨੂੰ ਬਹੁਤ ਥੋੜਾ ਹੋਵੇਗਾ। ਅਸਲ ਵਿੱਚ ਅਮਰੀਕਨ ਸਾਮਰਾਜ ਵੱਲੋਂ ਲਗਾਏ ਗਏ 50% ਟੈਰਿਫ ਨਾਲ ਭਾਰਤ ਦੇ ਕਾਰਪੋਰੇਟਾਂ ਨੂੰ ਸਤ ਲੱਖ ਕਰੋੜ ਰੁਪਏ ਦਾ ਸਲਾਨਾ ਵਪਾਰਕ ਘਾਟਾ ਹੋਵੇਗਾ। ਸਰਕਾਰ ਨੇ ਇਹ ਕਟੌਤੀ ਕਾਰਪੋਰੇਟਾਂ ਦੇ ਮੁਨਾਫੇ ਲਈ ਕੀਤੀ ਹੈ ਨਾ ਕਿ ਆਮ ਲੋਕਾਂ ਲਈ। ਜੀਐਸਟੀ ਦੇ ਰੇਟਾਂ ਵਿੱਚ ਕਟੌਤੀ ਦਾ ਐਲਾਨ ਤਿੰਨ ਹਫਤੇ ਪਹਿਲਾ ਹੋ ਚੁੱਕਾ ਹੈ ਅਤੇ ਉਦੋਂ ਤੋਂ ਹੀ ਕਾਰਪੋਰੇਟ ਆਪਣੇ ਪੈਦਾ ਕੀਤੇ ਮਾਲ ਦੇ ਬੇਸ ਕਰੇਟਾ ਵਿੱਚ ਹੌਲੀ ਹੌਲੀ ਵਾਧਾ ਕਰ ਰਿਹਾ ਹੈ। ਹੁਣ ਸਿਰਫ ਕੁਝ ਵਸਤੂਆਂ ਦੀਆਂ ਕੀਮਤਾਂ ਵਿੱਚ ਹੀ ਲੋਕਾਂ ਨੂੰ ਕਮੀ ਨਜ਼ਰ ਆਵੇਗੀ ਮੁੱਖ ਫਾਇਦਾ ਦੇਸ਼ ਦੇ ਪੂੰਜੀਪਤੀ ਕਾਰਪੋਰੇਟ ਨੂੰ ਹੋਵੇਗਾ।

# ਬ੍ਰਹਮ ਸ਼ੰਕਰ ਜਿੰਪਾ ਨੇ ਵਾਰਡ ਨੰਬਰ 1 'ਚ ਟਿਊਬਵੈੱਲ ਦਾ ਕੀਤਾ ਉਦਘਾਟਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਵਾਰਡ ਨੰਬਰ 1 ਵਿਚ 32.50 ਲੱਖ ਰੁਪਏ ਦੀ ਲਾਗਤ ਨਾਲ ਟਿਊਬਵੈੱਲ ਦਾ ਰਸਮੀ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਇਸ ਟਿਊਬਵੈੱਲ ਨਾਲ ਇਲਾਕਾ ਵਾਸੀਆਂ ਦੀ ਪਾਣੀ ਦੀ ਸਮੱਸਿਆ ਦਾ ਹੱਲ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਸਥਾਨਕ ਲੋੜਾਂ ਨੂੰ ਧਿਆਨ ਵਿਚ ਰੱਖਦੇ ਹੋਏ ਪੂਰੀ ਪਾਰਦਰਸ਼ਤਾ ਅਤੇ ਗੁਣਵੱਤਾ ਨਾਲ ਪੂਰਾ ਕੀਤਾ ਗਿਆ ਹੈ।



ਵਿਧਾਇਕ ਨੇ ਦੱਸਿਆ ਕਿ 2022 ਤੋਂ ਹੁਣ ਤੱਕ ਨਗਰ ਨਿਗਮ ਵੱਲੋਂ ਸ਼ਹਿਰ ਵਿਚ ਵੱਡੀ ਗਿਣਤੀ ਵਿਚ ਨਵੇਂ ਟਿਊਬਵੈੱਲ ਲਗਾਏ ਗਏ ਹਨ, ਜਿਸ ਕਾਰਨ ਵੱਖ-ਵੱਖ ਖੇਤਰਾਂ ਵਿਚ ਪੀਣ ਵਾਲੇ ਪਾਣੀ ਦੀ ਸਪਲਾਈ ਦੀ ਸਥਿਤੀ ਵਿਚ ਬੇਹੱਦ ਸੁਧਾਰ ਹੋਇਆ ਹੈ। ਉਨ੍ਹਾਂ ਕਿਹਾ ਕਿ ਬਰਸਾਤਾਂ ਕਾਰਨ ਰੁਕਿਆ ਹੋਇਆ ਸੜਕਾਂ ਦਾ ਕੰਮ ਵੀ ਚਾਲੂ ਹੋ ਗਿਆ ਹੈ ਅਤੇ ਸ਼ਹਿਰ ਦੀਆਂ ਸੜਕਾਂ ਦੀ ਕਾਇਆ ਕਲਪ ਲਈ ਵੱਡੀ ਪੱਧਰ ਤੇ ਮੁਹਿੰਮ ਵਿੱਢੀ ਗਈ ਹੈ।ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਕੌਂਸਲਰ ਰਜਨੀ ਡਡਵਾਲ, ਰਮੇਸ਼ ਠਾਕੁਰ, ਬਲਵਿੰਦਰ ਬਿੰਦੀ, ਖੁਸ਼ੀ ਰਾਮ, ਸੁਨੀਤਾ ਬਾਘਾ, ਅਜੇ ਰਾਣਾ, ਬਲਵਿੰਦਰ ਬਾਘਾ ਅਤੇ ਗੁਰਬੀਰ ਸਮੇਤ ਹੋਰ ਵੀ ਕਈ ਪਤਵੰਤੇ ਅਤੇ ਇਲਾਕਾ ਨਿਵਾਸੀ ਹਾਜ਼ਰ ਸਨ।

# ਹਰਭਜਨ ਸਿੰਘ ਦੇ ਅਕਾਲ ਚਲਾਣੇ ਨਾਲ ਅਕਾਲੀ ਦਲ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ : ਸੁਖਬੀਰ

**ਫਿਲੌਰ (ਹਰਜਿੰਦਰ ਕੌਰ ਚਾਹਲ)** ਬੀਤੇ ਦਿਨੀਂ ਹਰਭਜਨ ਸਿੰਘ ਅਕਾਲੀ ਆਪਣੀ ਸਵਾਸਾਂ ਦੀ ਪੂੰਜੀ ਖਰਚਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ। ਹਰਭਜਨ ਸਿੰਘ ਅਕਾਲੀ ਨੇ ਅਕਾਲੀ ਦਲ ਲਈ ਬਹੁਤ ਕੁਰਬਾਨੀਆਂ ਕੀਤੀਆਂ। ਉਨ੍ਹਾਂ ਅਕਾਲੀ ਦਲ ਵੱਲੋਂ ਲਗਾਏ ਗੁਰੂ



ਦੇ ਬਾਗ਼ ਦਾ ਮੋਰਚਾ, ਚਾਬੀਆਂ ਦਾ ਮੋਰਚਾ ਅਤੇ ਹੋਰ ਮੋਰਚਿਆਂ ਚ ਵੱਧ ਚੜ੍ਹ ਕੇ ਯੋਗਦਾਨ ਪਾਇਆ ਅਤੇ ਜੇਲ੍ਹਾਂ ਵੀ ਕੱਟੀਆਂ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਜੱਥੇਦਾਰ ਮਹਾਂ ਸਿੰਘ ਰਸੂਲਪੁਰ ਦੇ ਗ੍ਰਹਿ ਵਿਖੇ ਸਵ ਹਰਭਜਨ ਸਿੰਘ ਅਕਾਲੀ ਨੂੰ ਸ਼ਰਧਾਂਜਲੀ ਭੇਟ ਕਰਨ ਪਹੁੰਚੇ। ਸੁਖਬੀਰ ਸਿੰਘ ਬਾਦਲ ਨੇ ਸਵ ਹਰਭਜਨ ਸਿੰਘ ਅਕਾਲੀ ਦੀ ਤਸਵੀਰ ਤੇ ਫੁੱਲ ਮਾਲਾ ਅਰਪਿਤ ਕੀਤੀ ਅਤੇ ਕਿਹਾ ਕਿ ਸਵ ਹਰਭਜਨ ਸਿੰਘ ਅਕਾਲੀ ਨੇ ਜੋ ਕੁਝ ਅੱਕਾਲੀ ਦਲ ਲਈ ਕੀਤਾ ਕਦੇ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਸਾਡੇ ਕੋਲੋਂ ਜਾਣਾ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਇਸ ਮੌਕੇ ਪਰਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਹਾਜ਼ਰ ਬਲਦੇਵ ਸਿੰਘ ਖਹਿਰਾ ਸਾਬਕਾ ਵਿਧਾਇਕ, ਹਰਜਿੰਦਰ ਸਿੰਘ ਲੱਲੀਆਂ ਮੈਂਬਰ ਸ਼੍ਰੋਮਣੀ ਕਮੇਟੀ, ਕੁਲਦੀਪ ਸਿੰਘ ਬਾਜਵਾ, ਮੋਹਣ ਸਿੰਘ ਕਡਿਆਣਾ, ਚੂਹੜ ਸਿੰਘ ਬੜਾਪਿੰਡ, ਇੰਦਰਜੀਤ ਸਿੰਘ ਖਹਿਰਾ, ਸੁਲੱਖਣ ਸਿੰਘ ਰਾਏਪੁਰ, ਬਲਕਾਰ ਸਿੰਘ ਸਰਪੰਚ ਅਤੇ ਹੋਰ ਵੱਡੀ ਗਿਣਤੀ ਵਿਚ ਅਕਾਲੀ ਆਗੂ ਹਾਜ਼ਰ ਸਨ।

# ਕਾਲਾ ਸੰਘਿਆਂ 'ਚ ਪ੍ਰਕਰਮਾ ਕੱਢ ਕੇ ਦੁਸਹਿਰੇ ਦੀ ਕੀਤੀ ਸ਼ੁਰੂਆਤ

**ਕਾਲਾ ਸੰਘਿਆਂ (ਮਨਜੀਤ ਮਾਨ)**-ਜ਼ਿਲ੍ਹਾ ਕਪੂਰਥਲਾ ਦੇ ਇਤਿਹਾਸਕ ਕਸਬਾ ਕਾਲਾ ਸੰਘਿਆਂ ਵਿਖੇ ਦੁਸਹਿਰੇ ਦੀ ਆਰੰਭਤਾ ਮੰਦਰ ਠਾਕੁਰ ਦੁਆਰਾ ਤੋਂ ਦੁਸਹਿਰਾ ਪ੍ਰਬੰਧਕ ਕਮੇਟੀ ਤੇ ਨਗਰ ਨਿਵਾਸੀਆਂ ਵੱਲੋਂ ਰਾਵਣ ਦਾ ਕਾਲ ਦੰਤ ਕੱਢ ਕੇ ਪਿੰਡ ਦੀ ਪ੍ਰਕਰਮਾਂ ਕੱਢ ਕੇ ਕੀਤੀ ਗਈ। ਇਸ ਮੌਕੇ ਦੁਸਹਿਰਾ ਪ੍ਰਬੰਧਕ ਕਮੇਟੀ ਦੇ ਆਗੂ ਡਾਕਟਰ ਵੇਦ ਪ੍ਰਕਾਸ਼ ਤੇ ਸਰਬਨ ਸਿੰਘ ਸੰਘਾ ਨੇ ਦੱਸਿਆ ਕਿ ਅੱਜ ਦੁਸਹਿਰੇ ਦੀ ਆਰੰਭਤਾ ਮੰਦਰ ਠਾਕੁਰ ਦੁਆਰੇ ਤੋਂ ਕੀਤੀ ਗਈ। ਇਸ ਤੋਂ ਉਪਰੰਤ ਸਾਰੇ ਪਿੰਡ ਦੀ ਪ੍ਰਕਰਮਾਂ ਕੀਤੀ ਗਈ। ਇਸ ਮੌਕੇ ਡਾਕਟਰ ਵੇਦ ਪ੍ਰਕਾਸ਼ ਨੇ ਦੱਸਿਆ ਕਿ ਰਾਮ ਜਨਮ 24 ਸਤੰਬਰ ਨੂੰ, ਇੱਕ ਅਕਤੂਬਰ ਨੂੰ ਲਛਮਣ ਮੂਰਸ਼ਾ, 2 ਅਕਤੂਬਰ ਨੂੰ ਦੁਸਹਿਰੇ ਦੀ ਸਮਾਪਤੀ ਹੋਵੇਗੀ। ਜਿਸ ਵਿੱਚ ਰਾਵਣ, ਕੁੰਭਕਰਨ ਤੇ ਮੇਘਨਾਥ ਦੇ ਪੁਤਲੇ ਦਹਿਣ ਕੀਤੇ ਜਾਣਗੇ। ਇਸ ਮੌਕੇ ਡਾਕਟਰ ਬਲਰਾਮ ਸ਼ਰਮਾ ਉਰਫ਼ ਡਾਕਟਰ ਕਿੰਦੀ, ਜੋਗਾ ਪੰਚ, ਦੀਪਾ ਬਾਰੀਆਂ, ਬਿੱਲਾ ਸਾਬਕਾ ਪੰਚ, ਦੀਪਾ ਸਰਨਾਂ, ਗੁਰਪ੍ਰੀਤ ਸਿੰਘ ਫੁੱਲ,ਪਵਨ ਕੁਮਾਰ ਆਦਿ ਹਾਜ਼ਰ ਸਨ ।

# ਵਿਸ਼ਵ ਹਿਰਦਾ ਦਿਵਸ 'ਤੇ ਮੁਫ਼ਤ ਜਾਂਚ ਕੈਂਪ 28 ਨੂੰ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਰੋਟਰੀ ਕਲੱਬ ਮਿਡਟਾਊਨ ਹੁਸ਼ਿਆਰਪੁਰ ਦੀ ਮਹੀਨਾਵਾਰ ਮੀਟਿੰਗ ਦਾ ਆਯੋਜਨ ਪ੍ਰਧਾਨ ਰੋਟੇਰੀਅਨ ਅਵਤਾਰ ਸਿੰਘ ਦੀ ਅਗਵਾਈ ਹੇਠ ਕੀਤਾ ਗਿਆ। ਮੀਟਿੰਗ ਵਿੱਚ ਫ਼ੈਸਲਾ ਕੀਤਾ ਗਿਆ ਕਿ ਆਉਣ ਵਾਲੇ ਵਿਸ਼ਵ ਹਿਰਦਾ ਦਿਵਸ ਦੇ ਸੰਬੰਧ ਵਿੱਚ 28 ਸਤੰਬਰ (ਐਤਵਾਰ) ਨੂੰ ਇੱਕ ਵੱਡਾ ਸਿਹਤ ਜਾਂਚ ਕੈਂਪ ਲਗਾਇਆ ਜਾਵੇਗਾ। ਇਸ ਕੈਂਪ ਦਾ ਆਯੋਜਨ ਕੈਪਿਟਲ ਹਸਪਤਾਲ ਜਲੰਧਰ ਦੇ ਸਹਿਯੋਗ ਨਾਲ ਕੀਤਾ ਜਾਵੇਗਾ। ਕੈਂਪ ਵਿੱਚ ਹਿਰਦੇ ਰੋਗ ਵਿਸ਼ੇਸ਼ ਗਿਆਨ ਪ੍ਰਾਪਤ ਡਾਕਟਰਾਂ ਦੀ ਟੀਮ ਵੱਲੋਂ ਲੋਕਾਂ ਦੀ ਮੁਫ਼ਤ ਜਾਂਚ ਕੀਤੀ ਜਾਵੇਗੀ ਅਤੇ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਜਾਣਗੀਆਂ। ਇਸ ਤੋਂ ਇਲਾਵਾ ਸਾਰੇ ਮਰੀਜ਼ਾਂ ਦੇ ਈ ਸੀ ਜੀ ਤੇ ਖੂਨ ਦੀ ਜਾਂਚ ਵੀ ਪੂਰੀ ਤਰ੍ਹਾਂ ਮੁਫ਼ਤ ਹੋਵੇਗੀ। ਮੀਟਿੰਗ ਵਿੱਚ ਡੀ.ਪੀ. ਕਾਠੂਰੀਆ, ਰਜਨੀਸ਼ ਗੁਲਿਆਨੀ, ਐਚ.ਐਸ. ਓਬਰਾਏ, ਜਗਮੀਤ ਸਿੰਘ ਸੈਠੀ, ਬਿੰਦਰ ਸਿੰਘ, ਏ.ਐਸ. ਅਨੇਜਾ, ਸੰਜੀਵ ਓਹਰੀ, ਮਨੋਜ ਓਹਰੀ, ਵਿਕਰਮ ਸ਼ਰਮਾ, ਕੁਲਜੀਤ ਸਿੰਘ ਸੈਣੀ, ਰਾਜੇਸ਼ ਗੁਪਤਾ, ਪਰਵੀਨ ਪਾਲਿਆਲ ਸਮੇਤ ਹੋਰ ਮੈਂਬਰ ਹਾਜ਼ਰ ਸਨ। ਮੀਟਿੰਗ ਵਿੱਚ ਇਹ ਵੀ ਫੈਸਲਾ ਲਿਆ ਗਿਆ ਕਿ ਕਲੱਬ ਵੱਲੋਂ 7 ਨਵੰਬਰ ਨੂੰ ਪਿੰਡ ਚੱਬੇਵਾਲ ਵਿੱਚ ਮੇਗਾ ਮੁਫ਼ਤ ਨੇਤਰ ਜਾਂਚ ਕੈਂਪ ਲਗਾਇਆ ਜਾਵੇਗਾ। ਇਹ ਕੈਂਪ ਰੋਟਰੀ ਕਲੱਬ ਵਾਰਵਿਕ ਇੰਗਲੈਂਡ ਦੇ ਸਹਿਯੋਗ ਨਾਲ ਕੀਤਾ ਜਾਵੇਗਾ। ਇਸ ਕੈਂਪ ਵਿੱਚ ਸਾਰੇ ਮਰੀਜ਼ਾਂ ਨੂੰ ਮੁਫ਼ਤ ਐਨਕਾਂ ਅਤੇ ਲੈਂਨਜ਼ ਉਪਲਬਧ ਕਰਵਾਏ ਜਾਣਗੇ।

# ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਦੀ ਅਗਵਾਈ ਹੇਠ ਹਲਕਾ ਬਲਾਚੌਰ 'ਚ ਮਿਲੀ ਕਾਂਗਰਸ ਨੂੰ ਵਧੇਰੇ ਮਜ਼ਬੂਤੀ

**ਬਲਾਚੌਰ (ਜਸਵਿੰਦਰ ਬੈਂਸ)** ਸ਼ਹੀਦ ਭਗਤ ਸਿੰਘ ਨਗਰ ਦੀ ਸਬ ਡਵੀਜ਼ਨ ਬਲਾਚੌਰ ਵਿਖੇ ਕਾਂਗਰਸ ਪਾਰਟੀ ਦੀਆਂ ਜੜ੍ਹਾਂ ਹੋ ਰਹੀਆਂ ਹਨ ਹੋਰ ਵੀ ਮਜ਼ਬੂਤ । ਇਹ ਕਹਿਣਾ ਹੈ ਸ਼ਹੀਦ ਭਗਤ ਸਿੰਘ ਨਗਰ ਤੋਂ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਦਾ। ਸੂਬੇ ਅੰਦਰ ਸੱਤਾਧਾਰੀ ਪਾਰਟੀ ਦੇ ਮਜ਼ਬੂਤ ਪ੍ਰਭਾਵ ਦੇ ਬਾਵਜੂਦ ਅਜੇ ਮੰਗੂਪੁਰ ਨੇ ਆਪਣੀ ਸਰਗਰਮੀ ਨਾਲ ਬਲਾਚੌਰ ਨੂੰ ਸਿਆਸੀ ਨਕਸ਼ੇ 'ਤੇ ਚਮਕਾਇਆ ਹੈ। ਉਨ੍ਹਾਂ ਦੀ ਅਗਵਾਈ 'ਚ ਕਾਂਗਰਸ ਪਾਰਟੀ ਨੇ



ਨਵੇਂ ਵਰਕਰਾਂ ਅਤੇ ਆਗੂਆਂ ਨੂੰ ਸ਼ਾਮਿਲ ਕਰਕੇ ਪਾਰਟੀ ਦੀਆਂ ਜੜ੍ਹਾਂ ਨੂੰ ਵਧੇਰੇ ਮਜ਼ਬੂਤ ਕੀਤਾ ਹੈ। ਬੀਤੇ ਦਿਨੀ ਹਲਕਾ ਬਲਾਚੌਰ ਦੇ ਪਿੰਡ-ਮੱਕੋਵਾਲ ਜੱਬਾ ਤੋਂ ਲਖਵਿੰਦਰ ਸਿੰਘ ਆਪਣੇ ਸਾਥੀਆਂ ਜਿਨ੍ਹਾਂ ਵਿੱਚ ਨੇਕ ਰਾਮ, ਸਾਹਿਲ, ਜੀਵਨ ਕੁਮਾਰ, ਲਵਪ੍ਰੀਤ ਸਿੰਘ, ਪ੍ਰਿੰਸ ਕੁਮਾਰ, ਰਮਨ ਕੁਮਾਰ, ਕਰਨਦੀਪ, ਰਮਨਦੀਪ, ਦਲਜੀਤ ਸਿੰਘ ਸ਼ਾਮਿਲ ਹਨ, ਪਰਿਵਾਰਾਂ ਸਮੇਤ ਬੀ.ਐਸ.ਪੀ. ਪਾਰਟੀ ਨੂੰ ਛੱਡ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਏ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਨੇ ਕਿਹਾ ਕਿ ਪਾਰਟੀ ਵਿੱਚ ਸ਼ਾਮਲ ਹੋਏ ਸਾਥੀਆਂ ਨੂੰ ਬਣਦਾ ਮਾਣ-ਸਤਿਕਾਰ ਦਿੱਤਾ ਜਾਵੇਗਾ ਅਤੇ ਕਾਂਗਰਸ ਪਾਰਟੀ ਉਨ੍ਹਾਂ ਲਈ ਹਰ ਸਮੇਂ ਹਾਜ਼ਰ ਰਹੇਗੀ। ਇਸ ਮੌਕੇ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ, ਰਾਜ ਕੁਮਾਰ ਜ਼ਿਲ੍ਹਾ ਪ੍ਰਧਾਨ ਸੇਵਾ ਦੱਲ, ਮੋਹਨ ਲਾਲ ਸੰਧੂ ਬਲਾਕ ਪ੍ਰਧਾਨ ਬਲਾਚੌਰ, ਸਤਵਿੰਦਰ ਰੱਕੜ ਬਲਾਕ ਪ੍ਰਧਾਨ ਸੜੋਆ ਸੇਵਾ ਦੱਲ, ਕੁਲਵਿੰਦਰ ਮੰਡ ਸੋਸ਼ਲ ਮੀਡੀਆ ਇੰਚਾਰਜ ਬੀ.ਸੀ.ਸੀ., ਬਲਵਿੰਦਰ ਕੁਮਾਰ, ਸੁਖਵਿੰਦਰ ਸਿੰਘ ਬਿੰਦਾ, ਭੁਪਿੰਦਰ ਪਾਲ, ਭੁਪਿੰਦਰ ਰੱਕੜ ਆਦਿ ਕਾਂਗਰਸੀ ਵਰਕਰ ਹਾਜ਼ਰ ਸਨ।

# ਡਾ. ਅੰਬੇਡਕਰ ਦੀ ਮੂਰਤੀ ਸਥਾਪਿਤ ਕਰਨ ਲਈ ਨੀਂਹ ਪੱਥਰ ਰੱਖਿਆ

ਮਹਿਤਪੁਰ (ਰਾਜਾ)-ਡਾ. ਅੰਬੇਡਕਰ ਵੈਲਫੇਅਰ ਸੋਸਾਇਟੀ ਤੇ ਪਿੰਡ ਬਾਠ ਕਲਾਂ ਦੀ ਗ੍ਰਾਮ ਪੰਚਾਇਤ ਵੱਲੋਂ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਪਿੰਡ ਬਾਠ ਕਲਾਂ ਦੀ ਪਾਰਕ ਵਿੱਚ ਭਾਰਤ ਰਤਨ ਡਾਕਟਰ ਭੀਮ ਰਾਓ ਅੰਬੇਡਕਰ ਦੀ ਮੂਰਤੀ ਲਗਵਾਉਣ ਵਾਸਤੇ ਨੀਂਹ ਪੱਥਰ ਰੱਖਿਆ ਗਿਆ ।ਇਸ ਮੌਕੇ ਸਰਪੰਚ ਸੋਮ



ਨਾਥ ਅਤੇ ਬਸਪਾ ਦੇ ਜਰਨਲ ਸਕੱਤਰ ਗੁਰਮੇਲ ਚੁੰਬਰ ਵਿਸ਼ੇਸ਼ ਤੌਰ 'ਤੇ ਪਹੁੰਚੇ, ਨੀਂਹ ਪੱਥਰ ਦੀ ਸ਼ੁਰੂਆਤ ਗੁਰੂਘਰ ਦੇ ਹੈੱਡ ਗ੍ਰੰਥੀ ਬਾਬਾ ਧਰਮਦਾਸ ਨੇ ਅਰਦਾਸ ਬੇਨਤੀ ਕਰਕੇ ਕੀਤੀ । ਇਸ ਮੌਕੇ ਆਗੂਆ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਇਆ ਦੱਸਿਆ ਕਿ ਪਿੰਡ ਬਾਠ ਕਲਾਂ ਦੀ ਪਾਰਕ ਵਿੱਚ ਬਾਬਾ ਸਾਹਿਬ ਡਾਕਟਰ ਅੰਬੇਡਕਰ ਸਾਹਿਬ ਦੀ ਮੂਰਤੀ ਲਗਵਾਉਣ ਵਾਸਤੇ ਨੀਂਹ ਪੱਥਰ ਰੱਖਿਆ ਗਿਆ ਹੈ, ਬਹੁਤ ਜਲਦੀ ਹੀ ਇਸ ਪਾਰਕ ਵਿੱਚ ਸਾਰੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਭਾਰਤ ਰਤਨ ਡਾਕਟਰ ਭੀਮ ਰਾਓ ਅੰਬੇਡਕਰ ਸਾਹਿਬ ਦੀ ਮੂਰਤੀ ਲਗਾਈ ਜਾਵੇਗੀ । ਇਸ ਮੌਕੇ ਸਰਪੰਚ ਸੋਮਨਾਥ, ਬਸਪਾ ਦੇ ਜਰਨਲ ਸਕੱਤਰ ਗੁਰਮੇਲ ਚੁੰਬਰ, ਸਾਬਕਾ ਸਰਪੰਚ ਅਸ਼ੋਕ ਕੁਮਾਰ ਲਾਲੀ, ਸਾਬਕਾ ਸਰਪੰਚ ਅਤੇ ਨੰਬਰਦਾਰ ਕੁਲਵਿੰਦਰ ਕੁਮਾਰ ਅਹੀਰ, ਬਾਬਾ ਧਰਮ ਦਾਸ, ਡੀ ਡੀ ਅਹੀਰ, ਮੈਂਬਰ ਪੰਚਾਇਤ ਰਾਣੋ, ਹਰਜਿੰਦਰ ਕੌਰ, ਗੁਰਬਖ਼ਸ਼ ਕੌਰ, ਬਿੰਦਰ ਕੁਮਾਰ, ਸੁਖਦੇਵ ਲਾਲੀ, ਕੁਲਦੀਪ ਸਿੰਘ ਦੀਪਾ, ਜਸਵੰਤ ਸਿੰਘ ਆਦਿ ਹਾਜ਼ਰ ਸਨ ।

# ਨੈਨੀ ਕੇਅਰ ਤੇ ਨਿਊਟ੍ਰੀਸ਼ਨ ਵਿਦਿਆਰਥੀਆਂ ਨੇ ਕੀਤਾ ਆਂਗਣਵਾੜੀ ਦਾ ਵਿਦਿਅਕ ਦੌਰਾ

**ਗੁਰਾਇਆ (ਬਿੰਦਰ ਸੁਮਨ)**- ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਉਪ-ਕੁਲਪਤੀ ਪ੍ਰੋਫ਼ੈਸਰ (ਡਾ.) ਕਰਮਜੀਤ ਸਿੰਘ ਦੀ ਰਹਿਨੁਮਾਈ ਤੇ ਪ੍ਰਿੰਸੀਪਲ (ਡਾ.) ਜਗਸੀਰ ਸਿੰਘ ਬਰਾੜ ਦੀ ਯੋਗ ਅਗਵਾਈ ਹੇਠ ਗੁਰੂ



ਗੋਬਿੰਦ ਸਿੰਘ ਯੂਨੀਵਰਸਿਟੀ ਕਾਲਜ ਜੰਡਿਆਲਾ ਦੇ ਨੈਨੀ ਕੇਅਰ ਤੇ ਨਿਊਟ੍ਰੀਸ਼ਨ ਦੇ ਵਿਦਿਆਰਥੀਆਂ ਨੂੰ ਵਿਦਿਅਕ ਦੌਰੇ ਤਹਿਤ ਪਿੰਡ ਜੰਡਿਆਲਾ ਦੀ ਆਂਗਣਵਾੜੀ ਦਾ ਦੌਰਾ ਕਰਵਾਇਆ ਗਿਆ। ਆਂਗਣਵਾੜੀ ਦੇ ਇੰਚਾਰਜ ਸਿਮਰਨਜੀਤ ਕੌਰ ਵੱਲੋਂ ਗੁਰੂ ਗੋਬਿੰਦ ਸਿੰਘ ਯੂਨੀਵਰਸਿਟੀ ਕਾਲਜ ਜੰਡਿਆਲਾ ਦੇ ਆਏ ਅਧਿਆਪਕ ਸਾਹਿਬਾਨ ਅਤੇ ਵਿਦਿਆਰਥੀਆਂ ਨੂੰ ਜੀ ਆਇਆ ਆਖਦਿਆਂ ਆਂਗਣਵਾੜੀ ਬੱਚਿਆਂ ਦੀਆਂ ਗਤੀਵਿਧੀਆਂ ਸਾਂਝੀਆਂ ਕੀਤੀਆਂ। ਇਸ ਪ੍ਰੋਗਰਾਮ ਵਿੱਚ ਨੈਨੀ ਕੇਅਰ ਅਤੇ ਨਿਊਟ੍ਰੀਸ਼ਨ ਦੇ ਮੁਖੀ ਦੀਪਿਕਾ ਧਵਨ ਤੇ ਵਿਦਿਆਰਥੀਆਂ ਨੇ ਆਂਗਣਵਾੜੀ ਬੱਚਿਆਂ ਨੂੰ ਟਾਫੀਆਂ, ਚਾਕਲੇਟ, ਬਿਸਕੁਟ ਵੰਡੇ ਅਤੇ ਛੋਟੀਆਂ-ਛੋਟੀਆਂ ਖੇਡਾਂ ਖਿਡਾਈਆਂ। ਇਸ ਤੋਂ ਇਲਾਵਾਂ ਛੋਟੇ ਬੱਚਿਆਂ ਦੇ ਪੋਸ਼ਣ, ਸਿਹਤ ਅਤੇ ਸਿੱਖਿਆ ਦੀਆਂ ਲੋੜਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਕਾਲਜ ਦੇ ਪ੍ਰਿੰਸੀਪਲ (ਡਾ.) ਜਗਸੀਰ ਸਿੰਘ ਬਰਾੜ ਨੇ ਦੱਸਿਆ ਕਿ ਅਕਾਦਮਿਕ 2025-26 ਸੈਸ਼ਨ ਤੋਂ ਨੈਨੀ ਕੇਅਰ ਅਤੇ ਨਿਊਟ੍ਰੀਸ਼ਨ ਦਾ ਕੋਰਸ ਸ਼ੁਰੂ ਕਰਵਾਇਆ ਗਿਆ ਹੈ, ਜਿਸ ਵਿੱਚ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਦੇਖਭਾਲ, ਸਿਹਤ ਅਤੇ ਵਿਵਹਾਰਿਕ ਸਿੱਖਿਆ ਮਿਲਦੀ ਹੈ।

# ਪ੍ਰਵਾਸੀਆਂ ਵਿਰੁੱਧ ਮੁਹਿੰਮ ਫਿਰਕੂ ਤਾਕਤਾਂ ਦਾ ਕੰਮ : ਸੀ ਪੀ ਆਈ (ਐੱਮ)

## ਐਸ ਡੀ ਐਮ ਬਲਾਚੌਰ ਨੂੰ ਮੰਗ ਪੱਤਰ ਦਿੱਤਾ



**ਬਲਾਚੌਰ (ਜਸਵਿੰਦਰ ਬੈਂਸ)** ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਤਹਿਸੀਲ ਕਮੇਟੀ ਬਲਾਚੌਰ ਦੇ ਆਗੂਆਂ ਨੇ ਪੰਜਾਬ ਵਿੱਚ ਪ੍ਰਵਾਸੀਆਂ ਖਿਲਾਫ ਆਰੰਭ ਮੁਹਿੰਮ ਸਬੰਧੀ ਇਕ ਮੰਗ ਪੱਤਰ ਐਸ ਡੀ ਐਮ ਬਲਾਚੌਰ ਨੂੰ ਦਿੱਤਾ ਗਿਆ।ਮੰਗ ਪੱਤਰ ਵਿੱਚ ਮੰਗ ਕੀਤੀ ਗਈ ਕਿ ਹੁਸ਼ਿਆਰਪੁਰ ਵਿਖੇ ਮਸੂਮ 5 ਸਾਲਾ ਬੱਚੇ ਦੇ ਕਾਤਲ ਨੂੰ ਫਾਸਟ ਟਰੈਕ ਅਦਾਲਤ ਬਣਾ ਕੇ ਜਲਦੀ ਤੋਂ ਜਲਦੀ ਸਖ਼ਤ ਸਜ਼ਾ ਦਿੱਤੀ ਜਾਵੇ ਤਾਂ ਕਿ ਪੀੜਤ ਪਰਿਵਾਰ ਨੂੰ ਜਲਦੀ ਇਨਸਾਫ਼ ਮਿਲ ਸਕੇ।ਸੀ ਪੀ ਆਈ (ਐਮ) ਆਗੂਆਂ ਨੇ ਇਸ ਘਿਨੌਣੇ ਕਤਲ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ। ਬੱਚੇ ਦੇ ਕਤਲ ਉਪਰੰਤ ਪੰਜਾਬ ਅੰਦਰ ਪ੍ਰਵਾਸੀਆਂ ਵਿਰੁੱਧ ਅਰੰਭੀ ਮੁਹਿੰਮ ਸਬੰਧੀ ਕਿਹਾ ਕਿ ਭਾਰਤੀ ਜਨਤਾ ਪਾਰਟੀ, ਉਸ ਦੀਆਂ ਹਮਾਇਤੀ ਫਿਰਕੂ ਸ਼ਕਤੀਆਂ ਅਤੇ ਦੇਸ਼ ਨੂੰ ਅਸਥਿਰ ਕਰਨ ਵਾਲੀਆਂ ਸ਼ਕਤੀਆਂ ਦੇਸ਼ ਦੀ ਭਾਈਚਾਰਕ ਸਾਂਝ ਨੂੰ ਤੋੜਨ ਦੇ ਯਤਨਾਂ ਵਿੱਚ ਹਨ।ਆਗੂਆਂ ਨੇ ਕਿਹਾ ਕਿ ਪੰਜਾਬ ਵਿੱਚ ਹੜ੍ਹਾਂ ਦੀ ਕੁਦਰਤੀ ਆਫ਼ਤਾਂ ਦੌਰਾਨ ਪੰਜਾਬੀਆਂ ਨੇ ਭਾਈਚਾਰਕ ਸਾਂਝ ਦਾ ਵੱਡਾ ਸਬੂਤ ਦਿੱਤਾ ਹੈ । ਪੰਜਾਬੀਆਂ ਨੇ ਰੰਗ ਭੇਦ,ਧਰਮ ਜਾਤ ਪਾਤ, ਇਲਾਕਾਵਾਦ ਤੋਂ ਉੱਪਰ ਉੱਠ ਕੇ ਕੁਦਰਤੀ ਆਫ਼ਤਾਂ ਦਾ ਮੁਕਾਬਲਾ ਕਰਦਿਆਂ ਏਕਤਾ ਦਾ ਸਬੂਤ ਦਿੱਤਾ ਹੈ। ਇਹ ਸਾਂਝ ਵੰਡਵਾਦੀ ਅਤੇ ਫਿਰਕੂ ਸ਼ਕਤੀਆਂ ਨੂੰ ਪਚ ਨਹੀਂ ਰਹੀ। ਇਹ ਸ਼ਕਤੀਆਂ ਪ੍ਰਵਾਸੀਆਂ ਵਿਰੁੱਧ ਮੁਹਿੰਮ ਤਹਿਤ ਭਾਈਚਾਰਕ ਸਾਂਝ ਨੂੰ ਤੋੜਨ ਦਾ ਯਤਨ ਕਰ ਰਹੀਆਂ ਹਨ।ਮੰਗ ਪੱਤਰ ਦੇਣ ਸਮੇਂ ਸੀ ਪੀ ਆਈ (ਐਮ) ਤਹਿਸੀਲ ਕਮੇਟੀ ਦੇ ਸਕੱਤਰ ਪ੍ਰੇਮ ਰੱਕੜ, ਮਹਾਂ ਸਿੰਘ ਰੌੜੀ, ਪਰਮਜੀਤ ਸਿੰਘ ਰੌੜੀ , ਸੁਰਜੀਤ ਸਿੰਘ ਢੇਰ, ਗੁਰਦੇਵ ਸਿੰਘ ਬਾਗੀ, ਹੁਸਨ ਮਝੋਟ,ਬੀਰੂ ਰਾਮ, ਗੁਰਮੇਲ ਚੰਦ ਮੰਗੂਪੁਰ , ਜਸਵੰਤ ਸਿੰਘ ਸੈਣੀ ਆਦਿ ਸ਼ਾਮਲ ਸਨ।



# ਵਿਦਿਆਰਥੀਆਂ ਨੂੰ ਸੋਲਿਡ ਵੇਸਟ ਮੈਨੇਜਮੈਂਟ ਸੰਬੰਧੀ ਕੀਤਾ ਜਾਗਰੂਕ

**ਬਲਾਚੌਰ (ਜਸਵਿੰਦਰ ਬੈਂਸ)**- ਭਾਰਤ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਗਰ ਕੌਂਸਲ ਦੇ ਪ੍ਰਧਾਨ ਸੁਨੀਲ ਕੌਸ਼ਲ ਤੇ ਕਾਰਜ ਸਾਧਕ ਅਫਸਰ ਸਿਮਰਨ ਢੀਂਡਸਾ ਦੀ ਅਗਵਾਈ ਹੇਠ ਸਵੱਛਤਾ ਹੀ ਸੇਵਾ ਮੁਹਿੰਮ ਤਹਿਤ ਵਿਦਿਆਰਥੀਆਂ ਨੂੰ ਸੋਲਿਡ ਵੇਸਟ ਮੈਨੇਜਮੈਂਟ ਸੰਬੰਧੀ ਜਾਗਰੂਕ ਕੀਤਾ ਗਿਆ। ਸਵੱਛ ਭਾਰਤ ਟੀਮ ਵੱਲੋਂ ਨਗਰ ਕੌਂਸਲ ਅਧੀਨ ਆਉਂਦੇ ਸਕੂਲਾਂ ਵਿੱਚ ਜਾਗਰੂਕਤਾ ਕੈਂਪ ਲਗਾਇਆ ਜਾਣੇ ਹਨ। ਸੈਨੇਟਰੀ ਇੰਸਪੈਕਟਰ ਭਾਰਤ ਭੂਸ਼ਨ ਦੇ ਸਹਿਯੋਗ ਨਾਲ ਇਸ ਮੁਹਿੰਮ ਨੂੰ ਸਰਕਾਰੀ ਕੰਨਿਆ ਸਕੂਲ ਵਿੱਚ ਸੀ ਐਫ਼ ਮਨਿੰਦਰ ਕੌਰ ਵੱਲੋਂ ਵਿਦਿਆਰਥੀਆਂ ਨੂੰ ਸੋਲਿਡ ਵੇਸਟ ਮੈਨੇਜਮੈਂਟ ਸੰਬੰਧੀ ਜਾਣਕਾਰੀ ਦਿੰਦਿਆਂ ਘਰਾਂ ਦੇ ਗਿੱਲੇ ਤੇ ਸੁੱਕੇ ਕੂੜੇ ਨੂੰ ਅਲੱਗ ਅਲੱਗ ਰੱਖਣ, ਜ਼ਿਆਦਾ ਰੁੱਖ ਲਗਾਉਣ, ਪਲਾਸਟਿਕ ਤੇ ਸਿੰਗਲ ਯੂਜ਼ ਪਲਾਸਟਿਕ ਦੇ ਬੁਰੇ ਨਤੀਜਿਆਂ ਬਾਰੇ ਦੱਸਿਆ ਗਿਆ। ਨਾਲ ਹੀ ਉਨ੍ਹਾਂ ਨੂੰ ਪਲਾਸਟਿਕ ਦੇ ਬਦਲ ਜਿਵੇਂ ਕਿ ਪੇਪਰ ਪਲੇਟਾਂ, ਗਿਲਾਸਾਂ ਆਦਿ ਦੀ ਵਰਤੋਂ ਕਰਨ ਲਈ ਜਾਗਰੂਕ ਕੀਤਾ ਗਿਆ। ਇਸ ਕੈਂਪ ਦੌਰਾਨ ਪ੍ਰਿੰਸੀਪਲ ਪੂਜਾ ਗੁਪਤਾ, ਪ੍ਰਵੀਨ ਭਾਰਦਵਾਜ ਮੌਜੂਦ ਸਨ।

# ਮਾਂ ਸਲਾਣੀ ਦਾ ਵਿਸ਼ਾਲ ਚੌਕੀ ਭੰਡਾਰਾ ਅੱਜ

**ਬਸਤੀ ਸ਼ੇਖ ਜਲੰਧਰ (ਲਖਵਿੰਦਰ ਸਿੰਘ)**- ਮਾਂ ਸਲਾਣੀ ਮੰਦਰ ਕਮੇਟੀ ਅਤੇ ਸਮੂਹ ਨਗਰ ਨਿਵਾਸੀ ਪਿੰਡ ਕੁਲਾਰਾ ਵੱਲੋਂ ਮਾਂ ਸਲਾਣੀ ਜੀ ਦਾ ਵਿਸ਼ਾਲ ਚੌਕੀ ਭੰਡਾਰਾ 23 ਸਤੰਬਰ ਨੂੰ ਪਿੰਡ ਕੁਲਾਰ ਜ਼ਿਲ੍ਹਾ ਜਲੰਧਰ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ। ਪੰਡਿਤ ਹਰਜਿੰਦਰ ਪਾਲ ਅਤੇ ਮਾਂ ਦੇ ਭਗਤ ਸੋਨੂੰ ਨੇ ਦੱਸਿਆ ਕਿ ਚੌਕੀ ਰਾਤ 6 ਵਜੇ ਤੋਂ ਲੈ ਕੇ ਰਾਤ ਦੇ 12 ਵਜੇ ਤੱਕ ਚੱਲੇਗੀ। ਇਸ



ਮੌਕੇ ਪੰਜਾਬ ਦੇ ਮਸ਼ਹੂਰ ਗਾਇਕ ਗੁਣਗਾਨ ਕਰਨਗੇ। ਲੰਗਰ ਅਤੁੱਟ ਵਰਤਾਇਆ ਜਾਵੇਗਾ।

# ਦਰਬਾਰ ਪੀਰ ਲੱਖ ਦਾਤਾ ਵਿਖੇ ਸਾਲਾਨਾ ਮੇਲਾ 26 ਨੂੰ

**ਫਿਲੌਰ, (ਨਿਰਮਲ)**-ਫਿਲੌਰ ਦੇ ਨਜ਼ਦੀਕੀ ਪਿੰਡ ਭੱਟੀਆਂ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਦਰਬਾਰ ਪੀਰ ਲੱਖ ਦਾਤਾ ਜੀ ਦਾ ਸਾਲਾਨਾ ਮੇਲਾ 26 ਸਤੰਬਰ ਨੂੰ ਬੜੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਰਪੰਚ ਸਰਬਜੀਤ ਸਿੰਘ ਨੇ ਦੱਸਿਆ ਕਿ 26 ਸਤੰਬਰ ਸਵੇਰੇ 10 ਵਜੇ ਝੰਡੇ ਦੀ ਰਸਮ ਉਪਰੰਤ ਰਾਜਾ ਰਾਜ ਵੰਸ਼ੀ ਅਤੇ ਵਿਜੇ ਮਨ ਕਵਾਲ ਵੱਲੋਂ ਆਪਣੇ ਫ਼ਨ ਦਾ ਮੁਜਾਹਰਾ ਕੀਤਾ ਜਾਵੇਗਾ।ਰਾਤ 9 ਵਜੇ ਸੁੱਖਾ ਬਾਗੋਵਾਲੀਆ ਸੰਗਤਾਂ ਨੂੰ ਨਿਹਾਲ ਕਰਨਗੇ। ਉਨ੍ਹਾਂ ਕਿਹਾ ਕਿ ਕੋਈ ਵੀ ਵਿਅਕਤੀ ਦਰਬਾਰ ਵਿੱਚ ਕਿਸੇ ਵੀ ਤਰ੍ਹਾਂ ਦਾ ਨਸ਼ਾ ਕਰਕੇ ਨਾ ਆਏ। ਇਸ ਮੌਕੇ ਸੰਗਤਾਂ ਨੂੰ ਗੁਰੂ ਦਾ ਅਟੁੱਟ ਲੰਗਰ ਵਰਤਾਇਆ ਜਾਵੇਗਾ।



# ਗ੍ਰਾਮ ਪੰਚਾਇਤ ਠਸਕਾ ਦੇ ਓਪਨ ਜਿੰਮ ਲਈ 5 ਲੱਖ ਰੁਪਏ ਜਾਰੀ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਪਰਸਨ ਇੰਜ: ਪ੍ਰਭਜੋਤ ਕੌਰ ਵੱਲੋਂ ਮੋਹਾਲੀ ਦੇ ਪਿੰਡ ਠਸਕਾ ਲਈ ਓਪਨ ਜਿੰਮ ਲਈ ਆਪਣੇ ਅਖ਼ਤਿਆਰੀ ਫੰਡ ਵਿੱਚੋਂ 5 ਲੱਖ ਦੀ ਗ੍ਰਾਂਟ ਜਾਰੀ ਕਰਕੇ ਕੰਮ ਸ਼ੁਰੂ ਕਰਨ ਲਈ ਮਨਜ਼ੂਰੀ ਪੱਤਰ ਦਿੱਤਾ ਗਿਆ।ਚੇਅਰਪਰਸਨ ਪ੍ਰਭਜੋਤ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਯੋਜਨਾ ਕਮੇਟੀ ਵੱਲੋਂ 'ਜ਼ਿਲ੍ਹਾ ਯੋਜਨਾ ਕਮੇਟੀਆਂ/ਜ਼ਿਲ੍ਹਾ ਵਿਸ਼ੇਸ਼ ਯੋਜਨਾਵਾਂ ਦੇ ਅਨ-ਟਾਇਡ ਫੰਡ' ਅਧੀਨ ਗ੍ਰਾਮ ਪੰਚਾਇਤ ਠਾਕਰਾਂ ਲਈ 5 ਲੱਖ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਪੂਰਾ ਕਰਨ ਲਈ ਵੱਖ-ਵੱਖ ਯੋਜਨਾਵਾਂ ਰਾਹੀਂ ਵਧੀਆ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ। ਇਸ ਤਹਿਤ ਗ੍ਰਾਮ ਪੰਚਾਇਤ ਠਾਕਰਾਂ ਨੂੰ ਜਾਰੀ ਕੀਤੀ ਗ੍ਰਾਂਟ ਪਿੰਡ ਦੇ ਵਿਕਾਸ ਕਾਰਜਾਂ 'ਤੇ ਖਰਚ ਕੀਤੀ ਜਾਵੇਗੀ।ਇਸ ਸਮੇਂ ਬਲਾਕ ਪ੍ਰਧਾਨ ਰਜੇਸ਼ ਰਾਣਾ, ਸਰਪੰਚ ਮਹਿਮਾ ਸਿੰਘ, ਸੁਰਿੰਦਰ ਸਿੰਘ ਮਟੌਰ, ਐਡਵੋਕੇਟ ਅਮਰਜੀਤ ਸਿੰਘ, ਸੁਰਮੁੱਖ ਸਿੰਘ ਅਤੇ ਪਿੰਡ ਦੇ ਮੋਹਤਬਰ ਸੱਜਣ ਮੌਜੂਦ ਸਨ।

# ਮਹਾਰਿਸ਼ੀ ਵਾਲਮੀਕਿ ਫ਼ਿਲਮ ਦੇ ਕਲਾਕਾਰ ਤੇ ਟੀ.ਸੀਰੀਜ਼ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇ : ਸੁਰਿੰਦਰ ਜਾਜਾ

**ਟਾਂਡਾ ਉੜਮੁੜ (ਜਸਵਿੰਦਰ ਸੰਧੂ ਓਂਕਾਰ ਸਿੰਘ)**- ਟੀ ਸੀਰੀਜ਼ ਦੇ ਬੈਨਰ ਹੇਠ ਬਣਾਈ ਗਈ ਫਿਲਮ ਮਹਾਰਿਸ਼ੀ ਵਾਲਮੀਕਿ ਵਿੱਚ ਭਗਵਾਨ ਮਹਾਰਿਸ਼ੀ ਸ਼੍ਰੀ ਵਾਲਮੀਕਿ ਜੀ ਮਹਾਰਾਜ ਨੂੰ ਵਾਰ ਵਾਰ ਡਾਕੂ ਕਹਿ ਕੇ ਉਨ੍ਹਾਂ ਦੀ ਛਵੀ ਖਰਾਬ ਕਰਨ ਕਾਰਨ ਇਸ ਫ਼ਿਲਮ 'ਤੇ ਰੋਕ ਲਗਾਉਣ ਅਤੇ



ਇਸ ਫ਼ਿਲਮ ਦੇ ਪਾਤਰਾਂ ਖ਼ਿਲਾਫ਼ ਪਰਚਾ ਦਰਜ਼ ਕਰਨ ਲਈ ਭਾਵਾਧਸ ਦੇ ਪੰਜਾਬ ਕਨਵੀਨਰ ਸੁਰਿੰਦਰ ਜਾਜਾ ਦੀ ਅਗਵਾਈ ਵਿੱਚ ਸਮੂਹ ਭਾਵਾਧਸ ਮੈਂਬਰਾਂ ਨੇ ਡੀ.ਐਸ.ਪੀ ਦਿਹਾਤੀ ਨਰਿੰਦਰ ਸਿੰਘ ਮਿਨਹਾਸ ਨੂੰ ਮੰਗ ਪੱਤਰ ਦਿੱਤਾ। ਆਪਣੇ ਮੰਗ ਪੱਤਰ ਰਾਹੀਂ ਸੁਰਿੰਦਰ ਜਾਜਾ ਨੇ ਕਿਹਾ ਕਿ ਟੀ ਸੀਰੀਜ਼ ਦੇ ਬੈਨਰ ਹੇਠ ਬਣਾਈ ਗਈ ਫ਼ਿਲਮ ਮਹਾਰਿਸ਼ੀ ਵਾਲਮੀਕਿ ਵਿੱਚ ਅਕਸ਼ੇ ਕੁਮਾਰ ਨੇ ਭਗਵਾਨ ਸ਼੍ਰੀ ਬਾਲਮੀਕਿ ਦੇ ਪਾਤਰ ਵੱਜੋਂ ਰੋਲ ਅਦਾ ਕਰਨ ਕਾਰਨ ਅਤੇ ਇਸ ਫਿਲਮ ਦੇ ਨਿਰਦੇਸ਼ਕ, ਕਹਾਣੀਕਾਰ ਤੇ ਸਮੂਹ ਫ਼ਿਲਮ ਕਲਾਕਾਰਾਂ ਵੱਲੋਂ ਭਗਵਾਨ ਸ਼੍ਰੀ ਵਾਲਮੀਕਿ ਮਹਾਰਾਜ ਸਬੰਧੀ ਚਰਿੱਤਰ ਨੂੰ ਬੜੇ ਗਲਤ ਢੰਗ ਨਾਲ ਪੇਸ਼ ਕਰਨ ਕਾਰਨ ਦੇਸ਼ ਦੇ ਸਮੂਹ ਵਾਲਮੀਕਿ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਗਈ ਹੈ ਜਿਸ ਨੂੰ ਭਾਵਾਧਸ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰੇਗਾ।ਉਨ੍ਹਾਂ ਕਿਹਾ ਕਿ ਇਸ ਫਿਲਮ ਨੂੰ ਬਣਾਉਣ ਵਾਲਿਆਂ ਦੀ ਇਹ ਸੋਚੀ ਸਮਝੀ ਸਾਜਿਸ਼ ਹੈ ਅਤੇ ਇਸ ਫ਼ਿਲਮ ਦੇ ਰਿਲੀਜ਼ ਹੋਣ ਤੇ ਦੇਸ਼ ਦਾ ਸ਼ਾਂਤਮਈ ਮਾਹੌਲ ਖਰਾਬ ਹੋ ਸਕਦਾ ਹੈ। ਇਸ ਮੌਕੇ ਸੰਦੀਪ ਬੱਬੂ, ਰਜਿੰਦਰ ਹੈਪੀ, ਅਸ਼ੋਕ ਕੋਹਲੀ, ਅਤੁਲ ਸਹੋਤਾ, ਸਾਹਿਲ ਮਰਵਾਹਾ ,ਗੁਰਮੀਤ ਸਿੰਘ, ਇਕਬਾਲ ਸਿੰਘ, ਸੁਰਜੀਤ ਸਿੰਘ, ਰੱਖੜਾ ਨਵਦੀਪ ਸਿੰਘ ਅਤੇ ਹੋਰ ਭਾਵਾਧਸ ਵਰਕਰ ਹਾਜ਼ਰ ਸਨ।

# ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਕੇਕ ਕੱਟ ਕੇ ਮਨਾਇਆ ਜਾਵੇਗਾ : ਮੈਡੀਕਲ ਪ੍ਰੈਕਟੀਸ਼ਨਰ



**ਬਲਾਚੌਰ (ਜਸਵਿੰਦਰ ਬੈਂਸ)**- ਮੈਡੀਕਲ ਪ੍ਰੈਕਟੀਸ਼ਨ ਐਸੋਸੀਏਸ਼ਨ ਬਲਾਕ ਬਲਾਚੌਰ ਦੀ ਮਾਸਿਕ ਮੀਟਿੰਗ ਡਾ ਤਜਿੰਦਰ ਜੋਤ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਪਿਛਲੇ ਮਹੀਨੇ ਦੀਆਂ ਗਤੀਵਿਧੀਆਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਮੌਕੇ ਤੇ ਸਾਰੇ ਮੈਡੀਕਲ ਪ੍ਰੈਕਟੀਸ਼ਨ ਅਪੀਲ ਕੀਤੀ ਕਿ 28 ਸਤੰਬਰ ਨੂੰ ਸਰਦਾਰ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਸ਼ਹੀਦ ਦਾ ਜਨਮਦਿਨ ਕੇਕ ਕੱਟ ਕੇ ਮਨਾਇਆ ਜਾਵੇਗਾ। ਤਾਂ ਕਿ ਇਸ ਮਹਾਨ ਕ੍ਰਾਂਤਿਕਾਰੀ ਦੇ ਪੂਰਨਿਆ ਤੇ ਚੱਲ ਸਕੀਏ,ਨੌਜਵਾਨ ਪੀੜ੍ਹੀ ਨੂੰ ਭਗਤ ਸਿੰਘ ਦੀ ਕੁਰਬਾਨੀ ਅਤੇ ਵਿਚਾਰਧਾਰਾ ਨਾਲ ਜੋੜਿਆ ਜਾ ਸਕੇ। ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਅਪੀਲ ਕੀਤੀ ਕਿ ਵੱਡੀ ਗਿਣਤੀ ਵਿੱਚ ਹਿੱਸਾ ਲੈਣ ਤਾਂ ਕਿ ਸ਼ਹੀਦ ਦੇ ਸੁਪਨਿਆਂ ਨੂੰ ਅੱਗੇ ਵਧਾਉਣ ਦਾ ਵਾਅਦਾ ਕਰੀਏ। ਮੌਕੇ ਤੇ ਡਾ. ਦਿਲਦਾਰ ਸਿੰਘ ਚਾਹਲ ਤੇ ਡਾ ਸਰਬਜੀਤ ਸਿੰਘ ਨੂੰ ਸੋਸ਼ਲ ਕੰਮਾਂ ਲਈ ਸਨਮਾਨਤ ਕੀਤਾ ਗਿਆ। ਡਾ. ਜੋਤ ਨੇ ਕਿਹਾ ਕਿ ਹੜ੍ਹ ਪੀੜਤ ਇਲਾਕਿਆਂ ਵਿੱਚ ਜਾ ਕੇ ਲੋਕਾਂ ਦੀ ਹਰ ਮੁਸ਼ਕਿਲ ਵਿੱਚ ਸਹਾਇਤਾ ਕੀਤੀ ਜਾਵੇਗੀ।ਮੌਕੇ ਤੇ ਤਹਿਸੀਲ ਬਲਾਚੌਰ ਦੇ ਮੀਟਿੰਗ ਵਿੱਚ ਮੌਜੂਦ ਡਾ. ਬਲਦੇਵ ਸਿੰਘ, ਡਾ. ਸ਼ਮਸ਼ੇਰ ਸਿੰਘ, ਡਾ. ਬਹਾਦਰ ਸਿੰਘ, ਡਾ. ਜਸਵੀਰ ਸਿੰਘ, ਡਾ. ਪ੍ਰੇਮ ਸਿੰਘ, ਡਾ. ਯਸ਼ਪਾਲ ਸ਼ਰਮਾ, ਡਾ. ਲਖਵੀਰ ਸਿੰਘ, ਡਾ. ਹਰਜਿੰਦਰ ਸਿੰਘ ਕੈਸ਼ੀਅਰ, ਡਾ. ਸੁਭਾਸ਼, ਡਾ. ਜਤਿੰਦਰ ਆਦਿ ਮੌਜੂਦ ਸਨ ।

# ਰਿਪੋਰਟਰ ਐਸੋਸੀਏਸ਼ਨ ਪੰਜਾਬ ਨੇ ਹੜ੍ਹ ਪੀੜਤ ਪਰਵਾਰਾਂ ਨੂੰ ਰਾਸ਼ਨ ਵੰਡਿਆ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**-ਪਿੰਡ ਮੇਹਟੀਆਣਾ ਵਿਖੇ ਰਿਪੋਰਟਰ ਐਸੋਸੀਏਸ਼ਨ ਪੰਜਾਬ ਵੱਲੋਂ ਹੜ੍ਹ ਪੀੜਤ ਪਰਵਾਰਾਂ ਨੂੰ ਰਿਪੋਰਟਰ ਐਸੋਸੀਏਸ਼ਨ ਪੰਜਾਬ ਦੇ ਸੂਬਾ ਪ੍ਰਧਾਨ ਸਤਿੰਦਰ ਸਿੰਘ ਰਾਜਾ ਆਦਮਪੁਰ ਦੇ ਯਤਨਾਂ ਸਦਕਾ ਲੋੜਮੰਦ ਪਰਿਵਾਰਾਂ ਨੂੰ ਰਾਸ਼ਨ ਵੰਡਿਆ ਗਿਆ। ਇਸ ਮੌਕੇ ਸੂਬਾ ਪ੍ਰਧਾਨ ਸਤਿੰਦਰ ਸਿੰਘ ਰਾਜਾ ਆਦਮਪੁਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਹੜ੍ਹ ਪੀੜਤ ਇਲਾਕਿਆਂ ਵਿਚ ਜਾ ਕੇ ਸ਼ੁਕਰਾਨਾ ਟੀਮ ਆਦਮਪੁਰ ਵੱਲੋਂ ਸਹਾਇਤਾ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਮਨੁੱਖਤਾ ਦੀ ਸੇਵਾ ਸਭ ਤੋਂ ਉੱਤਮ ਸੇਵਾ ਹੈ। ਇਸ ਮੌਕੇ ਹੜ੍ਹ ਪੀੜਤ ਪਰਿਵਾਰਾਂ ਨੇ ਦੱਸਿਆ ਕਿ ਸਾਡੀ ਕਿਸੇ ਨੇ ਵੀ ਸਾਰ ਨਹੀਂ ਲਈ। ਇਸ ਮੌਕੇ ਸੂਬਾ ਪ੍ਰਧਾਨ ਸਤਿੰਦਰ ਸਿੰਘ ਰਾਜਾ ਆਦਮਪੁਰ ਨੇ ਦੱਸਿਆ ਕਿ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਪਰਵਾਰਾਂ ਨੂੰ ਮਹੀਨਾਵਾਰੀ ਰਾਸ਼ਨ ਦਿੱਤਾ ਜਾਵੇਗਾ।ਰਿਪੋਰਟਰ ਐਸੋਸੀਏਸ਼ਨ ਪੰਜਾਬ ਵੱਲੋਂ ਕਸਬਾ ਮੇਹਟੀਆਣਾ ਵਿਖੇ ਬੁਹਤ ਜਲਦੀ ਮੁਫ਼ਤ ਮੈਡੀਕਲ ਕੈਂਪ ਵੀ ਲਗਾਇਆ ਜਾ ਰਿਹਾ ਹੈ। ਇਸ ਮੌਕੇ ਪਿੰਡ ਵਾਸੀਆਂ ਨੇ ਲੋੜਵੰਦ ਪਰਵਾਰਾਂ ਨੂੰ ਰਾਸ਼ਨ ਦੇਣ ਤੇ ਧੰਨਵਾਦ ਕੀਤਾ। ਇਸ ਮੌਕੇ ਰਾਸ਼ਨ ਵੰਡ ਸਮਾਗਮ ਦੌਰਾਨ ਸੂਬਾ ਪ੍ਰਧਾਨ ਸਤਿੰਦਰ ਸਿੰਘ ਰਾਜਾ ਆਦਮਪੁਰ, ਹਰਵਿੰਦਰ ਸਿੰਘ ਭੁੰਗਰਨੀ, ਕੁਲਦੀਪ ਸਿੰਘ ਨੂਰ ਫੁਗਲਾਣਾ, ਕਮਲ ਨੂਰ, ਬਿੱਲਾ ਮੇਹਟੀਆਣਾ, ਸੁਖਵਿੰਦਰ ਕੌਰ, ਬਿੰਦਰ ਕੌਰ, ਬਿਮਲਾ ਦੇਵੀ, ਸੋਨੂੰ, ਅਜੇ, ਗੁਰਦੀਪ, ਰਾਜਵੀਰ, ਸੀਤਾ, ਰਘਵੀਰ, ਸੀਮਾ ਆਦਿ ਹਾਜ਼ਰ ਸਨ।

# ਅਧਿਆਪਕ ਸਨਮਾਨ ਸਮਾਰੋਹ ਆਯੋਜਿਤ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਇਲਾਕੇ ਦੀ ਨਾਮਵਰ ਸੰਸਥਾ ਪਰਿਆਸ ਕਲਾ ਮੰਚ ਵੱਲੋਂ ਅਲਾਇੰਸ ਕਲੱਬ ਇੰਟਰਨੈਸ਼ਨਲ ਦੇ ਸਹਿਯੋਗ ਨਾਲ ਅਧਿਆਪਕ ਦਿਵਸ ਨੂੰ ਸਮਰਪਿਤ ਉਹਨਾਂ ਪਰਿਆਸ ਕਲਾ ਮੰਚ ਵੱਲੋਂ ਕੀਤੇ ਜਾ ਰਹੇ ਕਾਰਜਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਵੀ ਦਿੱਤੀ। ਉਹਨਾਂ ਅਧਿਆਪਕ ਵਰਗ ਨੂੰ ਸਮਾਜ ਦਾ ਮਾਰਗ ਦਰਸ਼ਕ ਦੱਸਦਿਆਂ ਅਧਿਆਪਕਾਂ ਵੱਲੋਂ ਸਾਹਿਬਾਨ ਨੂੰ ਅਧਿਆਪਕ ਦਿਵਸ ਦੀਆਂ ਮੁਬਾਰਕਾਂ ਦਿੱਤੀਆਂ ਅਤੇ ਸਮਾਜ ਵਿੱਚ ਅਧਿਆਪਕਾਂ ਵੱਲੋਂ ਪਾਏ ਜਾ ਰਹੇ ਯੋਗਦਾਨ ਬਾਰੇ ਵਿਸਥਾਰ ਨਾਲ ਦੱਸਿਆ ਤੇ ਅਧਿਆਪਕ ਸਾਹਿਬਾਨਾਂ ਦੇ ਕੰਮ ਦੀ ਰੱਜ ਕੇ



ਅਧਿਆਪਕ ਸਨਮਾਨ ਸਮਾਰੋਹ ਸਥਾਨਕ ਹੋਟਲ ਤਾਜ ਵਿਖੇ ਆਯੋਜਿਤ ਕੀਤਾ ਗਿਆ। ਸਮਾਰੋਹ ਦੀ ਸ਼ੁਰੂਆਤ ਮੌਕੇ ਪਰਿਆਸ ਕਲਾ ਮੰਚ ਦੇ ਪ੍ਰਧਾਨ ਪ੍ਰਿੰਸੀਪਲ ਨਿਰੰਜਨ ਸਿੰਘ ਰਾਣਾ ਨੇ ਆਈਆਂ ਹੋਈਆਂ ਸ਼ਖ਼ਸੀਅਤਾਂ ਨੂੰ ਜੀ ਆਇਆਂ ਕਿਹਾ। ਅਧਿਆਪਨ ਦੇ ਖੇਤਰ ਵਿੱਚ ਕੀਤੇ ਜਾ ਰਹੇ ਕਾਰਜਾਂ ਦੀ ਪ੍ਰਸ਼ੰਸਾ ਕੀਤੀ। ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਪਹੁੰਚੇ ਭਾਰਤੀਯ ਜਨਤਾ ਪਾਰਟੀ ਦੇ ਮੰਡਲ ਪ੍ਰਧਾਨ ਸ੍ਰੀ ਆਨੰਦਪੁਰ ਸਾਹਿਬ ਉੱਘੇ ਸਮਾਜ ਸੇਵੀ ਰਤਨ ਕੁਮਾਰ ਧਨੇੜਾ ਨੇ ਅਧਿਆਪਕ ਤਾਰੀਫ ਵੀ ਕੀਤੀ। ਉੱਘੇ ਰੰਗਕਰਮੀ ਸੀਨੀਅਰ ਪੱਤਰਕਾਰ ਤੇ ਨਾਮੀਂ ਐਂਕਰ ਰਾਜ ਘਈ ਨੇ ਸਟੇਜ ਸਕੱਤਰ ਦੀ ਭੂਮਿਕਾ ਬਖ਼ੂਬੀ ਨਿਭਾਈ। ਇਸ ਮੌਕੇ ਡਾਕਟਰ ਹਰਦਿਆਲ ਸਿੰਘ ਪੰਨੂ, ਡਾਇਰੈਕਟਰ ਮਾਈਟੀ ਖਾਲਸਾ ਇੰਟਰਨੈਸ਼ਨਲ ਸਕੂਲ ਡਾਕਟਰ ਅਮਿਤੋਜ ਸਿੰਘ, ਡਾਕਟਰ ਜੀ ਪੀ ਸਿੰਘ, ਸੇਵਾ ਮੁਕਤ ਮੁੱਖ ਅਧਿਆਪਕ ਬੱਲਮ ਸਿੰਘ, ਮਿਊਸੀਪਲ ਕੌਂਸਲਰ ਜਸਵਿੰਦਰ ਸਿੰਘ ਰਤਨ, ਸਿੱਖਿਆ ਕੋਆਰਡੀਨੇਟਰ ਦਇਆ ਸਿੰਘ, ਸੇਵਾ ਮੁਕਤ ਲੈਕਚਰਾਰ ਜਤਿੰਦਰ ਦੀਵਾਨ, ਮੁੱਖ ਅਧਿਆਪਕ ਗੁਰਜਤਿੰਦਰ ਪਾਲ ਸਿੰਘ, ਲੈਕਚਰਾਰ ਅਨੀਤਾ ਡੋਗਰਾ, ਸੀਨੀਅਰ ਪੱਤਰਕਾਰ ਜਰਨੈਲ ਸਿੰਘ ਨਿੱਕੂਵਾਲ, ਸੇਵਾ ਮੁਕਤ ਲੈਕਚਰਾਰ ਬਲਵੀਰ ਕੌਰ, ਲੈਕਚਰਾਰ ਸਤੀਸ਼ ਸ਼ਰਮਾ ਆਦਿ ਹਾਜ਼ਰ ਸਨ।

# ਸੀ ਟੀ ਗਰੁੱਪ ਦੇ ਸਾਬਕਾ ਵਿਦਿਆਰਥੀ ਰੋਹਿਤ ਤੁਰਲਾਪਤੀ ਨੂੰ 88 ਲੱਖ ਰੁਪਏ ਦਾ ਸਾਲਾਨਾ ਪੈਕੇਜ ਮਿਲਿਆ

**ਜਲੰਧਰ (ਸ਼ੈਲੀ ਐਲਬਰਟ)** ਸੀ.ਟੀ. ਗਰੁੱਪ ਆਫ਼ ਇੰਸਟੀਚਿਊਸ਼ਨਸ, ਨਾਰਥ ਕੈਂਪਸ, ਵਿਖੇ ਇੱਕ ਜਜ਼ਬਾਤੀ ਪਲ ਦੇਖਣ ਨੂੰ ਮਿਲਿਆ ਜਦੋਂ ਸੰਸਥਾ ਦੇ ਇੱਕ ਸਾਬਕਾ ਵਿਦਿਆਰਥੀ ਰੋਹਿਤ ਤੁਰਲਾਪਤੀ, ਆਪਣੀ ਸ਼ਾਨਦਾਰ ਕਾਮਯਾਬੀ ਨਾਲ ਵਾਪਸ ਪਰਤੇ। ਰੋਹਿਤ ਨੇ ਹਾਲ ਹੀ ਇਲੈਕਟ੍ਰਾਨਿਕ ਆਰਟਸ ਵਿਖੇ ਸੀਨੀਅਰ ਪਾਇਥਨ ਡਿਵੈਲਪਰ ਦੇ ਆਕਰਸ਼ਕ ਪਦ ਲਈ 88 ਲੱਖ ਰੁਪਏ ਸਾਲਾਨਾ ਦੇ ਇੱਕ ਉੱਚੇ



ਪੈਕੇਜ 'ਤੇ ਨਿਯੁਕਤੀ ਪ੍ਰਾਪਤ ਕੀਤੀ ਹੈ, ਜੋ ਕਿ ਸੀ.ਟੀ. ਦੇ ਕਿਸੇ ਵਿਦਿਆਰਥੀ ਦੁਆਰਾ ਹਾਸਲ ਕੀਤੇ ਗਏ ਸਭ ਤੋਂ ਉੱਚੇ ਪੈਕੇਜਾਂ ਵਿੱਚੋਂ ਇੱਕ ਹੈ।ਇਸ ਕਾਮਯਾਬੀ 'ਤੇ ਸੰਸਥਾ ਨੇ ਇੱਕ ਵਿਸ਼ੇਸ਼ ਗੱਲਬਾਤ ਸੈਸ਼ਨ ਦਾ ਆਯੋਜਨ ਕੀਤਾ, ਜਿੱਥੇ ਰੋਹਿਤ ਨੇ ਆਪਣੀ ਸਫਲਤਾ ਦੀ ਪ੍ਰੇਰਨਾਦਾਇਕ ਯਾਤਰਾ ਜਿਸ ਵਿੱਚ ਸਖਤ ਮੇਹਨਤ, ਲਗਨ ਅਤੇ ਦ੍ਰਿੜ੍ਹ ਸੰਕਲਪ ਸ਼ਾਮਲ ਹੈ , ਨੂੰ ਸਾਂਝਾ ਕੀਤਾ।ਸੀ.ਟੀ. ਗਰੁੱਪ ਦੀ ਲੀਡਰਸ਼ਿਪ ਨੇ ਰੋਹਿਤ ਦੀ ਇਸ ਸ਼ਾਨਦਾਰ ਉਪਲਬਧੀ 'ਤੇ ਬੇਹੱਦ ਮਾਣ ਦਾ ਪ੍ਰਗਟਾਵਾ ਕੀਤਾ। ਚੇਅਰਮੈਨ ਸਰਦਾਰ ਚਰਨਜੀਤ ਸਿੰਘ ਚੰਨੀ ਨੇ ਇਸ ਨੂੰ ਸੰਸਥਾ ਲਈ ਇੱਕ ਗਰਵ ਦਾ ਪਲ ਦੱਸਿਆ, ਜਦ ਕਿ ਮੈਨੇਜਿੰਗ ਡਾਇਰੈਕਟਰ ਡਾਕਟਰ ਮਨਬੀਰ ਸਿੰਘ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਉਨ੍ਹਾਂ ਦੀ ਸਫਲਤਾ ਸੀ.ਟੀ. ਗਰੁੱਪ ਵਿੱਚ ਅਪਣਾਏ ਜਾਂਦੇ ਮੁੱਲਾਂ ਅਤੇ ਗੁਣਵੱਤਾਪੂਰਨ ਸਿੱਖਿਆ ਨੂੰ ਦਰਸਾਉਂਦੀ ਹੈ। ਉਪ-ਚੇਅਰਮੈਨ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਅਜਿਹੀਆਂ ਵਿਸ਼ਵ ਪੱਧਰੀ ਉਪਲਬਧੀਆਂ ਇਸ ਗੱਲ ਦਾ ਸਬੂਤ ਹਨ ਕਿ ਸੀ.ਟੀ. ਦੇ ਵਿਦਿਆਰਥੀ ਦੁਨੀਆ ਭਰ ਵਿੱਚ ਆਪਣਾ ਨਾਂ ਬਣਾ ਰਹੇ ਹਨ। ਆਪਣੇ ਵਿਚਾਰ ਸਾਂਝੇ ਕਰਦੇ ਹੋਏ, ਐ ਕ ਜ਼ੀ ਕਿ ਊ ਟਿ ਵ ਡਾਇਰੈਕਟਰ ਡਾਕਟਰ ਨਿਤਿਨ ਟੰਡਨ ਨੇ ਕਿਹਾ ਕਿ ਅਜਿਹੇ ਸਾਬਕਾ ਵਿਦਿਆਰਥੀਆਂ ਦੀ ਪ੍ਰਾਪਤੀ ਵਿਦਿਆਰਥੀਆਂ ਨੂੰ ਸੀਮਾਵਾਂ ਤੋਂ ਪਰੇ ਸਪਨੇ ਦੇਖਣ ਲਈ ਪ੍ਰੇਰਿਤ ਕਰਦੀ ਹੈ, ਜਦ ਕਿ ਕੈਂਪਸ ਡਾਇਰੈਕਟਰ ਡਾਕਟਰ ਅਨੁਰਾਗ ਸ਼ਰਮਾ ਨੇ ਇੱਕ ਵਿਦਿਆਰਥੀ ਦਾ ਸਵਾਗਤ ਕਰਨ ਦੀ ਖੁਸ਼ੀ ਜ਼ਾਹਰ ਕੀਤੀ ਜਿਸ ਦਾ ਸਫ਼ਰ ਸਿੱਖਿਆ ਅਤੇ ਪ੍ਰੇਰਨਾ ਦਾ ਮੇਲ ਹੈ।ਇਸ ਸਮਾਰੋਹ ਦਾ ਅੰਤ ਖੜ੍ਹੇ ਹੋ ਕੇ ਵਜਾਈਆਂ ਜ਼ੋਰਦਾਰ ਤਾੜੀਆਂ ਨਾਲ ਹੋਇਆ।

# ਮਹੰਤ ਅਜੈ ਰਾਮ ਦਾਸ ਨਮਿਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ



**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਬੱਡਲਾ ਵਿਖੇ ਬਾਂਕੇ ਬਿਹਾਰੀ ਮੰਦਰ ਕੁਟੀਆ ਤੁਲਸੀ ਦਾਸ ਜੀ ਦੇ ਮੁੱਖ ਸੇਵਾਦਾਰ ਮਹੰਤ ਅਜੈ ਰਾਮ ਦਾਸ ਜੀ ਦਾ ਬੀਤੀ ਦਿਨੀ ਦੇਹਾਂਤ ਹੋ ਗਿਆ ਸੀ। ਇਸ ਮੌਕੇ ਦੁੱਖ ਦੀ ਘੜੀ ਵਿੱਚ ਇਲਾਕੇ ਭਰ ਤੋਂ ਵੱਖ ਵੱਖ ਪਾਰਟੀਆਂ ਦੇ ਆਗੂ, ਰਾਜਨਿਤਿਕ ਆਗੂ, ਧਾਰਮਿਕ ਸੰਸਥਾਵਾਂ, ਸਾਮਾਜਿਕ ਸੰਸਥਾਵਾਂ ਅਤੇ ਪੱਤਰਕਾਰ ਭਾਈਚਾਰੇ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਮਹੰਤ ਚਤੁਰ ਭੁਜ ਦਾਸ ਨਡਾਲੋਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਮਹੰਤ ਅਜੈ ਰਾਮ ਦਾਸ ਬੱਡਲਾ ਦੀ ਆਤਮਿਕ ਸ਼ਾਂਤੀ ਲਈ ਸੁੰਦਰ ਕਾਂਡ ਪਾਠ ਜੀ ਦੇ ਭੋਗ ਪਾਏ ਗਏ। ਇਸ ਮੌਕੇ ਮਹੰਤ ਨਰੈਣ ਦਾਸ ਹੁਸ਼ਿਆਰਪੁਰ, ਮਹੰਤ ਬਾਲ ਮੁਕੰਦ ਪਠਾਨਕੋਟ, ਪੰਡਤ ਜਗਨ ਨਾਥ ਹੁਸ਼ਿਆਰਪੁਰ, ਪੰਡਤ ਭੋਲਾ ਝਾਅ ਫਗਵਾੜਾ, ਪੰਡਤ ਪੰਚਨੰਦਾ ਦਾਸ ਬਿੰਜੋ, ਸੰਤ ਰਾਮ ਸਰੂਪ ਦਾਸ ਨਡਾਲੋਂ, ਮਹੰਤ ਜਗਦੀਸ਼ ਦਾਸ ਨਡਾਲੋਂ ਆਦਿ ਨੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸ਼ਰਧਾਂਜਲੀਆਂ ਸਮਾਗਮ ਪ੍ਰਦੀਪ ਕੁਮਾਰ, ਸੁਸ਼ਮਾ, ਕੰਚਨ, ਵੀਮਾ, ਰਤਨਾ, ਨਗਿੰਦਰ ਪ੍ਰਸਿਧ, ਮੋਤੀ ਸਾਗਰ, ਕਮਲ ਗੋਰਵ, ਮੋਹਿਤ, ਵਿਜੈ ਕੁਮਾਰ, ਜਗਦੀਸ਼, ਇੰਦਰ ਕੁਮਾਰ, ਰਾਮ ਪ੍ਰਸਿਦ, ਰਾਜ ਕੁਮਾਰ ਟੋਨੀ, ਸੁਖਵਿੰਦਰ ਸਿੰਘ ਨਡਾਲੋਂ, ਅਮਰਜੀਤ ਕੌਰ ਆਦਿ ਹਾਜ਼ਰ ਸਨ।

## ਨਹਿਰੀ ਪਾਣੀ ਲਈ ਤਰਸੇ ਲੱਕੜਵਾਲੀ ਦੇ ਕਿਸਾਨ



ਸਿਰਸਾ (ਸੁਰਿੰਦਰ ਪਾਲ ਸਿੰਘ)-ਕਾਲਾਂਵਾਲੀ ਖੇਤਰ ਦੇ ਪਿੰਡ ਲੱਕੜਵਾਲੀ ਦੇ ਕਿਸਾਨਾਂ ਸਮੇਤ ਸਮੂਹ ਨਗਰ ਨਿਵਾਸੀਆਂ ਵੱਲੋਂ ਸੁਖਚੈਨ-ਲੱਕੜਵਾਲੀ ਮਾਈਨਰ ਨੰ: 20300 'ਤੇ ਇਕੱਤਰ ਹੋ ਕੇ ਮਾਈਨਰ ਵਿੱਚ ਪਾਣੀ ਦੀ ਲਗਾਤਾਰ ਘਾਟ ਹੋਣ 'ਤੇ ਰੋਸ ਪ੍ਰਦਰਸ਼ਨ ਕੀਤਾ ਗਿਆ। ਪਿੰਡ ਲੱਕੜਵਾਲੀ ਦੇ ਕਿਸਾਨ ਚਰਨਜੀਤ ਸਿੰਘ ਗਿੱਲ, ਨਾਇਬ ਸਿੰਘ, ਦਰਸ਼ਨ ਸਿੰਘ ਪ੍ਰਧਾਨ, ਗੁਰਬਚਨ ਸਿੰਘ, ਤਿਰਲੋਕ ਸਿੰਘ, ਰਾਜਵੀਰ ਸਿੰਘ ਤੇ ਪਵਨ ਕੁਮਾਰ ਦਾ ਕਹਿਣਾ ਸੀ ਕਿ ਪਿੰਡ ਸੁਖਚੈਨ ਤੋਂ ਲੱਕੜਵਾਲੀ ਆ ਰਹੇ ਮਾਈਨਰ ਵਿੱਚ ਪਾਣੀ ਸਰਕਾਰੀ ਅਸੂਲਾਂ ਮੁਤਾਬਕ ਅੱਧਾ ਆ ਰਿਹਾ ਹੈ। ਇਨ੍ਹਾਂ ਇਕੱਤਰ ਹੋਏ ਕਿਸਾਨਾਂ ਦਾ ਕਹਿਣਾ ਸੀ ਕਿ ਲੱਕੜਵਾਲੀ ਖੇਤਰ ਦੇ ਟਿਊਬਵੈੱਲਾਂ ਦਾ ਪਾਣੀ ਖੇਤੀ ਯੋਗ ਨਾ ਹੋਣ ਕਰਕੇ ਉਹ ਨਹਿਰੀ ਪਾਣੀ 'ਤੇ ਨਿਰਭਰ ਕਰਦੇ ਹਨ। ਪਿੰਡ ਦੇ ਕਿਸਾਨ ਤਰਲੋਕ ਸਿੰਘ ਤੇ ਦਰਸ਼ਨ ਸਿੰਘ ਪ੍ਰੇਮੀ ਦਾ ਕਹਿਣਾ ਸੀ ਕਿ ਉਹ ਲੰਬੇ ਸਮੇਂ ਤੋਂ ਨਹਿਰੀ ਪਾਣੀ ਦੀ ਘਾਟ ਨਾਲ ਜੂਝ ਰਹੇ ਹਨ। ਉਨ੍ਹਾਂ ਸਾਡੇ ਪੱਤਰਕਾਰ ਨੂੰ ਦੱਸਿਆ ਕਿ ਇਸ ਮਾਈਨਰ ਦੇ 3 ਹਜ਼ਾਰ ਏਕੜ ਰਕਬੇ ਲਈ 12 ਹਿੱਸੇ ਪਾਣੀ 'ਚੋਂ 6 ਹਿੱਸੇ ਪਾਣੀ ਹੀ ਮਾਈਨਰ ਵਿੱਚ ਆਉਂਦਾ ਹੈ, ਜਿਸ ਕਾਰਨ ਉਨ੍ਹਾਂ ਦੀਆਂ ਫਸਲਾਂ ਨਹਿਰੀ ਪਾਣੀ ਦੀ ਸਿੰਚਾਈ ਤੋਂ ਵਾਂਝੀਆਂ ਰਹਿ ਜਾਂਦੀਆਂ ਹਨ। ਇਨ੍ਹਾਂ ਕਿਸਾਨਾਂ ਦਾ ਕਹਿਣਾ ਸੀ ਲੱਕੜਵਾਲੀ ਮਾਈਨਰ ਤੱਕ ਪਹੁੰਚ ਰਹੇ ਪਾਣੀ ਦੀ ਘਾਟ, ਮਾਈਨਰ ਦੀ ਸਾਫ ਸਫਾਈ ਤੇ ਪਾਣੀ ਚੋਰੀ ਸਬੰਧੀ ਉਹ ਬਹੁਤ ਵਾਰ ਵੱਡੇ ਤੋ ਛੋਟੇ ਅਧਿਕਾਰੀਆਂ ਨੂੰ ਮਿਲ ਚੁੱਕੇ ਹਨ, ਪਰ ਉਨ੍ਹਾਂ ਦੀ ਕਿਤੇ ਸੁਣਵਾਈ ਨਹੀਂ ਹੋਈ। ਕਿਸਾਨ ਠੰਡੂ ਸਿੰਘ, ਨੀਟੂ ਸਿੰਘ, ਰਾਜਵੀਰ, ਹਰਪਾਲ ਤੇ ਗਗਨਦੀਪ ਸਿੰਘ ਨੇ ਦੱਸਿਆ ਕਿ ਜੇਕਰ ਨਹਿਰੀ ਵਿਭਾਗ ਨੇ ਉਨ੍ਹਾਂ ਦੀ ਸਮੱਸਿਆ ਦਾ ਜਲਦੀ ਹੱਲ ਨਾ ਕੀਤਾ ਤਾਂ ਉਹ ਵੱਡੇ ਪੱਧਰ 'ਤੇ ਸਿਰਸਾ ਵਿਖੇ ਰੋਸ ਪ੍ਰਦਰਸ਼ਨ ਕਰਨਗੇ।

## ਯੂ ਪੀ ਦੀ ਸੰਸਥਾ ਨੇ ਪੀੜਤਾਂ ਲਈ ਰਾਹਤ ਸਮੱਗਰੀ ਭੇਜੀ

ਫਿਰੋਜ਼ਪੁਰ (ਅਸ਼ੋਕ ਸ਼ਰਮਾ)

ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਆਏ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਲੋਕਾਂ ਦੀ ਸਹਾਇਤਾ ਲਈ ਕਈ ਸਮਾਜ ਸੇਵੀ ਸੰਸਥਾਵਾਂ ਦਿਲ ਖੋਲ੍ਹ ਕੇ ਉਨ੍ਹਾਂ ਦੀ ਮੱਦਦ ਕਰ ਰਹੀਆਂ ਹਨ। ਇਸੇ ਹੀ ਕੜੀ ਤਹਿਤ ਉੱਤਰ ਪ੍ਰਦੇਸ਼ ਦੇ ਅਲੀਗੜ੍ਹ ਇਲਾਕੇ ਤੋਂ ਉੱਘੇ ਸਮਾਜ ਸੇਵਕ ਬਾਬਾ ਸੁਰਜੀਤ ਸਿੰਘ ਵੱਲੋਂ ਨੇ ਫੈਡਰੇਸ਼ਨ ਮਹਿਤਾ ਦੀ ਅਪੀਲ 'ਤੇ ਫਿਰੋਜ਼ਪੁਰ ਇਲਾਕੇ ਦੇ ਹੜ੍ਹ ਪੀੜਤ ਪਰਵਾਰਾਂ ਲਈ ਰਾਹਤ ਸਮੱਗਰੀ ਦੀ ਇੱਕ ਗੱਡੀ ਭੇਜੀ ਹੈ, ਜਿਸ ਵਿੱਚ ਨਵੇਂ ਕੰਬਲ, ਆਟਾ, ਦਾਲਾਂ, ਘਿਓ ਦੇ ਨਾਲ ਨਾਲ ਜ਼ਰੂਰੀ ਲੋੜਾਂ ਦੀਆਂ ਚੀਜ਼ਾਂ ਦੇ ਬੈਗ ਭੇਜੇ ਹਨ, ਜਿਨ੍ਹਾਂ ਨੂੰ ਸ਼ਹਿਰ ਦੇ ਗੁਰਦੁਆਰਾ ਸਿੰਘ ਸਭਾ ਅਕਾਲਗੜ੍ਹ ਵਿਖੇ ਜਮ੍ਹਾਂ ਕਰਵਾ ਦਿੱਤਾ ਗਿਆ ਹੈ ਅਤੇ ਹੁਣ ਇਹ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਦੀ ਪਹਿਚਾਣ ਕਰਕੇ ਇਹ ਸਾਰਾ ਸਾਮਾਨ ਉਨ੍ਹਾਂ ਤੱਕ ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਤੇ ਗੁਰਦੁਆਰਾ ਅਕਾਲਗੜ੍ਹ ਦੇ ਮੈਂਬਰ ਸਾਂਝੇ ਤੌਰ 'ਤੇ ਪਹੁੰਚਾਉਣਗੇ। ਇਸ ਸਮੇਂ ਫੈਡਰੇਸ਼ਨ ਮਹਿਤਾ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਭਾਈ ਜਸਪਾਲ ਸਿੰਘ ਤੇ ਸ਼ਹਿਰੀ ਪ੍ਰਧਾਨ ਕੁਲਦੀਪ ਸਿੰਘ ਨੱਢਾ ਨੇ ਦੱਸਿਆ ਕਿ ਪਿਛਲੇ 4-5 ਦਿਨਾਂ ਤੋਂ ਸੱਚਖੰਡ ਵਾਸੀ ਬਾਬਾ ਸੁਰਜੀਤ ਸਿੰਘ ਦੇ ਪੈਰੋਕਾਰਾਂ ਨੇ ਉਨ੍ਹਾਂ ਨਾਲ ਸੰਪਰਕ ਬਣਾਇਆ ਹੋਇਆ ਸੀ ਜਿਸ 'ਤੇ ਉਨ੍ਹਾਂ ਨੇ ਅੱਜ ਇਹ ਰਾਸ਼ਨ ਸਮੱਗਰੀ ਦੀ ਅਕਾਲਗੜ੍ਹ ਦੀ ਪ੍ਰਬੰਧਕ ਕਮੇਟੀ ਵੱਲੋਂ ਰਾਹਤ ਸਮੱਗਰੀ ਲਿਆਉਣ ਵਾਲੇ ਸੇਵਾਦਾਰਾਂ ਨੂੰ ਸਿਰੋਪੇ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਸੇਵਾਦਾਰ ਬਾਬਾ ਦਲਜੀਤ ਸਿੰਘ ਨੇ ਦੱਸਿਆ ਕਿ ਯੂ ਪੀ ਦੇ ਅਲੀਗੜ੍ਹ ਵਿਖੇ ਸ਼ਾਂਤੀ ਮਿਸ਼ਨ ਆਫ ਇੰਡੀਆ ਦੇ ਨਾਮ 'ਤੇ ਸੱਚਖੰਡ ਵਾਸੀ ਬਾਬਾ ਸੁਰਜੀਤ ਸਿੰਘ ਦੀ ਸੰਸਥਾ ਕੰਮ ਕਰ ਰਹੀ ਹੈ, ਜੋ ਲੋਕਾਂ ਦੇ ਸੰਗਤਾਂ ਦੀ ਹਰ ਥਾਂ 'ਤੇ ਸੇਵਾ ਕਰ ਰਹੀ ਹੈ ਅਤੇ ਹੁਣ ਪੰਜਾਬ 'ਚ ਆਏ ਹੜ੍ਹਾਂ ਨੂੰ ਵੇਖਦੇ ਹੋਏ ਉਨ੍ਹਾਂ ਦੇ ਪੈਰੋਕਾਰਾਂ ਵੱਲੋਂ ਇਹ ਫਿਰੋਜ਼ਪੁਰ ਵਿਖੇ ਵੀ ਸੇਵਾ ਭੇਜੀ ਗਈ ਹੈ। ਇਸ ਮੌਕੇ ਭਾਈ ਜਸਪਾਲ ਸਿੰਘ, ਕੁਲਦੀਪ ਸਿੰਘ ਨੱਢਾ, ਜਰਨੈਲ ਸਿੰਘ ਗਾਬੜੀਆ, ਗੁਰਬਖਸ਼ ਸਿੰਘ, ਅਵਤਾਰ ਸਿੰਘ ਤੇ ਡਾ. ਗੁਰਮੀਤ ਸਿੰਘ ਆਦਿ ਹਾਜ਼ਰ ਸਨ।

■ ਫੈਡਰੇਸ਼ਨ ਮਹਿਤਾ ਨੇ ਸੰਸਥਾ ਆਗੂਆਂ ਨੂੰ ਕੀਤਾ ਸਨਮਾਨਤ



## ਨਜਾਇਜ਼ ਸ਼ਰਾਬ ਸਮੇਤ ਗ੍ਰਿਫ਼ਤਾਰ, ਮੁਕੱਦਮਾ ਦਰਜ

ਜਲਾਲਾਬਾਦ (ਜੀਤ ਕੁਮਾਰ)- ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਸਵਾ 31 ਬੋਤਲਾਂ ਨਾਜਾਇਜ਼ ਸ਼ਰਾਬ ਦੇਸੀ ਤੇ ਇਕ ਮੋਟਰ ਸਾਇਕਲ ਸਮੇਤ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਜਾਂਚ ਅਧਿਕਾਰੀ ਐਚ.ਸੀ. ਅਮਨਦੀਪ ਨੇ ਦੱਸਿਆ ਕਿ ਪੁਲਸ ਪਾਰਟੀ ਨੂੰ ਗਸ਼ਤ ਦੌਰਾਨ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਜਸਵੰਤ ਸਿੰਘ ਉਰਫ਼ ਮਲਕੀਤ ਸਿੰਘ ਉਰਫ਼ ਮੀਤਾ ਪੁੱਤਰ ਹਰਬੰਸ ਸਿੰਘ ਵਾਸੀ ਮਹਾਲਮ ਜੋ ਨਾਜਾਇਜ਼ ਸ਼ਰਾਬ ਵੇਚਣ ਦਾ ਆਦੀ ਹੈ, ਜੋ ਹੁਣ ਵੀ ਦਾਣਾ ਮੰਡੀ ਜਲਾਲਾਬਾਦ ਵਿਖੇ ਨਜਾਇਜ਼ ਸ਼ਰਾਬ ਸ਼ਰਾਬ ਸਪਲਾਈ ਕਰਨ ਲਈ ਖੜਾ ਹੈ। ਇਤਲਾਹ ਮੁਤਾਬਕ ਤੇ ਭਰੋਸੇਯੋਗ ਹੋਣ ਤੇ ਪੁਲਸ ਪਾਰਟੀ ਨੇ ਛਾਪੇਮਾਰੀ ਕਰਕੇ ਸਵਾ 31 ਬੋਤਲਾਂ ਨਜਾਇਜ਼ ਸ਼ਰਾਬ ਦੇਸੀ, ਇੱਕ ਮੋਟਰ ਸਾਇਕਲ ਡੀਲਕਸ ਨੰਬਰ ਪੀਬੀ-22 ਐਮ-7830 ਸਮੇਤ ਜਸਵੰਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। ਥਾਣਾ ਸਿਟੀ ਜਲਾਲਾਬਾਦ ਵਿਖੇ ਧਾਰਾ 61/1/14 ਐਕਸਾਈਜ ਐਕਟ ਤਹਿਤ ਮੁਕੱਦਮਾ ਨੰਬਰ 129 ਦਰਜ ਕੀਤਾ ਗਿਆ ਹੈ।

## ਮਜ਼ਦੂਰ ਜਥੇਬੰਦੀਆਂ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਡਟੀਆਂ




ਜਗਰਾਉਂ (ਨਛੱਤਰ ਸੰਧੂ)-ਸਥਾਨਕ ਬੱਸ ਸਟੈਂਡ ਏਰੀਏ 'ਚ ਰੁਜ਼ਗਾਰ ਕਰਦੇ ਰੇਹੜੀ ਫੜੀ ਮਜ਼ਦੂਰ ਯੂਨੀਅਨ ਤੇ ਅਨਾਜ ਮੰਡੀ ਦੀ ਗੱਲਾ ਮਜ਼ਦੂਰ ਯੂਨੀਅਨ ਨੇ ਹੜ੍ਹ ਪੀੜਤਾਂ ਦੀ ਮਾਇਕ ਸਹਾਇਤਾ ਕਰਨ ਦਾ ਫੈਸਲਾ ਕੀਤਾ ਹੈ। ਦੋਵਾਂ ਜਥੇਬੰਦੀਆਂ ਦੀਆਂ ਅੱਡ ਅੱਡ ਹੋਈਆਂ ਮੀਟਿੰਗਾਂ 'ਚ ਮਜ਼ਦੂਰਾਂ ਨੇ ਹੁਸ਼ਿਆਰਪੁਰ ਦੇ ਪਿੰਡ ਹੁਸੈਨਪੁਰਾ 'ਚ ਇੱਕ ਮਾਸੂਮ ਬੱਚੇ ਦੇ ਵਹਿਸ਼ੀ ਕਤਲ ਦੀ ਜ਼ੋਰਦਾਰ ਨਿੰਦਾ ਕਰਦਿਆਂ ਦੋਸ਼ੀ ਕਾਤਲ ਨੂੰ ਫਾਸਟ ਟਰੈਕ ਕੋਰਟ ਰਾਹੀਂ ਸਖਤ ਤੋਂ ਸਖਤ ਸਜ਼ਾ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਪ੍ਰਵਾਸੀਆਂ ਖਿਲਾਫ ਪੰਜਾਬ 'ਚ ਕੁੱਝ ਥਾਵਾਂ 'ਤੇ ਕੀਤੇ ਜਾ ਰਹੇ ਵਿਰੁੱਧ ਪ੍ਰਚਾਰ ਨੂੰ ਗਲਤ ਕਰਾਰ ਦਿੰਦਿਆਂ ਕਿਹਾ ਕਿ ਪ੍ਰਵਾਸੀਆਂ ਤੋਂ ਬਿਨਾਂ ਨਾ ਤਾਂ ਛੋਟੇ ਮੋਟੇ ਧੰਦੇ ਚੱਲਦੇ ਹਨ ਤੇ ਨਾ ਹੀ ਅਨਾਜ ਮੰਡੀਆਂ। ਉਨ੍ਹਾਂ ਪੰਜਾਬ 'ਚ ਭਾਈਚਾਰਕ ਸਾਂਝ ਬਣਾਈ ਰੱਖਣ ਦੀ ਸਭ ਪੰਜਾਬੀਆਂ ਨੂੰ ਜ਼ੋਰਦਾਰ ਅਪੀਲ ਕੀਤੀ ਹੈ। ਦੋਹਾਂ ਜਥੇਬੰਦੀਆਂ ਨੇ ਪੰਜਾਬ 'ਚ ਹੜ੍ਹਾਂ ਦੀ ਮਾਰ 'ਚ ਆਏ ਪਰਵਾਰਾਂ ਨਾਲ ਡੂੰਘੀ ਹਮਦਰਦੀ ਜ਼ਾਹਰ ਕਰਦਿਆਂ ਕਿਹਾ ਕਿ ਕਿਸਾਨ ਸਾਡਾ ਅੰਨਦਾਤਾ ਤੇ ਪਾਲਣਹਾਰ ਹੈ। ਇਸ ਔਖੀ ਘੜੀ 'ਚ ਸਾਰਿਆਂ ਨੇ ਪੀੜਤਾਂ ਦੀ ਬਾਂਹ ਫੜੀ ਹੈ ਤੇ ਇਸ ਨੇਕ ਕਾਰਜ 'ਚ ਉਹ ਵੀ ਹਿੱਸਾ ਪਾਉਣ ਜਾ ਰਹੇ ਹਨ ਤਾਂ ਕਿ ਕਿਰਤੀ ਏਕਤਾ ਕਿਸਾਨ ਮਜ਼ਦੂਰ ਸਾਂਝ ਮਜ਼ਬੂਤ ਹੋਵੇ।ਉਨ੍ਹਾਂ ਕਿਹਾ ਕਿ ਕਿਸਾਨ ਦਿੱਲੀ ਅੰਦੋਲਨ ਲੜ ਕੇ ਮੰਡੀਆਂ ਬਚਾਈਆਂ, ਕਾਲਾ ਬਾਜ਼ਾਰੀ ਤੇ ਮਹਿੰਗਾਈ ਵਧਾਉਣ ਵਾਲੇ ਕਾਲੇ ਕਨੂੰਨ ਰੱਦ ਕਰਵਾਏ।ਅਸੀਂ ਕਿਸਾਨ ਲਹਿਰ ਦੇ ਰਿਣੀ ਹਾਂ ਤੇ ਇਸ ਔਖੀ ਘੜੀ ਸਹਾਇਤਾ ਇੱਕਠੀ ਕਰਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਜ਼ਿਲ੍ਹਾ ਕਮੇਟੀ ਰਾਹੀਂ ਭਿਜਵਾਈ ਜਾਵੇਗੀ।ਇਸ ਸਮੇਂ ਦੇਵ ਰਾਜ, ਜਗਤਾਰ ਸਿੰਘ ਤਾਰੀ, ਗੁਰਦੀਪ ਸਿੰਘ, ਸੋਨੂ ਚੌਧਰੀ, ਕੁਲਦੀਪ ਸਹੋਤਾ, ਜਸਵੰਤ ਸਿੰਘ ਤੇ ਰੇਹੜੀ ਫੜੀ ਮਜ਼ਦੂਰ ਆਗੂ ਮਲਕੀਤ ਸਿੰਘ, ਸੁਖਦੇਵ ਸਿੰਘ ਆਦਿ ਹਾਜ਼ਰ ਸਨ।

## ਐਡਵੋਕੇਟ ਸੰਦੀਪ ਝਾਂਬ ਸਾਹਿਤ ਸਭਾ ਜਲਾਲਾਬਾਦ ਦੇ ਨਵੇਂ ਪ੍ਰਧਾਨ ਬਣੇ



ਮੰਡੀ ਘੁਬਾਇਆ/ਜਲਾਲਾਬਾਦ (ਬਲਵਿੰਦਰ ਸਿੰਘ/ਜੀਤ ਕੁਮਾਰ)-ਸਾਹਿਤ ਸਭਾ (ਰਜਿ:) ਵੱਲੋਂ ਐਫੀਸ਼ੀਐਂਟ ਕਾਲਜ ਵਿੱਚ ਸਲਾਨਾ ਚੋਣ ਕੀਤੀ ਗਈ, ਜਿਸ ਵਿੱਚ ਐਡਵੋਕੇਟ ਸੰਦੀਪ ਝਾਂਬ ਨੂੰ ਸਰਬਸੰਮਤੀ ਨਾਲ ਸਾਹਿਤ ਸਭਾ ਦਾ ਪ੍ਰਧਾਨ ਬਣਾਇਆ ਗਿਆ ਤੇ ਇਸ ਸਭਾ ਦੇ ਵਿੱਚ ਸੰਤੋਖ ਸਿੰਘ ਬਰਾੜ ਨੂੰ ਸਰਪ੍ਰਸਤ, ਹਰਸ਼ਦੀਪ ਕੌਰ ਬੋਪਾਰਾਏ ਨੂੰ ਜਨਰਲ ਸਕੱਤਰ ਤੇ ਦੀਪਕ ਨਾਰੰਗ ਨੂੰ ਖ਼ਜ਼ਾਨਚੀ ਬਣਾਇਆ ਗਿਆ ਹੈ।ਸਾਹਿਤ ਸਭਾ ਦੇ ਨਵੇਂ ਬਣੇ ਪ੍ਰਧਾਨ ਐਡਵੋਕੇਟ ਸੰਦੀਪ ਝਾਂਬ ਨੇ ਸਹਿਤ ਸਭਾ ਦੇ ਮੈਂਬਰਾਂ ਨੂੰ ਵਿਸ਼ਵਾਸ ਦਿਵਾਉਂਦਿਆਂ ਕਿਹਾ ਕਿ ਉਹ ਤੇ ਉਨ੍ਹਾਂ ਦੀ ਸਾਰੀ ਟੀਮ ਵੱਲੋਂ ਮਾਂ ਬੋਲੀ ਪੰਜਾਬੀ, ਪੰਜਾਬੀ ਸਾਹਿਤ ਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਪੂਰੀ ਤਨਦੇਹੀ ਨਾਲ ਸੇਵਾ ਕੀਤੀ ਜਾਵੇਗੀ।ਉਨ੍ਹਾਂ ਵੱਲੋਂ ਪਿਛਲੀ ਟੀਮ ਦੇ ਪ੍ਰਧਾਨ ਗੋਪਾਲ ਬਜਾਜ, ਪ੍ਰੀਤੀ ਬਬੂਟਾ, ਸੂਬਾ ਸਿੰਘ ਨੰਬਰਦਾਰ ਤੇ ਜਸਕਰਨਜੀਤ ਸਿੰਘ ਵੱਲੋਂ ਸਾਹਿਤ ਸਭਾ ਵਿੱਚ ਕੀਤੇ ਗਏ ਕੰਮਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਵਧਾਈ ਦਿੱਤੀ।

## ਮਾਲਵਾ ਕਬੱਡੀ ਲੀਗ ਫੈਡਰੇਸ਼ਨ ਦਾ ਗਠਨ : ਜੱਗੀ ਢੀਂਡਸਾ ਚੇਅਰਮੈਨ, ਕਰਮੀ ਬਰੜਵਾਲ ਉਪ ਚੇਅਰਮੈਨ, ਨੀਟੂ ਮੰਡੇਰ ਪ੍ਰਧਾਨ ਬਣੇ



ਧੂਰੀ (ਮੋਹਿਤ ਗਰਗ, ਬਿੰਨੀ ਗਰਗ) ਕਬੱਡੀ ਖੇਡ ਨੂੰ ਨਵੀਂ ਦਿਸ਼ਾ ਦੇਣ ਤੇ ਨਵੇਂ ਖਿਡਾਰੀਆਂ ਨੂੰ ਤਿਆਰ ਕਰਨ ਦੇ ਉਦੇਸ਼ ਨਾਲ ਮਾਲਵਾ ਕਬੱਡੀ ਲੀਗ ਫੈਡਰੇਸ਼ਨ ਦਾ ਗਠਨ ਕੀਤਾ ਗਿਆ।ਫੈਡਰੇਸ਼ਨ ਦੀ ਰਚਨਾ ਨਾ ਸਿਰਫ਼ ਖੇਡ ਨੂੰ ਉਚਾਈਆਂ ਤੱਕ ਲੈ ਜਾਣ ਲਈ ਕੀਤੀ ਗਈ ਹੈ, ਸਗੋਂ ਖਿਡਾਰੀਆਂ ਦੇ ਹੱਕਾਂ ਤੇ ਭਵਿੱਖ ਦੀ ਸੁਰੱਖਿਆ ਲਈ ਵੀ ਇੱਕ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ।ਚੋਣ ਪ੍ਰਕਿਰਿਆ ਦੌਰਾਨ ਸਰਬਸੰਮਤੀ ਨਾਲ ਫ਼ੈਸਲਾ ਕਰਕੇ ਇਲਾਕੇ ਦੇ ਮਸ਼ਹੂਰ ਸਮਾਜ ਸੇਵੀ ਤੇ ਨੌਜਵਾਨ ਉੱਦਮੀ ਜਗਸੀਰ ਸਿੰਘ ਜੱਗੀ ਢੀਂਡਸਾ ਨੂੰ ਫੈਡਰੇਸ਼ਨ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ। ਉਨ੍ਹਾਂ ਦੇ ਨਾਲ ਤਜਰਬੇਕਾਰ ਤੇ ਸਰਗਰਮ ਸ਼ਖ਼ਸੀਅਤਾਂ ਨੂੰ ਵੀ ਵੱਖ-ਵੱਖ ਅਹੁਦਿਆਂ ਲਈ ਚੁਣਿਆ ਗਿਆ ਹੈ।ਇਨ੍ਹਾਂ ੦ਚ ਕਰਮਜੀਤ ਸਿੰਘ ਕਰਮੀ ਬਰੜ੍ਹਵਾਲ ਉਪ ਚੇਅਰਮੈਨ, ਤਲਵਿੰਦਰ ਸਿੰਘ ਨੀਟੂ ਮੰਡੇਰ ਪ੍ਰਧਾਨ, ਸੁਖਵੀਰ ਸਿੰਘ ਕਾਲਾ ਮੀਮਸਾ ਮੀਤ ਪ੍ਰਧਾਨ, ਮੱਖਣ ਸ਼ੇਰਗਿੱਲ ਸਕੱਤਰ ਜਨਰਲ ਅਤੇ ਬਘੇਲ ਸਿੰਘ ਢੀਂਡਸਾ ਸਕੱਤਰ ਨਿਯੁਕਤ ਹੋਏ।ਇਸ ਤੋਂ ਇਲਾਵਾ ਲੱਖੀ ਬਰੜ੍ਹਵਾਲ ਖ਼ਜ਼ਾਨਚੀ ਦੀ ਜ਼ਿੰਮੇਵਾਰੀ ਸੰਭਾਲਣਗੇ।ਫੈਡਰੇਸ਼ਨ ਦੇ ਸਰਪ੍ਰਸਤਾਂ 'ਚ ਅੱਛਰਾ (ਆਸਟ੍ਰੇਲੀਆ), ਸਿੰਦਰੀ (ਕੈਨੇਡਾ), ਪ੍ਰਗਟ (ਆਸਟ੍ਰੇਲੀਆ), ਗੁਰਪ੍ਰੀਤ (ਆਸਟ੍ਰੇਲੀਆ) ਤੇ ਸੋਨੀ ਸੰਧੂ (ਕੈਨੇਡਾ) ਨੂੰ ਚੁਣਿਆ ਗਿਆ ਹੈ। ਵਿਦੇਸ਼ਾਂ ਵਿੱਚ ਵਸਦੇ ਇਹ ਸਰਪ੍ਰਸਤ ਫੈਡਰੇਸ਼ਨ ਨੂੰ ਆਰਥਿਕ ਅਤੇ ਪ੍ਰਬੰਧਕੀ ਪੱਖੋਂ ਮਜ਼ਬੂਤ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਣਗੇ।ਨਵੇਂ ਚੁਣੇ ਚੇਅਰਮੈਨ ਜੱਗੀ ਢੀਂਡਸਾ ਨੇ ਕਿਹਾ ਕਿ ਫੈਡਰੇਸ਼ਨ ਦੇ ਰਾਹੀਂ ਪਿੰਡ ਪੱਧਰ ਤੋਂ ਲੈ ਕੇ ਰਾਸ਼ਟਰੀ ਪੱਧਰ ਤੱਕ ਖਿਡਾਰੀਆਂ ਲਈ ਮੌਕੇ ਪੈਦਾ ਕੀਤੇ ਜਾਣਗੇ।ਉਨ੍ਹਾਂ ਦਾਅਵਾ ਕੀਤਾ ਕਿ ਕਬੱਡੀ ਨੂੰ ਸਿਰਫ਼ ਖੇਡ ਹੀ ਨਹੀਂ, ਸਗੋਂ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣ ਅਤੇ ਸਿਹਤਮੰਦ ਜੀਵਨ ਵੱਲ ਲਿਜਾਣ ਦਾ ਸਭ ਤੋਂ ਵਧੀਆ ਸਾਧਨ ਬਣਾਇਆ ਜਾਵੇਗਾ।

## ਰਾਮਲੀਲ੍ਹਾ ਦਾ ਲੌਂਗੋਵਾਲ ਵਿਖੇ ਸ਼ੁਭ ਆਰੰਭ



ਲੌਂਗੋਵਾਲ (ਪ੍ਰਦੀਪ ਸੱਪਲ)-ਸ੍ਰੀ ਰਾਮਾ ਰਾਮਲੀਲਾ ਕਲੱਬ ਵੱਲੋਂ ਸ੍ਰੀ ਰਾਮ ਲੀਲਾ ਦਾ ਸ਼ੁਭ ਆਰੰਭ ਕੀਤਾ ਗਿਆ, ਜਿਸਦਾ ਉਦਘਾਟਨ ਨਗਰ ਕੌਂਸਲ ਪ੍ਰਧਾਨ ਪਰਮਿੰਦਰ ਕੌਰ ਬਰਾੜ ਤੇ ਆਪ ਦੇ ਸੀਨੀਅਰ ਆਗੂ ਬਲਵਿੰਦਰ ਸਿੰਘ ਢਿੱਲੋਂ ਨੇ ਕੀਤਾ।ਝੰਡਾ ਲਹਿਰਾਉਣ ਦੀ ਰਸਮ ਜ਼ਿਲ੍ਹਾ ਯੂਥ ਕਾਂਗਰਸ ਦੇ ਪ੍ਰਧਾਨ ਐਡਵੋਕੇਟ ਗੁਰਤੇਗ ਸਿੰਘ ਲੌਂਗੋਵਾਲ, ਪਰਦੇ ਦੀ ਰਸਮ ਆਪ ਆਗੂ ਰਾਜ ਸਿੰਘ ਰਾਜੂ ਤੇ ਜੋਤੀ ਪ੍ਰਚੰਡ ਦੀ ਰਸਮ ਸ੍ਰੀ ਰਾਧਾ ਰਾਣੀ ਪ੍ਰਭਾਤ ਫੇਰੀ ਮੰਡਲ ਦੇ ਵਿਜੇ ਕੁਮਾਰ ਗੋਇਲ, ਆਸ਼ੂ ਆਰੀਆ, ਕਾਲਾ ਮਿੱਤਲ, ਸੰਜੇ ਸੈਨ ਵੱਲੋਂ ਅਦਾ ਕੀਤੀ ਗਈ, ਜਦਕਿ ਐਡਵੋਕੇਟ ਗੁਰਵਿੰਦਰ ਸਿੰਘ ਵਾਲੀਆ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।ਇਸ ਮੌਕੇ ਕਲੱਬ ਪ੍ਰਧਾਨ ਵਰਿੰਦਰ ਕੁਮਾਰ ਭੱਪਾ, ਬੁੱਧ ਰਾਮ ਗਰਗ, ਗੋਪਾਲ ਕ੍ਰਿਸ਼ਨ ਪਾਲੀ, ਮਦਨ ਲਾਲ, ਰਮੇਸ਼ ਸ਼ਰਮਾ, ਸੁਮਿਤ ਸਿੰਗਲਾ ਕਾਲਾ, ਤਰਸੇਮ ਗੁਪਤਾ, ਚਿਮਨ ਲਾਲ, ਬਲਰਾਜ ਕ੍ਰਿਸ਼ਨ ਬਾਲੀ, ਮਨਜੀਤ ਸ਼ਰਮਾ ਲਹਿਰਾਗਾਗਾ, ਰਵੀ ਗਰਗ, ਹਨੀ ਗੋਇਲ, ਕਵੀ, ਨਰੇਸ਼ ਜਿੰਦਲ, ਰਿੰਕੂ ਜਿੰਦਲ, ਧਰਮ ਪਾਲ, ਨੀਟੂ ਆਰੀਆ, ਮੁਨੀਸ਼ ਕੁਮਾਰ ਮੋਨਾ, ਸੰਜੀਵ ਬਿੱਟੂ, ਜੋਨੀ, ਪੱਪੂ, ਬਬਲੀ ਜਿੰਦਲ, ਦੀਪ ਕੁਮਾਰ, ਸਤਪਾਲ ਸ਼ਰਮਾਂ ਨੇ ਮਹਿਮਾਨਾਂ ਦਾ ਸਨਮਾਨ ਕੀਤਾ।ਬੁਲਾਰਿਆਂ ਨੇ 11 ਸਾਲ ਬਾਅਦ ਸ਼ੁਰੂ ਹੋਈ ਰਾਮਲੀਲ੍ਹਾ ਲਈ ਪ੍ਰਬੰਧਕਾਂ ਨੂੰ ਵਧਾਈ ਦਿੱਤੀ ਤੇ ਦਰਸ਼ਕਾਂ ਨੂੰ ਭਗਵਾਨ ਸ੍ਰੀ ਰਾਮ ਜੀ ਦੀਆਂ ਸਿੱਖਿਆਵਾਂ 'ਤੇ ਚੱਲਣ ਦੀ ਅਪੀਲ ਕੀਤੀ।ਪਹਿਲੇ ਦਿਨ ਨਾਰਦ ਮੋਹ ਤੱਕ ਰਾਮਲੀਲ੍ਹਾ ਦਾ ਮੰਚਨ ਕੀਤਾ ਗਿਆ, ਜਿਸ ਦਾ ਸੈਂਕੜੇ ਹੀ ਲੋਕਾਂ ਨੇ ਆਨੰਦ ਲਿਆ।ਇਸ ਮੌਕੇ ਕਮਲ ਬਰਾੜ, ਸ਼ਿਸ਼ਨ ਪਾਲ ਗਰਗ, ਰਣਜੀਤ ਸਿੰਘ ਕੁੱਕਾ, ਬਲਕਾਰ ਸਿੰਘ, ਸੁਖਪਾਲ ਬਾਜਵਾ, ਗੁਰਜੰਟ ਖ਼ਾਨ, ਭੀਮ ਬਾਵਾ ਸਰਪੰਚ, ਛੱਜੂ ਰਾਮ, ਹੰਸ ਰਾਜ ਮੰਡੇਰ, ਗੋਬਿੰਦ ਚੌਧਰੀ, ਵਿੱਕੀ ਜੱਤਲ ਆਦਿ ਹਾਜ਼ਰ ਸਨ।

## ਸਰਕਾਰ ਤੇ ਸਿਹਤ ਵਿਭਾਗ ਦੀ ਨਲਾਇਕੀ ਕਾਰਨ ਫੈਲੀਆਂ ਬਿਮਾਰੀਆਂ : ਵਿਨਰਜੀਤ



ਸੰਗਰੂਰ (ਅਸ਼ੋਕ ਬਾਂਸਲ, ਹਾਕਮ ਭੱਟੀ)-ਸੁਨਾਮ ਖੇਤਰ ਵਿੱਚ ਡੇਂਗੂ ਤੇ ਚਿਕਨਗੁਨੀਆ ਵਰਗੀਆਂ ਬਿਮਾਰੀਆਂ ਕਾਰਨ ਸ਼ਹਿਰੀ ਤੇ ਪੇਂਡੂ ਖੇਤਰਾਂ ਵਿੱਚ ਬਣੇ ਡਰ ਦੇ ਮਾਹੌਲ ਦੇ ਮੱਦੇਨਜ਼ਰ ਗੱਲਬਾਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਸੁਨਾਮ ਦੇ ਇੰਚਾਰਜ ਵਿਨਰਜੀਤ ਸਿੰਘ ਖਡਿਆਲ ਨੇ ਕਿਹਾ ਬਿਮਾਰੀਆਂ ਦੇ ਇਸ ਪੱਧਰ 'ਤੇ ਫੈਲਣ ਵਿੱਚ ਜਿੱਥੇ ਪਿਛਲੇ ਮਹੀਨੇ ਦਾ ਬਰਸਾਤੀ ਮੌਸਮ ਕਾਰਨ ਹੈ, ਓਥੇ ਪੰਜਾਬ ਸਰਕਾਰ ਦੇ ਸਿਹਤ ਵਿਭਾਗ ਦੀ ਨਲਾਇਕੀ ਵੀ ਮੁੱਖ ਦੋਸ਼ੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦਾ ਆਪਣੇ ਪਿੰਡਾਂ ਦਾ ਖੇਤਰ ਹੈ ਤੇ ਕੈਬਨਿਟ ਮੰਤਰੀ ਅਮਨ ਅਰੋੜਾ ਦਾ ਸ਼ਹਿਰ ਹੈ, ਏਥੇ ਸਿਹਤ ਵਿਭਾਗ ਨੇ ਸਮਾਂ ਰਹਿੰਦੀਆਂ ਕਿਉਂ ਨਹੀਂ ਇਨ੍ਹਾਂ ਬਿਮਾਰੀਆਂ ਦੇ ਅਗਾਊਂ ਪ੍ਰਬੰਧ ਕੀਤੇ। ਜ਼ਿਕਰਯੋਗ ਹੈ ਕਿ ਸਿਹਤ ਵਿਭਾਗ ਦੇ ਅੰਕੜਿਆਂ ਅਨੁਸਾਰ ਪਿਛਲੇ ਕੁਝ ਹਫ਼ਤਿਆਂ ਵਿੱਚ ਡੇਂਗੂ ਤੇ ਚਿਕਨਗੁਨੀਆ ਦੇ ਮਾਮਲੇ ਵਧੇ ਹਨ, ਜਿਸ ਕਾਰਨ ਹਸਪਤਾਲਾਂ 'ਚ ਭਰਤੀ ਹੋਣ ਵਾਲਿਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ।ਪਿਛਲੇ ਮਹੀਨੇ ਤੋਂ ਡੇਂਗੂ ਤੇ ਚਿਕਨਗੁਨੀਆ ਦੇ ਮਾਮਲੇ ਤੇਜ਼ੀ ਨਾਲ ਵਧੇ ਹਨ, ਜਿਸ ਕਾਰਨ ਲੋਕ ਬੁਖਾਰ, ਸਰੀਰ ਵਿੱਚ ਦਰਦ, ਜੋੜਾਂ ਦੀ ਸੋਜ ਤੇ ਕਮਜ਼ੋਰੀ ਤੋਂ ਪੀੜਤ ਹਨ।ਇਨ੍ਹਾਂ ਬਿਮਾਰੀਆਂ ਤੋਂ ਪੀੜਤ ਮਰੀਜ਼ਾਂ ਦੇ ਇਲਾਜ ਲਈ ਜ਼ਿਲ੍ਹਾ ਹਸਪਤਾਲਾਂ ਵਿੱਚ ਇੱਕ ਵਿਸ਼ੇਸ਼ ਵਿਭਾਗ ਸਥਾਪਤ ਕੀਤਾ ਗਿਆ ਹੈ।ਡਾਕਟਰਾਂ ਅਨੁਸਾਰ, ਇਹ ਬਿਮਾਰੀਆਂ ਮੱਛਰਾਂ ਦੇ ਕੱਟਣ ਨਾਲ ਫੈਲਦੀਆਂ ਹਨ ਤੇ ਮੱਛਰਾਂ ਦੀ ਪੈਦਾਵਾਰ ਖਾਸ ਤੌਰ 'ਤੇ ਗੰਦੇ ਪਾਣੀ ਤੇ ਪਾਣੀ ਭਰਨ ਵਾਲੇ ਖੇਤਰਾਂ ਵਿੱਚ ਪ੍ਰਚਲਿਤ ਹੈ।ਸਿਹਤ ਵਿਭਾਗ ਨੇ ਖੇਤਰੀ ਅਧਿਕਾਰੀਆਂ ਨੂੰ ਮੱਛਰਾਂ ਤੋਂ ਹੋਣ ਵਾਲੀਆਂ ਬਿਮਾਰੀਆਂ ਨੂੰ ਰੋਕਣ ਲਈ ਤੁਰੰਤ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ ਹਨ।

## ਧੂਰੀ ਵਿਕਾਸ ਮੰਚ ਵੱਲੋਂ ਓਵਰ ਬਰਿੱਜ ਥੱਲੇ ਬੰਦ ਫਾਟਕ ਨੂੰ ਖੋਲ੍ਹਣ ਦੀ ਮੰਗ

ਧੂਰੀ (ਮੋਹਿਤ ਗਰਗ, ਬਿੰਨੀ ਗਰਗ)

ਧੂਰੀ ਸ਼ਹਿਰ ਦੇ ਵੱਖ ਵੱਖ ਸਮੱਸਿਆਵਾਂ ਦੇ ਹੱਲ ਲਈ ਯਤਨਸ਼ੀਲ, ਗੈਰ ਰਾਜਨੀਤਕ ਜਥੇਬੰਦੀ ਧੂਰੀ ਵਿਕਾਸ ਮੰਚ (ਰਜਿ:) ਧੂਰੀ ਨੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਰੇਲਵੇ ਮੰਤਰੀ ਤੇ ਰੇਲਵੇ ਰਾਜ ਮੰਤਰੀ ਤੇ ਮੁੱਖ ਪੰਜਾਬ ਨੂੰ ਪੱਤਰ ਲਿਖ ਕੇ ਲੁਧਿਆਣਾ-ਹਿਸਾਰ ਤੇ ਰਾਜਪੁਰਾ-ਬਠਿੰਡਾ ਰੇਲਵੇ ਫਾਟਕਾਂ ਨੂੰ ਖੋਲ੍ਹਣ ਜਾਂ ਅੰਡਰ ਬਰਿੱਜ ਬਣਾਉਣ ਦੀ ਮੰਗ ਕੀਤੀ ਹੈ।ਚੇਅਰਮੈਨ ਜਗਸੀਰ ਸਿੰਘ ਜੱਗੀ ਢੀਂਡਸਾ ਉਪ-ਚੇਅਰਮੈਨ ਐਡਵੋਕੇਟ ਰਾਜੇਸ਼ਵਰ ਚੌਧਰੀ, ਅਭਿਨਵ ਗੋਇਲ, ਪ੍ਰਧਾਨ ਅਮਨ ਗਰਗ ਤੇ ਜਨਰਲ ਸਕੱਤਰ ਹੰਸ ਰਾਜ ਬਜਾਜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਧੂਰੀ ਇੱਕ ਮਹੱਤਵਪੂਰਨ ਰੇਲਵੇ ਜੰਕਸ਼ਨ ਹੈ, ਜਿੱਥੋਂ ਦਿੱਲੀ-ਬਠਿੰਡਾ ਤੇ ਦਿੱਲੀ-ਅੰਮ੍ਰਿਤਸਰ ਵਾਲੀਆਂ ਟ੍ਰੇਨਾਂ ਲੰਘਦੀਆਂ ਹਨ।ਇੱਥੇ ਸਟੇਟ ਹਾਈਵੇ ਵੀ ਸ਼ਹਿਰ ਰਾਹੀਂ ਗੁਜ਼ਰਦਾ ਹੈ।ਪਹਿਲਾਂ ਧੂਰੀ-ਲੁਧਿਆਣਾ ਤੇ ਧੂਰੀ-ਬਠਿੰਡਾ ਰੂਟ 'ਤੇ ਦੋ ਵੱਡੇ ਰੇਲਵੇ ਫਾਟਕ ਸਨ, ਪਰ 2006-07 ਵਿੱਚ ਲਗਭਗ 1.5 ਕਿਲੋਮੀਟਰ ਲੰਬਾ ਰੇਲਵੇ ਓਵਰ ਬ੍ਰਿਜ ਬਣਾਉਣ ਦੌਰਾਨ ਇਹ ਦੋਵੇਂ ਫਾਟਕ ਅਸਥਾਈ ਤੌਰ 'ਤੇ ਬੰਦ ਕੀਤੇ ਗਏ ਸਨ। ਬਾਅਦ ਵਿੱਚ ਰੇਲਵੇ ਅਧਿਕਾਰੀਆਂ ਨੇ ਇਨ੍ਹਾਂ ਨੂੰ ਸਥਾਈ ਤੌਰ 'ਤੇ ਬੰਦ ਕਰ ਦਿੱਤਾ।ਧੂਰੀ ਵਿਕਾਸ ਮੰਚ ਦੇ ਨੁਮਾਇੰਦਿਆਂ ਅਨੁਸਾਰ, ਹਜ਼ਾਰਾਂ ਦੀ ਤਾਦਾਦ ਵਿੱਚ ਵਸਨੀਕ ਇਸ ਬੰਦਸ਼ ਕਾਰਨ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ।ਲੋਕਾਂ ਨੂੰ ਹੁਣ ਮੁੱਖ ਮਾਰਕੀਟ, ਸਿਵਲ ਹਸਪਤਾਲ ਜਾਂ ਬੈਂਕਾਂ, ਅਦਾਲਤੀ ਕੰਪਲੈਕਸ, ਤਹਿਸੀਲ ਕੰਪਲੈਕਸ ਵੱਲ ਜਾਣ ਲਈ ਲੰਮਾ ਚੱਕਰ ਲਗਾ ਕੇ ਓਵਰ ਬਰਿੱਜ ਤੋਂ ਗੁਜ਼ਰਨਾ ਪੈਂਦਾ ਹੈ।ਇਸ ਨਾਲ ਨਾ ਸਿਰਫ਼ ਸਮਾਂ ਬਰਬਾਦ ਹੁੰਦਾ ਹੈ, ਸਗੋਂ ਵੱਧ ਫ਼ਿਊਲ ਖ਼ਰਚ ਹੋਣ ਕਾਰਨ ਆਰਥਿਕ ਬੋਝ ਵੀ ਪੈਂਦਾ ਹੈ।ਬਰਿੱਜ 'ਤੇ ਹਰ ਵੇਲੇ ਵੱਡੀ ਤੇ ਹੈਵੀ ਟ੍ਰੈਫ਼ਿਕ ਇਕੱਠੀ ਹੋਣ ਨਾਲ ਜਾਮ ਤੇ ਹਾਦਸਿਆਂ ਦੀ ਸੰਭਾਵਨਾ ਵਧ ਗਈ ਹੈ।ਉਨ੍ਹਾਂ ਦੱਸਿਆ ਕਿ ਸਮਾਜਿਕ ਪੱਖੋਂ ਵੀ ਇਹ ਬੰਦਸ਼ਾਂ ਗੰਭੀਰ ਸਮੱਸਿਆਵਾਂ ਪੈਦਾ ਕਰ ਰਹੀਆਂ ਹਨ। ਧੂਰੀ ਵਿਕਾਸ ਮੰਚ ਨੇ ਅਪੀਲ ਕੀਤੀ ਕਿ ਲੋਕਾਂ ਦੀਆਂ ਜਾਇਜ਼ ਮੰਗਾਂ ਨੂੰ ਧਿਆਨ ਵਿੱਚ ਰੱਖਦਿਆਂ ਜਾਂ ਤਾਂ ਦੋਵੇਂ ਬੰਦ ਫਾਟਕਾਂ ਨੂੰ ਮੁੜ ਖੋਲ੍ਹਿਆ ਜਾਵੇ ਜਾਂ ਉਨ੍ਹਾਂ ਹੇਠਾਂ ਅੰਡਰਪਾਸ ਬਣਾਏ ਜਾਣ।ਇਸ ਮੌਕੇ ਖਜ਼ਾਨਚੀ ਸੁਰਿੰਦਰਪਾਲ ਸਿੰਘ ਨੀਟਾ, ਸੀਨੀਅਰ ਮੀਤ ਪ੍ਰਧਾਨ ਸੰਦੀਪ ਬਾਂਸਲ, ਮੀਡੀਆ ਸਕੱਤਰ ਮਨੋਹਰ ਸਿੰਘ ਸੱਗੂ, ਜੁਆਇੰਟ ਖਜ਼ਾਨਚੀ ਮੋਹਿਤ ਜਿੰਦਲ, ਜੁਆਇੰਟ ਸਕੱਤਰ ਸੰਜੀਵ ਜੋਨੀ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## 18 ਗ੍ਰਾਮ ਹੈਰੋਇਨ ਸਮੇਤ 4 ਗ੍ਰਿਫ਼ਤਾਰ, ਮਾਮਲਾ ਦਰਜ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਜ਼ਿਲ੍ਹਾ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ 4 ਵਿਅਕਤੀਆਂ ਕੋਲੋਂ 18 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕਰਕੇ ਉਨ੍ਹਾਂ ਖਿਲਾਫ ਵੱਖ ਵੱਖ ਥਾਣਿਆਂ ਵਿੱਚ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਫਿਰੋਜ਼ਪੁਰ ਪੁਲਿਸ ਦੇ ਇੰਸਪੈਕਟਰ ਮੁੱਖ ਅਫਸਰ ਜਤਿੰਦਰ ਸਿੰਘ ਨੇ ਦੱਸਿਆ ਕਿ ਗਸ਼ਤ ਦੌਰਾਨ ਮੁਲਜ਼ਮ ਸ਼ਿੰਦਰਪਾਲ ਸਿੰਘ ਉਰਫ ਸੁੱਖਾ ਪੁੱਤਰ ਕਸ਼ਮੀਰ ਸਿੰਘ ਵਾਸੀ ਸਾਧਾ ਵਾਲਾ ਥਾਣਾ ਫਰੀਦਕੋਟ ਨੂੰ ਸ਼ੱਕ ਦੀ ਬਿਨਾਅ 'ਤੇ ਕਾਬੂ ਕਰਕੇ ਉਸ ਪਾਸੋਂ ਹੈਰੋਇਨ ਸਮੇਤ ਪਾਰਦਰਸ਼ੀ ਲਿਫਾਫਾ 5.78 ਗ੍ਰਾਮ ਬਰਾਮਦ ਕੀਤੀ। ਥਾਣਾ ਆਰਿਫ ਕੇ ਪੁਲਸ ਦੇ ਸਹਾਇਕ ਥਾਣੇਦਾਰ ਨਿਰਮਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਕਰ ਰਹੀ ਸੀ ਤਾਂ ਨਹਿਰ ਸੂਆ ਦੀ ਪੱਟੜੀ ਪਿੰਡ ਸੱਦੂ ਸ਼ਾਹ ਵਾਲਾ ਕੋਲ ਇਕ ਆਦਮੀ ਗੁਰਪ੍ਰੀਤ ਸਿੰਘ ਉਰਫ ਕੈਰੋ ਪੁੱਤਰ ਕਰਨੈਲ ਸਿੰਘ ਵਾਸੀ ਪਿੰਡ ਬੱਗੇ ਕੇ ਪਿੱਪਲ ਬੈਠਾ ਵਿਖਾਈ ਦਿੱਤਾ, ਜੋ ਕੋਈ ਨਸ਼ੀਲੀ ਵਸਤੂ ਸੁੰਘ ਰਿਹਾ ਸੀ, ਜਿਸ ਨੂੰ ਸ਼ੱਕ ਦੀ ਬਿਨਾਅ 'ਤੇ ਕਾਬੂ ਕਰਕੇ ਉਸ ਦੀ ਤਲਾਸ਼ੀ ਲਈ ਤਾਂ ਉਸ ਕੋਲੋਂ 2 ਗ੍ਰਾਮ ਹੈਰੋਇਨ, 1 ਲਾਈਟਰ, 1 ਪੰਨੀ ਤੇ 10 ਰੁਪਏ ਦਾ ਨੋਟ ਬਰਾਮਦ ਹੋਇਆ। ਥਾਣਾ ਕੁੱਲਗੜ੍ਹੀ ਦੇ ਐੱਸ ਆਈ ਨਿਰਮਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਮੋਗਾ-ਫਿਰੋਜ਼ਪੁਰ ਰੋਡ 'ਤੇ ਸਥਿਤ ਬਸਤੀ ਖਲੀਲ ਵਾਲੀ ਨਾਲ ਨਹਿਰ ਦੇ ਕੰਡੇ ਇਕ ਸ਼ੱਕੀ ਨੌਜਵਾਨ ਰਾਹੁਲ ਭੱਟੀ ਪੁੱਤਰ ਸੁਰਿੰਦਰ ਸਿੰਘ ਵਾਸੀ ਪਿੰਡ ਗਿੱਲ ਰੋਡ ਮੁੱਦਕੀ ਖੜਾ ਵਿਖਾਈ ਦਿੱਤਾ, ਜਿਸ ਨੂੰ ਕਾਬੂ ਕੀਤਾ ਗਿਆ ਤੇ ਉਸ ਦੀ ਤਲਾਸ਼ੀ ਲੈਣ 'ਤੇ ਉਸ ਕੋਲੋਂ 6 ਗ੍ਰਾਮ ਹੈਰੋਇਨ ਬਰਾਮਦ ਹੋਈ। ਥਾਣਾ ਮੱਲਾਂਵਾਲਾ ਪੁਲਸ ਦੇ ਸਹਾਇਕ ਥਾਣੇਦਾਰ ਲਖਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਇਲਾਕੇ ਵਿੱਚ ਗਸ਼ਤ ਕਰ ਰਹੀ ਸੀ ਤਾਂ ਜਦ ਪੁਲਸ ਪਾਰਟੀ ਮੱਲਾਂਵਾਲਾ ਦਾਣਾ ਮੰਡੀ ਕੋਲ ਪੁੱਜੀ ਤਾਂ ਇਕ ਨੌਜਵਾਨ ਸਤਨਾਮ ਸਿੰਘ ਉਰਫ ਸੱਤੂ ਪੁੱਤਰ ਲਾਲ ਸਿੰਘ ਵਾਸੀ ਚੰਗਾਲੀ ਕਦੀਮ ਮੱਲਾਂਵਾਲਾ ਪੁਲਸ ਪਾਰਟੀ ਨੂੰ ਵੇਖ ਕੇ ਖਿਸਕਣ ਲੱਗਾ, ਤਾਂ ਉਸ ਨੂੰ ਕਾਬੂ ਕੀਤਾ ਗਿਆ ਤੇ ਉਸ ਪਾਸੋਂ 5 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲੇ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

## ਧੂਮਧਾਮ ਨਾਲ ਮਨਾਈ ਮਹਾਰਾਜ ਅਗਰਸੇਨ ਜਯੰਤੀ



ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫ਼ਿਰੋਜ਼ਪੁਰ ਵਿੱਚ ਅਗਰਵਾਲ ਭਾਈਚਾਰੇ ਨੇ ਮਹਾਰਾਜ ਸ੍ਰੀ ਅਗਰਸੇਨ ਜੀ ਦੀ ਜਯੰਤੀ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਈ। ਇਹ ਸਮਾਗਮ ਸਥਾਨਕ ਮਹਾਰਾਜ ਸ੍ਰੀ ਅਗਰਸੇਨ ਚੌਕ ਵਿਖੇ ਆਯੋਜਿਤ ਕੀਤਾ ਗਿਆ, ਜਿੱਥੇ ਵੱਡੀ ਗਿਣਤੀ ਵਿੱਚ ਅਗਰਵਾਲ ਸਮਾਜ ਦੇ ਮੈਂਬਰ ਇਕੱਠੇ ਹੋਏ। ਸਮਾਗਮ ਵਿੱਚ ਮਹਾਰਾਜਾ ਅਗਰਸੇਨ ਦੀ ਪ੍ਰਤਿਮਾ ਨੂੰ ਫੁੱਲਾਂ ਦੀਆਂ ਮਾਲਾਵਾਂ ਪਹਿਨਾਈਆਂ ਗਈਆਂ। ਇਸ ਮੌਕੇ ਅਗਰਵਾਲ ਸਮਾਜ ਦੇ ਸਾਰੇ ਮੈਂਬਰਾਂ ਨੇ ਮਹਾਰਾਜਾ ਅਗਰਸੇਨ ਜੀ ਵੱਲੋਂ ਚਲਾਏ ਗਏ ਨੇਕ ਨਿਯਮਾਂ ਤੇ ਆਦਰਸ਼ਾਂ 'ਤੇ ਚੱਲਣ ਦਾ ਪ੍ਰਣ ਲਿਆ। ਉਨ੍ਹਾਂ ਸਮਾਜਿਕ ਏਕਤਾ, ਸੇਵਾ ਤੇ ਪਰਉਪਕਾਰ ਦੀਆਂ ਭਾਵਨਾਵਾਂ ਨੂੰ ਹੋਰ ਮਜ਼ਬੂਤ ਕਰਨ ਦਾ ਸੰਕਲਪ ਵੀ ਲਿਆ। ਸਾਰਿਆਂ ਨੇ ਇਕ-ਦੂਜੇ ਨੂੰ ਜਯੰਤੀ ਦੀ ਵਧਾਈ ਦਿੱਤੀ ਤੇ ਇਸ ਪਵਿੱਤਰ ਦਿਹਾੜੇ ਦੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ। ਸਮਾਗਮ ਵਿੱਚ ਅਗਰਵਾਲ ਭਾਈਚਾਰੇ ਦੀ ਏਕਤਾ ਤੇ ਖੁਸ਼ੀ 'ਚ ਲੱਡੂ ਤੇ ਹੋਰ ਮਠਿਆਈਆਂ ਵੰਡੀਆਂ ਗਈਆਂ। ਇਸ ਸਮਾਰੋਹ ਵਿੱਚ ਕਈ ਪ੍ਰਮੁੱਖ ਹਸਤੀਆਂ ਤੇ ਸੰਸਥਾਵਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਅਸ਼ੋਕ ਗੁਪਤਾ, ਅਸ਼ੋਕ ਅਗਰਵਾਲ, ਮੋਹਨ ਲਾਲ, ਅਸ਼ੋਕ ਗਰਗ, ਮੁਕੇਸ਼ ਗਰਗ, ਸੰਜੀਵ ਬੀਕੇਓ, ਬਲਰਾਜ ਬਾਂਸਲ, ਜੀਐੱਸ ਮਿੱਤਲ, ਸੰਜੀਵ ਗੁਪਤਾ ਅਤੇ ਸ਼ਹੀਦ ਭਗਤ ਸਿੰਘ ਕਾਲਜ ਆਫ਼ ਨਰਸਿੰਗ ਤੇ ਹਾਰਮਨੀ ਆਯੁਰਵੈਦਿਕ ਕਾਲਜ ਫ਼ਿਰੋਜ਼ਪੁਰ ਦੇ ਚੇਅਰਮੈਨ ਧਰਮਪਾਲ ਬਾਂਸਲ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

## ਪਬਲਿਕ ਸੋਸ਼ਲ ਮੀਡੀਆ ਕਲੱਬ ਨਿਹਾਲ ਸਿੰਘ ਵਾਲਾ ਦੀ ਚੋਣ



ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)-ਪਬਲਿਕ ਸੋਸ਼ਲ ਮੀਡੀਆ ਕਲੱਬ ਇਕਾਈ ਨਿਹਾਲ ਸਿੰਘ ਵਾਲ਼ਾ ਦਾ ਅਜਲਾਸ ਤੇ ਚੋਣ ਦਫ਼ਤਰ ਮਧੇਕੇ ਚੌਂਕ ਬਰਨਾਲਾ ਰੋਡ ਨਿਹਾਲ ਸਿੰਘ ਵਾਲਾ ਵਿਖੇ ਆਬਜ਼ਰਵਰ ਮਹਿੰਦਰ ਪਾਲ ਸਿੰਘ ਲੂੰਬਾ ਜੀ.ਡੀ.ਬੀ. ਨਿਊਜ਼ ਤੇ ਜਗਰਾਜ ਸਿੰਘ ਸੰਘਾ ਦੇਸ ਪ੍ਰਦੇਸ਼ ਤੇ ਯੁੱਗ ਮਾਰਗ ਅਖ਼ਬਾਰ ਵਾਲਿਆਂ ਦੀ ਦੇਖ ਰੇਖ ਹੇਠ ਹੋਈ, ਜਿਸ ਵਿੱਚ ਸੋਸ਼ਲ ਮੀਡੀਆ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਵਿਚਾਰ ਵਟਾਂਦਰੇ ਕੀਤੇ ਗਏ।ਮਹਿੰਦਰ ਪਾਲ ਸਿੰਘ ਲੂੰਬਾ ਨੇ ਕਿਹਾ ਕਿ ਅੱਜਕੱਲ੍ਹ ਸਰਕਾਰਾਂ ਤੇ ਪ੍ਰਸ਼ਾਸਨ ਸੋਸ਼ਲ ਮੀਡੀਆ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਜਿਸ ਨੂੰ ਕਿ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਸਾਡੇ ਕਲੱਬ ਦੇ ਮੈਂਬਰ ਨੂੰ ਕੋਈ ਵੀ ਕਿਸੇ ਕਿਸਮ ਦੀ ਕੋਈ ਦਿੱਕਤ ਆਉਂਦੀ ਹੈ ਤਾਂ ਸਾਡੇ ਸਾਰੇ ਭਰਾ ਉਸ ਦੇ ਮਗਰ ਖੜ੍ਹਨਗੇ ਤੇ ਸਰਕਾਰਾਂ ਜਾਂ ਪ੍ਰਸ਼ਾਸਨ ਨੂੰ ਮੂੰਹ ਤੋੜ ਜਵਾਬ ਦੇਣਗੇ।ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ 'ਤੇ ਕੰਮ ਕਰਨ ਵਾਲੇ ਕਰੀਏਟਰਾਂ, ਬਲਾਗਰਾਂ, ਨਿਊਜ਼ ਚੈਨਲਾਂ ਦੀ ਇੱਕ ਚੋਣ ਕੀਤੀ ਗਈ ਹੈ, ਜਿਸ ਵਿੱਚ ਕੋਈ ਵੀ ਸੋਸ਼ਲ ਮੀਡੀਆ 'ਤੇ ਜੋ ਵਧੀਆ ਤਰੀਕੇ ਨਾਲ ਕੰਮ ਕਰਦਾ ਹੈ, ਸਾਡੀ ਟੀਮ ਨਾਲ ਜੁੜ ਕੇ ਮੈਂਬਰ ਬਣ ਸਕਦਾ ਹੈ।

ਡਿਜੀਟਲ ਸੋਸ਼ਲ ਮੀਡੀਆ ਦੇ ਪ੍ਰਧਾਨ ਗੁਰਚਰਨ ਸਿੰਘ ਰਾਜੂ ਐੱਨ.ਜੀ.ਓ. ਪੱਤੋ ਨੇ ਪਿਛਲੀ ਯੂਨੀਅਨ ਨੂੰ ਭੰਗ ਕਰਕੇ ਅੱਗੇ ਨਵੇਂ ਕਲੱਬ ਦਾ ਗਠਨ ਕਰਨ ਦਾ ਐਲਾਨ ਕੀਤਾ, ਜਿਸ 'ਚ ਮਹਿੰਦਰਪਾਲ ਲੂੰਬਾ ਨੂੰ ਸਰਪ੍ਰਸਤ, ਹਰਭਜਨ ਸਿੰਘ ਧਾਲੀਵਾਲ ਪੇਜ ਆਪਣਾ ਪੰਜਾਬ ਅਤੇ ਹੱਕ ਸੱਚ ਦਾ ਪਹਿਰੇਦਾਰ ਅਖ਼ਬਾਰ ਨੂੰ ਚੇਅਰਮੈਨ, ਗੁਰਚਰਨ ਸਿੰਘ ਰਾਜੂ ਪੱਤੋ ਫਿਕਰਮੰਦ ਮੀਡੀਆ ਵਾਲੇ ਪ੍ਰਧਾਨ, ਬਲਕਰਨ ਸਿੰਘ ਨੀਟੂ ਮਾਲਵਾ ਵਿਜ਼ਨ ਨੂੰ ਜਨਰਲ ਸਕੱਤਰ, ਕੁਲਦੀਪ ਸਿੰਘ ਗੋਹਲ ਪੰਜਾਬ 81 ਟੀਵੀ ਨੂੰ ਕੈਸ਼ੀਅਰ, ਕੁਲਬੀਰ ਸਿੰਘ ਗਾਜੀਆਨਾ ਪ੍ਰੈੱਸ ਪੰਜਾਬ 24 ਤੇ ਹੱਕ ਸੱਚ ਦਾ ਪਹਿਰੇਦਾਰ ਅਖ਼ਬਾਰ ਨੂੰ ਪ੍ਰੈੱਸ ਸਕੱਤਰ ਅਤੇ ਮੀਡੀਆ ਸਲਾਹਕਾਰ, ਜਸਵਿੰਦਰ ਸਿੰਘ ਸ਼ਿੰਦਾ ਜੇ ਵੰਨ ਟੀਵੀ ਦਫ਼ਤਰ ਸਕੱਤਰ, ਅਮਨਦੀਪ ਸਿੰਘ ਧਾਲੀਵਾਲ ਪੇਜ ਵਾਲਿਆਂ ਨੂੰ ਜਥੇਬੰਧਕ ਸਕੱਤਰ, ਹਰਪਾਲ ਸਿੰਘ ਧੀਮਾਨ ਟੀਵੀ ਮੁੱਖ ਸਲਾਹਕਾਰ, ਜਗਤਾਰ ਸਿੰਘ ਹਿੰਮਤਪੁਰਾ ਸੰਦਲੀ ਸੁਪਨੇ ਵਾਲੇ ਸੀਨੀਅਰ ਮੀਤ ਪ੍ਰਧਾਨ, ਸੁਰਿੰਦਰ ਸਿੰਘ ਸੱਗੂ ਪੇਜ ਵਾਲੇ ਸਲਾਹਕਾਰ ਨਿਯੁਕਤ ਕੀਤੇ ਗਏ। ਇਕਾਈ ਧਰਮਕੋਟ ਦਾ ਅਜਲਾਸ ਤੇ ਚੋਣ 5 ਅਕਤੂਬਰ ਨੂੰ ਤੈਅ ਕੀਤੀ ਗਈ ਹੈ।

## ਹੋਸਟਲ 'ਚ ਹੁੱਕਾ ਪੀ ਰਹੇ ਵਿਦਿਆਰਥੀਆਂ 'ਤੇ ਕੇਸ ਦਰਜ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਮੰਡੀ ਗੋਬਿੰਦਗੜ੍ਹ ਨੇੜਲੀ ਇੱਕ ਵਿੱਦਿਅਕ ਸੰਸਥਾ ਦੇ ਹੋਸਟਲ ਦੇ ਵਰਾਂਡੇ ਵਿੱਚ ਬੈਠ ਕੇ ਸ਼ਰੇਆਮ ਹੁੱਕਾ ਪੀ ਰਹੇ ਵਿਦਿਆਰਥੀਆਂ ਵਿਰੁੱਧ ਪੁਲਸ ਵੱਲੋਂ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਉਕਤ ਵਿੱਦਿਅਕ ਸੰਸਥਾ ਦੇ ਸੁਰੱਖਿਆ ਕਰਮਚਾਰੀ ਨੇ ਦੱਸਿਆ ਕਿ ਉਹ ਉਕਤ ਵਿੱਦਿਅਕ ਸੰਸਥਾ ਦੇ ਲੜਕਿਆਂ ਵਾਲੇ ਹੋਸਟਲ ਵਿੱਚ ਸਕਿਉਰਟੀ ਗਾਰਡ ਵਜੋਂ ਤੈਨਾਤ ਹੈ, ਜਿੱਥੇ ਕੁਝ ਲੜਕੇ ਹੋਸਟਲ ਵਿੱਚ ਹੁੱਕਾ ਪੀਂਦੇ ਸਨ, ਜਿਨ੍ਹਾਂ ਨੂੰ ਉਸ ਵੱਲੋਂ ਪਹਿਲਾਂ ਵੀ ਰੋਕਿਆ ਗਿਆ ਸੀ।

ਬੀਤੇ 19 ਸਤੰਬਰ ਨੂੰ ਰਾਤ ਕਰੀਬ 10 ਵਜੇ ਜਦੋਂ ਉਹ ਹੋਸਟਲ ਦਾ ਚੱਕਰ ਲਗਾ ਰਿਹਾ ਸੀ ਤਾਂ ਕੁਝ ਵਿਦਿਆਰਥੀ ਹੋਸਟਲ ਦੇ ਵਰਾਂਡੇ ਵਿੱਚ ਸ਼ਰੇਆਮ ਬੈਠ ਕੇ ਹੁੱਕਾ ਪੀਂਦੇ ਦਿਖਾਈ ਦਿੱਤੇ, ਜਿਨ੍ਹਾਂ ਕੋਲ ਜਾ ਕੇ ਉਸ ਨੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਿਆ, ਪਰ ਉਕਤ ਨੌਜਵਾਨ ਉਸ ਦੇ ਰੋਕਣ ਦੇ ਬਾਵਜੂਦ ਹੁੱਕਾ ਪੀਣ ਤੋਂ ਨਹੀਂ ਹਟੇ।ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਕੋਟਪਾ ਐਕਟ ਤਹਿਤ ਨਾਮਾਲੂਮ ਵਿਅਕਤੀਆਂ ਵਿਰੁੱਧ ਕੇਸ ਦਰਜ ਕਰਕੇ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

## ਹਰਮੇਲ ਸਿੰਘ ਟੌਹੜਾ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ



ਸਮਾਣਾ (ਗੁਰਪਿਆਰ ਸਿੰਘ ਬੱਲ)-ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਦੇ ਕੌਮੀ ਪ੍ਰੈੱਸ ਸਕੱਤਰ ਹਰਬੰਸ ਸਿੰਘ ਦਦਹੇੜਾ, ਅਕਾਲੀ ਦਲ ਪੁਨਰ ਸੁਰਜੀਤ ਦੇ ਆਗੂ ਗੁਰਜਿੰਦਰ ਸਿੰਘ ਕਾਲਾ ਗੱਜੂ ਮਾਜਰਾ ਤੇ ਯੁਵਾ ਮੋਰਚਾ ਸਮਾਣਾ ਦੇ ਪ੍ਰਧਾਨ ਪ੍ਰੀਕਸ਼ਤ ਪਾਠਕ ਨੇ ਸਾਬਕਾ ਮੰਤਰੀ ਹਰਮੇਲ ਸਿੰਘ ਟੌਹੜਾ ਦੇ ਦਿਹਾਂਤ 'ਤੇ ਡੂੰਘੇ ਦੁੱਖ ਅਤੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਹੈ ਕਿ ਪੰਥ ਰਤਨ ਗੁਰਚਰਨ ਸਿੰਘ ਟੌਹੜਾ ਦੀ ਵਿਰਾਸਤ ਨੂੰ ਅੱਗੇ ਵਧਾਉਂਦਿਆਂ ਹੋਇਆਂ ਰਾਜਨੀਤੀ ਵਿੱਚ ਇਮਾਨਦਾਰੀ ਅਤੇ ਲੋਕ ਸੇਵਾ ਲਈ ਸਮਰਪਤ ਆਗੂ ਸਨ। ਹਰਮੇਲ ਸਿੰਘ ਟੌਹੜਾ, ਜੋ ਹਰ ਸਮੇਂ ਲੋਕਾਂ ਲਈ ਖੜੇ ਨਜ਼ਰ ਆਉਂਦੇ ਸਨ, ਦੇ ਅਚਾਨਕ ਦੇਹਾਂਤ ਨਾਲ ਉਨ੍ਹਾਂ ਦੇ ਹਲਕੇ ਦੇ ਲੋਕਾਂ ਅਤੇ ਪੰਜਾਬ ਦੇ ਲੋਕਾਂ ਨੂੰ ਡੂੰਘਾ ਦੁੱਖ ਪਹੁੰਚਿਆ ਹੈ।ਉਹ ਹਰ ਸਮੇਂ ਜਨਤਾ ਦੇ ਦੁੱਖ-ਸੁੱਖ ਵਿੱਚ ਖੜਨ ਵਾਲੇ ਆਗੂ ਸਨ।ਇਸ ਦੁੱਖ ਦੀ ਘੜੀ ਵਿੱਚ ਵਾਹਿਗੁਰੂ ਉਨ੍ਹਾਂ ਦੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।ਉਹ ਆਪਣੇ ਪਿੱਛੇ ਪਤਨੀ ਕੁਲਦੀਪ ਕੌਰ ਟੌਹੜਾ, ਪੁੱਤਰ ਹਰਿੰਦਰ ਪਾਲ ਸਿੰਘ ਟੌਹੜਾ ਤੇ ਨੂੰਹ, ਪੁੱਤਰ ਕੰਵਰਵੀਰ ਸਿੰਘ ਟੌਹੜਾ ਤੇ ਨੂੰਹ, ਧੀ ਜਸਪ੍ਰੀਤ ਕੌਰ ਤੇ ਜਵਾਈ, ਧੀ ਗੁਰਮਨ ਪ੍ਰੀਤ ਕੌਰ ਸਮੇਤ ਹਰਾ ਭਰਾ ਪਰਵਾਰ ਛੱਡ ਗਏ ਹਨ।ਉਨ੍ਹਾਂ ਦਾ ਅੰਤਮ ਸੰਸਕਾਰ ਪਿੰਡ ਟੌਹੜਾ ਵਿਖੇ 11 ਵਜੇ ਕੀਤਾ ਜਾਵੇਗਾ।

## ਹੜ੍ਹ ਪੀੜਤ ਲੋਕਾਂ ਦੇ ਸਾਰੇ ਕਰਜ਼ੇ ਮਾਫ਼ ਕਰਨ ਦੀ ਮੰਗ



ਦੋਰਾਹਾ (ਹਰਮਿੰਦਰ ਸੇਠ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਦੋਰਾਹਾ ਦੇ ਪਿੰਡ ਅਜਨੌਦ ਦੀ ਚੋਣ ਜ਼ਿਲ੍ਹਾ ਜਨਰਲ ਸਕੱਤਰ ਸੁਦਾਗਰ ਸਿੰਘ ਘੁਡਾਣੀ ਤੇ ਹਰਜੀਤ ਸਿੰਘ ਘਲੋਟੀ ਦੀ ਦੇਖ-ਰੇਖ ਹੇਠ ਗੁਰਦੁਆਰਾ ਸਾਹਿਬ ਵਿਖੇ ਹੋਈ, ਜਿਸ ਵਿੱਚ ਬਲਵਿੰਦਰ ਸਿੰਘ ਪ੍ਰਧਾਨ, ਮੀਤ ਪ੍ਰਧਾਨ ਹਰਦੀਪ ਸਿੰਘ, ਸਕੱਤਰ ਬਲਜਿੰਦਰ ਸਿੰਘ, ਸਹਾਇਕ ਸਕੱਤਰ ਰਵਿੰਦਰ ਸਿੰਘ, ਖ਼ਜ਼ਾਨਚੀ ਇੰਦਰਜੀਤ ਸਿੰਘ ਤੇ ਕੁਲਵਿੰਦਰ ਸਿੰਘ, ਮੋਹਨ ਸਿੰਘ, ਮਹਿੰਦਰ ਸਿੰਘ, ਸੋਹਣ ਸਿੰਘ ਤੇ ਅਮਨਦੀਪ ਸਿੰਘ ਮੈਂਬਰ ਚੁਣੇ ਗਏ। ਆਗੂਆਂ ਕਿਹਾ ਕਿ ਹੜ੍ਹ ਪੀੜਤ ਪਰਵਾਰਾਂ ਲਈ ਆਪਣੇ ਵੱਲੋਂ ਵੀ ਵੱਧ ਤੋਂ ਵੱਧ ਗਿਣਤੀ ਦੇ ਵਿੱਚ ਯੋਗਦਾਨ ਪਾਇਆ ਜਾਵੇ ਤਾਂ ਜੁ ਉਨ੍ਹਾਂ ਪੀੜਤ ਪਰਵਾਰਾਂ ਦੀ ਮਦਦ ਕੀਤੀ ਜਾਵੇ ਤੇ ਕੌਮੀ ਆਫਤ ਫੰਡ ਜੋ ਸਰਕਾਰ ਵੱਲੋਂ ਐਲਾਨੇ ਗਏ ਹਨ, ਉਹ ਪੀੜਤ ਪਰਵਾਰਾਂ ਨੂੰ ਫੌਰੀ ਵੰਡਿਆ ਜਾਵੇ ਤੇ ਉਨ੍ਹਾਂ ਦੇ ਸਾਰੇ ਕਰਜ਼ੇ ਖ਼ਤਮ ਕੀਤੇ ਜਾਣ। ਆਗੂਆਂ ਹੋਰ ਕਿਹਾ ਕਿ ਜੋ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਭਈਏ ਵੱਲੋਂ ਬੱਚੇ ਦਾ ਬੇਰਹਿਮੀ ਨਾਲ ਕਤਲ ਕੀਤਾ ਗਿਆ, ਉਸ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣ, ਪਰ ਸਾਰੇ ਭਈਆਂ ਨੂੰ ਬਾਹਰ ਕੱਢਣ ਦੇ ਵਰਗੇ ਐਲਾਨ ਨਹੀਂ ਹੋਣੇ ਚਾਹੀਦੇ।

## ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਮੀਟਿੰਗ ਹੋਈ

ਬੁਢਲਾਡਾ (ਪੱਤਰ ਪ੍ਰੇਰਕ)

ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਬਲਾਕ ਬੁਢਲਾਡਾ ਦੀ ਮੀਟਿੰਗ ਬਲਾਕ ਪ੍ਰਧਾਨ ਬਲਦੇਵ ਸਿੰਘ ਪਿੱਪਲੀਆਂ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਹੜ੍ਹ ਪੀੜਤਾਂ ਦੀ ਸਹਾਇਤਾ ਕਰਨ ਲਈ ਵਿਚਾਰ-ਵਟਾਂਦਰਾ ਕਰਦਿਆਂ ਸਾਰੀਆ ਪਿੰਡ ਇਕਾਈਆਂ ਵੱਲੋਂ ਵੱਡੀ ਪੱਧਰ 'ਤੇ ਕਣਕ, ਡੀਜ਼ਲ, ਬੀਜ, ਡੀ.ਏ.ਪੀ ਖਾਦ ਇਕੱਤਰ ਕਰਨ ਦਾ ਫੈਸਲਾ ਕੀਤਾ ਗਿਆ, ਜਿਸ ਨੂੰ ਇੱਕ ਹਫਤੇ ਵਿਚ ਮੁਕੰਮਲ ਕਰਕੇ ਹੜਾ ਮਾਰੇ ਜ਼ਿਲ੍ਹਿਆਂ ਵਿੱਚ ਲੋੜਾਂ ਅਨੁਸਾਰ ਭੇਜਿਆ ਜਾਵੇਗਾ।ਕਿਸਾਨਾਂ ਨੂੰ ਖੇਤ ਪੱਧਰੇ ਕਰਕੇ ਬਿਜਾਈ ਲਈ ਤਿਆਰ ਕਰਨ ਲਈ ਟਰੈਕਟਰਾਂ ਸਮੇਤ ਸਹਾਇਤਾ ਕੀਤੀ ਜਾਵੇਗੀ।ਇੱਕ ਮਤੇ ਅਨੁਸਾਰ ਸਰਕਾਰ ਤੋਂ ਵੀ ਮੰਗ ਕੀਤੀ ਕਿ ਪ੍ਰਤੀ ਏਕੜ 70 ਹਜ਼ਾਰ ਰੁਪਏ ਮੁਆਵਜ਼ਾ ਡਿੱਗੇ ਘਰਾਂ, ਪਸ਼ੂਆਂ ਤੇ ਮਨੁੱਖੀ ਮੌਤਾਂ ਲਈ ਵੀ ਪਰਵਾਰ ਨੂੰ 10 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇ।ਇਕਾਈ ਕੁਲਰੀਆਂ ਵਿੱਚ ਬਰੇਟਾ ਪੁਲਸ ਵੱਲੋਂ ਜਥੇਬੰਦੀ ਨਾਲ ਸਬੰਧਤ ਵਰਕਰਾਂ ਨੂੰ ਝੂਠੇ ਇਰਾਦਾ ਕਤਲ ਦੇ ਕੇਸ ਵਿੱਚ ਸ਼ਾਮਲ ਕਰਨ ਦੀ ਪੁਰਜ਼ੋਰ ਨਿਖੇਧੀ ਕਰਦਿਆਂ ਮੰਗ ਕੀਤੀ ਗਈ ਕਿ ਬੇਗੁਨਾਹ ਵਰਕਰਾਂ ਨੂੰ ਮੁਕੱਦਮੇ ਵਿੱਚੋਂ ਤੁਰੰਤ ਬਾਹਰ ਕੀਤਾ ਜਾਵੇ। ਇਸ ਸਬੰਧੀ 25 ਸਤੰਬਰ ਤੱਕ ਦਾ ਅਲਟੀਮੇਟਮ ਦਿੰਦਿਆ ਐਲਾਨ ਕੀਤਾ ਗਿਆ ਕਿ ਜੇ ਪੁਲਸ ਨੇ ਨਿਰਪੱਖ ਤਬਦੀਸ ਨਾ ਕੀਤੀ ਤਾਂ ਡੀ ਐਸ ਪੀ ਬੁਢਲਾਡਾ ਦਫਤਰ ਸਾਹਮਣੇ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ।ਜ਼ਮੀਨ ਬਚਾਓ ਮੋਰਚੇ ਦੇ ਪਹਿਲੇ ਸ਼ਹੀਦ ਪ੍ਰਿਥੀਪਾਲ ਸਿੰਘ ਚੱਕ ਅਲੀਸ਼ੇਰ ਦੀ ਪੰਦਰ੍ਹਵੀਂ ਬਰਸੀ 11 ਅਕਤੂਬਰ 2025 ਨੂੰ ਉਨ੍ਹਾਂ ਦੇ ਜੱਦੀ ਪਿੰਡ ਵਿਖੇ ਵੱਡਾ ਇਕੱਠ ਕਰਕੇ ਮਨਾਈ ਜਾਵੇਗੀ, ਜਿਸ ਵਿੱਚ ਸਾਰੀਆਂ ਪਿੰਡ ਇਕਾਈਆਂ ਔਰਤਾਂ ਸਮੇਤ ਸ਼ਮੂਲੀਅਤ ਕਰਨਗੀਆਂ।

ਵਰਨਣਯੋਗ ਹੈ ਕਿ 11 ਅਕਤੂਬਰ 2010 ਨੂੰ ਪਿੰਡ ਬੀਰੋਕੇ ਖੁਰਦ ਵਿਖੇ ਗ਼ਰੀਬ ਕਿਸਾਨ ਭੋਲਾ ਸਿੰਘ ਦੀ ਜ਼ਮੀਨ ਦੀ ਕਰਜੇ ਬਦਲੇ ਨਿਲਾਮੀ ਕਰਨ ਦਾ ਵਿਰੋਧ ਕਰਦਿਆ ਆੜ੍ਹਤੀਏ ਗੁੰਡਿਆਂ ਦੀ ਗੋਲੀ ਨਾਲ ਪ੍ਰਿਥੀਪਾਲ ਸਿੰਘ ਸ਼ਹੀਦ ਹੋ ਗਿਆ ਸੀ, ਜਿਸ ਕਰਕੇ ਜਥੇਬੰਦੀ ਨੇ ਵੱਡੀ ਕਾਨੂੰਨੀ ਜੱਦੋ ਜਹਿਦ ਤੋਂ ਬਾਅਦ ਸਾਰੇ ਦੋਸ਼ੀਆਂ ਨੂੰ ਨਾਇਬ ਤਹਿਸੀਲਦਾਰ ਸਮੇਤ ਉਮਰ ਕੈਦ ਦੀ ਸਜ਼ਾ ਦਿਵਾਈ ਗਈ ਸੀ।

## ਜਗਸੀਰ ਕੁਮਾਰ ਚਰਨਾ ਨੂੰ ਸਰਬਸੰਮਤੀ ਨਾਲ ਜ਼ਿਲ੍ਹਾ ਪ੍ਰਧਾਨ ਚੁਣਿਆ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ ਪੂਜਾ)-ਮੰਡੀ ਬਰੀਵਾਲਾ ਦੇ ਆਮ ਆਦਮੀ ਪਾਰਟੀ ਦੇ ਵਰਕਰ ਜਗਸੀਰ ਕੁਮਾਰ ਚਰਨਾਂ ਨੂੰ ਜ਼ਿਲ੍ਹਾ ਕੱਚਾ ਆੜ੍ਹਤੀ ਐਸੋਸੀਏਸ਼ਨ ਦਾ ਜ਼ਿਲ੍ਹਾ ਪ੍ਰਧਾਨ ਬਣਾਇਆ ਗਿਆ, ਉੱਥੇ ਜਗਸੀਰ ਸਿੰਘ ਚਰਨਾ ਦਾ ਕਹਿਣਾ ਸੀ ਕਿ ਮੈਂ ਜਗਦੀਪ ਸਿੰਘ ਕਾਕਾ ਬਰਾੜ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਮੈਨੂੰ ਇਹ ਮਾਣ-ਸਨਮਾਨ ਦਿੱਤਾ ਤੇ ਮੈਂ ਮੈਂ ਕਿਸੇ ਵੀ ਆੜ੍ਹਤੀਏ ਨੂੰ ਜ਼ਿਲ੍ਹੇ ਵਿੱਚ ਕਿਸੇ ਤਰ੍ਹਾਂ ਦੀ ਵੀ ਕੋਈ ਮੁਸ਼ਕਲ ਨਹੀਂ ਆਉਣ ਦੇਵਾਂਗੇ।

## ਗੁਰੂ ਨਾਨਕ ਜੀ ਦੇ ਵਰਤਾਏ ਕੌਤਕਾਂ ਦੀ ਕਥਾ ਵਾਰਤਾ ਦਾ ਸੰਗਤਾਂ ਨੇ ਆਨੰਦ ਮਾਣਿਆ



ਸੰਗਰੂਰ (ਪ੍ਰਵੀਨ ਸਿੰਘ)-ਗੁਰਦੁਆਰਾ ਗੁਰੂ ਨਾਨਕ ਦਰਬਾਰ ਵਿਖੇ ਗੁਰਦੁਆਰਾ ਸਾਹਿਬਾਨ ਪ੍ਰਬੰਧਕ ਤਾਲਮੇਲ ਕਮੇਟੀ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆ ਰਹੇ ਪ੍ਰਕਾਸ਼ ਪੁਰਬ ਨੂੰ ਸਮਰਪਤ ਤਿੰਨ ਰੋਜ਼ਾ ਕਥਾ ਸਮਾਗਮਾਂ ਦਾ ਆਯੋਜਨ ਕੀਤਾ ਗਿਆ।ਤਾਲਮੇਲ ਕਮੇਟੀ ਦੇ ਮੁਖੀ ਜਸਵਿੰਦਰ ਸਿੰਘ ਪ੍ਰਿੰਸ, ਹਰਪ੍ਰੀਤ ਸਿੰਘ ਪ੍ਰੀਤ ਜਨਰਲ ਸਕੱਤਰ, ਗੁਰਵਿੰਦਰ ਸਿੰਘ ਸਰਨਾ, ਪਰਮਿੰਦਰ ਸਿੰਘ ਸੋਬਤੀ, ਰਾਜਵਿੰਦਰ ਸਿੰਘ ਲੱਕੀ, ਜਸਵੀਰ ਸਿੰਘ ਪਿੰਕਾ ਦੀ ਦੇਖ ਰੇਖ ਹੇਠ ਹੋਇਆ।

ਗੁਰਮੀਤ ਸਿੰਘ ਸਾਹਨੀ ਦੇ ਸਟੇਜ ਸੰਚਾਲਨ ਅਧੀਨ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਅੰਮ੍ਰਿਤਪਾਲ ਸਿੰਘ ਦੇ ਜਥੇ ਨੇ ਰਸਭਿੰਨਾ ਕੀਰਤਨ ਕੀਤਾ। ਉਪਰੰਤ ਸੰਗਰੂਰ ਸ਼ਹਿਰ ਦਾ ਮਾਣ ਵਧਾਉਣ ਵਾਲੇ ਪ੍ਰਸਿੱਧ ਕਥਾ ਵਾਚਕ ਭਾਈ ਮਨਦੀਪ ਸਿੰਘ ਮੁਰੀਦ ਨੇ ਗਿਆਨੀ ਸੰਤੋਖ ਸਿੰਘ ਦੁਆਰਾ ਰਚਿਤ ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ ਤੇ ਅਧਾਰਤ ਗੁਰੂ ਨਾਨਕ ਸਾਹਿਬ ਜੀ ਦੇ ਵਰਤਾਏ ਕੌਤਕਾਂ ਵਿਸ਼ੇਸ਼ ਕਰਕੇ ਮੂਲਮੰਤਰ ਬਾਰੇ ਤੇ ਗੁਰੂ ਸਾਹਿਬ ਵੱਲੋਂ ਭਾਈ ਮਰਦਾਨਾ ਸੰਗ ਕੀਤੀ ਕੀਰਤਨ ਦੀ ਆਰੰਭਤਾ ਦੇ ਪ੍ਰਸੰਗ ਦੀ ਕੀਤੀ ਕਥਾ ਵਾਰਤਾ ਦਾ, ਸ਼ਹਿਰੀ ਤੇ ਇਲਾਕੇ 'ਚੋਂ ਵੱਡੀ ਗਿਣਤੀ ਵਿੱਚ ਪਹੁੰਚੀਆਂ ਸੰਗਤਾਂ ਨੇ ਅਗੰਮੀ ਅਨੰਦ ਮਾਣਿਆ।ਭਾਈ ਦਲਵੀਰ ਸਿੰਘ ਬਾਬਾ ਨੇ ਪਾਠ ਸਰਵਣ ਕਰਾਉਣ ਦੀ ਸੇਵਾ ਨਿਭਾਈ।ਤੀਜੀ ਰਾਤਰੀ ਦੌਰਾਨ ਗੁਰੂ ਨਾਨਕ ਸਾਹਿਬ ਜੀ ਦੇ ਵਿਆਹ ਪੁਰਬ ਪ੍ਰਸੰਗ ਕਥਾ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਹਰਿਗੋਬਿੰਦ ਪੁਰਾ ਤੋਂ ਬਰਾਤ ਰੂਪ ਵਿੱਚ ਸਜਾਈ ਫੇਰੀ ਸਜਾਈ ਗਈ।ਭਾਈ ਸਤਵਿੰਦਰ ਸਿੰਘ ਭੋਲਾ ਹੈੱਡ ਗ੍ਰੰਥੀ ਵੱਲੋਂ ਕੀਤੀ ਅਰਦਾਸ ਉਪਰੰਤ ਨਿਸ਼ਾਨ ਸਾਹਿਬ ਦੀ ਅਗਵਾਈ ਅਤੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਗਤਾਰ ਸਿੰਘ, ਕੁਲਵੀਰ ਸਿੰਘ, ਸੁਰਿੰਦਰ ਪਾਲ ਸਿੰਘ ਸਿਦਕੀ, ਸੁਖਪਾਲ ਸਿੰਘ ਗਰੇਵਾਲ, ਅਮਰਿੰਦਰ ਸਿੰਘ ਮੱਖਾ, ਇਸਤਰੀ ਸਤਿਸੰਗ ਸਭਾ ਦੀ ਪ੍ਰਧਾਨ ਬੀਬੀ ਬਲਵੰਤ ਕੌਰ, ਸੰਤੋਸ਼ ਕੌਰ ਦੀ ਦੇਖ-ਰੇਖ ਹੇਠ ਕੱਢੀ ਗਈ।

ਬਰਾਤ ਵਿੱਚ ਸ਼ਹਿਰ ਤੇ ਇਲਾਕੇ ਦੀਆਂ ਸੰਗਤਾਂ ਨੇ ਉਤਸ਼ਾਹ ਅਤੇ ਚਾਅ ਨਾਲ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।ਗੁਰੂ ਸਾਹਿਬ ਦੀ ਉਸਤਤਿ ਵਿੱਚ ਦਲਵੀਰ ਸਿੰਘ ਬਾਬਾ, ਚਰਨਜੀਤ ਪਾਲ ਸਿੰਘ, ਸੁਰਿੰਦਰ ਪਾਲ ਸਿੰਘ ਸਿਦਕੀ, ਗੁਰਕੰਵਲ ਸਿੰਘ, ਗੁਰਿੰਦਰ ਵੀਰ ਸਿੰਘ, ਮਨਦੀਪ ਸਿੰਘ ਬੋਨੀ ਸਾਹਨੀ, ਗੁਰਲੀਨ ਕੌਰ, ਸਵਰਨ ਕੌਰ, ਗੁਰਬੀਰ ਕੌਰ ਬੇਬੀ, ਰੇਖਾ ਕਾਲੜਾ, ਪਰਮਿੰਦਰ ਕੌਰ, ਕਿਰਨ ਦੂਆ, ਮਨਜੀਤ ਕੌਰ ਆਦਿ ਵੱਲੋਂ ਸ਼ਬਦਾਂ ਦਾ ਗਾਇਨ ਕੀਤਾ।ਸਤੇ ਵਿੱਚ ਵੱਖ ਵੱਖ ਸ਼ੋਅ ਰੂਮਾਂ ਹਰਦੀਪ ਗਾਰਮੈਂਟਸ, ਚੀਮਾ ਪਰਿਵਾਰ, ਨਾਨਕਪੁਰਾ ਮਹੱਲੇ ਦੀਆਂ ਸੰਗਤਾਂ ਵੱਲੋਂ ਗਗਨਜੀਤ ਸਿੰਘ ਗੱਗੀ, ਮਹਿਕਪ੍ਰੀਤ ਕੌਰ ਪਰਿਵਾਰ ਨੇ ਬਰਾਤੀ ਸੰਗਤਾਂ ਦੀ ਮਿਠਿਆਈਆਂ ਨਾਲ ਸੇਵਾ ਕੀਤੀ।ਸਟਾਲਾਂ ਦੇ ਪ੍ਰਬੰਧਕਾਂ ਨੂੰ ਜਸਵਿੰਦਰ ਸਿੰਘ ਪ੍ਰਿੰਸ , ਹਰਪ੍ਰੀਤ ਸਿੰਘ ਪ੍ਰੀਤ, ਗੁਰਮੀਤ ਸਿੰਘ ਨਾਗੀ, ਸੁਰਿੰਦਰ ਪਾਲ ਸਿੰਘ ਸਿਦਕੀ ਆਦਿ ਨੇ ਸਨਮਾਨਤ ਕੀਤਾ।ਖ਼ੁਸ਼ੀਆਂ ਭਰੇ ਮਾਹੌਲ ਵਿੱਚ ਜੈਕਾਰਿਆਂ ਤੇ ਖਾਲਸਾਈ ਨਾਅਰਿਆਂ ਦੀ ਗੂੰਜ ਵਿੱਚ ਇਸ ਬਰਾਤ ਦਾ ਗੁਰਦੁਆਰਾ ਸਾਹਿਬ ਗੁਰੂ ਨਾਨਕ ਦਰਬਾਰ ਵਿਖੇ ਪਹੁੰਚਣ 'ਤੇ ਗੁਰਦੁਆਰਾ ਸਾਹਿਬ ਵੱਲੋਂ ਜਸਵਿੰਦਰ ਸਿੰਘ ਪ੍ਰਿੰਸ, ਗੁਰਵਿੰਦਰ ਸਿੰਘ ਸਰਨਾ, ਪਰਮਿੰਦਰ ਸਿੰਘ ਸੋਬਤੀ, ਹਰਵਿੰਦਰ ਸਿੰਘ ਕੋਹਲੀ, ਮਨਪ੍ਰੀਤ ਸਿੰਘ ਸੇਠੀ, ਗੁਰਸਿਮਰਨ ਸਿੰਘ ਗੁਜਰਾਲ, ਭਾਈ ਸੁੰਦਰ ਸਿੰਘ ਅਤੇ ਮੁਹੱਲੇ ਦੀਆਂ ਸੰਗਤਾਂ ਨੇ ਫੁੱਲਾਂ ਦੀ ਵਰਖਾ ਕਰਕੇ ਜਦੋਂ ਭਰਵਾਂ ਸਵਾਗਤ ਕੀਤਾ ਉਹ ਦ੍ਰਿਸ਼ ਦੇਖਦੇ ਹੀ ਬਣਦਾ ਸੀ।ਪ੍ਰਬੰਧਕਾਂ ਵੱਲੋਂ ਜਗਤਾਰ ਸਿੰਘ, ਭਾਈ ਮਨਦੀਪ ਸਿੰਘ ਮੁਰੀਦ, ਦਲਵੀਰ ਸਿੰਘ ਬਾਬਾ ਆਦਿ ਨੂੰ ਸਿਰੋਪਾਓ ਪਾ ਕੇ ਜੈਕਾਰਿਆਂ ਦੀ ਗੂੰਜ ਵਿੱਚ ਮਿਲਣੀ ਦਾ ਮਨਮੋਹਕ ਦ੍ਰਿਸ਼ ਪੇਸ਼ ਕੀਤਾ ਗਿਆ।ਇਸ ਮੌਕੇ ਪਕੌੜਿਆਂ, ਦੁੱਧ ਤੇ ਭਾਂਤ-ਭਾਂਤ ਦੀਆਂ ਮਠਿਆਈਆਂ ਦੇ ਲੰਗਰ ਲਾਏ ਗਏ।

## ਐਨਐਸਐਸ ਤੇ ਰੈਡ ਰਿਬਨ ਕਲੱਬ ਵੱਲੋਂ ਵਿਸ਼ੇਸ਼ ਲੈਕਚਰ

ਦੋਰਾਹਾ (ਹਰਮਿੰਦਰ ਸੇਠ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਮਾਤਾ ਗੰਗਾ ਖ਼ਾਲਸਾ ਕਾਲਜ, ਮੰਜੀ ਸਾਹਿਬ ਕੋਟਾਂ ਵਿਖੇ ਐੱਨ.ਐੱਸ.ਐੱਸ. ਤੇ ਰੈੱਡ ਰਿਬਨ ਕਲੱਬ ਵੱਲੋਂ ਭਾਈ ਕਨ੍ਹੱਈਆ ਜੀ ਦੀ ਯਾਦ ਵਿੱਚ ਮਾਨਵ ਸੇਵਾ ਦਿਵਸ ਮਨਾਉਣ ਲਈ ਵਿਸ਼ੇਸ਼ ਲੈਕਚਰ ਦਾ ਆਯੋਜਨ ਕੀਤਾ ਗਿਆ।ਵਿਦਿਆਰਥੀਆਂ ਨੇ ਭਾਈ ਕਨ੍ਹੱਈਆ ਜੀ ਦੇ ਜੀਵਨ, ਮਾਨਵਤਾ ਦੀ ਭਲਾਈ ਲਈ ਉਨ੍ਹਾਂ ਦਾ ਯੋਗਦਾਨ ਅਤੇ ਨਸ਼ਿਆਂ ਵਿਰੁੱਧ ਜਾਗਰੂਕਤਾ ਆਦਿ ਦੇ ਵਿਸ਼ਿਆਂ 'ਤੇ ਲੈਕਚਰ ਵੀ ਕਰਾਏ ਗਏ, ਜਿਸ ਵਿੱਚ ਵਿਦਿਆਰਥਣਾਂ ਸੋਨਪ੍ਰੀਤ ਕੌਰ, ਖੁਸ਼ਦੀਪ ਕੌਰ ਤੇ ਸ਼ਵੇਤਾ ਨੇ ਭਾਗ ਲਿਆ।ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਡਾ. ਮੰਜੂ ਸੱਦੀ (ਇੰਚਾਰਜ ਐੱਨ.ਐੱਸ.ਐੱਸ) ਨੇ ਵਿਦਿਆਰਥੀਆਂ ਨੂੰ ਭਾਈ ਕਨ੍ਹੱਈਆ ਜੀ ਦੇ ਜੀਵਨ ਤੇ ਚਾਨਣਾ ਪਾਉਂਦਿਆਂ ਉਨ੍ਹਾਂ ਦੁਆਰਾ ਮਾਨਵਤਾ ਦੀ ਭਲਾਈ ਲਈ ਕੀਤੇ ਕੰਮਾਂ ਬਾਰੇ ਦੱਸਿਆ ਅਤੇ ਵੱਧ ਰਹੇ ਨਸ਼ਿਆਂ ਉੱਤੇ ਠੱਲ੍ਹ ਪਾਉਣ ਬਾਰੇ ਵਿਚਾਰ ਸਾਂਝੇ ਕੀਤੇ।ਉਪਰੰਤ ਡਾ. ਰੂਪਾ ਕੌਰ (ਪੰਜਾਬੀ ਵਿਭਾਗ) ਨੇ ਵਿਦਿਆਰਥੀਆਂ ਨੂੰ ਚੰਗੇ ਗੁਣਾਂ ਦੀ ਪਛਾਣ ਕਰਨ ਬਾਰੇ ਸਮਝਾਉਂਦਿਆਂ ਸੂਰਤ ਦੀ ਬਜਾਏ ਸੀਰਤ ਨੂੰ ਭਾਵ ਆਪਣੇ ਅੰਦਰੂਨੀ ਗੁਣਾਂ ਦੀ ਪਛਾਣ ਕਰਨ ਨੂੰ ਤਰਜ਼ੀਹ ਦੇਣ ਬਾਰੇ ਦੱਸਿਆ ਤੇ ਵਿਦਿਆਰਥੀਆਂ ਨੂੰ ਸਮਾਜ ਭਲਾਈ ਦੇ ਕਾਰਜਾਂ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਉਣ ਲਈ ਕਿਹਾ।ਕਾਲਜ ਪ੍ਰਿੰਸੀਪਲ ਡਾ. ਗਗਨਦੀਪ ਸਿੰਘ ਜੀ ਨੇ ਭਾਈ ਕਨ੍ਹੱਈਆ ਜੀ ਦੇ ਜੀਵਨ ਬਾਰੇ ਦੱਸਦਿਆਂ ਵਿਦਿਆਰਥੀਆਂ ਨੂੰ ਮਾਨਵਤਾ ਦੀ ਸੇਵਾ ਲਈ ਵੱਧ ਤੋਂ ਵੱਧ ਕਾਰਜ ਕਰਨ ਤੇ ਨੌਜਵਾਨ ਪੀੜ੍ਹੀ ਨੂੰ ਚੰਗੇਰੇ ਭਵਿੱਖ ਲਈ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਤ ਕੀਤਾ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਉਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

23 Sep Page 11-Majha-25.qxd 9/22/2025 9:31 PM Page 1



# ਦਰਿਆ ਬੁਰਦ ਹੋਈ ਇੱਕ ਹਜ਼ਾਰ ਏਕੜ ਉਪਜਾਊ ਜ਼ਮੀਨ ਨੂੰ ਲੱਭਣ ਲਈ ਕਿਸਾਨ ਹੋਏ ਹਾਲੋਂ-ਬੇਹਾਲ : ਧਾਲੀਵਾਲ

## * ਰਾਵੀ ਦਰਿਆ 'ਚ ਆਏ ਹੜ੍ਹਾਂ ਦੀ ਉੱਚ ਪੱਧਰੀ ਜਾਂਚ ਲਈ ਗਠਿਤ 5 ਮੈਂਬਰੀ ਕਮੇਟੀ ਵੱਲੋਂ ਜਾਂਚ ਸ਼ੁਰੂ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**-ਅਜਨਾਲਾ ਸੈਕਟਰ ਦੇ ਸਰਹੱਦੀ ਪਿੰਡਾਂ ਬੱਲ ਲਭੇ ਦਰਿਆ, ਕਮੀਰਪੁਰਾ, ਸਾਹੋਵਾਲ ਆਦਿ ਪਿੰਡਾਂ ਦੀਆਂ ਕੌਮਾਂਤਰੀ ਰਾਵੀ ਦਰਿਆ 'ਚ ਆਏ ਭਿਆਨਕ ਹੜ੍ਹ ਦੀ ਮਾਰ ਹੇਠ ਆਈਆਂ ਫਸਲਾਂ ਦਾ ਜਾਇਜ਼ਾ ਲੈਣ ਲਈ ਹਲਕਾ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਸ. ਕੁਲਦੀਪ ਸਿੰਘ ਧਾਲੀਵਾਲ ਉਚੇਚੇ ਤੌਰ ਤੇ ਪੁੱਜੇ ਅਤੇ ਬੀਐਸਐਫ ਵਲੋਂ ਮੁਹੱਈਆ ਕਰਵਾਈ ਗਈ ਮੋਟਰ ਬੋਟ ਤੇ ਸਵਾਰ ਹੋ ਕੇ ਦਰਿਆ ਤੋਂ ਪਾਰ ਵੀ ਬਰਬਾਦ ਹੋਈਆਂ ਫਸਲਾਂ ਦਾ ਨਰੀਖਣ ਕੀਤਾ।

ਨਿਰੀਖਣ ਦੌਰਾਨ ਸ. ਧਾਲੀਵਾਲ ਨੇ ਪ੍ਰਭਾਵਿਤ ਕਿਸਾਨਾਂ ਵਲੋਂ ਹੜ੍ਹ ਕਾਰਨ 10-10 ਫੁੱਟ ਰੇਤ ਤੇ ਗਾਰ 'ਚ ਦੱਬੇ ਹੋਏ 6 ਟਰੈਕਟਰਾਂ 'ਚੋਂ 3 ਟਰੈਕਟਰ ਮੌਕੇ ਤੇ ਹੀ ਰੇਤ 'ਚੋਂ ਬਾਹਰ ਕੱਢਣ ਦੀ ਪ੍ਰਕਿਰਿਆ ਦੀ ਖ਼ੁੱਦ ਅਗਵਾਈ ਕੀਤੀ ਅਤੇ ਟਰੈਕਟਰਾਂ ਨੂੰ ਬੇੜੇ 'ਚ ਲੱਦ ਕੇ ਦਰਿਆ ਦੇ ਤੇਜ਼ ਪਾਣੀ ਵਹਾਅ ਨੂੰ ਪਾਰ ਕਰਨ ਦੇ ਖਤਰਿਆਂ ਨਾਲ ਜੂਝਦੇ ਹੋਏ ਪਿੰਡ ਬੱਲ ਲਭੇ ਦਰਿਆ ਦੇ ਕਿਸਾਨ ਮਾਲਕਾਂ ਦੇ ਜਿੰਥੇ ਸਪੁਰਦ ਕੀਤੇ ਉਥੇ ਅਸਹਿ ਨੁਕਸਾਨ ਕਾਰਨ ਪ੍ਰਭਾਵਿਤ ਹੋਏ ਕਿਸਾਨਾਂ ਨੂੰ ਹੌਂਸਲਾ ਦਿੱਤਾ।ਹੜ੍ਹ 'ਚ ਇਕ ਵੱਡਾ ਬੇੜਾ ਅਤੇ ਇਕ ਬੇੜੀ ਰੁੜ੍ਹ ਜਾਣ ਦੇ ਮੱਦੇਨਜ਼ਰ ਨਵਾਂ ਬੇੜਾ ਤੇ ਬੇੜੀ ਮੁਹੱਈਆ ਕਰਵਾਏ ਜਾਣ ਦੀ ਪ੍ਰਭਾਵਿਤ ਕਿਸਾਨਾਂ ਦੀ ਮੰਗ ਨੂੰ ਮੁੱਖ ਰੱਖਦਿਆਂ ਸ.



ਧਾਲੀਵਾਲ ਨੇ ਆਪਣੀ ਨਿੱਜੀ ਜੇਬ 'ਚੋਂ ਇਕ ਲੱਖ ਰੁਪਏ ਭੇਟ ਕਰਦਿਆਂ ਵਰਕਸ਼ਾਪ ਕਾਰੀਗਰਾਂ ਨੂੰ ਫੋਨ ਕਰਕੇ 2 ਹਫਤੇ ਵਿੱਚ ਵਿੱਚ ਨਵਾਂ ਬੇੜਾ ਤੇ ਬੇੜੀ ਪ੍ਰਭਾਵਤ ਕਿਸਾਨਾਂ ਨੂੰ ਸੌਂਪੇ ਜਾਣ ਦੇ ਨਿਰਦੇਸ਼ ਦਿੱਤੇ।ਪ੍ਰਭਾਵਿਤ ਕਿਸਾਨਾਂ ਵਲੋਂ ਦਰਿਆ 'ਚ ਅਚਨਚੇਤ ਪਾਣੀ ਆਉਣ ਨਾਲ ਹੜ੍ਹ ਦੀ ਪੈਦਾ ਹੋਈਆਂ ਸਮੱਸਿਆਵਾਂ ਸੁਨਣ ਉਪਰੰਤ ਹਲਕਾ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਸ. ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਕੁਦਰਤੀ ਆਫਤ 'ਚ ਉਪਰਲੇ ਪਹਾੜੀ ਖੇਤਰਾਂ 'ਚ ਬੱਦਲ ਫਟਣ ਕਾਰਨ ਅੰਨੇਵਾਹ ਪੱਥਰਾਂ ਦੇ ਕਚਰੇ , ਲਾਲ ਮਿੱਟੀ, ਗਾਰ ਨਾਲ ਬੇਹਿਸਾਬੇ ਪਾਣੀ ਦੀ ਹੇਠਾਂ ਥੀਨ ਡੈਮ ਤੱਕ ਮਾਰ ਪੈਣ ਜਿਥੇ ਇੰਜੀਨੀਅਰਾਂ ਨੂੰ ਵੀ ਅੱਖ ਝਪਕਦਿਆਂ ਆਏ ਬੇਥਵੇ ਪਾਣੀ ਦੀ ਦਰਿਆ ਕੰਢੇ ਪੈਂਦੇ ਅਗਲੇ ਪਿੰਡਾਂ, ਕਸਬਿਆਂ ਨੂੰ ਅਗਾਊਂ ਸੂਚਨਾ ਦੇਣੀ ਅਸੰਭਵ ਸੀ, ਉਥੇ ਮਾਧੋਪੁਰ ਹੈਡਵਰਕਸ ਦੇ 3 ਫਲੱਡ ਗੇਟ ਟੁੱਟ ਜਾਣ ਦੇ ਵਰਤਾਰੇ ਦੀ ਉੱਚ ਤਾਕਤੀ ਜਾਂਚ ਕਰਨ ਲਈ ਮਾਨ ਸਰਕਾਰ ਨੇ 5 ਵਿਸ਼ੇਸ਼ ਮਾਹਿਰ ਇੰਜੀਨੀਅਰਾਂ ਤੇ ਅਧਾਰਿਤ ਇਕ ਜਾਂਚ ਕਮੇਟੀ ਬਿਠਾ ਕੇ ਗੇਟਾਂ ਦੇ ਟੁੱਟ ਕੇ ਰੁੜ੍ਹ ਜਾਣ ਦੇ ਢਾਂਚੇ, ਮਕੈਨੀਕਲ, ਜਲ ਵਿਗਿਆਨ, ਭੂਮੀ ਤਕਨੀਕੀ ਕਾਰਨਾਂ ਆਦਿ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ, ਤਾਂ ਜੋ ਭਵਿਖ 'ਚ ਅਜਿਹੀ ਮੰਦਭਾਗੀ ਘਟਨਾ ਤੋਂ ਬਚਿਆ ਜਾ ਸਕੇ।ਜਦੋਂਕਿ ਅਣਗਹਿਲੀ ਵਰਤਣ ਦੇ ਇਲਜ਼ਾਮ 'ਚ 3 ਅਧਿਕਾਰੀ ਪਹਿਲਾਂ ਹੀ ਮੁੱਅਤਲ ਕੀਤੇ ਜਾ ਚੁੱਕੇ ਹਨ।

# ਜ਼ਿਲ੍ਹਾ ਪੱਧਰੀ ਕੁਸ਼ਤੀ ਤੇ ਬਾਸਕਿਟਬਾਲ ਟੂਰਨਾਮੈਂਟ 'ਚ ਸ਼ਾਨਦਾਰ ਜਿੱਤਾਂ

ਝਬਾਲ (ਹਰਜਿੰਦਰ ਸਿੰਘ ਸੋਨੀ)—ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਇੰਦਰਬੀਰ ਸਿੰਘ ਜੀ ਨਿੱਜਰ ਦੀ ਯੋਗ ਸਰਪ੍ਰਸਤੀ ਹੇਠ ਚੱਲ ਰਹੀ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਦੇ ਵਿਦਿਆਰਥੀਆਂ ਨੇ ਪੰਜਾਬ ਸਕੂਲ ਖੇਡਾਂ



2025 ਜ਼ਿਲਾ ਪੱਧਰੀ ਕੁਸ਼ਤੀ (ਮੁੰਡੇ)ਅਤੇ ਬਾਸਕਿਟਬਾਲ (ਲੜਕੀਆਂ) ਟੂਰਨਾਮੈਂਟ ਵਿੱਚ ਹਿੱਸਾ ਲਿਆ ਅਤੇ ਵਧੀਆ ਖੇਡ ਪ੍ਰਦਰਸ਼ਨ ਕਰਦਿਆਂ ਹੋਇਆਂ ਆਪਣੇ ਸਕੂਲ ਦਾ ਨਾਂ ਰੌਸ਼ਨ ਕੀਤਾ।ਇਹ ਟੂਰਨਾਮੈਂਟ 16 ਸਤੰਬਰ, ਮੰਗਲਵਾਰ ਨੂੰ ਤਰਨ ਤਾਰਨ ਵਿਖੇ ਕਰਵਾਏ ਗਏ ਸਨ।ਜਿਸ ਵਿੱਚ ਸਕੂਲ ਦੇ ਵਿਦਿਆਰਥੀਆ ਨੇ ਬੀੜ ਬਾਬਾ ਬੁੱਢਾ ਸਾਹਿਬ ਜ਼ੋਨ ਵੱਲੋਂ ਖੇਡਦਿਆਂ ਹੋਇਆਂ ਅੰਡਰ-17 ਕੁਸਤੀ ਟੂਰਨਾਮੈਂਟ (80 ਕਿਲੋ) ਵਿੱਚੋਂ ਤੀਸਰਾ ਸਥਾਨ ਹਾਸਲ ਕੀਤਾ ਅਤੇ ਅੰਡਰ-14 ਬਾਸਕਿਟਬਾਲ ਲੜਕੀਆਂ ਨੇ ਦੂਸਰਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਮਾਣ ਵਧਾਇਆ। ਸਕੂਲ ਦੇ ਮੈਂਬਰ ਇੰਚਾਰਜ ਸ.ਮਨਜੀਤ ਸਿੰਘ ਢਿੱਲੋਂ, ਆਦਰਸ਼ਪਿੰਦਰ ਸਿੰਘ ਮਾਨ,ਸ.ਅਜੀਤਪਾਲ ਸਿੰਘ ਅਨੇਜਾ ਅਤੇ ਪ੍ਰਿੰਸੀਪਲ ਅਨੁਰੀਤ ਬਾਵਾ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਇਸ ਸ਼ਾਨਦਾਰ ਜਿੱਤ 'ਤੇ ਵਧਾਈ ਦਿੰਦਿਆਂ ਅੱਗੇ ਹੋਰ ਮਿਹਨਤ ਕਰਕੇ ਜ਼ਿੰਦਗੀ ਦੀਆਂ ਬੁਲੰਦੀਆਂ ਨੂੰ ਛੂਹਣ ਦਾ ਅਸ਼ੀਰਵਾਦ ਦਿੱਤਾ।

# ਆਂਗਨਵਾੜੀ ਯੂਨੀਅਨ (ਸੀਟੂ) ਵੱਲੋਂ ਹੜਤਾਲ ਦਾ ਐਲਾਨ

ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)-ਆਂਗਨਵਾੜੀ ਮੁਲਾਜ਼ਮ ਯੂਨੀਅਨ ਪੰਜਾਬ (ਸੀਟੂ) ਦੇ ਪ੍ਰਧਾਨ ਹਰਜੀਤ ਕੌਰ ਪੰਜੋਲਾ, ਸੂਬਾਈ ਜਰਨਲ ਸਕੱਤਰ ਸੁਭਾਸ਼ ਰਾਣੀ ਤੇ ਸਮੁੱਚੀ ਸੂਬਾ ਕਮੇਟੀ ਤੇ ਆਂਗਨਵਾੜੀ ਵਰਕਰਾਂ ਹੈਲਪਰਾਂ ਵਲੋਂ ਜ਼ਿਲਾ ਪ੍ਰਧਾਨ ਗੁਰਮਿੰਦਰ ਕੌਰ ਹਰੀਆਂ ਦੀ ਅਗਵਾਈ ਹੇਠ ਮਜੀਠਾ ਵਿਖੇ ਇਕੱਤਰਤਾ ਕਰਕੇ ਪੰਜਾਬ ਅਤੇ ਕੇਂਦਰ ਦੀ ਸਰਕਾਰ ਦੇ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ।



ਇਸ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਜ਼ਿਲਾ ਪ੍ਰਧਾਨ ਗੁਰਮਿੰਦਰ ਕੌਰ ਹਰੀਆਂ ਨੇ ਕਿਹਾ ਕਿ ਆਈ ਸੀ ਡੀ ਐੱਸ ਸਕੀਮ 50 ਵਰ੍ਹੇ ਪੂਰੇ ਕਰ ਚੁੱਕੀ ਹੈ।ਇਕ ਪਾਸੇ ਤਾਂ ਇਹ ਸਕੀਮ ਗੋਲਡਨ ਜੁਬਲੀ ਮਨਾਉਣ ਜਾ ਰਹੀ ਹੈ ਦੂਸਰੇ ਪਾਸੇ ਇਸ ਵਿੱਚ ਕੰਮ ਕਰਨ ਵਾਲਿਆਂ ਆਂਗਨਵਾੜੀ ਵਰਕਰਾਂ ਅਤੇ ਹੈਲਪਰਾ ਅੱਜ ਵੀ ਨਿਗੂਣੇ ਜਿਹੇ ਮਾਣਭੱਤੇ ਵਿੱਚ ਕੰਮ ਕਰਨ ਲਈ ਮਜਬੂਰ ਹਨ।ਉਨ੍ਹਾਂ ਕਿਹਾ ਕਿ ਸੂਬਾ ਕਮੇਟੀ ਵਲੋਂ ਵਿਭਾਗ ਦੇ ਸਕੱਤਰ ਨੂੰ ਬੀਤੇ ਦਿਨ ਮੰਗਾਂ ਬਾਰੇ ਨੋਟਿਸ ਭੇਜਦੇ ਹੋਏ ਅਲਟੀਮੇਟਮ ਦਿਤਾ ਗਿਆ ਕੀ ਜੇਕਰ 28 ਸਤੰਬਰ ਤੱਕ ਸਮੱਸਿਆਵਾਂ ਦਾ ਹੱਲ ਨਾ ਕੀਤਾ ਗਿਆ ਤਾਂ ਆਂਗਨਵਾੜੀ ਵਰਕਰਾਂ ਵਲੋਂ ਕਲਮ ਛੋੜ ਹੜਤਾਲ ਤੇ ਜਾਂਦੇ ਹੋਏ ਪੋਸ਼ਣ ਟਰੈਕ ਐਪ ਨੂੰ ਸੰਪੂਰਨ ਬੰਦ ਕੀਤਾ ਜਾਵੇਗਾ।ਇਸ ਮੌਕੇ ਅਜਨਾਲਾ ਤਹਿਸੀਲ ਪ੍ਰਧਾਨ ਗੁਰਿੰਦਰ ਕੌਰ ਰਾਜੀਆ, ਸੈਕਟਰੀ ਜਗਜੀਤ ਕੌਰ,ਸਰਕਲ ਪ੍ਰਧਾਨ ਬਲਜੀਤ ਕੌਰ ਅਵਾਣ, ਸ਼ਰਨਜੀਤ ਕੌਰ ਗੁੱਜਰਪੁਰਾ, ਸਰਬਜੀਤ ਕੌਰ, ਰਾਜਬੀਰ ਕੌਰ, ਜਸਵਿੰਦਰ ਕੌਰ,ਪ੍ਰੇਮ ਕੌਰ,ਪੂਨਮ ਕੌਰ, ਪਰਮਜੀਤ ਕੌਰ ਤਲਵੰਡੀ, ਕੰਚਨ ਬਾਲਾ, ਗੁਰਮੀਤ ਕੌਰ, ਬਿਕਰਮਜੀਤ ਕੌਰ, ਅਮਨਦੀਪ ਕੌਰ, ਸੁੱਖਵਿੰਦਰ ਕੌਰ, ਕੁਲਦੀਪ ਕੌਰ, ਸਤਬੀਰ ਕੌਰ ਆਦਿ ਹਾਜ਼ਰ ਸਨ।

# ਖ਼ੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੀ ਟੀਮ ਰਾਵੀ ਪਾਰ ਪਿੰਡਾਂ 'ਚ ਪੁੱਜੀ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਰਾਵੀ ਦਰਿਆ ਤੋਂ ਪਾਰ ਪਿੰਡਾਂ ਘਣੀਏ ਕੇ ਬੇਟ, ਗੁਰਚੱਕ, ਲੱਖੋਵਾਲ, ਮਨਸੂਰ ਆਦਿ ਵਿਚ ਹੜ੍ਹ ਦੇ ਪਾਣੀ ਨਾਲ ਝੋਨੇ, ਬਾਸਮਤੀ, ਮੱਕੀ ਅਤੇ ਕਮਾਦ ਆਦਿ ਫ਼ਸਲਾਂ ਦਾ ਜਾਇਜ਼ਾ ਲੈਣ ਲਈ ਖ਼ੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੀ ਟੀਮ ਵਲੋਂ ਦੌਰਾ ਕੀਤਾ ਗਿਆ। ਇਸ ਦੌਰੇ ਦੌਰਾਨ ਇਸ ਟੀਮ ਵੱਲੋਂ ਪ੍ਰਭਾਵਤ ਕਿਸਾਨਾਂ ਨਾਲ ਖੇਤਾਂ ਵਿਚ ਜਾ ਕੇ ਗੱਲਬਾਤ ਕੀਤੀ ਅਤੇ ਫ਼ਸਲਾਂ ਦੇ ਹੋਏ ਨੁਕਸਾਨ ਬਾਰੇ



ਪਤਾ ਕੀਤਾ। ਮੁੱਖ ਖੇਤੀਬਾੜੀ ਅਫ਼ਸਰ ਡਾਕਟਰ ਅਮਰੀਕ ਸਿੰਘ ਦੀ ਅਗਵਾਈ ਵਾਲੀ ਟੀਮ ਵਿਚ ਬਲਾਕ ਖ਼ੇਤੀਬਾੜੀ ਅਫ਼ਸਰ ਡਾ. ਸੁਖਬੀਰ ਸਿੰਘ ਸੰਧੂ, ਗਗਨਦੀਪ ਸਿੰਘ ਖ਼ੇਤੀਬਾੜੀ ਵਿਕਾਸ ਅਫ਼ਸਰ ਡੇਰਾ ਬਾਬਾ ਨਾਨਕ ਸ਼ਾਮਿਲ ਸਨ।ਇਸ ਤੋਂ ਇਲਾਵਾ ਮਾਸਟਰ ਕੁਲਦੀਪ ਸਿੰਘ, ਗੁਰਇਕਬਾਲ ਸਿੰਘ ਵੀ ਹਾਜ਼ਰ ਸਨ। ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਹੜ੍ਹਾਂ ਦੇ ਪਾਣੀ ਨਾਲ ਇਨਾਂ ਪਿੰਡਾਂ ਦਾ ਬਹੁਤ ਨੁਕਸਾਨ ਹੋਇਆ ਹੈ।ਖੇਤਾਂ ਵਿਚ ਅਜੇ ਵੀ 2-3 ਫੁੱਟ ਤੱਕ ਪਾਣੀ ਖੜਾ ਹੈ। ਉਨ੍ਹਾਂ ਦਸਿਆ ਕਿ ਪੰਜਾਬ ਸਰਕਾਰ ਵਲੋਂ ਹੋਈਆਂ ਹਦਾਇਤਾਂ ਅਨੁਸਾਰ ਮਾਲ ਵਿਭਾਗ ਅਤੇ ਖੇਤੀਬਾੜੀ ਵਿਭਾਗ ਵੱਲੋਂ ਵਿਸ਼ੇਸ਼ ਗਿਰਦਾਵਰੀ ਕੀਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਹੜ੍ਹ ਪ੍ਰਭਾਵਤ ਸਰੋਂ ਦੀ ਖੇਤੀ ਕਰਨ ਵਾਲੇ ਇੱਛੁਕ ਕਿਸਾਨਾਂ ਨੂੰ ਵਿਭਾਗ ਵੱਲੋਂ ਸਰੋਂ ਦਾ ਬੀਜ ਉਪਲਬਧ ਕਰਵਾਇਆ ਜਾਵੇਗਾ।ਬਲਾਕ ਖ਼ੇਤੀਬਾੜੀ ਅਫ਼ਸਰ ਡਾਕਟਰ ਸੁਖਬੀਰ ਸਿੰਘ ਸੰਧੂ ਨੇ ਦੱਸਿਆ ਕਿ ਹੜ੍ਹ ਆਉਣ ਤੋਂ ਕੁਝ ਦਿਨ ਪਹਿਲਾਂ ਹੀ ਇਸ ਇਲਾਕੇ ਦਾ ਦੌਰਾ ਕੀਤਾ ਗਿਆ ਸੀ ਅਤੇ ਝੋਨੇ ਦੀ ਫ਼ਸਲ ਬਹੁਤ ਵਧੀਆ ਸੀ ਪਰ ਹੁਣ ਸਾਰੀ ਫ਼ਸਲ ਬਰਬਾਦ ਹੋ ਗਈ ਹੈ।

ਖੇਤੀਬਾੜੀ ਪਿੰਡ ਦੇ ਸਾਬਕਾ ਸਰਪੰਚ ਸੁਖਦੇਵ ਸਿੰਘ ਭੋਲਾ ਨੇ ਪਿੰਡ ਦੇ ਹਾਲਾਤ ਬਾਰੇ ਜਾਣੂ ਕਰਵਾਇਆ।ਉਨ੍ਹਾਂ ਦਸਿਆ ਕਿ ਪਿੰਡ ਘਣੀਏ ਕੇ ਬੇਟ ਵਿੱਚ ਹੜ੍ਹਾਂ ਦਾ ਪਾਣੀ ਘਟਣ ਤੋਂ ਬਾਅਦ ਝੋਨੇ ਦੀ ਫ਼ਸਲ ਬਰਬਾਦ ਹੋ ਗਈ ਹੈ ਇਸ ਤੋਂ ਇਲਾਵਾ ਜੰਗਲੀ ਜਾਨਵਰਾਂ, ਪੰਛੀਆਂ ਦਾ ਵੀ ਬਹੁਤ ਨੁਕਸਾਨ ਹੋਇਆ ਹੈ।ਉਨ੍ਹਾਂ ਦਸਿਆ ਕਿ ਸੜਕਾਂ ਟੁੱਟ ਗਈਆਂ ਹਨ।

# ਜਤਿਨ ਪ੍ਰਸਾਦ ਵੱਲੋਂ ਹੜ੍ਹ ਪ੍ਰਭਾਵਿਤ ਪਿੰਡ ਆਦੀਆਂ ਦਾ ਦੌਰਾ

ਦੀਨਾਨਗਰ, (ਬਲਵਿੰਦਰ ਸਿੰਘ ਬਿੱਲਾ)-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਭਾਜਪਾ ਗੁਰਦਾਸਪੁਰ ਜ਼ਿਲ੍ਹਾ ਪ੍ਰਧਾਨ ਬਘੇਲ ਸਿੰਘ ਬਾਹੀਆਂ ਅਤੇ ਭਾਜਪਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਸ਼ਿਵਬੀਰ ਸਿੰਘ ਰਾਜਨ ਅਤੇ ਮੰਡਲ ਦੁਰੰਗਲਾ ਫਲੱਡ ਇੰਚਾਰਜ ਵਿਨੇ ਚੌਧਰੀ ਦੀ ਅਗਵਾਈ ਹੇਠ ਕੇਂਦਰੀ ਵਣਜ ਅਤੇ ਉਦਯੋਗ ਅਤੇ ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਰਾਜ ਮੰਤਰੀ ਜਿਤਿਨ ਪ੍ਰਸਾਦ ਨੇ ਦੀਨਾਨਗਰ ਵਿਧਾਨ ਸਭਾ ਹਲਕੇ ਦੇ ਦੋਰਾਂਗਲਾ ਮੰਡਲ ਦੇ ਪਿੰਡ ਆਦੀਆਂ ਵਿੱਚ ਹੜ੍ਹ ਨਾਲ



ਨੁਕਸਾਨੀਆਂ ਗਈਆਂ ਇਮਾਰਤਾਂ ਅਤੇ ਤਬਾਹ ਹੋਏ ਘਰਾਂ ਦਾ ਨਿਰੀਖਣ ਕੀਤਾ।ਸਥਾਨਕ ਨਿਵਾਸੀਆਂ ਨਾਲ ਗੱਲਬਾਤ ਕਰਦੇ ਹੋਏ ਅਤੇ ਜਾਣਕਾਰੀ ਇਕੱਠੀ ਕਰਦੇ ਹੋਏ, ਉਨ੍ਹਾਂ ਨੇ ਗੁਰਦਾਸਪੁਰ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਵੀ ਜਾਰੀ ਕੀਤੇ।ਇਸ ਮੌਕੇ ਪੰਜਾਬ ਪ੍ਰਦੇਸ਼ ਉਪ ਪ੍ਰਧਾਨ ਫਤਿਹਜੰਗ ਸਿੰਘ ਭਾਜਪਾ, ਹੜ੍ਹ ਪ੍ਰਭਾਵਿਤ ਖੇਤਰਾਂ ਦੇ ਸੂਬਾ ਇੰਚਾਰਜ ਰਵੀਕਰਨ ਸਿੰਘ ਕਾਹਲੋਂ, ਦੋਰੰਗਲਾ ਮੰਡਲ ਪ੍ਰਧਾਨ ਪਰਮਜੀਤ ਸਿੰਘ ਪੰਮਾ, ਸਾਹੋਵਾਲ ਮੰਡਲ ਪ੍ਰਧਾਨ ਸ਼ੈਂਪੀ ਸੋਹਲ, ਭਾਜਪਾ ਐਸਸੀ ਮੋਰਚਾ ਜ਼ਿਲ੍ਹਾ ਪ੍ਰਧਾਨ ਲੱਕੀ ਸੂਰਿਆਵੰਸ਼ੀ, ਰਾਕੇਸ਼ ਮਹਾਜਨ, ਰਾਜੇਸ਼ ਸ਼ਰਮਾ, ਰਾਮਜੀਤ ਖਜੂਰੀਆ, ਦੀਨਾਨਗਰ ਮੰਡਲ ਦੇ ਸਾਬਕਾ ਪ੍ਰਧਾਨ ਸੰਜੀਵ ਕਾਕਾ, ਰਮਨ ਠਾਕੁਰ, ਭਾਰਤ ਭੂਸ਼ਣ ਮਹਾਜਨ ਅਤੇ ਸਮੁੱਚੀ ਗੁਰਦਾਸਪੁਰ ਜ਼ਿਲ੍ਹਾ ਲੀਡਰਸ਼ਿਪ ਮੌਜੂਦ ਸੀ।

# ਸਰਕਾਰ ਵੱਲੋਂ ਝੋਨੇ ਦੀ ਫ਼ਸਲ ਲਈ ਨਮੀ ਦੀ ਮਾਤਰਾ 17 ਫ਼ੀਸਦੀ ਨਿਰਧਾਰਤ

ਗੁਰਦਾਸਪੁਰ (ਜਨਕ ਮਹਾਜਨ)-ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਜ਼ਿਲ੍ਹੇ ਦੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਝੋਨੇ ਦੀ ਕਟਾਈ ਝੋਨਾ ਪੂਰੀ ਤਰ੍ਹਾਂ ਪੱਕਣ 'ਤੇ ਹੀ ਕੀਤੀ ਜਾਵੇ ਅਤੇ ਕੇਵਲ ਸੁੱਕਾ ਝੋਨਾ ਹੀ ਮੰਡੀਆਂ ਵਿੱਚ ਵੇਚਣ ਲਈ ਲਿਆਂਦਾ ਜਾਵੇ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਵਲੋਂ ਖ਼ਰੀਦ ਵੇਲੇ



ਝੋਨੇ ਵਿਚ ਨਮੀ ਦੀ ਹੱਦ 17 ਫ਼ੀਸਦੀ ਨਿਰਧਾਰਿਤ ਕੀਤੀ ਗਈ ਹੈ।

ਉਨ੍ਹਾਂ ਕਿਹਾ ਕਿ ਜੇਕਰ ਕਿਸੇ ਕਿਸਾਨ ਦੇ ਝੋਨੇ ਦੀ ਫ਼ਸਲ ਵਿੱਚ 17 ਫ਼ੀਸਦੀ ਤੋਂ ਵੱਧ ਦੀ ਨਮੀ ਪਾਈ ਜਾਂਦੀ ਹੈ ਤਾਂ ਉਸ ਦੀ ਜਿਨਸ ਦੀ ਖ਼ਰੀਦ ਨਹੀਂ ਹੋ ਪਾਉਂਦੀ, ਜਿਸ ਕਾਰਨ ਕਿਸਾਨ ਨੂੰ ਮੰਡੀ ਵਿੱਚ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।

ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਇਸ ਸਾਲ ਝੋਨੇ ਦੀ ਫ਼ਸਲ ਦਾ ਮੁੱਲ 2389 ਰੁਪਏ ਪ੍ਰਤੀ ਕਵਿੰਟਲ ਨਿਰਧਾਰਿਤ ਕੀਤਾ ਗਿਆ ਹੈ ਅਤੇ ਜੇਕਰ ਕਿਸਾਨ ਮੰਡੀਆਂ ਵਿੱਚ ਸੁੱਕਾ ਝੋਨਾ ਲੈ ਕੇ ਆਉਣਗੇ ਤਾਂ ਉਨ੍ਹਾਂ ਨੂੰ ਆਪਣੀ ਜਿਨਸ ਦਾ ਪੂਰਾ ਮੁੱਲ ਮਿਲੇਗਾ।

# ਰਮਨ ਬਹਿਲ ਤੇ ਰਾਜੀਵ ਸ਼ਰਮਾ ਨੇ ਹਯਾਤ ਨਗਰ 'ਚ ਵਿਕਾਸ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ

ਗੁਰਦਾਸਪੁਰ (ਜਨਕ ਮਹਾਜਨ)-ਰਮਨ ਬਹਿਲ ਅਤੇ ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦੇ ਚੇਅਰਮੈਨ ਰਾਜੀਵ ਸ਼ਰਮਾ ਵੱਲੋਂ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਪਿੰਡ ਹਯਾਤ ਨਗਰ ਵਿਖੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ।ਇਨ੍ਹਾਂ ਵਿਕਾਸ ਪ੍ਰੋਜੈਕਟਾਂ ਉੱਪਰ 2.81 ਕਰੋੜ ਰੁਪਏ ਖ਼ਰਚੇ ਜਾਣਗੇ।ਵਿਕਾਸ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਣ ਮੌਕੇ ਆਮ ਆਦਮੀ ਪਾਰਟੀ ਦੇ



ਸੀਨੀਅਰ ਆਗੂ ਅਤੇ ਹਲਕਾ ਇੰਚਾਰਜ ਸ੍ਰੀ ਰਮਨ ਬਹਿਲ ਨੇ ਇੱਕ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਿੰਡ ਹਯਾਤ ਨਗਰ ਵਿਖੇ 2.81 ਕਰੋੜ ਰੁਪਏ ਦੀ ਲਾਗਤ ਨਾਲ ਵੱਖ-ਵੱਖ ਵਿਕਾਸ ਕਾਰਜ ਕੀਤੇ ਜਾਣਗੇ, ਜਿਨ੍ਹਾਂ ਵਿੱਚ 1.34 ਕਰੋੜ ਰੁਪਏ ਦੀ ਲਾਗਤ ਨਾਲ ਪਿੰਡ ਦੀਆਂ ਗਲੀਆਂ ਵਿੱਚ ਇੰਟਰਲਾਕ ਟਾਈਲਾਂ ਲਗਾਈਆਂ ਜਾਣਗੀਆਂ। 17.03 ਲੱਖ ਰੁਪਏ ਦੀ ਲਾਗਤ ਨਾਲ ਪਿੰਡ ਵਿੱਚ ਪਾਰਕ ਬਣਾਈ ਜਾਵੇਗੀ। ਪਿੰਡ ਦੇ ਛੱਪੜ ਦੀ ਰੀਟੇਨਿੰਗ ਵਾਲ, ਛੱਪੜ ਦੇ ਆਲੇ-ਦੁਆਲੇ ਇੰਟਰਲਾਕ ਟਾਈਲਾਂ ਅਤੇ ਲਾਈਟਾਂ ਲਗਾਉਣ ਉੱਪਰ 50 ਲੱਖ ਰੁਪਏ, ਪਿੰਡ ਦੀ ਡਿਸਪੈਂਸਰੀ ਵਿੱਚ ਇੱਕ ਨਵਾਂ ਕਮਰਾ ਬਣਾਉਣ ਲਈ 5 ਲੱਖ ਰੁਪਏ, ਪਿੰਡ ਦੀ ਫਿਰਨੀ ਬਣਾਉਣ ਉੱਪਰ 20 ਲੱਖ ਰੁਪਏ, ਪਿੰਡ ਦੀ ਗਰਾਊਂਡ ਅਤੇ ਜਿੰਮ ਓਪਰ 50 ਲੱਖ ਰੁਪਏ ਅਤੇ ਪਿੰਡ ਵਿੱਚ ਸੀਮਿਟਡ ਬੈਂਚ ਲਗਾਉਣ ਲਈ 5 ਲੱਖ ਰੁਪਏ ਖ਼ਰਚੇ ਜਾਣਗੇ।

ਉਨ੍ਹਾਂ ਦੱਸਿਆ ਕਿ ਟਰੱਸਟ ਵੱਲੋਂ ਪਿੰਡ ਗੋਹਤ ਪੋਖਰ ਤੇ ਹਯਾਤ ਨਗਰ ਵਿਖੇ 5.42 ਕਰੋੜ ਰੁਪਏ ਦੀ ਲਾਗਤ ਨਾਲ ਵੱਖ-ਵੱਖ ਵਿਕਾਸ ਕਾਰਜ ਕੀਤੇ ਜਾਣਗੇ, ਜਦਕਿ ਟਰੱਸਟ ਵੱਲੋਂ 48.74 ਲੱਖ ਰੁਪਏ ਗੀਤਾ ਭਵਨ ਮੰਦਰ ਅਤੇ ਹਿੰਦੂ ਯੁਵਕ ਸਭਾ ਰਾਮ ਲੀਲ੍ਹਾ ਨਾਟਕ ਕਲੱਬ ਦੇ ਵਿਕਾਸ ਉੱਪਰ ਖ਼ਰਚ ਕੀਤੇ ਜਾਣਗੇ।

# ਜਮਾਤ ਅਹਿਮਦੀਆ ਨੇ ਵਿਸ਼ਵ ਸ਼ਾਂਤੀ ਦਿਵਸ ਮੌਕੇ ਸ਼ਾਂਤੀ ਮਾਰਚ ਕੱਢਿਆ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਅੰਤਰਰਾਸ਼ਟਰੀ ਸ਼ਾਂਤੀ ਦਿਵਸ ਮੌਕੇ ਅਹਿਮਦੀਆ ਮੁਸਲਿਮ ਜਮਾਤ ਨੇ ਕਾਦੀਆਂ ਦੇ ਸਥਾਨਕ ਨੂਰ ਹਸਪਤਾਲ ਤੋਂ ਦੋ ਵੱਖ-ਵੱਖ ਸਮੂਹਾਂ ਵਿੱਚ ਸ਼ਾਂਤੀ ਮਾਰਚ ਕੱਢਿਆ ਜਿਸਦੀ ਅਗਵਾਈ ਸਦਰ ਅਮੂਮੀ ਨੁਰੁੱਦੀਨ ਨਾਸਿਰ ਕਰ ਰਹੇ ਸਨ।ਇਸ ਸ਼ਾਂਤੀ ਮਾਰਚ



ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਭਾਗ ਲਿਆ। ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਪੈਦਲ ਮਾਰਚ ਰਾਹੀਂ ਸ਼ਾਂਤੀ ਦਾ ਸੰਦੇਸ਼ ਦਿੱਤਾ ਗਿਆ।ਮਾਰਚ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਸੀ।ਇੱਕ ਸਮੂਹ ਰੇਲਵੇ ਰੋਡ ਅਤੇ ਬੁਟਰ ਰੋਫ ਕਾਦੀਆਂ ਵੱਲ ਮਾਰਚ ਕਰ ਰਿਹਾ ਸੀ, ਜਦੋਂਕਿ ਦੂਜਾ ਸਮੂਹ ਬੱਸ ਸਟੈਂਡ ਕਾਦੀਆਂ ਵੱਲ ਮਾਰਚ ਕਰ ਰਿਹਾ ਸੀ।ਦੋਵਾਂ ਸਮੂਹਾਂ ਦੇ ਪ੍ਰਤੀਨਿਧੀਆਂ ਨੇ ਤਖ਼ਤੀਆਂ ਫੜੀਆਂ ਹੋਈਆਂ ਸਨ ਜਿਨ੍ਹਾਂ ਨੇ ਲੋਕਾਂ ਨੂੰ ਤੀਜੇ ਵਿਸ਼ਵ ਯੁੱਧ ਵੱਲ ਲਿਜਾਣ ਦੀ ਬਜਾਏ ਇੱਕਜੁੱਟ ਹੋਣ ਅਤੇ ਸ਼ਾਂਤੀ ਦੇ ਦੂਤ ਬਣਨ ਦਾ ਸੱਦਾ ਦਿੱਤਾ ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਸੰਬੋਧਨ ਕਰਦਿਆਂ ਮਜਲਿਸ ਅੰਸਾਰ ਉਲ੍ਹਾ ਭਾਰਤ ਦੇ ਪ੍ਰਧਾਨ ਅਤਾਉਲ ਮੁਜੀਬ ਲੋਨ ਨੇ ਕਿਹਾ ਕਿ ਜਿਸ ਤਰ੍ਹਾਂ ਪੂਰੀ ਦੁਨੀਆਂ ਵਿੱਚ ਅਸ਼ਾਂਤੀ ਫੈਲੀ ਹੋਈ ਹੈ ਅਤੇ ਵੱਖ-ਵੱਖ ਦੇਸ਼ਾਂ ਵਿੱਚ ਆਪਸੀ ਯੁੱਧ ਦਾ ਮਾਹੌਲ ਹੈ ਅਜਿਹੀ ਸਥਿਤੀ ਵਿੱਚ ਮੁਸਲਿਮ ਜਮਾਤ ਅਹਿਮਦੀਆ ਪੂਰੀ ਦੁਨੀਆ ਨੂੰ ਸ਼ਾਂਤੀ ਦਾ ਸੰਦੇਸ਼ ਦੇਣ ਦੀ ਜ਼ਿੰਮੇਵਾਰੀ ਲੈ ਰਹੀ ਹੈ।ਇਸ ਮੌਕੇ ਮੌਲਾਨਾ ਨੂਰੁਦੀਨ ਸਾਹਿਬ ਸਦਰ ਅਮੂਮੀ ਕਾਦੀਆਂ, ਅਥਹਰ ਅਹਿਮਦ ਸ਼ਮੀਮ, ਜਮਾਲ ਸ਼ਰੀਅਤ, ਮੁਰਸ਼ੀਦ ਡਾਰ, ਤਲਹਾ ਅਹਮਦ, ਮੁਹੰਮਦ ਜਕਰੀਆ, ਕਾਜ਼ੀ ਫਲਾਹੁਦੀਨ, ਮੌਲਾਨਾ ਕਲੀਮ ਅਹਿਮਦ, ਮੌਲਾਨਾ ਮੁੱਦਸਰ ਅਹਿਮਦ ਆਦਿ ਮੌਜੂਦ ਸਨ।

# ਡਾ. ਜੈਸਿਮਰਨ ਡੈਂਟਲ ਹੈੱਲਥ ਕੇਅਰ ਹਾਸਪੀਟਲ ਦਾ ਸ਼ੁਭ ਆਰੰਭ

ਸ੍ਰੀ ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲ੍ਹੀ)-ਇਲਾਕੇ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਡਾਕਟਰ ਜੈਸਿਮਰਨ ਡੈਂਟਲ ਹੈਲਥ ਕੇਅਰ ਦਾ ਉਦਘਾਟਨ ਹੋਇਆ। ਦੱਸਿਆ ਜਾਂਦਾ ਹੈ ਕਿ ਬਾਵਾ ਪਰਿਵਾਰ ਨੇ ਇਸ ਪੇਂਡੂ ਇਲਾਕੇ ਨੂੰ ਵੇਖਦਿਆਂ ਹੋਇਆਂ ਲੋਕਾਂ ਨੂੰ ਵਧੀਆ ਸਹੂਲਤ ਦੇਣ ਲਈ ਇਹ ਹਸਪਤਾਲ ਬਣਾਇਆ ਜਿਸ ਦੀ ਦੇਖ਼ ਰੇਖ ਬਾਵਾ ਪਰਿਵਾਰ ਦੀ ਬੇਟੀ ਡਾ. ਜੈਸਿਮਰਨ ਕੌਰ ਕਰਨਗੇ। ਉਦਘਾਟਨ ਮੌਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਾਏ ਗਏ। ਉਪਰੰਤ ਰਾਗੀ ਸਿੰਘਾਂ ਨੇ ਰਸ ਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਕੇ ਲੰਗਰ ਅਤੁੱਟ ਵਰਤਦੇ ਰਹੇ। ਇਸ ਮੌਕੇ ਇਲਾਕੇ ਦੀਆਂ ਨਾਮਮਾਰ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ ਜਿਨਾਂ ਵਿੱਚ ਡਾਕਟਰ ਮੋਹਿਤ ਕੌਸ਼ਲ, ਪ੍ਰੇਮ ਸਿੰਘ ਪੰਨੂ, ਸਾਬਕਾ ਜ਼ਿਲ੍ਹਾ ਪਰਿਸ਼ਦ ਮੈਂਬਰ ਕੁਲਦੀਪ ਸਿੰਘ ਔਲਖ, ਸਾਬਕਾ ਮੁੱਖ ਖੇਤੀਬਾੜੀ ਅਫਸਰ ਹਰਪਾਲ ਸਿੰਘ ਪੰਨੂ, ਅਮਰਿੰਦਰ ਸਿੰਘ ਸੰਨੀ ਮਹਾਰਾਜਾ ਗੈਸ ਸਰਵਿਸ, ਡਾਕਟਰ ਮਨਜੀਤ ਸਿੰਘ ਮੱਲ੍ਹੀ, ਬਲਰਾਜ ਸਿੰਘ ਮੱਲ੍ਹੀ, ਲੱਖਾ ਸਿੰਘ ਮੱਲ੍ਹੀ. ਡਾਕਟਰ ਕੁਲਦੀਪ ਸਿੰਘ, ਕਾਬਲ ਸਿੰਘ ਮੱਲ੍ਹੀ,ਤਜਿੰਦਰ ਸਿੰਘ ਧੰਜੂ, ਸਰਪੰਚ ਜਗਰੂਪ ਸਿੰਘ, ਸਰਪੰਚ ਰਾਮ ਸਿੰਘ, ਸਰਪੰਚ ਹਰਵਿੰਦਰ ਸਿੰਘ, ਪ੍ਰਕਾਸ਼ ਸਿੰਘ ਮੱਲੀ, ਹਰਦੀਪ ਸਿੰਘ ਲਾਟੂ, ਯੁਵਰਾਜ ਸਿੰਘ ਹੰਸਾਂ ਵਾਲਾ, ਸਰਪੰਚ ਰਣਜੀਤ ਸਿੰਘ, ਬਾਬਾ ਭੀਮ ਸਿੰਘ, ਗੁਲਜਾਰ ਸਿੰਘ, ਹਰਦੀਪ ਸਿੰਘ ਲਾਟੂ, ਹਰਪ੍ਰੀਤ ਸਿੰਘ ਮਾਸਟਰ ਰਾਜੂ ਜੌਹਲ, ਗੁਰਮੇਜ ਸਿੰਘ ਡੀਸੀ, ਬਲਬੀਰ ਸਿੰਘ, ਮੇਹਰ ਸਿੰਘ, ਸਰਪੰਚ




ਨਿਰਮਲ ਸਿੰਘ ਢੋਟੀ, ਸਵਰਨ ਸਿੰਘ ਢੋਟੀ, ਦਲਬੀਰ ਸਿੰਘ ਢੋਟੀ ,ਅਮਰੀਕ ਸਿੰਘ ਢੋਟੀ, ਗੁਰਵਿੰਦਰ ਸਿੰਘ ਖੱਖ, ਸਤਨਾਮ ਸਿੰਘ ਪ੍ਰਧਾਨ, ਮਨਦੀਪ ਸਿੰਘ, ਨਰੇਸ਼ ਕੁਮਾਰ ਚਾਵਲਾ, ਪ੍ਰਤਾਪ ਸਿੰਘ ਪੰਜਾਬੀ, ਗੁਰਜੀਤ ਸਿੰਘ ਦਾਸ ਮੋਟਰ, ਜੋਗਿੰਦਰ ਸਿੰਘ ਨੈਸ਼ਨਲ ਲਬੋਟਰੀ, ਡਾਕਟਰ ਸੰਤੋਖ ਸਿੰਘ, ਰਣਜੀਤ ਸਿੰਘ ਲੱਕੀ, ਮਾਸਟਰ ਬਾਵਾ ਅਜੀਤ ਸਿੰਘ, ਰਣਜੀਤ ਸਿੰਘ ਭੁੱਲਰ, ਬਲਦੇਵ ਸਿੰਘ ਆੜਤੀਆ, ਸੰਤੋਖ ਸਿੰਘ ਸੰਧੂ ਕਲਾਸ ਹਾਊਸ, ਮੰਗਲ ਸਿੰਘ ਰੰਧਾਵਾ, ਆਦਿ ਹਾਜ਼ਰ ਸਨ ।

# ਕਿਸਾਨ ਪਰਾਲੀ ਸਾੜਨ ਲੱਗੇ, ਪ੍ਰਸ਼ਾਸਨ ਬੇਖ਼ਬਰ !

ਵੇਰਕਾ (ਰਾਣਾ)-ਹਰ ਸਾਲ ਦੀ ਤਰ੍ਹਾਂ ਕਿਸਾਨਾਂ ਵੱਲੋਂ ਪਰਾਲੀ ਸਾੜਨ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਪਰ ਪ੍ਰਸਾਸ਼ਨ ਬੇਖ਼ਬਰ ਹੈ। ਇਹ ਵੀ ਨਹੀਂ ਹੈ ਕਿ ਸਾਰੇ ਹੀ ਕਿਸਾਨ ਪਰਾਲੀ ਨੂੰ ਅੱਗ ਲਗਾ ਕੇ ਵਾਤਾਵਰਨ ਪ੍ਰਦੂਸ਼ਿਤ ਕਰ ਰਹੇ ਹਨ। ਕੁਝ ਇਕ ਸੱਭਿਅਕ ਕਿਸਾਨ ਐਤਕੀ ਪਰਾਲੀ ਦੇ ਗੱਠੇ ਵੀ ਬੰਨਵਾ ਰਹੇ ਹਨ। ਤਾਂ ਜੋ ਪਰਾਲੀ ਸਾੜਨ ਨਾਲ ਪ੍ਰਦੂਸ਼ਣ ਨਾ ਫੈਲੇ ਅਤੇ ਮਨੁੱਖਤਾ ਦਾਖਲਾ ਹੋ ਸਕੇ।ਪ੍ਰੰਤੂ ਕੁਝ ਕਿਸਾਨਾਂ ਵੱਲੋਂ ਬੇਖੌਫ ਤੇ ਨਿਡਰ ਹੋ ਕੇ ਪਰਾਲੀ ਸਾੜਨ ਜਾ ਰਹੀ।ਇੱਥੇ ਹੀ ਬੱਸ ਨਹੀਂ ਹੈ, ਸਗੋਂ ਪਰਾਲੀ ਸਾੜਨ ਉਪਰੰਤ ਜਮੀਨ ਵਾਹ ਕੇ ਸਬਜ਼ੀ (ਮਟਰਾਂ) ਦੀ ਫਸਲ ਤੱਕ ਵੀ ਉਗਾ ਲਈ ਹੈ।ਉਪਰੋਕਤ ਇਹ ਸਿਲਸਿਲਾ ਪੁਲਿਸ ਚੌਂਕੀ ਸੋਹੀਆਂ ਖੁਰਦ ਅਤੇ ਪੁਲਿਸ ਥਾਣਾ ਕੱਥੂਨੰਗਲ, ਪੁਲਸ ਜ਼ਿਲਾ ਅੰਮ੍ਰਿਤਸਰ (ਦਿਹਾਤੀ) ਦੇ ਖੇਤਰ ਅਧੀਨ ਪੈਂਦੇ ਪਿੰਡਾਂ ਅੰਦਰ ਨਿਰੰਤਰ ਤੇ ਬਾਦਸਤੂਰ ਜਾਰੀ ਹੈ।ਜਿਸ ਬਾਬਤ ਖੇਤੀਬਾੜੀ ਵਿਭਾਗ ਪੰਜਾਬ ਸਰਕਾਰ ਅਤੇ ਜ਼ਿਲਾ ਪ੍ਰਸਾਸ਼ਨ ਮੂਕ-ਦਰਸ਼ਕ ਬਣਿਆ ਹੋਇਆ ਹੈ।ਐਤਕੀਂ ਜਿਹੜੇ ਕਿਸਾਨਾਂ ਨੇ ਪਰਾਲੀ ਸਾੜਨ ਤੋਂ ਗੁਰੇਜ਼ ਕੀਤਾ ਹੈ। ਉਨ੍ਹਾਂ ਦੀ ਚੁਫੇਰਿਓਂ ਸਰਾਹਨਾ ਕੀਤੀ ਜਾ ਰਹੀ ਅਤੇ ਜਿਹੜੇ ਪਰਾਲੀ ਨੂੰ ਅੱਗ ਲਗਾ ਕੇ ਵਾਤਾਵਰਨ ਪ੍ਰਦੂਸ਼ਿਤ ਕਰਨ 'ਚ ਕੋਈ ਵੀ ਕਸਰ ਬਾਕੀ ਨਹੀਂ ਛੱਡ ਰਹੇ ਹਨ।ਉਨ੍ਹਾਂ ਦੀ ਨਿੰਦਾ ਵੀ ਕੀਤੀ ਜਾ ਰਹੀ ਹੈ।

# 58ਵੀਂ ਰਾਮਲੀਲ੍ਹਾ ਦਾ ਮੰਚਨ ਅੱਜ ਤੋਂ

ਲੋਹੀਆਂ ਖਾਸ, (ਯੋਗੇਸ਼ਵਰ, ਗੀਨਾ ਸ਼ਰਮਾ)-ਬ੍ਰਹਮਲੀਨ ਮਹੰਤ ਸ੍ਰੀ ਸ਼ਾਂਤੀ ਗਿਰੀ ਜੀ ਮਹਾਰਾਜ ਤੇ ਬ੍ਰਹਮਲੀਨ ਮਹੰਤ ਸ੍ਰੀ ਰਵਿੰਦਰਾ ਗਿਰੀ ਜੀ ਮਹਾਰਾਜ ਦੀ ਅਪਾਰ ਕ੍ਰਿਪਾ ਨਾਲ ਤੇ ਪ੍ਰਾਚੀਨ ਸ਼ਿਵ ਮੰਦਿਰ ਦੇ ਗੱਦੀਨਸ਼ੀਨ ਸ੍ਰੀ ਸ੍ਰੀ 1008 ਮਹਾਂ ਮੰਡਲੇਸ਼ਵਰ ਮਹੰਤ ਸ੍ਰੀ ਸ਼ਿਪਰਾ ਗਿਰੀ ਜੀ ਮਹਾਰਾਜ ਦੇ



ਅਸ਼ੀਰਵਾਦ ਨਾਲ ਪੰਡਿਤ ਸ੍ਰੀ ਕੁੰਦਨ ਲਾਲ ਰਾਮਲੀਲ੍ਹਾ ਕਲੱਬ ਲੋਹੀਆਂ ਖਾਸ ਵੱਲੋਂ 23 ਸਤੰਬਰ ਦਿਨ ਮੰਗਲਵਾਰ ਨੂੰ ਦਸ਼ਮੇਸ਼ ਪਾਰਕ ਲੋਹੀਆਂ ਖਾਸ ਵਿੱਚ ਰਾਮਲੀਲਾ ਦਾ ਮੰਚਨ ਸ਼ੁਰੂ ਹੋਣ ਜਾ ਰਿਹਾ ਹੈ।

ਇਸ ਮੌਕੇ ਪੰਡਿਤ ਕੁੰਦਨ ਲਾਲ ਰਾਮਲੀਲ੍ਹਾ ਕਲੱਬ ਲੋਹੀਆਂ ਖਾਸ ਦੇ ਡਾਇਰੈਕਟਰ ਪ੍ਰੇਮ ਕੁਮਾਰ ਸੱਦੀ ਤੇ ਸਹਾਇਕ ਡਾਇਰੈਕਟਰ ਗਜਰਾਜ ਯਦੁਵੰਸ਼ੀ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਇਸ ਵਾਰ ਰਾਮਲੀਲਾ ਬਹੁਤ ਵਧੀਆ ਤੇ ਵਿਸ਼ੇਸ਼ ਅੰਦਾਜ਼ ਵਿੱਚ ਕੀਤੀ ਜਾਵੇਗੀ, ਉਥੇ ਕੁਝ ਨਵਾਂ ਕਰਨ ਦੀ ਵੀ ਕੋਸ਼ਿਸ਼ ਕੀਤੀ ਜਾਵੇਗੀ।

ਡਾਇਰੈਕਟਰ ਪ੍ਰੇਮ ਕੁਮਾਰ ਸੱਦੀ ਤੇ ਸਹਾਇਕ ਡਾਇਰੈਕਟਰ ਗਜਰਾਜ ਯਦੁਵੰਸ਼ੀ ਨੇ ਦੱਸਿਆ ਕਿ ਇਸ ਵਾਰ 58ਵੀਂ ਰਾਮਲੀਲ੍ਹਾ ਦਾ ਮੰਚਨ 10 ਦਿਨਾਂ ਹੋਵੇਗਾ, 23 ਸਤੰਬਰ ਤੋਂ 1 ਅਕਤੂਬਰ ਤੱਕ ਰਾਮਲੀਲ੍ਹਾ ਦਿਖਾਈ ਜਾਵੇਗੀ ਅਤੇ 2 ਅਕਤੂਬਰ ਨੂੰ 59ਵਾਂ ਦੁਸਹਿਰਾ ਕੁਟੀਆ ਗਰਾਊਂਡ ਸਿੱਧੂਪੁਰ ਰੋਡ ਲੋਹੀਆਂ ਖਾਸ ਵਿੱਚ ਮਨਾਇਆ ਜਾਵੇਗਾ ਤੇ 3 ਅਕਤੂਬਰ ਨੂੰ ਭਰਤ ਮਿਲਾਪ ਦਾ ਮੰਚਨ ਦਿਖਾਇਆ ਜਾਵੇਗਾ।

# ਤਿੰਨ ਪੰਚਾਂ ਸਮੇਤ ਵੱਖ-ਵੱਖ ਪਿੰਡਾਂ ਤੋਂ 35 ਦੇ ਕਰੀਬ ਪਰਿਵਾਰ ਕਾਂਗਰਸ 'ਚ ਸ਼ਾਮਲ

ਦੀਨਾਨਗਰ,(ਬਲਵਿੰਦਰ ਸਿੰਘ ਬਿੱਲਾ)-ਪਿੰਡ ਨੌਸ਼ਹਿਰਾ ਦੀ ਪੰਚਾਇਤ ਦੇ ਤਿੰਨ ਪੰਚਾਂ ਸਮੇਤ ਵੱਖ-ਵੱਖ ਪਿੰਡਾਂ ਤੋਂ 35 ਦੇ ਕਰੀਬ ਪਰਿਵਾਰਾਂ ਨੇ ਆਮ ਆਦਮੀ ਪਾਰਟੀ ਅਤੇ ਅਕਾਲੀ ਦਲ ਨੂੰ ਅਲਵਿਦਾ ਆਖਦਿਆਂ ਕਾਂਗਰਸ ਪਾਰਟੀ 'ਚ ਸ਼ਮੂਲੀਅਤ ਕੀਤੀ ਹੈ।ਇਨ੍ਹਾਂ ਪਰਿਵਾਰਾਂ ਨੂੰ ਵਿਧਾਇਕਾ ਅਰੁਣਾ ਚੌਧਰੀ ਦੇ ਪਤੀ ਸੀਨੀਅਰ ਕਾਂਗਰਸ ਨੇਤਾ ਅਸ਼ੋਕ ਚੌਧਰੀ ਨੇ ਸਿਰੋਪੇ



ਪਹਿਨਾ ਕੇ ਪਾਰਟੀ ਵਿੱਚ ਜੁਆਇਨ ਕਰਵਾਇਆ।ਜਾਣਕਾਰੀ ਅਨੁਸਾਰ ਯੂਥ ਕਾਂਗਰਸ ਨੇਤਾ ਜਿੰਦੀ ਲੁਬਾਣਾ ਦੀ ਅਗਵਾਈ ਵਿੱਚ ਨੌਸ਼ਹਿਰਾ ਪਿੰਡ ਤੋਂ ਪੰਚਾਇਤ ਮੈਂਬਰ ਮਨਪ੍ਰੀਤ ਸਿੰਘ, ਪੰਚ ਵਰਿੰਦਰ ਸਿੰਘ ਅਤੇ ਪੰਚ ਜਸਵਿੰਦਰ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਛੱਡ ਕੇ ਕਾਂਗਰਸ ਦਾ ਪੱਲਾ ਫੜਿਆ ਜਦਕਿ ਪਿੰਡ ਬਹਾਦਰ ਤੋਂ ਕੁਲਵੰਤ ਸਿੰਘ ਦੀ ਅਗਵਾਈ ਵਿੱਚ ਹਰਜਿੰਦਰ ਸਿੰਘ, ਸਾਬਕਾ ਸਰਪੰਚ ਪੂਰਨ ਸਿੰਘ, ਮੁਖਤਿਆਰ ਸਿੰਘ, ਜਸਵਿੰਦਰ ਸਿੰਘ ਲਾਡੀ, ਮਨਪ੍ਰੀਤ ਸਿੰਘ ਮੰਨਾ, ਗੁਰਦੇਵ ਸਿੰਘ ਬਿੱਲਾ ਅਤੇ ਬਲਵੀਰ ਸਿੰਘ ਨੇ ਪਰਿਵਾਰਾਂ ਸਮੇਤ ਆਮ ਆਦਮੀ ਪਾਰਟੀ ਤੋਂ ਕਿਨਾਰਾ ਕਰਦਿਆਂ ਕਾਂਗਰਸੀ ਵਿਧਾਇਕਾ ਅਰੁਣਾ ਚੌਧਰੀ ਦੀ ਰਹਿਨੁਮਾਈ ਹੇਠ ਕੰਮ ਕਰਨ ਦਾ ਐਲਾਨ ਕੀਤਾ।ਇਸੇ ਤਰ੍ਹਾਂ ਪਿੰਡ ਨਵਾਂ ਸ਼ਾਲਾ ਚਾਵਾ ਤੋਂ ਗੁਲਾਬ ਸਿੰਘ ਅਤੇ ਪਿੰਡ ਠੱਠੀ ਤੋਂ ਰਾਮ ਸਿੰਘ ਵੀ ਪਰਿਵਾਰਾਂ ਸਮੇਤ 'ਆਪ' ਪਾਰਟੀ ਛੱਡ ਕੇ ਕਾਂਗਰਸ ਵਿੱਚ ਸ਼ਾਮਲ ਹੋ ਗਏ। ਗੱਲਬਾਤ ਦੌਰਾਨ ਕਾਂਗਰਸ ਜੁਆਇਨ ਕਰਨ ਵਾਲੇ ਤਮਾਮ ਆਗੂਆਂ ਨੇ ਕਿਹਾ ਕਿ ਉਹ ਵਿਧਾਇਕਾ ਅਰੁਣਾ ਚੌਧਰੀ ਦੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨਾਲ ਜੁੜੇ ਹਨ। ਇਸ ਮੌਕੇ ਜ਼ੋਨ ਇੰਚਾਰਜ ਅਮਰਜੀਤ ਸਿੰਘ ਨੌਸ਼ਹਿਰਾ, ਸਰਪੰਚ ਚਾਵਾ ਸੁਲੱਖਣ ਸਿੰਘ, ਸਰਪੰਚ ਹਜਿੰਦਰ ਸਿੰਘ ਜਿੰਦੀ, ਸਾਬਕਾ ਸਰਪੰਚ ਹਰਭਜਨ ਸਿੰਘ ਨਵਾਂ ਪਿੰਡ ਬਹਾਦਰ, ਪੂਰਨ ਸਿੰਘ, ਹਰਜੀਤ ਸਿੰਘ, ਇੰਸਪੈਕਟਰ ਬਲਕਾਰ ਸਿੰਘ ਨਵਾਂ ਸ਼ਾਲਾ, ਰਮੇਲ ਸਿੰਘ ਸਾਂਦੜ, ਹਰਜੀਤ ਸਿੰਘ, ਹੀਰਾ ਸਿੰਘ ਨਵਾਂ ਸ਼ਾਲਾ, ਦਿਨੇਸ਼ ਕਾਹਨਾ ਜ਼ੋਨ ਇੰਚਾਰਜ, ਅਜੀਤ ਸਿੰਘ ਭਾਟੀਆ ਅਤੇ ਤਿਲਕ ਰਾਜ ਤੋਂ ਇਲਾਵਾ ਪਾਰਟੀ ਵਰਕਰ ਹਾਜ਼ਰ ਸਨ।

# 2 ਨਸ਼ਾ ਤਸਕਰਾਂ ਖ਼ਿਲਾਫ਼ ਵੱਖ-ਵੱਖ ਮਾਮਲੇ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਦੀਨਾਨਗਰ ਦੇ ਏਐੱਸਆਈ ਜਸਵਿੰਦਰ ਸਿੰਘ ਨੇ ਸਮੇਤ ਪੁਲਸ ਪਾਰਟੀ ਸਪੈਸ਼ਲ ਨਾਕਾਬੰਦੀ ਦੌਰਾਨ ਸ਼ੂਗਰ ਮਿੱਲ ਪਨਿਆੜ ਨੈਸ਼ਨਲ ਹਾਈਵੇ ਤੋਂ ਸੁਖਚੈਨ ਸਿੰਘ ਪੁੱਤਰ ਹਰਪਾਲ ਸਿੰਘ ਵਾਸੀ ਅਲਗੋਂ ਕੋਠੀ ਵਲਟੋਹਾ ਤਰਨ ਤਾਰਨ ਜੋ ਥਾਰ ਗੱਡੀ ਨੰਬਰੀ ਪੀਬੀ 46.ਕਿਊ 1234 'ਤੇ ਸਵਾਰ ਹੋ ਕੇ ਪਠਾਨਕੋਟ ਸਾਇਡ ਵੱਲੋਂ ਆ ਰਿਹਾ ਸੀ, ਜਿਸ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਸ ਕੋਲੋਂ 25 ਗ੍ਰਾਮ 96 ਮਿਲੀਗ੍ਰਾਮ ਅਫੀਮ ਅਤੇ 14 ਰੌਂਦ ਜ਼ਿੰਦਾ ਮਾਰਕਾ 22 ਮਨੀਅਚਰ ਅਤੇ 6 ਖੋਲ 22 ਮਨੀਅਚਰ ਬ੍ਰਾਮਦ ਹੋਏ ਹਨ।

ਇਸੇ ਤਰ੍ਹਾਂ ਥਾਣਾ ਸਦਰ ਗੁਰਦਾਸਪੁਰ ਦੇ ਏ.ਐਸ.ਆਈ. ਸਤਵਿੰਦਰਪਾਲ ਸਿੰਘ ਨੇ ਸਮੇਤ ਪੁਲਸ ਪਾਰਟੀ ਸੂਆ ਪੁਲੀ ਗੰਦਾ ਨਾਲਾ ਲਿੰਕ ਰੋਡ ਬੱਬਰੀ ਤੋਂ ਰਮਨ ਕੁਮਾਰ ਉਰਫ ਗਿਆਨੀ ਪੁੱਤਰ ਕਮਲ ਕੁਮਾਰ ਵਾਸੀ ਜੌੜਾ ਛੱਤਰਾਂ ਤੋਂ 15000 ਐੱਮ. ਐੱਲ. ਨਜਾਇਜ ਸ਼ਰਾਬ ਸਮੇਤ ਕਾਬੂ ਕੀਤਾ ਹੈ।

ਪੁਲਸ ਨੇ ਉਕਤ ਨਸ਼ਾ ਤਸਕਰਾਂ ਖ਼ਿਲਾਫ਼ ਐੱਨ.ਡੀ.ਪੀ.ਐੱਸ. ਐਕਟ ਅਤੇ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਨਿੱਕਾ ਠੇਠਰਕੇ ਦਾ ਦੌਰਾ ਕਰਕੇ ਰੰਧਾਵਾ ਨੇ ਕਿਸਾਨਾਂ ਨੂੰ ਛੇਤੀ ਮੁਆਵਜ਼ੇ ਦਾ ਭਰੋਸਾ ਦਿਵਾਇਆ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਡੇਰਾ ਬਾਬਾ ਨਾਨਕ ਦੇ ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ ਵੱਲੋਂ ਬੀਤੀ ਸ਼ਾਮ ਆਪਣੇ ਹਲਕੇ ਦੇ ਪਿੰਡ ਨਿੱਕੇ ਠੇਠਰਕੇ ਦਾ ਦੌਰਾ ਕਰਕੇ ਹੜ੍ਹਾਂ ਕਾਰਨ ਫ਼ਸਲਾਂ ਤੇ ਘਰਾਂ ਦੇ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਗਿਆ।ਇਸ ਮੌਕੇ ਉਹ ਰਾਵੀ ਦਰਿਆ ਦੇ ਧੁੱਸੀ ਬੰਨ੍ਹ 'ਤੇ ਵੀ ਪਹੁੰਚੇ ਜਿੱਥੇ ਬੰਨ੍ਹ ਨੂੰ ਪਏ ਪਾੜ ਨੂੰ ਪੂਰੇ ਜਾਣ ਅਤੇ ਜ਼ਮੀਨਾਂ ਨੂੰ ਪੱਧਰੀ ਕਰਨ ਦੀ



ਸੇਵਾ ਚੱਲ ਰਹੀ ਸੀ।ਇਸ ਮੌਕੇ ਰੰਧਾਵਾ ਨੇ ਕਿਹਾ ਕਿ ਹੜ੍ਹਾਂ ਕਾਰਨ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ 159 ਪਿੰਡ ਅਤੇ 1.10 ਲੱਖ ਦੇ ਕਰੀਬ ਵਸੋਂ ਪ੍ਰਭਾਵਿਤ ਹੋਈ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਮੁਆਵਜ਼ਾ ਦੇਣ ਲਈ ਵਿਸ਼ੇਸ਼ ਗਿਰਦਾਵਰੀ ਚੱਲ ਰਹੀ ਹੈ ਅਤੇ ਬਹੁਤ ਜਲਦੀ ਹੜ੍ਹ ਪੀੜ੍ਹਤਾਂ ਨੂੰ ਮੁਆਵਜ਼ਾ ਦੇਣਾ ਸ਼ੁਰੂ ਕਰ ਦਿੱਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੰਕਟ ਦੀ ਇਸ ਘੜੀ ਵਿੱਚ ਆਪਣੇ ਲੋਕਾਂ ਦੇ ਨਾਲ ਖੜ੍ਹੀ ਹੈ।ਵਿਧਾਇਕ ਸ. ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਕਿਸਾਨਾਂ ਦੇ ਹਿਤ ਵਿਚ 'ਜਿਸ ਦਾ ਖੇਤ, ਉਸ ਦੀ ਰੇਤ' ਨਾਮਕ ਇਕ ਵਿਸ਼ੇਸ਼ ਸਮਾਂਬੱਧ ਯੋਜਨਾ ਦਾ ਵੀ ਐਲਾਨ ਕੀਤਾ ਹੈ, ਜਿਸ ਦੇ ਤਹਿਤ ਕਿਸਾਨਾਂ ਨੂੰ ਆਪਣੇ ਖੇਤਾਂ ਵਿਚੋਂ ਰੇਤ, ਸਿਲਟ ਜਾਂ ਹੋਰ ਦਰਿਆਈ ਸਮਗਰੀ ਹਟਾਉਣ ਦੀ ਆਗਿਆ ਦਿੱਤੀ ਗਈ ਹੈ।ਉਨ੍ਹਾਂ ਕਿਹਾ ਕਿ ਇਹ ਸਹੂਲਤ 31 ਦਸੰਬਰ 2025 ਤੱਕ ਉਪਲਬਧ ਹੋਵੇਗੀ ਅਤੇ ਇਸ ਲਈ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦਾ ਪਰਮਿਟ ਜਾਂ ਵਿਭਾਗੀ ਇਜਾਜ਼ਤ (ਐਨ.ਓ.ਸੀ) ਲੈਣ ਦੀ ਲੋੜ ਨਹੀਂ ਹੋਵੇਗੀ।ਉਨ੍ਹਾਂ ਕਿਹਾ ਕਿ ਇਹ ਵਿਵਸਥਾ ਪੰਜਾਬ ਮਾਈਨਰ ਮਿਨਰਲ ਰੂਲਜ਼, 2013 ਦੇ ਨਿਯਮ 90 ਅਧੀਨ ਲਾਗੂ ਕੀਤੀ ਗਈ ਹੈ।ਉਨ੍ਹਾਂ ਸਪੱਸ਼ਟ ਕੀਤਾ ਕਿ ਖੇਤਾਂ ਵਿਚੋਂ ਰੇਤ ਜਾਂ ਗਾਰ ਕੱਢਣ ਦੀ ਇਸ ਗਤੀਵਿਧੀ ਨੂੰ 'ਮਾਈਨਿੰਗ' ਨਹੀਂ ਮੰਨਿਆ ਜਾਵੇਗਾ।

# ਕਾਮਰੇਡ ਮਾਸਟਰ ਪ੍ਰਕਾਸ਼ ਸਿੰਘ ਨਹੀਂ ਰਹੇ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਵਿਧਾਨ ਸਭਾ ਹਲਕਾ ਕਾਦੀਆਂ ਅਧੀਨ ਆਉਂਦੇ ਕਸਬਾ ਕਾਹਨੂੰਵਾਨ ਦੇ ਨਾਮਵਰ ਸ਼ਖ਼ਸੀਅਤ ਮਾਸਟਰ ਪ੍ਰਕਾਸ਼ ਸਿੰਘ ਦੀ ਬੀਤੀ ਦੇਰ ਰਾਤ ਮੌਤ ਹੋ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਾਮਰੇਡ ਮੱਖਣ ਸਿੰਘ ਕੋਹਾੜ ਅਤੇ ਸੁਰਿੰਦਰ ਸਿੰਘ ਨੇ ਦੱਸਿਆ ਕਿ ਸਵ.



ਪ੍ਰਕਾਸ਼ ਸਿੰਘ (83) ਨੇ 21 ਸਤੰਬਰ ਨੂੰ ਰਾਤ ਕਰੀਬ 11 ਵਜੇ ਹਸਪਤਾਲ ਵਿੱਚ ਆਖ਼ਰੀ ਸਾਹ ਲਿਆ।

ਸਵਰਗੀ ਪ੍ਰਕਾਸ਼ ਸਿੰਘ ਅਧਿਆਪਕ ਦੇ ਕਿਤੇ ਦੌਰਾਨ ਯੂਨੀਅਨ ਦੇ ਸਿਰ ਕੱਢ ਆਗੂ ਰਹੇ ਅਤੇ ਉਨ੍ਹਾਂ ਨੇ ਉਸ ਸਮੇਂ ਅਧਿਆਪਕ ਯੂਨੀਅਨ ਦੀ ਅਗਵਾਈ ਵਿੱਚ ਲਾ ਮਿਸਾਲ ਜੇਤੂ ਸੰਘਰਸ਼ਾਂ ਵਿੱਚ ਆਗੂ ਭੂਮਿਕਾ ਨਿਭਾਈ। ਉਹ ਆਪਣੇ ਹੱਕਾਂ ਉੱਤੇ ਪਹਿਰਾ ਦੇਣ ਲਈ ਹਮੇਸ਼ਾ ਤਤਪਰ ਰਹੇ। ਅਧਿਆਪਕ ਦੀ ਨੌਕਰੀ ਤੋਂ ਸੇਵਾ ਮੁਕਤ ਹੋਣ ਬਾਅਦ ਉਨ੍ਹਾਂ ਨੇ ਕਿਸਾਨ ਯੂਨੀਅਨ ਵਿੱਚ ਆਗੂ ਭੂਮਿਕਾ ਨਿਭਾਈ।

ਮਾਸਟਰ ਪ੍ਰਕਾਸ਼ ਸਿੰਘ ਜ਼ਿੰਦਗੀ ਦੇ ਆਖ਼ਰੀ ਸਮੇਂ ਤੱਕ ਕਿਸਾਨ ਯੂਨੀਅਨ ਵਿੱਚ ਹਮੇਸ਼ਾ ਆਵਾਜ਼ ਬੁਲੰਦ ਕਰਦੇ ਰਹੇ। ਉਨ੍ਹਾਂ ਦੀ ਮੌਤ 'ਤੇ ਦੁੱਖ ਪ੍ਰਗਟ ਕਰਨ ਵਾਲਿਆਂ ਵਿੱਚ ਪ੍ਰੇਮ ਦਾਸ, ਠਾਕੁਰ ਧਿਆਨ ਸਿੰਘ, ਕਿਸਾਨ ਆਗੂ ਮਨੋਹਰ ਸਿੰਘ, ਗੁਰਨਾਮ ਸਿੰਘ, ਸਾਬਕਾ ਸਰਪੰਚ ਆਫ਼ਤਾਬ ਸਿੰਘ, ਸਰਪੰਚ ਸਤਨਾਮ ਸਿੰਘ ਲਵਲੀ ਵਾਲੇ ਸਮੇਤ ਕਾਮਰੇਡ ਅਜੀਤ ਸਿੰਘ ਠੱਕਰ ਸੰਧੂ ਅਤੇ ਵੱਡੀ ਗਿਣਤੀ ਵਿੱਚ ਕਿਸਾਨ, ਮਜ਼ਦੂਰ ਅਤੇ ਮੁਲਾਜ਼ਮ ਆਗੂ ਸ਼ਾਮਲ ਸਨ।

# ਰੁਮਾਣਾ ਚੱਕ 'ਚ ਗਰੀਬਾਂ, ਅੰਗਹੀਣਾਂ ਤੇ ਵਿਧਵਾਵਾਂ ਨੂੰ ਰਾਸ਼ਨ ਸਮੱਗਰੀ ਵੰਡੀ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ):ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਦੇ ਪਿੰਡ ਰੁਮਾਣਾ ਚੱਕ ਵਿੱਚ ਭਾਰਤੀ ਜਨਤਾ ਪਾਰਟੀ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਨਮ ਦਿਵਸ ਨੂੰ ਸਮਰਪਿਤ ਸੇਵਾ ਪਖਵਾੜਾ ਤਹਿਤ ਗਰੀਬ, ਅੰਗਹੀਣ ਅਤੇ ਵਿਧਵਾ ਮਹਿਲਾਵਾਂ ਨੂੰ ਰਾਸ਼ਨ ਅਤੇ ਹੋਰ ਸਮਗਰੀ ਵੰਡੀ ਗਈ।ਭਾਰਤੀ ਜਨਤਾ ਪਾਰਟੀ ਦੇ ਜ਼ਿਲਾ ਅੰਮ੍ਰਿਤਸਰ ਦਿਹਾਤੀ ਪ੍ਰਧਾਨ ਅਤੇ ਹਲਕਾ ਜੰਡਿਆਲਾ ਗੁਰੂ ਦੇ ਇੰਚਾਰਜ ਹਰਦੀਪ ਸਿੰਘ ਗਿੱਲ



ਵਲੋਂ ਰਾਸ਼ਨ ਸਮੱਗਰੀ ਭੇਟ ਕੀਤੀ ਗਈ।ਹਰਦੀਪ ਗਿੱਲ ਨੇ ਕਿਹਾ ਕਿ ਪੰਜਾਬ ਦੇ ਹੜ੍ਹ ਪੀੜਤਾਂ ਦੀ ਕੇਂਦਰ ਦੀ ਮੋਦੀ ਸਰਕਾਰ ਨੇ ਬਾਂਹ ਫੜੀ ਹੈ ਜਦ ਕਿ ਪੰਜਾਬ ਸਰਕਾਰ ਕੋਲ ਗੱਲਾਂ ਦੇ ਸਿਵਾਏ ਲੋਕਾਂ ਕੋਲ ਦੇਣ ਨਹੀਂ ਕੁਝ ਨਹੀਂ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੇ 1600 ਕਰੋੜ ਰੁਪਏ ਤੋਂ ਇਲਾਵਾ ਹੜ੍ਹਾਂ ਨਾਲ ਨਿਪਟਣ ਲਈ 240.80 ਕਰੋੜ ਦੀ ਦੂਜੀ ਐਡਵਾਂਸ ਕਿਸ਼ਤ ਵੀ 17 ਸਤੰਬਰ ਨੂੰ ਜਾਰੀ ਕੀਤੀ ਹੈ। ਪੰਜਾਬ ਸਰਕਾਰ ਦਾ ਫਰਜ਼ ਬਣਦਾ ਕੇਂਦਰ ਵੱਲੋਂ ਭੇਜੀ ਰਾਹਤ ਰਾਸ਼ੀ ਪੀੜਤ ਪਰਿਵਾਰਾਂ ਤੱਕ ਪਹੁੰਚਾਵੇ। ਉਨ੍ਹਾਂ ਨੇ ਵੀ ਕਿਹਾ ਕਿ 12 ਹਜ਼ਾਰ ਕਰੋੜ ਨੂੰ ਲੈ ਕੇ ਵੀ ਪੰਜਾਬ ਸਰਕਾਰ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ ਜਦਕਿ ਕੈਗ ਦੀ ਰਿਪੋਰਟ ਨੇ ਸੱਚ ਝੂਠ ਦਾ ਨਿਤਾਰਾ ਕਰ ਦਿੱਤਾ।ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਹੀ ਗਰੀਬ ਲੋਕਾਂ ਦੇ ਹੱਕ ਵਿੱਚ ਫੈਸਲੇ ਲੈ ਸਕਦੀ ਹੈ।

ਉਨ੍ਹਾਂ ਕਿਹਾ ਕਿ ਜੀਐੱਸਟੀ ਦੀ ਦਰ ਘੱਟਣ ਨਾਲ ਗਰੀਬ ਅਤੇ ਕਿਸਾਨ ਵਰਗ ਨੂੰ ਫਾਇਦਾ ਮਿਲੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਜਸਵਿੰਦਰ ਸਿੰਘ, ਗੁਰਮੇਲ ਸਿੰਘ, ਸਰਬਜੀਤ ਸਿੰਘ ਤੇ ਜਗਰੂਪ ਸਿੰਘ ਵੀ ਹਾਜ਼ਰ ਸਨ।

# ਜੀ ਟੀ ਬੀ ਆਈ ਸਕੂਲ 'ਚ ਅਧਿਆਪਕਾਂ ਦੀ ਇੱਕ ਰੋਜ਼ਾ ਟ੍ਰੇਨਿੰਗ ਕਰਵਾਈ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਗੁਰੂ ਤੇਗ ਬਹਾਦਰ ਇੰਟਰਨੈਸ਼ਨਲ (ਜੀਟੀਬੀਆਈ) ਸਕੂਲ ਕਲਿਆਣਪੁਰ (ਧਾਰੀਵਾਲ) ਵਿਖੇ



ਆਲੋਚਨਾਤਮਕ ਸੋਚ ਅਤੇ ਭਾਵਨਾਤਮਕ ਬੁੱਧੀ ਨੂੰ ਬੱਚਿਆਂ ਵਿੱਚ ਵਿਕਸਿਤ ਕਰਨ ਦੀਆਂ ਤਕਨੀਕਾਂ ਬਾਰੇ ਅਧਿਆਪਕਾਂ ਨੂੰ ਜਾਣੂ ਕਰਵਾਉਣ ਲਈ ਇੱਕ ਰੋਜ਼ਾ ਟ੍ਰੇਨਿੰਗ ਕਰਵਾਈ ਗਈ ।

ਇਸ ਸੰਬੰਧੀ ਸਕੂਲ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸੁਰਜੀਤ ਸਿੰਘ, ਪ੍ਰਿੰਸੀਪਲ ਸੈਮੂਅਲ ਦਾਸ, ਡਾਇਰੈਕਟਰ ਐਡਵੋਕੇਟ ਪ੍ਰਿਤਪਾਲ ਸਿੰਘ ਅਤੇ ਡਾ. ਕ੍ਰਿਤਇੰਦਰ ਕੌਰ ਨੇ ਸਾਂਝੇ ਤੌਰ ਤੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਵਿੱਚ ਐੱਲ. ਪੀ. ਯੂ. ਵੱਲੋਂ ਮਿਸ ਸ਼ਾਰਦਾ ਪੁਲਾਬਤਲਾ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।ਉਨ੍ਹਾਂ ਨੇ ਕਈ ਤਰ੍ਹਾਂ ਦੀਆਂ ਅਧਿਆਪਕਾਂ ਨੂੰ ਰਚਨਾਤਕਮਕ ਕਿਰਿਆਵਾਂ ਕਰਵਾਈਆਂ, ਜਿਨ੍ਹਾਂ ਨਾਲ ਅਧਿਆਪਕ ਕਲਾਸ ਰੂਮ ਨੂੰ ਵਧੇਰੇ ਰੁਚੀ ਭਰਪੂਰ ਬਣਾ ਸਕਣ, ਵਿਦਿਆਰਥੀਆਂ ਨੂੰ ਆਪਣੇ ਵਿਸ਼ੇ ਵੱਲ ਆਕਰਸ਼ਿਤ ਕਰ ਸਕਣ ਅਤੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਵਿੱਚ ਵਾਧਾ ਕੀਤਾ ਜਾ ਸਕੇ। ਪ੍ਰਿੰ. ਸੈਮੂਅਲ ਦਾਸ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਕੂਲ ਵੱਲੋਂ ਸਮੇਂ-ਸਮੇਂ ਤੇ ਇਸ ਤਰ੍ਹਾਂ ਦੀਆਂ ਟ੍ਰੇਨਿੰਗਾਂ ਲਗਾਉਣ ਦਾ ਉਦੇਸ਼ ਅਧਿਆਪਕਾਂ ਦੇ ਗਿਆਨ ਵਿੱਚ ਵਾਧਾ ਕਰਨਾ ਹੈ ਤਾਂ ਜੋ ਉਹ ਆਪਣੇ ਸਰਬਪੱਖੀ ਗਿਆਨ ਨਾਲ ਵਿਦਿਆਰਥੀਆਂ ਨੂੰ ਅੱਜ ਦੇ ਆਧੁਨਿਕ ਯੁਗ ਨਾਲ ਜੋੜ ਸਕਣ। ਇਸ ਮੌਕੇ ਪ੍ਰਿੰ. ਸੈਮੂਅਲ ਦਾਸ ਨੇ ਆਈ ਹੋਈ ਟੀਮ ਦਾ ਧੰਨਵਾਦ ਅਤੇ ਵਿਸ਼ੇਸ਼ ਸਨਮਾਨ ਕੀਤਾ।

# ਆਈਸੀਆਈਸੀਆਈ ਪਰੂਡੈਂਸ਼ੀਅਲ ਲਾਈਫ ਵੱਲੋਂ ਦਾਅਵਿਆਂ ਦਾ ਨਿਪਟਾਰਾ

ਅੰਮ੍ਰਿਤਸਰ : ਆਈਸੀਆਈਸੀਆਈ ਪ੍ਰੂਡੈਂਸ਼ੀਅਲ ਲਾਈਫ ਇੰਸ਼ੋਰੈਂਸ ਨੇ ਅਪ੍ਰੈਲ 2025 ਤੋਂ ਜੂਨ 2025 ਦੀ ਮਿਆਦ ਲਈ 99.60% ਦੇ ਦਾਅਵੇ ਦੇ ਨਿਪਟਾਰੇ ਅਨੁਪਾਤ ਦਾ ਐਲਾਨ ਕੀਤਾ, ਜੋ ਕਿ ਉਦਯੋਗ ਵਿੱਚ ਸਭ ਤੋਂ ਵੱਧ ਹੈ।ਇਹ ਧਿਆਨ ਦੇਣ ਯੋਗ ਹੈ ਕਿ ਬਿਨਾਂ ਜਾਂਚ ਕੀਤੇ ਮੌਤ ਦੇ ਦਾਅਵਿਆਂ ਲਈ ਔਸਤ ਨਿਪਟਾਰੇ ਦਾ ਸਮਾਂ ਸਿਰਫ 1.1 ਦਿਨ ਸੀ।ਆਈਸੀਆਈਸੀਆਈ ਪਰੂਡੈਂਸ਼ੀਅਲ ਲਾਈਫ ਇੰਸ਼ੋਰੈਂਸ ਦੇ ਮੁੱਖ ਸੰਚਾਲਨ ਅਧਿਕਾਰੀ ਅਮਿਸ਼ ਬੈਂਕਰ ਨੇ ਕਿਹਾ ਕਿ ਦਾਅਵਿਆਂ ਦੇ ਨਿਪਟਾਰੇ ਇਸ ਗੱਲ ਦਾ ਸਪੱਸ਼ਟ ਸੰਕੇਤ ਹਨ ਕਿ ਕੰਪਨੀ ਆਪਣੇ ਵਾਅਦਿਆਂ ਨੂੰ ਪੂਰਾ ਕਰਦੀ ਹੈ ਜਾਂ ਨਹੀਂ।ਆਈਸੀਆਈਸੀਆਈ ਪਰੂਡੈਂਸ਼ੀਅਲ ਲਾਈਫ ਵਿਖੇ ਹਰੇਕ ਦਾਅਵੇ ਨੂੰ ਬਹੁਤ ਗੰਭੀਰਤਾ ਨਾਲ ਲਿਆ ਜਾਂਦਾ ਹੈ ।ਇਹ ਵਿੱਤੀ ਸਾਲ 2026 ਦੀ ਪਹਿਲੀ ਤਿਮਾਹੀ ਵਿੱਚ ਉਦਯੋਗ-ਸਭ ਤੋਂ ਵੱਧ ਦਾਅਵਾ ਨਿਪਟਾਰੇ ਅਨੁਪਾਤ 99.60% ਤੋਂ ਸਪੱਸ਼ਟ ਹੈ।ਕੰਪਨੀ ਨੇ ਵਿੱਤੀ ਸਾਲ 2026 ਦੀ ਪਹਿਲੀ ਤਿਮਾਹੀ ਵਿੱਚ ਕੁੱਲ 406.89 ਕਰੋੜ ਦੇ ਮੌਤ ਦੇ ਦਾਅਵਿਆਂ ਦਾ ਨਿਪਟਾਰਾ ਕੀਤਾ।

# 'ਸਾਂਝਾ ਪੇਕਾ ਘਰ' ਬਟਾਲਾ ਵੱਲੋਂ ਹੜ੍ਹ ਪ੍ਰਭਾਵਿਤ ਪਿੰਡਾਂ 'ਚ ਦਵਾਈਆਂ ਵੰਡਣ ਲਈ ਟੀਮ ਰਵਾਨਾ

ਬਟਾਲਾ (ਡਾ. ਮਲਵਿੰਦਰ ਸਿੰਘ)-ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵਲੋਂ ਅੱਜ ਡੇਰਾ ਬਾਬਾ ਨਾਨਕ ਪਿੰਡਾਂ ਵਿੱਚ ਲੋਕਾਂ ਦੀ ਮਦਦ ਲਈ ਸਮਾਜ ਸੇਵੀ ਸੰਸਥਾ 'ਸਾਂਝਾ ਪੇਕਾ ਘਰ' ਬਟਾਲਾ ਵਲੋਂ ਦਵਾਈਆਂ ਦੀ ਸੇਵਾ ਕਰਨ ਲਈ ਟੀਮ ਨੂੰ ਰਵਾਨਾ ਕੀਤਾ। ਇਸ ਮੌਕੇ ਵਿਧਾਇਕ ਸ਼ੈਰੀ ਕਲਸੀ ਨੇ ਸਮਾਜ ਸੇਵੀ ਸੰਸਥਾ 'ਸਾਂਝਾ ਪੇਕਾ ਘਰ'



ਦੀ ਪ੍ਰਧਾਨ ਹਰਪ੍ਰੀਤ ਕੌਰ ਅਤੇ ਉਨ੍ਹਾਂ ਦੀ ਪੂਰੀ ਟੀਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਔਖੀ ਘੜੀ ਵਿੱਚ ਲੋੜਵੰਦ ਲੋਕਾਂ ਦੀ ਬਾਂਹ ਫੜੀ ਹੈ, ਜਿਸ ਲਈ ਉਹ ਉਨਾਂ ਦੇ ਧੰਨਵਾਦੀ ਹਨ।ਪ੍ਰਧਾਨ ਹਰਪ੍ਰੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਦੀ ਟੀਮ ਜਿਸ ਵਿੱਚ ਕੁਲਦੀਪ ਸਿੰਘ, ਵੀਰ ਸਿੰਘ, ਰਣਜੀਤ ਸਿੰਘ, ਗੁਰਨੂਰ ਕੌਰ ਅਤੇ ਗੁਰਸਾਹਿਬ ਸਿੰਘ ਤੋਂ ਇਲਾਵਾ ਡਾ. ਮਨਜੀਤ ਕੌਰ, ਡਾ. ਲਵਪ੍ਰੀਤ ਕੌਰ, ਡਾ. ਅਰਸ਼ਪ੍ਰੀਤ ਕੌਰ ਸ਼ਾਮਿਲ ਹਨ, ਵੱਲੋਂ ਪਿੰਡ ਘੋਨੇਵਾਲ ਅਤੇ ਮਾਛੀਵਾੜਾ ਵਿਖੇ ਮੈਡੀਕਲ ਕੈਂਪ ਲਗਾਇਆ ਤੇ ਮਰੀਜ਼ਾਂ ਨੂੰ ਦਵਾਈਆਂ ਵੰਡੀਆਂ।ਉਨ੍ਹਾਂ ਕਿਹਾ ਕਿ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਵਿੱਚ ਇਹ ਦਵਾਈਆਂ ਡੇਰਾ ਬਾਬਾ ਨਾਨਕ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਵੰਡੀਆਂ ਗਈਆਂ ਹਨ ਅਤੇ ਸਾਡੀ ਸੰਸਥਾ ਵਲੋਂ ਹਮੇਸ਼ਾ ਲੋੜਵੰਦ ਲੋਕਾਂ ਦੀ ਵੱਧ ਚੜ੍ਹ ਕੇ ਮਦਦ ਕੀਤੀ ਜਾਂਦੀ ਹੈ।ਇਸ ਮੌਕੇ ਮਾਨਿਕ ਮਹਿਤਾ ਚੇਅਰਮੈਨ ਮਾਰਕੀਟ ਕਮੇਟੀ ਬਟਾਲਾ, ਐਮ. ਸੀ. ਬਲਵਿੰਦਰ ਸਿੰਘ ਮਿੰਟਾ, ਸੀਨੀਅਰ ਆਗੂ ਮਾਸਟਰ ਤਿਲਕ ਰਾਜ, ਭੁਪਿੰਦਰ ਸਿੰਘ, ਮਨਜੀਤ ਸਿੰਘ ਬੁਮਰਾਹ ਅਤੇ ਸੁਖਦੇਵ ਸਿੰਘ ਵੀ ਮੌਜੂਦ ਸਨ।

**ਜਨਮ ਦਿਨ ਮੁਬਾਰਕ**



ਭਵਨਪ੍ਰੀਤ ਸਿੰਘ
ਨਵਾਂ ਪਿੰਡ ਦੋਨੇਵਾਲ, ਜਲੰਧਰ



ਕਾਰਤਿਕ ਸਿੰਗਲਾ
ਰਾਮਪੁਰਾਫੂਲ

# ਕਿਸ਼ਨਗੜ੍ਹ ਵਿਖੇ 6 ਲੱਖ ਦੇ ਗਹਿਣੇ ਚੋਰੀ



**ਕਿਸ਼ਨਗੜ੍ਹ (ਸੁਖਜੀਤ ਕੁਮਾਰ)** ਐਤਵਾਰ ਦੀ ਰਾਤ ਨੂੰ ਕਿਸ਼ਨਗੜ੍ਹ ਵਿਖੇ ਚੋਰਾਂ ਵੱਲੋਂ ਇਕ ਘਰ ਨੂੰ ਨਿਸ਼ਾਨਾ ਬਣਾਉਂਦੇ ਹੋਏ ਘਰ ਦੇ ਵਿੱਚ ਰੱਖੇ ਸੋਨੇ ਦੀ ਗਹਿਣਿਆਂ ਨੂੰ ਚੋਰੀ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਿਨਾਂ ਦੀ ਕੀਮਤ ਕਰੀਬ 6 ਲੱਖ ਰੁਪਏ ਬਣਦੀ ਹੈ।ਜਾਣਕਾਰੀ ਦਿੰਦੇ ਹੋਏ ਘਰ ਦੇ ਮਾਲਕ ਸੁਰਿੰਦਰ ਸਿੰਘ ਉਰਫ ਲੱਡੂ ਦੀ ਪਤਨੀ ਨੇ ਦੱਸਿਆ ਕਿ ਉਨ੍ਹਾਂ ਦਾ ਲੜਕਾ ਉਨ੍ਹਾਂ ਦੇ ਕਿਸੇ ਜਾਣਕਾਰ ਦੇ ਘਰ ਚੱਲ ਰਹੇ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਕਰਨ ਲਈ ਰਾਤ ਨੂੰ ਗਿਆ ਹੋਇਆ ਸੀ। ਉਹ ਘਰ ਦੇ ਮੇਨ ਗੇਟ ਨੂੰ ਬਾਹਰ ਦੀ ਵਾਲੀ ਸਾਈਡ ਤੋਂ ਤਾਲਾ ਲਾ ਕੇ ਚਲਾ ਗਿਆ। ਉਹ ਘਰ ਵਿੱਚ ਇਕੱਲੀ ਹੀ ਸੀ ਅਤੇ ਆਪਣੇ ਕਮਰੇ ਵਿੱਚ ਸੌਂ ਰਹੀ ਸੀ। ਕਰੀਬ ਡੇਢ ਕੁ ਵਜੇ ਰਾਤ ਨੂੰ ਉਸ ਨੂੰ ਖੜਾਕੇ ਦੀ ਆਵਾਜ਼ ਸੁਣਾਈ ਦਿੱਤੀ ਅਤੇ ਉਸ ਨੇ ਆਪਣੇ ਬੇਟੇ ਦਾ ਨਾਮ ਲੈ ਕੇ ਪੁੱਛਿਆ ਕਿ ਤੂੰ ਆਇਆ ਹਾਂ ਤਾਂ ਅੱਗਿਓਂ ਕਿਸੇ ਨੇ ਹਾਂ ਦੇ ਵਿੱਚ ਜਵਾਬ ਦਿੱਤਾ। ਥੋੜ੍ਹ ਪੈਣ ਤੇ ਜਦ ਉਸ ਨੇ ਬਾਹਰ ਆ ਕੇ ਦੇਖਿਆ ਤਾਂ ਡਿਓੜੀ ਵਿੱਚ ਆਦਮੀ ਫਿਰ ਰਹੇ ਸਨ। ਉਸ ਨੇ ਜਦ ਆਵਾਜ਼ ਮਾਰੀ ਤਾਂ ਉਹ ਸੜਕ ਵੱਲ ਗੇਟ ਖੋਲ ਕੇ ਭੱਜ ਗਏ ਤੇ ਉਹ ਉਨ੍ਹਾਂ ਦੇ ਪਿੱਛੇ ਰੌਲਾ ਪਾਉਂਦੇ ਗਈ। ਜਦ ਉਸ ਨੇ ਨਾਲ ਵਾਲੇ ਕਮਰੇ ਦੇ ਕੋਲ ਬਣੇ ਸਟੋਰ ਵਿੱਚ ਜਾ ਕੇ ਦੇਖਿਆ ਕਿ ਲੋਹੇ ਦੀ ਅਲਮਾਰੀ ਵਿੱਚੋਂ ਕੱਪੜੇ ਕੱਢੇ ਹੋਏ ਸਨ ਅਤੇ ਪੇਟੀ ਉੱਪਰ ਗਹਿਣਿਆਂ ਦੀਆਂ ਖਾਲੀ ਡੱਬੀਆਂ ਪਈਆਂ ਹੋਈਆਂ ਸਨ। ਉਸ ਨੇ ਦੱਸਿਆ ਕਿ ਚੋਰਾਂ ਨੇ ਪਹਿਲਾਂ ਕਿਸੇ ਤਰ੍ਹਾਂ ਘਰ ਦੇ ਮੇਨ ਗੇਟ ਦਾ ਤਾਲਾ ਖੋਲਿਆ ਅਤੇ ਕਮਰੇ ਦਾ ਤਾਲਾ ਖੋਲ ਕੇ ਉਹਨਾਂ ਨੇ ਅਲਮਾਰੀ ਖੋਲੀ ਅਲਮਾਰੀ ਵਿੱਚ ਉਹਨਾਂ ਨੂੰ ਚਾਬੀਆਂ ਮਿਲੀਆਂ ਜੋ ਕਿ ਟਰੰਕ ਦੀਆਂ ਸਨ। ਚੋਰਾਂ ਨੇ ਉਨ੍ਹਾਂ ਚਾਬੀਆਂ ਨਾਲ ਟਰੰਕ ਨੂੰ ਲੱਗਾ ਤਾਲਾ ਖੋਲ੍ਹ ਕੇ ਉਸ ਵਿੱਚ ਪਏ ਗਹਿਣੇ ਕੱਢ ਲਏ ਅਤੇ ਫਰਾਰ ਹੋ ਗਿਆ। ਚੋਰੀ ਦੀ ਸੂਚਨਾ ਉਹਨਾਂ ਨੇ ਪੁਲਸ ਚੌਕੀ ਕਿਸ਼ਨਗੜ੍ਹ ਵਿਖੇ ਕੀਤੀ ਅਤੇ ਪੁਲਸ ਨੇ ਮੌਕਾ ਦੇਖ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਸੀ।

# ਪੰਚਾਇਤ ਵੱਲੋਂ ਮੱਛਰਾਂ ਦੇ ਖਾਤਮੇ ਲਈ ਫੌਗਿੰਗ ਮੁਹਿੰਮ

**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰ ਸਿੰਘ ਬੋਬੀ)**-ਪਿੰਡ ਚੂਹੜ ਮਾਜਰਾ ਵਿੱਚ ਗ੍ਰਾਮ ਪੰਚਾਇਤ ਵੱਲੋਂ ਪਿੰਡ ਵਾਸੀਆਂ ਦੀ ਸਿਹਤ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਫੌਗਿੰਗ ਮੁਹਿੰਮ ਚਲਾਈ ਗਈ। ਇਸ ਮੁਹਿੰਮ ਤਹਿਤ ਪਿੰਡ ਦੇ ਵੱਖ-ਵੱਖ ਇਲਾਕਿਆਂ ਵਿੱਚ ਫੌਗਿੰਗ ਮਸ਼ੀਨ ਰਾਹੀਂ ਮੱਛਰਾਂ ਅਤੇ ਮੱਖੀਆਂ ਦੇ ਖਾਤਮੇ ਲਈ ਸਪਰੇਅ ਕੀਤੀ ਗਈ। ਪਿੰਡ ਦੇ ਸਰਪੰਚ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਹਾਲ ਹੀ ਵਿੱਚ ਵੱਧ ਰਹੀਆਂ ਬਿਮਾਰੀਆਂ, ਖਾਸ ਕਰਕੇ ਡੇਂਗੂ, ਚਿਕਨਗੁਨਿਆ ਅਤੇ ਮਲੇਰੀਆ ਵਰਗੀਆਂ ਬਿਮਾਰੀਆਂ ਤੋਂ ਪਿੰਡ ਵਾਸੀਆਂ ਨੂੰ ਬਚਾਉਣ ਲਈ ਇਹ ਕਦਮ ਚੁੱਕਿਆ ਗਿਆ ਹੈ। ਉਨ੍ਹਾਂ ਕਿਹਾ ਕਿ ਮੱਛਰ ਅਤੇ ਮੱਖੀਆਂ ਇਨ੍ਹਾਂ ਬਿਮਾਰੀਆਂ ਦੇ ਮੁੱਖ ਕਾਰਨ ਹਨ, ਇਸ ਲਈ ਪਿੰਡ 'ਚ ਸਫਾਈ ਦੇ ਨਾਲ ਨਾਲ ਫੌਗਿੰਗ ਵੀ ਬਹੁਤ ਜ਼ਰੂਰੀ ਹੈ। ਪੰਚਾਇਤ ਵੱਲੋਂ ਸਮੇਂ-ਸਮੇਂ ਤੇ ਐਸੀਆਂ ਮੁਹਿੰਮਾਂ ਜਾਰੀ ਰੱਖੀਆਂ ਜਾਣਗੀਆਂ ਤਾਂ ਜੋ ਪਿੰਡ ਨੂੰ ਸਿਹਤਮੰਦ ਤੇ ਸਾਫ-ਸੁਥਰਾ ਬਣਾਇਆ ਜਾ ਸਕੇ।



# ਬੀ ਐੱਸ ਸੀ ਫੈਸ਼ਨ ਡਿਜ਼ਾਇਨਿੰਗ ਚੌਥੇ ਤੇ ਛੇਵੇਂ ਸਮੈਸਟਰ ਦਾ ਨਤੀਜਾ ਸ਼ਾਨਦਾਰ

**ਮਾਹਿਲਪੁਰ (ਸਫ਼ਰੀ)** ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਨਤੀਜਿਆਂ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਚੱਲਦੇ ਕੋਰਸ ਬੀ ਐੱਸ ਸੀ ਫੈਸ਼ਨ ਡਿਜ਼ਾਇਨਿੰਗ ਦੇ ਸਮੈਸਟਰ ਚੌਥਾ ਅਤੇ ਸਮੈਸਟਰ ਛੇਵਾਂ ਦਾ ਨਤੀਜਾ ਸ਼ਾਨਦਾਰ ਰਿਹਾ।ਕਾਲਜ ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ ਅਤੇ ਫੈਸ਼ਨ ਡਿਜ਼ਾਇਨਿੰਗ ਵਿਭਾਗ ਦੇ ਮੁਖੀ ਪ੍ਰੋ. ਰਾਜਵਿੰਦਰ ਕੌਰ ਨੇ ਦੱਸਿਆ ਕਿ ਬੀ ਐੱਸ ਸੀ ਫੈਸ਼ਨ ਡਿਜ਼ਾਇਨਿੰਗ ਦੇ ਸਮੈਸਟਰ ਚੌਥਾ ਦੇ ਨਤੀਜੇ ਵਿੱਚ ਵਿਦਿਆਰਥਣ ਸ਼ਿਵਦੀਪ ਕੌਰ ਨੇ 88.8 ਫੀਸਦੀ ਅੰਕਾਂ ਨਾਲ ਪਹਿਲਾ, ਬਲਜਿੰਦਰ ਕੌਰ ਨੇ 87.8 ਫੀਸਦੀ ਦੂਜਾ ਅਤੇ ਕਿਰਨਜੀਤ ਕੌਰ ਨੇ 87.6 ਫੀਸਦੀ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਉਨ੍ਹਾਂ ਦੱਸਿਆ ਕਿ ਇਸੇ ਕੋਰਸ ਦੇ ਸਮੈਸਟਰ ਛੇਵਾਂ ਦੇ ਨਤੀਜੇ ਵਿੱਚ ਵਿਦਿਆਰਥਣ ਮਾਨਸੀ ਨੇ 88.1 ਫੀਸਦੀ ਅੰਕਾਂ ਨਾਲ ਪਹਿਲਾ, ਸੁਰਪ੍ਰੀਤ ਕੌਰ ਨੇ 87.7 ਫੀਸਦੀ ਅੰਕਾਂ ਨਾਲ ਦੂਜਾ ਅਤੇ ਵਿਦਿਆਰਥਣ ਦੀਕਸ਼ਾ ਨੇ 87 ਫੀਸਦੀ ਅੰਕ ਹਾਸਲ ਕਰਕੇ ਤੀਜਾ ਸਥਾਨ ਗ੍ਰਹਿਣ ਕੀਤਾ। ਇਸ ਮੌਕੇ ਪ੍ਰਿੰਸੀਪਲ ਸਮੇਤ ਫੈਸ਼ਨ ਡਿਜ਼ਾਇਨਿੰਗ ਵਿਭਾਗ ਦੇ ਸਮੂਹ ਅਧਿਆਪਕਾਂ ਨੇ ਇਹਨਾਂ ਵਿਦਿਆਰਥਣਾਂ ਨੂੰ ਚੰਗੇ ਨਤੀਜੇ ਲਈ ਮੁਬਾਰਕਬਾਦ ਦਿੱਤੀ।



# ਹੜ੍ਹ ਪ੍ਰਭਾਵਿਤ ਖੇਤਰਾਂ 'ਚ ਜੰਗੀ ਪੱਧਰ 'ਤੇ ਰਾਹਤ ਕੰਮ ਜਾਰੀ : ਡਿਪਟੀ ਕਮਿਸ਼ਨਰ



**ਸੁਲਤਾਨਪੁਰ ਲੋਧੀ (ਬਲਵਿੰਦਰ ਸ਼ਾਲ੍ਹਪੁਰੀ)** ਡਿਪਟੀ ਅਮਿਤ ਕੁਮਾਰ ਪੰਚਾਲ ਨੇ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਮੁੜ ਵਸੇਬੇ ਲਈ ਯਤਨ ਜੰਗੀ ਪੱਧਰ 'ਤੇ ਜਾਰੀ ਹਨ। ਸਿਹਤ ਵਿਭਾਗ ਤੇ ਪਸ਼ੂ ਪਾਲਣ ਵਿਭਾਗ ਦੀਆਂ ਵੱਖ-ਵੱਖ ਟੀਮਾਂ ਵੱਲੋਂ ਪ੍ਰਭਾਵਿਤ ਪਿੰਡਾਂ ਵਿੱਚ ਸਹੂਲਤਾਂ ਪਹੁੰਚਾਈਆਂ ਜਾ ਰਹੀਆਂ ਹਨ। ਸਿਹਤ ਵਿਭਾਗ ਤੇ ਪਸ਼ੂ ਪਾਲਨ ਵਿਭਾਗ ਦੀਆਂ ਟੀਮਾਂ ਟਰੈਕਟਰ ਰਾਹੀਂ ਹੜ੍ਹ ਪ੍ਰਭਾਵਿਤ ਪਿੰਡਾਂ ਤੱਕ ਪਹੁੰਚ ਰਹੀਆਂ ਹਨ। ਸਿਹਤ ਵਿਭਾਗ ਵੱਲੋਂ ਪੇਟ ਅਤੇ ਚਮੜੀ ਦੀਆਂ ਬਿਮਾਰੀਆਂ ਤੋਂ ਬਚਾਅ ਲਈ ਦਵਾਈਆਂ ਵੰਡੀਆਂ ਜਾ ਰਹੀਆਂ ਹਨ ਅਤੇ ਪਾਣੀ ਤੋਂ ਫੈਲਣ ਵਾਲੀਆਂ ਬਿਮਾਰੀਆਂ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਆਸ਼ਾ ਵਰਕਰਾਂ ਵੱਲੋਂ 20 ਤੋਂ 26 ਸਤੰਬਰ ਘਰ ਘਰ ਜਾ ਕੇ ਸਿਹਤ ਸਰਵੇ ਕਰਨ ਤੇ ਲੋਕਾਂ ਨੂੰ ਬਿਮਾਰੀ ਤੋਂ ਬਚਾਅ ਸਬੰਧੀ ਜਾਗਰੂਕ ਕਰਨ ਦੀ ਮੁਹਿੰਮ ਸ਼ੁਰੂ ਕੀਤੀ ਗਈ ਹੈ। ਇਸੇ ਤਰ੍ਹਾਂ ਪਸ਼ੂ ਪਾਲਣ ਵਿਭਾਗ ਦੀ ਟੀਮ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਪਸ਼ੂ ਧਨ ਦੀ ਸਿਹਤ ਦੀ ਜਾਂਚ ਕੀਤੀ ਜਾ ਰਹੀ ਹੈ। ਪਸ਼ੂਆਂ ਦਾ ਟੀਕਾਕਰਨ ਕੀਤਾ ਜਾ ਰਿਹਾ ਹੈ ਤੇ ਜ਼ਰੂਰੀ ਦਵਾਈਆਂ ਉਪਲਬਧ ਕਰਵਾਈਆਂ ਜਾ ਰਹੀਆਂ ਹਨ ਅਤੇ ਫੀਡ ਦੀ ਵੰਡ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਪਸ਼ੂ ਪਾਲਣ ਵਿਭਾਗ ਵੱਲੋਂ ਪਿੰਡ ਆਹਲੀ ਕਲਾਂ ਵਿੱਚ 170 ਬੋਰੀਆਂ ਫੀਡ ਦੀ ਵੰਡ ਕੀਤੀ ਗਈ।

# ਸਾਲਾਨਾ ਇਕੋਤਰੀ ਸਮਾਗਮ ਦੌਰਾਨ ਮਾਹੌਲ ਅੰਮ੍ਰਿਤਮਈ ਬਣਿਆ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਓਂਕਾਰ ਸਿੰਘ)** ਮਹਾਨ ਸਲਾਨਾ ਇਕੋਤਰੀ ਸਮਾਗਮ ਦੇ ਚੱਲਦਿਆਂ ਗੁਰਬਾਣੀ ਰਸ ਦੇ ਪ੍ਰਵਾਹ ਕਾਰਣ ਮਾਹੌਲ ਜਿੱਥੇ ਪੂਰਨ ਰੂਪ 'ਚ ਅੰਮ੍ਰਿਤਮਈ ਬਣਿਆ ਹੋਇਆ ਹੈ ਉੱਥੇ ਰੋਜ਼ਾਨਾ ਸਜਾਏ



ਜਾਂਦੇ ਵਿਸ਼ਾਲ ਗੁਰਮਤਿ ਸਮਾਗਮਾਂ ਮੌਕੇ ਸੰਤ ਬਾਬਾ ਗੁਰਦਿਆਲ ਸਿੰਘ ਤੇ ਹੋਰ ਮਹਾਂਪੁਰਸ਼ ਹਜ਼ਾਰਾਂ ਦੀ ਤਾਦਾਦ 'ਚ ਪੁੱਜਣ ਵਾਲੀਆਂ ਸੰਗਤਾਂ ਨੂੰ ਗੁਰਸ਼ਬਦ ਨਾਲ ਜੋੜ ਰਹੇ ਹਨ। 101 ਸ੍ਰੀ ਅਖੰਡ ਪਾਠ ਸਾਹਿਬ ਦੀ ਇਸ ਪਾਵਨ ਤੇ ਪਵਿੱਤਰ ਲੜੀ ਤਹਿਤ ਕਰਵਾਏ ਜਾ ਰਹੇ ਇਹ ਸਮਾਗਮ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹਾਦਤ ਨੂੰ ਸਮਰਪਿਤ ਹਨ। ਪ੍ਰਬੰਧਕਾਂ ਵੱਲੋਂ ਇਨ੍ਹਾਂ ਸਮਾਗਮਾਂ ਨੂੰ ਲੈ ਕੇ ਕੀਤੇ ਗਏ ਪ੍ਰਬੰਧ ਸੰਗਤਾਂ ਦੇ ਭਾਰੀ ਉਤਸ਼ਾਹ ਕਾਰਣ ਅਲੌਕਿਕ ਦਿੱਖ 'ਚ ਦਿਖਾਈ ਦੇ ਰਹੇ ਹਨ। ਇਸ ਮੌਕੇ ਸ਼ਾਮ 7 ਵਜੇ ਤੋਂ ਰਾਤ 10 ਵਜੇ ਤੱਕ ਜਿੱਥੇ ਸੰਤ ਅਜੀਤ ਸਿੰਘ ਪੜੈਣ, ਸੰਤ ਗੁਰਦੀਪ ਸਿੰਘ ਖੁਜਾਲਾ, ਸੰਤ ਭਰਪੂਰ ਸਿੰਘ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ, ਉੱਥੇ ਸਮਾਗਮ ਪ੍ਰਬੰਧਕ ਜੱਥੇਦਾਰ ਹਰਮੇਲ ਪ੍ਰਕਾਸ਼ ਸਿੰਘ ਨੇ ਦੱਸਿਆ ਕਿ ਰੋਜ਼ਾਨਾ ਸਜਾਏ ਜਾਣ ਵਾਲੇ ਦਿਨ ਰਾਤਰੀ ਗੁਰਮਤਿ ਸਮਾਗਮਾਂ ਦੌਰਾਨ ਸਿੰਘ ਸਾਹਿਬਾਨ ਸੰਤ ਮਹਾਂਪੁਰਸ਼ ਤੇ ਰਾਗੀ ਜਥੇ ਗੁਰਬਾਣੀ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਵਰਣਨਯੋਗ ਹੈ ਕਿ ਸੰਤ ਬਾਬਾ ਗੁਰਦਿਆਲ ਸਿੰਘ ਦੇ ਇਸ ਮਹਾਨ ਉਪਰਾਲੇ ਸਦਕਾ ਟਾਂਡਾ ਅੰਦਰ ਕਰਵਾਏ ਜਾਣ ਵਾਲੇ ਇਹ ਸਮਾਗਮ ਦੇਸ਼ਾਂ-ਵਿਦੇਸ਼ਾਂ ਅੰਦਰ ਅੰਮ੍ਰਿਤਰੂਪੀ ਕੁੰਭ ਦੇ ਨਾਮ ਜਾਣੇ ਜਾਂਦੇ ਹਨ।

# ਹੜ੍ਹ ਪ੍ਰਭਾਵਿਤ ਪਿੰਡਾਂ 'ਚ ਪਸ਼ੂਆਂ ਦਾ ਚੈੱਕਅਪ ਕੈਂਪ



**ਭੁਲੱਥ (ਹਰਭਜਨ ਢਿੱਲੋਂ)**-ਡਾਕਟਰ ਪ੍ਰਵੀਨ ਅਗਰਵਾਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਡਾਕਟਰ ਰਮਨਦੀਪ ਵੈਟਰਨਰੀ ਅਫਸਰ ਅਤੇ ਸੀਨੀਅਰ ਵੈਟਰਨਰੀ ਇੰਸਪੈਕਟਰ ਅਮਰੀਕ ਸਿੰਘ ਸ਼ੇਤਰਾ ਵੱਲੋਂ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ। ਇਸ ਮੌਕੇ ਪਿੰਡ ਬੇਲਾ ਧਿਆਨੀ (ਲੱਖਵਰ) ਅਤੇ ਗੁੱਜਰ ਬਸਤੀ ਵਿੱਚ ਪਸ਼ੂਆਂ ਨੂੰ ਮਿਨਰਲ ਮਿਕਸਚਰ, ਡਿਵਰਮ, ਜੂਆਂ, ਚਿੱਚੜਾਂ ਦੀ ਦਵਾਈ ਵੰਡੀ ਗਈ। ਬਿਮਾਰੀਆਂ ਤੋਂ ਬਚਾਅ ਕਰਨ ਲਈ ਅਤੇ ਕਦੀ ਹੋਰ ਛੂਤੀ ਬਿਮਾਰੀਆਂ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ। ਉਨ੍ਹਾਂ ਗਲਘੋਟੂ, ਮੂੰਹਖੁਰ ਆਦਿ ਬਿਮਾਰੀਆਂ ਬਾਰੇ ਵੀ ਲੋਕਾਂ ਨੂੰ ਵਿਸਥਾਰ ਪੂਰਵਕ ਚਾਨਣਾ ਪਾਇਆ ਗਿਆ। ਇਸ ਮੌਕੇ ਸਰਪੰਚ ਰਾਮ ਸਿੰਘ, ਅਵਤਾਰ ਸਿੰਘ ਫੌਜੀ, ਰਾਕੇਸ਼ ਕੁਮਾਰ, ਮਨਜੀਤ ਸਿੰਘ, ਪਵਨ ਕੁਮਾਰ, ਗਿਰਧਾਰੀ ਲਾਲ, ਮਹਿੰਦਰ ਸਿੰਘ, ਬਲਰਾਜ ਚੰਦ, ਗੌਰਵ ਸ਼ਰਮਾ ਆਦਿ ਹਾਜਰ ਸਨ।

# ਰਾਮਲੀਲ੍ਹਾ ਕਮੇਟੀ ਵੱਲੋਂ ਸ਼ਾਨਦਾਰ 'ਘੰਟਾ ਰਸਮ' ਨਾਲ ਰਾਮਲੀਲ੍ਹਾ ਦਾ ਆਗਾਜ਼

**ਡੇਰਾਬੱਸੀ (ਵਿਨੈ ਕੁਮਾਰ ਜੈਨ)** ਰਾਮਲੀਲਾ ਦਾ ਆਰੰਭ ਅੱਜ ਰਾਮਲੀਲਾ ਕਮੇਟੀ ਰਜਿਸਟਰ ਨੰਬਰ 812 ਵੱਲੋਂ ਸ਼ਾਨਦਾਰ ਢੰਗ ਨਾਲ ਕੀਤਾ ਗਿਆ। ਸ਼ੁਰੂਆਤ ਪਰੰਪਰਾਗਤ 'ਘੰਟਾ ਰਸਮ' ਨਾਲ ਹੋਈ ਜਿਸ ਵਿੱਚ ਸੈਂਕੜਿਆਂ ਸ਼ਰਧਾਲੂਆਂ ਅਤੇ ਸਥਾਨਕ ਨਾਗਰਿਕਾਂ ਨੇ ਭਾਗ ਲਿਆ। ਇਹ ਰਸਮ ਰਾਮਲੀਲਾ ਦੀ ਰੂਹ ਹੈ, ਜੋ ਸਾਲਾਂ ਤੋਂ ਇੱਕ ਧਾਰਮਿਕ ਤੇ ਸੰਸਕਾਰਕ ਪਰੰਪਰਾ ਵਜੋਂ ਨਿਭਾਈ ਜਾ ਰਹੀ ਹੈ।ਰਾਮਲੀਲਾ ਮੈਦਾਨ ਵਿੱਚ ਸਵੇਰੇ ਤੋਂ ਹੀ ਸ਼ਰਧਾਲੂਆਂ ਦਾ ਤਾਂਤਾ ਲੱਗਣਾ ਸ਼ੁਰੂ ਹੋ ਗਿਆ ਸੀ। ਸਾਰੇ ਲੋਕ ਉਤਸ਼ਾਹ ਨਾਲ ਭਰਪੂਰ ਸਨ ਕਿਉਂਕਿ ਅੱਜ ਤੋਂ ਰਾਮ ਭਗਵਾਨ ਦੀ ਲੀਲਾਵਾਂ ਦੇ ਦਰਸ਼ਨ ਸ਼ੁਰੂ ਹੋਣ ਜਾ ਰਹੇ ਸਨ। ਕਮੇਟੀ ਦੇ ਅਹੁਦੇਦਾਰਾਂ ਨੇ ਮੰਦਰ ਦੇ ਪੰਡਿਤਾਂ ਦੀ ਹਾਜ਼ਰੀ ਵਿੱਚ ਪਵਿੱਤਰ ਮੰਤਰਾਂ ਦਾ ਉਚਾਰਨ ਕਰਦੇ ਹੋਏ ਘੰਟਾ ਰਸਮ ਅਦਾ ਕੀਤੀ। ਰਸਮ ਪੂਰੀ ਹੋਣ 'ਤੇ ਮੈਦਾਨ ਵਿੱਚ 'ਜੈ ਸ਼੍ਰੀ ਰਾਮ' ਦੇ ਗੂੰਜਦੇ ਨਾਅਰਿਆਂ ਨਾਲ ਮਾਹੌਲ ਗੂੰਜ ਉਠਿਆ।ਕਮੇਟੀ ਦੇ ਪ੍ਰਧਾਨ ਰਵਿੰਦਰ ਵੈਸ਼ਨੋ (ਲਵਲੀ) ਨੇ ਜਾਣਕਾਰੀ ਦਿੱਤੀ ਕਿ ਇਸ ਸਾਲ ਰਾਮਲੀਲਾ ਵਿਸ਼ੇਸ਼ ਰੂਪ ਵਿੱਚ ਆਕਰਸ਼ਕ ਹੋਵੇਗੀ। ਨਵੀਆਂ ਤਕਨੀਕਾਂ ਦੀ ਵਰਤੋਂ ਕਰਕੇ ਰਾਮਚਰਿਤਮਾਨਸ ਦੇ ਪ੍ਰਸੰਗਾਂ ਨੂੰ ਰੰਗਮੰਚ 'ਤੇ ਜੀਵੰਤ ਕੀਤਾ ਜਾਵੇਗਾ। ਖ਼ਾਸ ਤੌਰ 'ਤੇ ਧੁਨੀ ਪ੍ਰਬੰਧ, ਪ੍ਰਕਾਸ਼ ਪ੍ਰਬੰਧ ਅਤੇ ਪਟਕੇ ਰਾਮਲੀਲਾ ਦੇ ਹਰ



ਦ੍ਰਿਸ਼ ਨੂੰ ਹੋਰ ਵੀ ਮਨਮੋਹਕ ਬਣਾਉਣਗੇ। ਉਨ੍ਹਾਂ ਨੇ ਦੱਸਿਆ ਕਿ ਲਛਮਣ, ਹਨੂਮਾਨ, ਸੀਤਾ ਮਈਆ ਅਤੇ ਰਾਵਣ ਦੇ ਪ੍ਰਸੰਗਾਂ ਦੀ ਤਿਆਰੀ ਮਹੀਨਿਆਂ ਤੋਂ ਚੱਲ ਰਹੀ ਸੀ ਅਤੇ ਹੁਣ ਇਹ ਸਾਰੇ ਪਾਤਰ ਲੋਕਾਂ ਨੂੰ ਆਪਣੀ ਕਲਾ ਰਾਹੀਂ ਮੋਹ ਲੈਣਗੇ।ਇਸ ਮੌਕੇ ਪੁਲਿਸ ਅਤੇ ਪ੍ਰਸ਼ਾਸਨ ਵੱਲੋਂ ਵੀ ਕੜੇ ਪ੍ਰਬੰਧ ਕੀਤੇ ਗਏ। ਕਮੇਟੀ ਦੇ ਅਹੁਦੇਦਾਰ ਨੇ ਦੱਸਿਆ ਕਿ ਰਾਮਲੀਲਾ ਲਗਾਤਾਰ ਦਸ ਦਿਨਾਂ ਤੱਕ ਚਲੇਗੀ ਅਤੇ ਦਸਵੇਂ ਦਿਨ ਰਾਵਣ ਦਹਨ ਨਾਲ ਸਮਾਪਤ ਹੋਵੇਗੀ।

# ਤਿਉਹਾਰਾਂ ਮੌਕੇ ਮੁਲਾਜ਼ਮਾਂ ਨੂੰ ਸਰਕਾਰ ਤੋਂ ਖਾਲੀ ਪਈ ਝੋਲੀ ਭਰਨ ਦੀ ਉਮੀਦ : ਜੀ ਟੀ ਯੂ





**ਹੁਸ਼ਿਆਰਪੁਰ,(ਬਲਵੀਰ ਸਿੰਘ ਸੈਣੀ)** ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਹੁਸ਼ਿਆਰਪੁਰ ਦੀ ਹੰਗਾਮੀ ਮੀਟਿੰਗ ਨਵਨਿਯੁਕਤ ਜ਼ਿਲ੍ਹਾ ਪ੍ਰਧਾਨ ਪ੍ਰਿਤਪਾਲ ਸਿੰਘ ਚੌਟਾਲਾ ਅਤੇ ਜ਼ਿਲ੍ਹਾ ਜਨਰਲ ਸਕੱਤਰ ਜਸਵੀਰ ਤਲਵਾੜਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਪ੍ਰਿਤਪਾਲ ਸਿੰਘ ਚੌਟਾਲਾ ਨੇ ਮੁਲਾਜ਼ਮ ਮੰਗਾਂ ਤੇ ਸਰਕਾਰ ਵੱਲੋਂ ਦਿਖਾਈ ਜਾ ਰਹੀ ਬੇਰੁਖੀ ਦੀ ਆਲੋਚਨਾ ਕਰਦਿਆਂ ਕਿਹਾ ਕਿ ਮੌਜੂਦਾ ਸਰਕਾਰ ਨੂੰ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਜਿਸ ਵਿੱਚ ਕੇਂਦਰ ਸਰਕਾਰ ਦੀ ਤਰਜ਼ ਤੇ ਬਕਾਇਆ 15 % ਡੀ ਏ ਦੀਆਂ ਕਿਸ਼ਤਾਂ ਜਲਦ ਜਾਰੀ ਕਰਨਾ, ਪਿੱਛਲੇ ਤਿੰਨ ਸਾਲਾਂ ਤੋਂ ਸਰਕਾਰ ਵੱਲੋਂ ਨੋਟੀਫਿਕੇਸ਼ਨ ਰਾਹੀਂ ਐਲਾਨ ਕੀਤੀ ਪੁਰਾਣੀ ਪੈਨਸ਼ਨ ਨੂੰ ਹਕੀਕੀ ਰੂਪ ਵਿੱਚ ਜਲਦ ਲਾਗੂ ਕਰਨਾ, ਅਧਿਆਪਕਾਂ ਦੇ ਅਨੇਕਾਂ ਮਸਲਿਆਂ ਪ੍ਰਤੀ ਸਰਕਾਰ ਵੱਲੋਂ ਅਪਣਾਈ ਜਾ ਰਹੀ ਟਾਲਮਟੋਲ ਦੀ ਨੀਤੀ ਨੂੰ ਛੱਡ ਕੇ ਮੁਲਾਜ਼ਮਾਂ ਨਾਲ਼ ਸਿੱਧਾ ਸੰਵਾਦ ਕਰਕੇ ਉਹਨਾਂ ਨੂੰ ਜਲਦ ਹੱਲ ਕਰਨਾ ਚਾਹੀਦਾ ਹੈ, ਪ੍ਰਾਇਮਰੀ ਤੋਂ ਮਾਸਟਰ ਕੇਡਰ ਅਤੇ ਹੋਰ ਵੱਖ -ਵੱਖ ਪੱਦਉਨਤੀਆਂ ਜਲਦ ਕਰਨ ਆਦਿ ਮਸਲਿਆਂ ਤੇ ਸਰਕਾਰ ਨੂੰ ਗੰਭੀਰਤਾ ਨਾਲ਼ ਵਿਚਾਰ ਕਰਨ ਦੀ ਲੋੜ ਹੈ। ਇਸ ਮੌਕੇ ਜ਼ਿਲ੍ਹਾ ਜਨਰਲ ਸਕੱਤਰ ਜਸਵੀਰ ਤਲਵਾੜਾ ਨੇ ਸਿੱਖਿਆ ਵਿਭਾਗ ਵੱਲੋਂ ਕੀਤੀਆਂ ਬਦਲੀਆਂ ਵਿੱਚ ਪਾਰਦਰਸ਼ਤਾ ਦੀ ਕਮੀ ਤੇ ਚਿੰਤਾ ਪ੍ਰਗਟਾਉਂਦਿਆਂ ਭਵਿੱਖ ਵਿੱਚ ਅਧਿਆਪਕਾਂ ਵਿੱਚ ਇਸ ਦੀ ਭਰੋਸੇਯੋਗਤਾ ਘੱਟਣ ਦੀ ਗੱਲ ਆਖੀ ਅਤੇ ਸਰਕਾਰ ਨੂੰ ਇਸ ਮਸਲੇ ਵਿੱਚ ਪੂਰਨ ਪਾਰਦਰਸ਼ਤਾ ਬਣਾਉਣ ਵੱਲ ਗੰਭੀਰਤਾ ਨਾਲ਼ ਵਿਚਾਰ ਕਰਨ ਦੀ ਮੰਗ ਵੀ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਇਸ ਮੌਕੇ ਅਧਿਆਪਕ ਆਗੂ ਸੁਨੀਲ ਕੁਮਾਰ,ਲੈਕਚਰਾਰ ਅਮਰ ਸਿੰਘ, ਲੈਕਚਰਾਰ ਉਪਿੰਦਰ ਸਿੰਘ,ਵਿਕਾਸ ਸ਼ਰਮਾ ਨਸਰਾਲਾ, ਸੰਜੀਵ ਧੂਤ, ਪ੍ਰਿੰਸ ਗੜ੍ਹਦੀਵਾਲਾ,ਰਜਤ ਮਹਾਜਨ,ਲੈਕਚਰਾਰ ਹਰਵਿੰਦਰ ਸਿੰਘ, ਸ਼ਾਮ ਸੁੰਦਰ ਕਪੂਰ,ਕਮਲਦੀਪ ਸਿੰਘ, ਅਨੁਪਮ ਰਤਨ, ਹੈੱਡ-ਮਾਸਟਰ ਸੰਦੀਪ ਬਡੇਸਰੋਂ, ਹੈੱਡ-ਮਾਸਟਰ ਨਸੀਬ ਸਿੰਘ,ਅਸ਼ੋਕ ਕੁਮਾਰ,ਨਰੇਸ਼ ਕੁਮਾਰ ਮਿੱਢਾ, ਚਮਨ ਲਾਲ ਆਦਿ ਸਮੇਤ ਵੱਡੀ ਗਿਣਤੀ 'ਚ ਅਧਿਆਪਕ ਹਾਜ਼ਰ ਸਨ।

# ਬ੍ਰਹਮਲੀਨ ਸੰਤ ਪਿੱਪਲ ਦਾਸ ਦਾ ਬਰਸੀ ਸਮਾਗਮ ਸ਼ਰਧਾ ਨਾਲ ਮਨਾਇਆ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)** ਡੇਰਾ ਬ੍ਰਹਮਲੀਨ ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ ਵਿਖੇ ਡੇਰੇ ਦੇ ਸੰਸਥਾਪਕ ਬ੍ਰਹਮਲੀਨ ਸੰਤ ਪਿੱਪਲ ਦਾਸ ਮਹਾਰਾਜ ਦਾ 97ਵਾਂ ਬਰਸੀ ਸਮਾਗਮ ਅਤੇ ਪਹਿਲਾ ਨਰਾਤੇ ਤੇ ਡੇਰੇ 'ਚ ਝੰਡੇ ਚੜਾਉਣ ਦਾ ਸਮਾਗਮ ਸੋਮਵਾਰ ਨੂੰ ਡੇਰਾ ਸੱਚਖੰਡ ਬੱਲਾਂ ਦੇ ਮੌਜੂਦਾ ਗੱਦੀਨਸ਼ੀਨ ਸੰਤ ਨਿਰੰਜਨ ਦਾਸ ਮਹਾਰਾਜ ਤੇ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਪਬਲਿਕ ਚੈਰੀਟੇਬਲ ਟਰੱਸਟ ਵਾਰਾਨਸੀ ਯੂ ਪੀ ਦੀ ਸਰਪ੍ਰਸਤੀ ਹੇਠ ਦੇਸ਼ ਵਿਦੇਸ਼ ਦੀਆਂ ਹਜ਼ਾਰਾਂ ਸ਼ਰਧਾਲੂ ਸੰਗਤਾਂ ਵੱਲੋਂ ਸ਼ਰਧਾ ਅਤੇ ਸਤਿਕਾਰ ਸਹਿਤ ਮਨਾਇਆ ਗਿਆ । ਇਸ ਮੌਕੇ ਤੇ ਸਵੇਰੇ ਪਿੰਡ ਬੱਲਾਂ ਅਤੇ ਸਰਮਸਤਪੁਰ ਪਿੰਡ ਦੀਆਂ ਸੰਗਤਾਂ ਵਲੋਂ ਲਿਆਂਦੇ ਹਰਿ ਦੇ ਨਿਸ਼ਾਨ ਦੇ ਨਿਸ਼ਾਨ ਸਾਹਿਬ ਸੰਤ ਨਰੰਜਨ ਦਾਸ ਮਹਾਰਾਜ ਅਤੇ ਵੱਖ ਵੱਖ ਧਾਰਮਿਕ ਡੇਰਿਆਂ ਤੋਂ ਪਹੁੰਚੇ ਸੰਤਾਂ ਮਹਾਂਪੁਰਸ਼ਾਂ ਦੀ ਹਾਜਰੀ ਚ ਚੜ੍ਹਾਏ ਗਏ। ਉਪਰੰਤ ਸ੍ਰੀ ਗੁਰੂ ਰਵਿਦਾਸ ਸਤਿਸੰਗ ਭਵਨ ਚ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਜਾਪ ਕੀਤੇ ਗਏ ਅਰਦਾਸ ਉਪਰੰਤ ਮਿਸ਼ਨਰੀ ਗਾਇਕ ਕਲਾਕਾਰਾਂ, ਪ੍ਰਸਿੱਧ ਕੀਰਤਨੀਏ ਜਥਿਆਂ ਅਤੇ ਸੰਤ ਮਹਾਂਪੁਰਸ਼ਾਂ ਵੱਲੋਂ, ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਜੀਵਨ ਮਹਿਮਾ ਦਾ ਗੁਣਗਾਣ ਕੀਤਾ ਗਿਆ। ਵੱਖ-ਵੱਖ ਡੇਰਿਆਂ ਤੋਂ ਆਏ ਹੋਏ ਸੰਤ ਮਹਾਂਪੁਰਸ਼ਾਂ ਸੰਤ ਪ੍ਰਦੀਪ ਦਾਸ ਕਠਾਰ, ਸੰਤ ਪ੍ਰੀਤਮ ਦਾ ਸੰਗਤਪੁਰ ਫਗਵਾੜਾ, ਸੁਖਵਿੰਦਰ ਦਾਸ ਢੱਡੇ, ਸੰਤ ਲੇਖ ਰਾਜ ਨੂਰਪੁਰ, ਸੰਤ ਜੋਗਿੰਦਰ ਦਾਸ ਬਡਾਲਾ ਮਾਹੀ, ਸੰਤ ਰਾਜਾ ਰਾਮ ਬਠਿੰਡਾ, ਸਾਈ ਪੱਪਲ ਸ਼ਾਹ ਭਰੋ ਮਜਾਰਾ ਤੇ ਸਿਆਸੀ ਆਗੂਆਂ ਹਲਕਾ ਇੰਚਾਰਜ ਕਾਂਗਰਸ ਕਰਤਾਰਪੁਰ ਰਾਜਿੰਦਰ ਸਿੰਘ, ਬਸਪਾ ਆਗੂ ਐਡਵੋਕੇਟ ਬਲਵਿੰਦਰ ਸਿੰਘ, ਸ਼ਾਦੀ ਲਾਲ ਵੱਲੋਂ ਬ੍ਰਹਮਲੀਨ ਸੰਤ ਪਿੱਪਲ ਦਾਸ ਮਹਾਰਾਜ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਮੈਨੇਜਰ ਧਰਮ ਪਾਲ, ਸੇਵਾਦਾਰ ਹਰਦੇਵ ਦਾਸ, ਸੇਵਾਦਾਰ ਵਰਿੰਦਰ ਕੁਮਾਰ, ਸੇਵਾਦਾਰ ਦਵਿੰਦਰ ਬੱਬੂ, ਬੀ ਪੀ ਈ ਓ ਬੀ ਕੇ ਮਹਿਮੀ, ਸੇਵਾਦਾਰ ਸ਼ਾਮ ਲਾਲ, ਸੇਵਾ ਮੁਕਤ ਆਈ ਆਰ ਐਸ ਅਧਿਕਾਰੀ ਜੋਗਿੰਦਰ ਦਾਸ, ਸਰਪੰਚ ਰਾਜੇਸ਼ ਕੁਮਾਰ ਸਰਮਸਤਪੁਰ, ਅਮਨਦੀਪ ਹੀਰ, ਪ੍ਰਦੀਪ ਕੁਮਾਰ ਬੱਲਾਂ, ਸੇਵਾ ਮੁਕਤ ਕਾਨੂੰਗੋ ਮਹਿੰਦਰ ਪਾਲ, ਰੋਸ਼ਨ ਲਾਲ ਸੋਂਧੀ, ਮਾਸਟਰ ਸੁਰਜੀਤ ਸਿੰਘ, ਸੇਠ ਦੇਸ ਰਾਜ ਫਗਵਾੜਾ ਆਦਿ ਹਾਜ਼ਰ ਸਨ।



# 'ਏ.ਆਈ ਤੇ ਇਸ ਦੇ ਉਪਯੋਗ' ਵਿਸ਼ੇ 'ਤੇ ਸੈਮੀਨਾਰ




**ਜਲੰਧਰ(ਸ਼ੈਲੀ ਐਲਬਰਟ)**-ਪ੍ਰਿੰਸੀਪਲ ਡਾ. ਜਗਰੂਪ ਸਿੰਘ ਦੀ ਅਤੇ ਈ ਸੀ ਈ ਵਿਭਾਗ ਦੇ ਇੰਚਾਰਜ ਪ੍ਰੀਤ ਕੰਵਲ ਦੀ ਯੋਗ ਅਗਵਾਈ ਹੇਠ 'ਏ ਆਈ ਅਤੇ ਇਸ ਦੇ ਉਪਯੋਗ' ਵਿਸ਼ੇ 'ਤੇ ਇੱਕ ਔਨਲਾਈਨ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਸੀ ਟੀ ਇੰਸਟੀਚਿਊਟ ਸ਼ਾਹਪੁਰ ਜਲੰਧਰ ਤੋਂ ਡਾ. ਅੰਕਿਤਾ ਗੁਪਤਾ (ਐੱਚ ਓ ਡੀ, ਕੰਪਿਊਟਰ ਸਾਇੰਸ) ਨੇ ਵਿਭਾਗ ਦੇ ਵਿਦਿਆਰਥੀਆਂ ਨਾਲ ਆਪਣਾ ਤਕਨੀਕੀ ਗਿਆਨ ਅਤੇ ਮਹਾਰਤ ਸਾਂਝੀ ਕੀਤੀ। ਵਿਭਾਗ ਦੇ ਇੰਚਾਰਜ ਪ੍ਰੀਤ ਕੰਵਲ ਅਤੇ ਹੋਰ ਫੈਕਲਟੀ ਮੈਂਬਰਾਂ ਨੇ ਵਿਸ਼ੇਸ਼ ਮਹਿਮਾਨ ਦਾ ਨਿੱਘਾ ਸਵਾਗਤ ਕੀਤਾ। ਉਕਤ ਵਿਸ਼ੇ 'ਤੇ ਡਾ. ਅੰਕਿਤਾ ਨੇ ਇੱਕ ਸੰਖੇਪ ਜਾਣਕਾਰੀ ਪੇਸ਼ ਕੀਤੀ ਕਿ ਕਿਵੇਂ ਏ ਆਈ ਸਿਹਤ ਸੰਭਾਲ ਤੇ ਖੇਤੀਬਾੜੀ ਤੋਂ ਲੈ ਕੇ ਪਾਲਣ-ਪੋਸ਼ਣ, ਉਦਯੋਗਿਕ ਆਟੋਮੇਸ਼ਨ ਅਤੇ ਸਮਾਰਟ ਘਰਾਂ ਤੱਕ ਦੇ ਉਦਯੋਗਾਂ ਵਿੱਚ ਕ੍ਰਾਂਤੀ ਲਿਆ ਰਹੀ ਹੈ। ਡਾ. ਅੰਕਿਤਾ ਨੇ ਏ. ਆਈ ਤਕਨਾਲੋਜੀ ਦੇ ਨੈਤਿਕ ਵਿਚਾਰਾਂ ਅਤੇ ਭਵਿੱਖ ਦੇ ਰੁਝਾਨਾਂ 'ਤੇ ਵੀ ਚਾਨਣਾ ਪਾਇਆ।ਇਸ ਸਮੇਂ ਪ੍ਰਿੰਸ ਮਦਾਨ, ਮਨੀਸ਼ ਸਚਦੇਵਾ, ਮਨਿੰਦਰ ਕੌਰ ਤੇ ਦੇਵਿਕਾ ਵੀ ਮੌਜੂਦ ਸਨ।

# ਮਾਲਵਿੰਦਰ ਸਿੰਘ ਕੰਗ ਨੇ ਮੁਕੰਦਪੁਰ-ਚੱਕਦਾਨਾ ਸੜਕ ਦੇ ਕੰਮ ਦਾ ਰੱਖਿਆ ਨੀਂਹ ਪੱਥਰ



**ਬੰਗਾ (ਅਵਤਾਰ ਕਲੇਰ)**-ਮੁਕੰਦਪੁਰ ਤੋਂ ਚੱਕਦਾਨਾ ਸੜਕ ਦੇ ਨਿਰਮਾਣ ਕਾਰਜ ਦਾ ਨੀਂਹ ਪੱਥਰ ਰੱਖਦਿਆਂ ਸ੍ਰੀ ਆਨੰਦਪੁਰ ਸਾਹਿਬ ਤੋਂ ਲੋਕ ਸਭਾ ਮੈਂਬਰ ਮਾਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿਚ ਸੜਕ ਸੰਪਰਕ ਨੂੰ ਹੋਰ ਬੇਹਤਰ ਬਣਾਏਗੀ। ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਸਮੇਤ ਸੜਕ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕਰਦਿਆਂ ਲੋਕ ਸਭਾ ਮੈਂਬਰ ਮਾਲਵਿੰਦਰ ਸਿੰਘ ਕੰਗ ਨੇ ਕਿਹਾ ਕਿ 4.30 ਕਰੋੜ ਰੁਪਏ ਦੀ ਲਾਗਤ ਨਾਲ ਇਹ 9.62 ਕਿਲੋਮੀਟਰ ਲੰਬਾਈ ਵਾਲੀ ਸੜਕ ਦਾ ਕੰਮ ਜਲਦ ਹੀ ਮੁਕੰਮਲ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਸੜਕ ਬਨਣ ਨਾਲ ਬੰਗਾ ਤੋਂ ਫਿਲੌਰ ਵਾਲੀ ਆਵਾਜਾਈ ਹੋਰ ਸੁਖਾਲੀ ਹੋ ਜਾਵੇਗੀ ਅਤੇ ਨੇੜਲੇ ਪਿੰਡਾਂ ਦੇ ਲੋਕਾਂ ਨੂੰ ਵੱਡੀ ਸਹੂਲਤ ਮਿਲੇਗੀ। ਉਨ੍ਹਾਂ ਕਿਹਾ ਕਿ ਫਿਲੌਰ ਰੋਡ ਤੋਂ ਫਗਵਾੜਾ-ਰੋਪੜ ਸੜਕ ਤੱਕ ਇਹ ਮਹੱਤਵਪੂਰਨ ਲਿੰਕ ਸੜਕ ਦੇ ਨਿਰਮਾਣ ਨਾਲ ਇਲਾਕੇ ਦੇ ਪੇਂਡੂ ਖੇਤਰ ਦਾ ਸੰਪਰਕ ਹੋਰ ਮਜ਼ਬੂਤ ਹੋਵੇਗਾ। ਇਸ ਮੌਕੇ ਐਸ.ਡੀ.ਐਮ. ਅਨਮਜਯੋਤ ਕੌਰ, ਆਪ ਆਗੂ ਹਰਜੋਤ ਕੌਰ ਲੋਹਟੀਆ, ਸਰਪੰਚ ਪੰਕਜ ਲੋਹਟੀਆ, ਕਾਰਜਕਾਰੀ ਇੰਜੀਨੀਅਰ ਗੌਰਵ ਭੱਟੀ, ਸੋਹਣ ਲਾਲ ਢੰਡਾ, ਪੰਚ ਰਾਮ ਕਿਸ਼ਨ, ਅਮਰਜੀਤ ਬਜਾਜ ਆਦਿ ਵੀ ਮੌਜੂਦ ਸਨ।

# 'ਇੱਕ ਪ੍ਰਵਾਸੀ ਵੱਲੋਂ ਵਹਿਸ਼ੀਆਨਾ ਕਤਲ ਕਾਰਨ ਸਾਰੇ ਪ੍ਰਵਾਸੀਆਂ ਨੂੰ ਸਜ਼ਾ ਦੇਣਾ ਕਾਨੂੰਨੀ ਤੌਰ 'ਤੇ ਗਲਤ : ਸੁਖਦੇਵ

**ਜਲੰਧਰ (ਕੇਸਰ)**- ਹੁਸ਼ਿਆਰਪੁਰ ਜ਼ਿਲ੍ਹੇ ਅੰਦਰ ਇੱਕ ਪ੍ਰਵਾਸੀ ਵੱਲੋਂ ਪੰਜ ਸਾਲ ਦੇ ਬੱਚੇ ਦਾ ਵਹਿਸ਼ੀ ਕਤਲ ਕੀਤੇ ਜਾਣ ਤੇ ਬਜਾਏ ਕਾਤਲ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਵਾਉਣ ਦੇ ਰੁਝ ਅਨਸਰਾਂ ਨੇ ਪੰਜਾਬ ਵਿੱਚੋਂ ਪ੍ਰਵਾਸੀ ਮਜ਼ਦੂਰਾਂ ਨੂੰ ਪੰਜਾਬ ਛੱਡ ਕੇ ਜਾਣ ਦੀਆਂ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਹਨ। ਅਜਿਹੇ ਅਨਸਰ ਕੁਝ ਥਾਵਾਂ ਤੇ ਹਿੰਸਾ ਤੇ ਵੀ ਉਤਾਰੂ ਹੋ ਗਏ ਹਨ। ਇਹ ਨਾ ਹੀ ਸਮਾਜਿਕ ਤੌਰ ਇਹ ਜਾਇਜ਼ ਹੈ ਅਤੇ ਨਾ ਹੀ ਅੱਜ ਤੱਕ ਕਿਸੇ ਕੋਰਟ ਨੇ ਕਿਸੇ ਇੱਕ ਵਿਅਕਤੀ ਵਲੋਂ ਅਪਰਾਧ ਕਰਨ ਤੇ ਉਸ ਦੇ ਸਾਰੇ ਫਿਰਕੇ ਨੂੰ ਸਜ਼ਾ ਦਿੱਤੀ ਹੈ। ਇਸ ਨਾਲ ਸਰਕਾਰ ਦਾ ਹੜ ਪ੍ਰਭਾਵਿਤ ਲੋਕਾਂ ਨੂੰ ਦੇਣ ਵਾਲੀ ਸਹਾਇਤਾ ਤੋਂ ਧਿਆਨ ਹੋਰ ਪਾਸੇ ਚਲਾ ਜਾਏਗਾ, ਪੰਜਾਬ ਦੀ ਖੇਤੀ ਅਤੇ ਇੰਡਸਟਰੀ ਦਾ ਕੀ ਬਣੇਗਾ. ਤਰਕਸ਼ੀਲ ਸੁਸਾਇਟੀ ਲੋਕਾਂ ਨੂੰ ਭਾਈਚਾਰਕ ਏਕਤਾ ਕਾਇਮ ਰੱਖਣ ਦੀ ਅਪੀਲ ਕਰਦੀ ਹੈ ਤਾਂ ਕਿ ਹੁਣ ਦੇ ਸਮੇਂ ਦੀ ਲੋੜ ਅਨੁਸਾਰ ਮਹਿੰਗਾਈ, ਬੇਰੁਜ਼ਗਾਰੀ, ਗਰੀਬੀ, ਕਾਰਪੋਰੇਟ ਲੁੱਟ ਅਤੇ ਭ੍ਰਿਸ਼ਟਾਚਾਰ ਵਿਰੁੱਧ ਜੰਗ ਲੜੀ ਜਾ ਸਕੇ। ਇਹ ਵਿਚਾਰ ਪਿਛਲੇ ਦਿਨੀਂ ਸੁਸਈਟੀ ਦੇ ਜਲੰਧਰ ਜੋਨ ਦੇ ਪ੍ਰਧਾਨ ਸੁਖਦੇਵ ਫਗਵਾੜਾ ਨੇ ਸਟੇਟ ਦੇ ਹਾਜ਼ਰ ਮੈਂਬਰਾਂ ਜਸਵਿੰਦਰ ਪਟਵਾਰੀ, ਸੁਰਜੀਤ ਟਿੱਬਾ, ਸੁਖਵਿੰਦਰ ਬਾਗਪੁਰ ਅਤੇ ਜੋਨ ਮੈਂਬਰਾਂ ਪਰਮਜੀਤ ਕਿਰਤੀ, ਸੁਰਿੰਦਰ ਫਗਵਾੜਾ, ਬਲਵਿੰਦਰ ਹੁਸ਼ਿਆਰਪੁਰ, ਜਸਬੀਰ ਸ਼ਾਹਕੋਟ, ਪ੍ਰਿੰਸੀਪਲ ਮਨਜੀਤ ਸਿੰਘ ਸ਼ਾਹਕੋਟ, ਜਰਨੈਲ ਸਿੰਘ ਅਤੇ ਵਿਜੈ ਰਾਹੀ ਦੇ ਸਾਹਮਣੇ ਦਿੱਤੇ।

# ਸਵੱਛਤਾ ਰੈਲੀ ਕੱਢੀ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਨਗਰ-ਨਿਗਮ ਫਗਵਾੜਾ ਵਲੋਂ ਏ ਡੀ ਸੀ ਕਮ ਨਿਗਮ ਕਮਿਸ਼ਨਰ ਡਾ. ਅਕਸ਼ੀਤਾ ਗੁਪਤਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ 17 ਸਤੰਬਰ ਤੋਂ 2 ਅਕਤੂਬਰ ਗਾਂਧੀ ਜਯੰਤੀ ਤੱਕ ਚਲਾਏ ਜਾ ਰਹੇ ਸਵੱਛਤਾ ਮੁਹਿਮ ਪੰਦਰਵਾੜੇ ਤਹਿਤ ਯੂਥ ਵਾਇਸ ਫਾਉਂਡੇਸ਼ਨ ਦੇ ਸਹਿਯੋਗ ਨਾਲ ਇਕ ਸਵੱਛਤਾ ਰੈਲੀ ਕੱਢੀ ਗਈ। ਜਿਸ ਦਾ ਥੀਮ 'ਸਵੱਛਤਾ ਹੀ ਸੇਵਾ-2025' ਸੀ। ਇਸ ਰੈਲੀ ਵਿੱਚ ਰਾਮਗੜ੍ਹੀਆ ਸੀਨੀਅਰ ਸੈਕੰਡਰੀ ਸਕੂਲ (ਗਰਲਜ਼) ਅਤੇ ਰਾਮਗੜ੍ਹੀਆ ਸੀਨੀਅਰ ਸੈਕੰਡਰੀ ਸਕੂਲ (ਬੁਆਇਜ) ਫਗਵਾੜਾ ਦੇ ਵਿਦਿਆਰਥੀਆਂ ਨੇ ਉਤਸ਼ਾਹ ਦੇ ਨਾਲ ਹਿੱਸਾ ਲਿਆ। ਵਧੇਰੇ ਜਾਣਕਾਰੀ ਦਿੰਦੇ ਹੋਏ ਯੂਥ ਵਾਇਸ ਫਾਉਂਡੇਸ਼ਨ ਦੇ ਪ੍ਰਧਾਨ ਗਗਨਦੀਪ ਸਿੰਘ ਢੱਟ ਅਤੇ ਨੰਦ ਸੋਨੀ ਨੇ ਦੱਸਿਆ ਕਿ ਇਹ ਰੈਲੀ ਰਾਮਗੜ੍ਹੀਆ ਸੀਨੀਅਰ ਸੈਕੰਡਰੀ ਸਕੂਲ (ਗਰਲਜ਼) ਤੋਂ ਆਰੰਭ ਹੋ ਕੇ ਬਜ਼ਾਰ ਦੇ ਵੱਖ-ਵੱਖ ਇਲਾਕਿਆਂ 'ਚੋਂ ਹੁੰਦੀ ਹੋਈ ਵਾਪਸ ਸਕੂਲ ਵਿਖੇ ਸਮਾਪਤ ਹੋਈ। ਉਹਨਾਂ ਦੱਸਿਆ ਕਿ ਰੈਲੀ ਦਾ ਮੁੱਖ ਉਦੇਸ਼ ਲੋਕਾਂ ਨੂੰ ਗਿੱਲੇ ਅਤੇ ਸੁਕੇ ਕੂੜੇ ਨੂੰ ਅਲਗ-ਅਲਗ ਰੱਖਣ ਅਤੇ ਕੂੜੇ ਨੂੰ ਇੱਧਰ-ਉੱਧਰ ਨਾ ਸੁਟਣ ਦੇ ਨਾਲ-ਨਾਲ ਸ਼ਹਿਰ ਦੇ ਵਸਨੀਕਾਂ ਨੂੰ ਪਲਾਸਟਿਕ ਦੀ ਵਰਤੋਂ ਬੰਦ ਕਰਨ ਲਈ ਪ੍ਰੇਰਿਤ ਕਰਨਾ ਸੀ। ਵਿਦਿਆਰਥੀਆਂ ਨੇ ਵੱਖ-ਵੱਖ ਸਲੋਗਨਾ ਵਾਲੀਆਂ ਤਖ਼ਤੀਆਂ ਹੱਥਾਂ ਵਿੱਚ ਫੜ ਕੇ ਸ਼ਹਿਰ ਵਾਸੀਆਂ ਨੂੰ ਜਾਗਰੂਕ ਕੀਤਾ। ਫਾਉਂਡੇਸ਼ਨ ਦੇ ਪ੍ਰਧਾਨ ਗਗਨਦੀਪ ਸਿੰਘ ਢੱਟ ਨੇ ਕਾਰਪੋਰੇਸ਼ਨ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਸਾਨੂੰ ਆਪਣੇ ਘਰਾਂ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਸਾਫ ਸਫਾਈ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ ਤਾਂ ਜੋ ਵਾਤਾਵਰਣ ਸਵੱਛ ਰਹੇ ਅਤੇ ਬਿਮਾਰੀਆਂ ਤੋਂ ਬਚਾਅ ਕੀਤਾ ਜਾ ਸਕੇ। ਇਸ ਮੌਕੇ ਕਾਰਪੋਰੇਸ਼ਨ ਫਗਵਾੜਾ ਦੇ ਨੁਮਾਇੰਦਿਆਂ 'ਚ ਪੂਜਾ ਐਮ ਈ , ਆਈ ਈ ਸੀ, ਅਜੇ ਕੁਮਾਰ ਚੀਫ ਸੈਨੇਟਰੀ ਇੰਸਪੈਕਟਰ, ਨਾਮਦੇਵ ਸੈਨੇਟਰੀ ਇੰਸਪੈਕਟਰ ਸੁਨੀਤਾ ਸੀ ਐਫ, ਆਸ਼ਾ ਸੀ ਐਫ ਤੋਂ ਇਲਾਵਾ ਸਤੀਸ਼ ਕੁਮਾਰ, ਤਰੁਨ ਗੁਪਤਾ ਸਮੇਤ ਸਮੂਹ ਸਕੂਲ ਸਟਾਫ ਅਤੇ ਵੱਡੀ ਗਿਣਤੀ 'ਚ ਵਿਦਿਆਰਥੀ ਹਾਜ਼ਰ ਸਨ।




# ਸੰਤ ਗੁਰਦਾਸ ਦਾਸ ਦੇ ਬਰਸੀ ਸਮਾਗਮ ਸ਼ਰਧਾ-ਪੂਰਵਕ ਮਨਾਏ

**ਹੁਸ਼ਿਆਰਪੁਰ (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)** ਬ੍ਰਹਮਲੀਨ, ਨਾਮ ਦੇ ਰਸੀਏ ਸ੍ਰੀਮਾਨ 108 ਸੰਤ ਗੁਰਦਾਸ ਦਾਸ ਜੀ ਦੇ ਸਲਾਨਾ ਬਰਸੀ ਸਮਾਗਮ ਡੇਰਾ ਮਹਾਨਪੁਰੀ ਸਾਹਰੀ ਵਿਖੇ ਮੌਜੂਦਾ ਗੱਦੀ ਨਸ਼ੀਨ ਸੰਤ ਬਲਵੀਰ ਦਾਸ ਦੀ ਅਗਵਾਈ ਹੇਠ ਇਲਾਕਾ ਨਿਵਾਸੀ ਅਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਪੂਰਵਕ ਮਨਾਏ ਗਏ । ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਕੀਰਤਨ ਦੇ ਦੀਵਾਨ ਸਜਾਏ ਗਏ ਜਿਸ ਵਿੱਚ ਭਾਈ ਗੁਰਦੇਵ ਸਿੰਘ ਮੁਬਾਰਕ ਨਵਾਂ ਸ਼ਹਿਰ ਤੋਂ ਇਲਾਵਾ ਰਾਗੀ, ਢਾਡੀ, ਕਵੀਸ਼ਰੀ ਜਥੇ, ਕਥਾਵਾਚਕਾਂ ਵਲੋਂ ਰਸਭਿੰਨਾ ਕੀਰਤਨ ਕਰਕੇ ਗੁਰਬਾਣੀ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਸੰਤ ਬਲਵੀਰ ਦਾਸ ਨੇ ਕਿਹਾ ਪ੍ਰਮਾਤਮਾ ਦਾ ਸਿਮਰਨ ਹੀ ਮਨੁੱਖ ਦੇ ਸੰਸਾਰਿਕ ਰੋਗਾਂ ਦਾ ਸਹੀ ਇਲਾਜ ਹੈ, ਨਾਮ ਸਿਮਰਨ ਤੋਂ ਬਿਨਾਂ ਮਨੁੱਖ ਦਾ ਜੀਵਨ ਅਧੂਰਾ ਹੈ। ਉਨਾਂ ਕਿਹਾ ਸਿੱਖਿਆ ਭਾਵ ਗਿਆਨ ਤੋਂ ਬਿਨਾਂ ਮਨੁੱਖ ਅਗਿਆਨਤਾ ਦੇ ਹਨੇਰੇ ਵਿਚ ਭਟਕਦਾ ਹੋਇਆ ਗੁਲਾਮੀ ਦਾ ਜੀਵਨ ਬਸਰ ਕਰਦਾ ਹੈ। ਇਸ ਲਈ ਸਿੱਖਿਅਤ ਸਮਾਜ ਸਿਰਜਣ ਲਈ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਪੜਾਓ। ਇਸ ਮੌਕੇ ਸੰਤ ਬਲਵੀਰ ਦਾਸ ਵੱਲੋਂ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸਖਸ਼ੀਅਤਾਂ ਨੂੰ ਗੁਰੂਘਰ ਦੀ ਬਖਸ਼ਿਸ਼ ਸਿਰਪਾਓ ਭੇਟ ਕਰਕੇ ਸਨਮਾਨਤ ਵੀ ਕੀਤਾ।ਇਸ ਮੌਕੇ ਸੇਵਾਦਾਰ ਲਾਲ ਚੰਦ ਹਿਸਾਰ, ਪ੍ਰੇਮ ਸਿੰਘ ਡਵਿਡਾ ਰਿਹਾਣਾ, ਮਨਜਿੰਦਰ ਸਿੰਘ ਕੰਧਾਲੀ, ਰਾਣਾ ਕੋਟਲਾ, ਸੁਰਿੰਦਰ ਛਿੰਦਾ ਭੀਖੋਵਾਲ, ਰਾਜ ਕੁਮਾਰ ਸਾਹਰੀ, ਜਸਵੀਰ ਗੋਲਡੀ ਸਰਪੰਚ, ਰਮਨ ਝੱਮਟ, ਦਿਨੇਸ਼, ਬਿੰਦਰ ਡਵਿਡਾ ਅਹਿਰਾਣਾ,ਡਾ. ਸੋਹਣ ਲਾਲ ਜੀਰਾ, ਦੇਵੀ ਲਾਲ ਬਹਾਦਰਾ ਰਾਜਸਥਾਨ, ਤਾਰੀ ਹੁਸ਼ਿਆਰਪੁਰ, ਬੀਬੀ ਜਸਵੀਰ ਕੌਰ, ਬੀਬੀ ਲਛਮੀ ਦੇਵੀ, ਬਿਮਲਾ ਹਿਸਾਰ ਅਤੇ ਸੰਗਤਾਂ ਹਾਜਰ ਸਨ।




# ਬੱਚਿਆਂ ਨੂੰ ਮਾਂ ਬੋਲੀ ਪੰਜਾਬੀ ਨਾਲ ਜੋੜਨ ਦੇ ਵੱਧ ਤੋਂ ਵੱਧ ਉਪਰਾਲੇ ਕਰਾਂਗੇ : ਚਰਨਜੀਤ ਸਿੰਘ

**ਗੁਰਾਇਆ (ਬਿੰਦਰ ਸੁੰਮਨ)**-ਗੁਰਾਇਆ ਅਤੇ ਫਿਲੌਰ ਸਕੂਲਾਂ ਦੀ ਇੱਕ ਸ੍ਰੀ ਦਸਮੇਸ਼ ਕਾਨਵੈਂਟ ਹਾਈ ਸਕੂਲ ਅੱਟੀ 'ਚ ਹੋਈ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਚਰਨਜੀਤ ਸਿੰਘ ਨੇ ਕਿਹਾ ਕਿ ਸਮੂਹ ਸਕੂਲ 23 ਸਤੰਬਰ ਨੂੰ ਵਿਸ਼ਵ ਪੰਜਾਬ ਦਿਵਸ ਦੌਰਾਨ ਬੱਚਿਆਂ ਨੂੰ ਮਾਂ ਬੋਲੀ ਪੰਜਾਬੀ ਨਾਲ ਜੋੜਨ ਦੇ ਵੱਧ ਤੋਂ ਵੱਧ ਉਪਰਾਲੇ ਕਰਨਗੇ। ਅਜਮੇਰ ਸਿੰਘ ਨੇ ਕਿਹਾ ਕਿ ਵਿਭਾਗ ਵਲੋਂ ਛੁੱਟੀਆਂ ਦੌਰਾਨ ਜਾਣਕਾਰੀ ਮੰਗਣਾ ਸਕੂਲਾਂ ਲਈ ਮੁਸ਼ਕਲ ਹੈ ਕਿਉਂਕਿ ਸਾਰਾ ਰਿਕਾਰਡ ਸਕੂਲ 'ਚ ਹੁੰਦਾ ਹੈ। ਜੇਕਰ ਨਿੱਜੀ ਸਕੂਲ ਛੁੱਟੀ ਵਾਲੇ ਦਿਨ ਖੋਲ੍ਹਿਆ ਜਾਂਦਾ ਹੈ ਤਾਂ ਸਰਕਾਰ ਵਲੋਂ ਛੁੱਟੀ ਵਾਲੇ ਦਿਨ ਸਕੂਲ ਬੰਦ ਰੱਖਣ ਦੇ ਆਦੇਸ਼ ਦੀ ਉਲੰਘਣਾ ਹੁੰਦੀ ਹੈ। ਇਸ ਦੌਰਾਨ ਜਗਦੀਪ ਸਿੰਘ ਨੇ ਕਿਹਾ ਕਿ ਆਰ.ਟੀ.ਈ. ਤਹਿਤ ਨਿੱਜੀ ਸਕੂਲ ਤਦ ਹੀ ਦਾਖਲਾ ਦੇਣਗੇ ਜੇਕਰ ਪੰਜਾਬ ਸਰਕਾਰ ਇਨ੍ਹਾਂ ਬੱਚਿਆਂ ਦੀਆਂ ਫੀਸਾਂ ਅਤੇ ਹੋਰ ਖਰਚੇ ਦੇਣ ਦੀ ਨੀਤੀ ਸਪੱਸ਼ਟ ਕਰੇ। ਜਿੰਨਾ ਚਿਰ ਇਹ ਨੀਤੀ ਸਪੱਸ਼ਟ ਨਹੀਂ ਹੁੰਦੀ, ਉਸ ਦੌਰਾਨ ਛੁੱਟੀਆਂ 'ਚ ਇਸ ਸਬੰਧੀ ਜਾਣਕਾਰੀ ਮੰਗਣਾ ਸਕੂਲਾਂ ਲਈ ਮੁਸ਼ਕਲ ਹੈ। ਉਨ੍ਹਾਂ ਕਿਹਾ ਕਿ ਸਰਕਾਰ ਐਸੋਸੀਏਟਿਡ ਸਕੂਲਾਂ ਦਾ ਲਗਾਤਾਰਤਾ ਪ੍ਰਰਫੋਰਮਾ ਤੁਰੰਤ ਜਾਰੀ ਕਰੇ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਰਵਿੰਦਰ ਕੌਰ ਨੇ ਕਿਹਾ ਕਿ ਸਰਕਾਰ ਇਨ੍ਹਾਂ ਸਕੂਲਾਂ ਨੂੰ ਸਹੂਲਤਾਂ ਦੇਣ ਦੀ ਬਜਾਏ ਆਏ ਦਿਨ ਕੋਈ ਨਾ ਕੋਈ ਡਾਕ ਮੰਗ ਕੇ ਪ੍ਰੇਸ਼ਾਨ ਕਰ ਰਹੀ ਹੈ। ਇਹ ਸਕੂਲ ਜਾਣਕਾਰੀ ਦੇਣ ਦੇ ਪਾਬੰਦ ਹਨ ਪਰ ਜਿਸ ਵਿਸ਼ੇ ਲਈ ਜਾਣਕਾਰੀ ਮੰਗੀ ਗਈ ਹੈ, ਜੇਕਰ ਉਸ ਵਿਸ਼ੇ ਸਬੰਧੀ ਸਰਕਾਰੀ ਸਕੂਲਾਂ ਨੂੰ ਗ੍ਰਾਂਟ ਆਉਂਦੀ ਹੈ ਤਾਂ ਉਸ ਸਮੇਂ ਇਨ੍ਹਾਂ ਸਕੂਲਾਂ ਨੂੰ ਕਿਉਂ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਮੀਟਿੰਗ ਦੇ ਅੰਤ 'ਚ ਰਾਜਨ ਕੁਮਾਰ ਨੇ ਸਮੂਹ ਸਕੂਲਾਂ ਦੇ ਮੁਖੀਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਮਿਆਰੀ ਸਿੱਖਿਆ ਲਈ ਇਹ ਸਕੂਲ ਵਚਨਬੱਧ ਹਨ ਪਰ ਸਰਕਾਰ ਸਹੂਲਤਾਂ ਦੇਣ ਸਮੇਂ ਇਨ੍ਹਾਂ ਸਕੂਲਾਂ ਨਾਲ ਵਿਤਕਰਾ ਕਰ ਰਹੀ ਹੈ ਜੋ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੌਕੇ ਅੰਸ਼ੂਮਨ ਸੇਖੜੀ, ਚਰਨਜੀਤ ਕੌਰ, ਸੰਦੀਪ ਕੌਰ, ਅਮਰਜੋਤੀ, ਪ੍ਰਸ਼ੋਤਮ ਲਾਲ, ਅਜਮੇਰ ਸਿੰਘ, ਰਾਜਨ ਕੁਮਾਰ, ਤਰਸੇਮ ਸਿੰਘ, ਕਸ਼ਮੀਰੀ ਲਾਲ, ਗੁਰਮੀਤ ਕੌਰ, ਮੈਡਮ ਅਲਕਾ, ਰਾਜਵਿੰਦਰ ਕੌਰ, ਰਣਜੀਤ ਕੌਰ ਆਦਿ ਹਾਜ਼ਰ ਸਨ।




# ਢੰਡਾ ਜਠੇਰਿਆਂ ਦਾ ਸਾਲਾਨਾ ਮੇਲਾ ਮਨਾਇਆ



**ਬੰਗਾ (ਅਵਤਾਰ ਕਲੇਰ)**-ਚਿੱਟੀ ਰੋੜੀ ਢੰਡਾ ਜਠੇਰਿਆਂ ਦਾ ਸਾਲਾਨਾ ਮੇਲਾ ਪ੍ਰਬੰਧਕ ਕਮੇਟੀ ਅਤੇ ਸਮੂਹ ਢੰਡਾ ਪਰਵਾਰ ਵਲੋਂ ਪਿੰਡ ਖਜੂਰਲਾ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਮੇਲੇ ਵਿਚ ਡਾ. ਰਾਜ ਕੁਮਾਰ ਚੱਬੇਵਾਲ ਮੈਂਬਰ ਪਾਰਲੀਮੈਂਟ (ਹੁਸ਼ਿਆਰਪੁਰ) ਅਤੇ ਆਪ ਦੇ ਹਲਕਾ ਫਗਵਾੜਾ ਦੇ ਇੰਚਾਰਜ ਹਰਜੀ ਮਾਨ ਵਿਸ਼ੇਸ਼ ਤੌਰ 'ਤੇ ਪਹੁੰਚੇ। ਡਾ. ਰਾਜ ਕੁਮਾਰ ਚੱਬੇਵਾਲ ਨੇ ਮੇਲੇ ਦੀਆਂ ਸੰਗਤਾਂ ਨੂੰ ਵਧਾਈ ਦਿੱਤੀ। ਉਹਨਾਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੇਲੇ ਆਪਸੀ ਭਾਈਚਾਰਕ ਸਾਂਝ ਦਾ ਪ੍ਰਤੀਕ ਹਨ। ਸਾਨੂੰ ਵੱਡੇ ਵਡੇਰਿਆਂ ਨੂੰ ਯਾਦ ਰੱਖਣਾ ਚਾਹੀਦਾ ਹੈ ਅਤੇ ਆਪਣੇ ਮਾਂ ਬਾਪ ਦੀ ਸੇਵਾ ਕਰਨੀ ਚਾਹੀਦੀ ਹੈ। ਡਾ. ਰਾਜ ਕੁਮਾਰ ਚੱਬੇਵਾਲ ਨੇ ਪ੍ਰਬੰਧਕ ਕਮੇਟੀ ਅਤੇ ਢੰਡਾ ਪਰਵਾਰ ਨੂੰ ਯਕੀਨ ਦਿਵਾਇਆ ਕਿ ਮੇਨ ਸੜਕ ਤੋਂ ਲੈ ਕੇ ਦਰਬਾਰ ਤੱਕ ਸੜਕ ਨੂੰ ਛੇਤੀ ਹੀ ਬਣਾਇਆ ਜਾਵੇਗਾ। ਪ੍ਰਬੰਧਕਾਂ ਵਲੋਂ ਪਹੁੰਚੇ ਹੋਏ ਮਹਿਮਾਨਾਂ, ਕਲਾਕਾਰਾਂ ਅਤੇ ਸੇਵਾਦਾਰਾਂ ਨੂੰ ਸਨਮਾਨਤ ਕੀਤਾ ਗਿਆ। ਨਾਮਵਰ ਕਲਾਕਾਰਾਂ ਨੇ ਦਰਬਾਰ ਤੇ ਹਾਜ਼ਰੀਆਂ ਭਰੀਆਂ। ਇਸ ਮੌਕੇ ਪ੍ਰਧਾਨ ਸੋਮ ਲਾਲ ਢੰਡਾ ਕੋਟ ਕਲਾਂ, ਕੈਪਟਨ ਗੁਰਬਖਸ਼ ਸਿੰਘ ਢੰਡਾ ਹਰੀਪੁਰ,ਓਮ ਪ੍ਰਕਾਸ਼ ਵਜੀਦੋਵਾਲ, ਬਲਵਿੰਦਰ ਕੁਮਾਰ ਢੰਡਾ ਕੋਟ ਕਲਾਂ, ਮੱਖਣ ਲਾਲ ਢੰਡਾ, ਜੋਗਾ ਰਾਮ ਮੰਢਾਲੀ, ਗੋਰਾ ਠੇਕੇਦਾਰ ਕੋਟ ਕਲਾਂ, ਰਾਮ ਲਾਲ ਖਲਵਾੜਾ,ਰਾਣਾ ਢੰਡਾ, ਵਰਿੰਦਰ ਢੰਡਾ ਤੋਂ ਇਲਾਵਾ ਸੰਗਤਾਂ ਹਾਜ਼ਰ ਸਨ।

# ਕੰਧਾਲਾ ਜੱਟਾਂ 'ਚ ਕੀਰਤਨ ਦਰਬਾਰ 12 ਨੂੰ

**ਅੱਡਾ ਸਰਾਂ (ਜਸਵੀਰ ਕਾਜਲ)** ਧੰਨ-ਧੰਨ ਸੰਤ ਬਾਬਾ ਬਿਸ਼ਨ ਸਿੰਘ ਜੀ ਨੂੰ ਸਮਰਪਤ 125ਵਾਂ ਸਾਲਾਨਾ ਸਮਾਗਮ ਅਤੇ ਕੀਰਤਨ ਦਰਬਾਰ 12 ਅਕਤੂਬਰ ਨੂੰ ਗੁਰੂਦੁਆਰਾ ਬਾਬਾ ਬਿਸ਼ਨ ਸਿੰਘ ਜੀ ਵਿਖੇ ਕਰਵਾਇਆ ਜਾ ਰਿਹਾ ਹੈ। ਜਿਸ ਸਬੰਧੀ ਪ੍ਰਬੰਧਕ ਕਮੇਟੀ ਵੱਲੋਂ ਪ੍ਰੋਗਰਾਮ ਪੋਸਟਰ ਜਾਰੀ ਕੀਤਾ ਗਿਆ।ਪ੍ਰਬੰਧਕ ਸੇਵਾਦਾਰਾਂ ਨੇ ਦੱਸਿਆ ਕਿ ਸਮਾਗਮ ਦੀ ਆਰੰਭਤਾ 28 ਸਤੰਬਰ ਤੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਪਹਿਲੀ ਲੜੀ ਨਾਲ ਹੋ ਜਾਵੇਗੀ। 6 ਲੜੀਆਂ ਵਿੱਚ ਲਗਭਗ 120 ਦੇ ਕਰੀਬ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਲੜੀਵਾਰ ਪਾਏ ਜਾਣਗੇ, ਜਿਸ ਦੀ ਸੰਪੂਰਨਤਾ 12 ਅਕਤੂਬਰ ਨੂੰ ਹੋਵੇਗੀ। ਅੰਤਿਮ ਦਿਨ 9 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕੀਰਤਨ ਦੀਵਾਨ ਦੀ ਆਰੰਭਤਾ ਹੋਵੇਗੀ।ਜਿਸ ਵਿਚ ਸਿੱਖ ਪੰਥ ਦੇ ਮਹਾਨ ਕਵੀਸ਼ਰ, ਬਾਬਾ ਬਿਸ਼ਨ ਸਿੰਘ ਜੀ ਕੀਰਤਨ ਵਿਦਿਆਲਾ ਕੰਧਾਲਾ ਜੱਟਾਂ ਦੇ ਬੱਚੇ ਅਤੇ ਹੋਰ ਬਹੁਤ ਸਾਰੇ ਕੀਰਤਨੀ ਜਥੇ ਸੰਗਤਾਂ ਨੂੰ ਕੀਰਤਨ ਗੁਰਬਾਣੀ ਕਥਾ ਰਾਹੀਂ ਨਿਹਾਲ ਕਰਨਗੇ।ਪ੍ਰਬੰਧਕਾਂ ਨੇ ਦੱਸਿਆ ਕਿ 10 ਅਕਤੂਬਰ ਨੂੰ ਰਾਤਰੀ ਦੇ ਦੀਵਾਨਾਂ ਵਿੱਚ ਭਾਈ ਹਰਭਜਨ ਸਿੰਘ ਸੋਤਲੇ ਵਾਲੇ, ਭਾਈ ਗੁਰਜਿੰਦਰ ਸਿੰਘ ਚੰਬਾ ਕਥਾਵਾਚਕ , 11 ਅਕਤੂਬਰ ਨੂੰ ਭਾਈ ਹਰਜੀਤ ਸਿੰਘ ਸੋਹਲਪੁਰ ਵਾਲਿਆਂ ਦਾ ਢਾਡੀ ਜਥਾ ਅਤੇ ਭਾਈ ਮਨਜੀਤ ਸਿੰਘ ਬਾਬਕ ਕੀਰਤਨੀ ਜਥਾ, ਕਥਾ ਵਿਚਾਰਾਂ ਅਤੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।11 ਅਕਤੂਬਰ ਨੂੰ ਸਵੇਰੇ 11 ਵਜੇ ਅੰਮ੍ਰਿਤ ਸੰਚਾਰ ਵੀ ਕਰਵਾਇਆ ਜਾਵੇਗਾ। ਜਿਨ੍ਹਾਂ ਵੀ ਪਰਾਣੀਆਂ ਨੇ ਅੰਮ੍ਰਿਤ ਸੰਚਾਰ ਦੀ ਦਾਤ ਲੈਣੀ ਹੋਵੇ ਉਹ ਆਪਣਾ ਨਾਂਅ 10 ਅਕਤੂਬਰ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਰਜ ਕਰਵਾ ਸਕਦੇ ਹਨ। ਅੰਮ੍ਰਿਤ ਸੰਚਾਰ ਵਿੱਚ ਅੰਮ੍ਰਿਤ ਛਕਣ ਵਾਲੇ ਪ੍ਰਾਣੀਆਂ ਨੂੰ ਕਕਾਰ ਭੇਟਾ ਰਹਿਤ ਦਿੱਤੇ ਜਾਣਗੇ।



# ਸੈਰ-ਸਪਾਟਾ ਮੰਤਰੀ ਨੇ ਮਾਂ ਭਦਰਕਾਲੀ ਮੰਦਰ 'ਚ ਪਹਿਲੇ ਨਵਰਾਤਰੇ 'ਤੇ ਕੀਤੀ ਪੂਜਾ ਅਰਚਨਾ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਹਰਿਆਣਾ ਦੇ ਸੈਰ-ਸਪਾਟਾ ਮੰਤਰੀ ਡਾ. ਅਰਵਿੰਦ ਸ਼ਰਮਾ ਨੇ ਕਿਹਾ ਕਿ ਧਾਰਮਿਕ ਅਤੇ ਸੈਰ-ਸਪਾਟਾ ਦੇ ਮੱਦੇਨਜਰ ਨਾਲ ਕੁਰੂਕਸ਼ੇਤਰ ਦੀ ਪਹਿਚਾਣ ਪੂਰੇ ਵਿਸ਼ਵ ਵਿੱਚ ਹੈ। ਇਸ ਪਵਿੱਤਰ ਧਰਤੀ ਕੁਰੂਕਸ਼ੇਤਰ ਦੇ ਨਾਲ-ਨਾਲ ਹਰਿਆਣਾ ਦਾ ਹਰ ਖੇਤਰ ਵਿੱਚ ਚਹੁੰਮੁਖੀ ਵਿਕਾਸ ਹੋ ਰਿਹਾ ਹੈ ਅਤੇ ਸੂਬਾ ਸਰਕਾਰ ਵੱਲੋਂ ਕੁਰੂਕਸ਼ੇਤਰ ਵਿੱਚ ਸੈਰ-ਸਪਾਟਾ ਦੇ ਮੱਦੇਨਜਰ ਅਨੇਕ ਯੋਜਨਾਵਾਂ 'ਤੇ ਕੰਮ ਕੀਤਾ ਜਾ ਰਿਹਾ ਹੈ।

ਸੈਰ-ਸਪਾਟਾ ਮੰਤਰੀ ਡਾ. ਅਰਵਿੰਦ ਸ਼ਰਮਾ ਸੋਮਵਾਰ ਨੂੰ ਸ਼ਕਤੀਪੀਠ ਮਾਂ ਭਦਰਕਾਲੀ ਮੰਦਿਰ, ਕੁਰੂਕਸ਼ੇਤਰ ਵਿੱਚ ਪਹਿਲੇ ਨਰਾਤੇ 'ਤੇ ਪੂਜਾ ਅਰਚਣਾ ਕਰਨ ਪਹੁੰਚੇ ਸਨ। ਇੱਥੇ ਸੈਰ-ਸਪਾਟਾ ਮੰਤਰੀ ਨੇ ਰਿਵਾਇਤ ਅਨੁਸਾਰ ਪੂਜਾ ਅਰਚਣਾ ਕੀਤੀ ਅਤੇ ਸ਼ਕਤੀ ਪੀਠ 'ਤੇ ਮੱਥਾ ਟੇਕਿਆ।